# ਪੰਜਾਬੀ ਲੋਕ ਢਾਡੀ ਕਲਾ

ਹਰਦਿਆਲ ਥੂਹੀ



## ਇਸੇ ਕਲਮ ਤੋਂ

ਇੱਕ ਸੀ ਚਿੜੀ (ਬਾਲ ਲੋਕ-ਕਥਾ ਸੰਗ੍ਰਹਿ)
ਝਿਲਮਿਲ ਤਾਰੇ (ਬਾਲ-ਕਾਵਿ ਸੰਗ੍ਰਹਿ)
ਫੁੱਲਾਂ ਭਰੀ ਚੰਗੇਰ (ਬਾਲ-ਕਾਵਿ ਸੰਗ੍ਰਹਿ)
ਤੂੰਬੇ ਨਾਲ ਜੋੜੀ ਵੱਜਦੀ (ਤੂੰਬੇ ਅਲਗੋਜ਼ੇ ਦੀ ਰਵਾਇਤੀ ਗਾਇਕੀ)
ਢਾਡੀ ਜਸਵੰਤ ਸਿੰਘ ਤਾਨ-ਜੀਵਨ ਤੇ ਰਚਨਾ (ਭਾਸ਼ਾ ਵਿਭਾਗ, ਪੰਜਾਬ)
ਕਵੀਸ਼ਰ ਮਾਘੀ ਰਾਮ ਥੂਹੀ-ਜੀਵਨ ਤੇ ਰਚਨਾ

## ਸੰਪਾਦਨਾ

ਖੂਨੀ ਦੀਵਾਰ (ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ-ਪ੍ਰਸੰਗ)

# ਪੰਜਾਬੀ ਲੋਕ ਢਾਡੀ ਕਲਾ

ਹਰਦਿਆਲ ਥੂਹੀ

Biography / Punjabi Folk Music / Punjabi Folk Poetry

© 2008, Author

# PUNJABI LOK DHADI KALA

*by*

**Hardial Thuhi**

V.P.O. Thuhi, Via Nabha, Distt. Patiala.

Ph: 01765-229341, 98761-29341

2008

Published by Lokgeet Parkashan

S.C.O. 26-27, Sector 34 A, Chandigarh-160022

India

Ph.0172-5077427, 5077428

Punjabi Bhawan Ludhiana, 98154-71219

Type Setting & Design PCIS

Printed & bound at Jai Offset Printers, Chandigarh

Ph:0172-2640382

*© 2008, Author*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਿਤ

ਆਪਣੇ ਦੋਸਤਾਂ ਵਰਗੇ ਪਿਤਾ
ਸ੍ਰ: ਗੁਰਨਾਮ ਸਿੰਘ
ਨੂੰ
ਜਿਨ੍ਹਾਂ ਨਾਲ ਢਾਡੀ ਪਰੰਪਰਾ ਬਾਰੇ
ਮੈਂ ਅਕਸਰ ਵਿਚਾਰ ਚਰਚਾ ਕਰਦਾ ਰਿਹਾ

# ਤਤਕਰਾ


- ਆਦਿਕਾ 9
- ਪਹਿਲੇ ਸੰਸਕਰਣ ਦੀ ਭੂਮਿਕਾ 11
- ਅੰਦਰਲੀ ਭੁੱਖ 14
- ਪੰਜਾਬੀ ਲੋਕ ਢਾਡੀ ਕਲਾ-ਪਿਛੋਕੜ 17
- ਇਤਿਹਾਸਕ ਵਿਕਾਸ 38
  - ਰਿਕਾਰਡ ਹੋਏ ਲੋਕ ਢਾਡੀ 39
  - ਰਿਕਾਰਡ ਨਾ ਹੋਏ ਪਰ ਆਮ ਲੋਕਾਂ ਵਿਚ ਪ੍ਰਚੱਲਤ ਰਹੇ ਲੋਕ ਢਾਡੀ 71
  - ਵਰਤਮਾਨ ਲੋਕ ਢਾਡੀ 135
- ਲੋਕ ਢਾਡੀ ਰਚਨਾਵਾਂ ਦੇ ਪ੍ਰਮੁਖ ਰਚਨਾਕਾਰ 180
- ਚੋਣਵੀਆਂ ਰਚਨਾਵਾਂ 203

# ਆਦਿਕਾ

ਸਭਿਆਚਾਰ ਬਾਰੇ ਵਿਦਵਾਨਾਂ, ਸਮਾਜ ਸ਼ਾਸਤਰੀਆਂ ਅਤੇ ਦਾਰਸ਼ਨਿਕਾਂ ਨੇ ਇਹ ਧਾਰਨਾ ਪ੍ਰਦਾਨ ਕੀਤੀ ਹੈ ਕਿ ਇਹ ਲੋਕਾਂ ਦੀ ਸਮੁੱਚੀ ਜੀਵਨ ਜਾਚ ਹੈ ਜੋ ਲੋਕ ਧਾਰਾ ਦੇ ਨਿਰੰਤਰ ਵਗਦੇ ਪ੍ਰਵਾਹ ਵਿਚੋਂ ਸਹਿਵਨ ਹੀ ਹਰ ਵਿਅਕਤੀ ਨੂੰ ਪ੍ਰਾਪਤ ਹੁੰਦੀ ਹੈ। ਕਿਸੇ ਖਾਸ ਇਲਾਕੇ ਵਿਚ ਵਸਦੇ ਲੋਕ ਇਕ ਸਾਂਝੀ ਚੇਤਨਾ ਅਤੇ ਜੀਵਨ ਜੁਗਤ ਸਿਰਜਦੇ ਹਨ ਜੋ ਉਥੋਂ ਦੇ ਭੂਗੋਲਿਕ, ਸਮਾਜਕ, ਆਰਥਕ ਅਤੇ ਹੋਰ ਹਰ ਤਰ੍ਹਾਂ ਦੇ ਪ੍ਰਭਾਵ ਕਬੂਲਦੀ ਵੀ ਹੈ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਵੀ ਕਰਦੀ ਹੈ। ਸਭਿਆਚਾਰ ਜੋ ਇਕ ਡੂੰਘਾ ਅੰਤਰੀਵ ਅਹਿਸਾਸ ਹੈ, ਇਹ ਸਾਡੇ ਕਾਰ ਵਿਹਾਰ, ਰੀਤੀ ਰਿਵਾਜ, ਕਲਾ ਕ੍ਰਿਤਾਂ ਅਤੇ ਸਮੁੱਚੇ ਆਲੇ ਦੁਆਲੇ 'ਚੋਂ ਮੂਰਤੀਮਾਨ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਇਹ ਆਪਣੇ ਖੇਤਰ ਦੀ ਵਿਰਾਸਤ ਦਾ ਜਾਮਨ ਬਣਦਾ ਹੈ। ਇਕ ਜੀਵੰਤ ਪ੍ਰਕ੍ਰਿਆ ਹੋਣ ਕਰਕੇ ਸਭਿਆਚਾਰ ਲੋਕ ਜੀਵਨ ਦੇ ਨਾਲ ਨਾਲ ਬਦਲਦਾ ਅਤੇ ਵਿਗਸਦਾ ਰਹਿੰਦਾ ਹੈ।

ਮੁੱਢ ਕਦੀਮਾਂ ਤੋਂ ਪੰਜਾਬ ਦੀ ਧਰਤੀ 'ਤੇ ਵਸਦੇ ਲੋਕਾਂ ਨੇ ਵੀ ਇਕ ਵਿਲੱਖਣ, ਨਿਵੇਕਲਾ ਅਤੇ ਬਹੁਰੰਗੀ ਸਭਿਆਚਾਰ ਰਚਿਆ ਹੈ। ਪੰਜਾਬੀ ਅੱਜ ਕੱਲ੍ਹ ਦੁਨੀਆਂ ਵਿਚ ਫੈਲੇ ਹੋਏ ਹਨ। ਆਪਣੀ ਬੋਲੀ ਅਤੇ ਸਭਿਆਚਾਰ ਉਹਨਾਂ ਦੇ ਅੰਗ ਸੰਗ ਹੈ। ਪਰ ਅੱਜ ਦਾ ਸੰਸਾਰ ਪਹਿਲਾਂ ਵਾਲਾ ਨਹੀਂ ਰਿਹਾ, ਇਹ ਸਿਮਟ ਕੇ ਇਕ ਪਿੰਡ ਬਣ ਗਿਆ ਹੈ। ਇਸ ਵਿਚ ਆਪਣੀ ਬੋਲੀ ਅਤੇ ਸਭਿਆਚਾਰ ਦੀ ਹੋਂਦ ਕਾਇਮ ਰੱਖਣ ਲਈ ਹਰ ਇਕ ਨੂੰ ਚੇਤੰਨ ਯਤਨ ਕਰਨੇ ਪੈਣਗੇ। ਇਸ ਇਤਿਹਾਸਕ ਜ਼ਿੰਮੇਵਾਰੀ ਨੂੰ ਬੜੀ ਹੀ ਸਮਰਪਿਤ ਭਾਵਨਾ ਨਾਲ ਨਿਭਾਉਣ ਵਾਲੇ ਦਾਨਸ਼ਵਰਾਂ ਵਿਚ ਹੀ ਹਰਦਿਆਲ ਥੂਹੀ ਦਾ ਨਾਮ ਆਉਂਦਾ ਹੈ। ਅੱਜ ਦੇ ਦਿਨ ਪਦਾਰਥਵਾਦੀ, ਤਜਾਰਤੀ ਅਤੇ ਖੱਪਤ ਪ੍ਰਧਾਨ ਯੁੱਗ ਵਿਚ ਆਪਣੇ ਜਾਤੀ ਵਸੀਲੇ ਵਰਤਕੇ ਪੰਜਾਬੀ ਸਭਿਆਚਾਰ ਦੀ ਅਮੀਰੀ ਨੂੰ ਸਾਂਭਣ ਅਤੇ ਇਸ ਤੋਂ ਹੋਰਾਂ ਨੂੰ ਜਾਣੂ ਕਰਵਾਉਣ ਦੇ ਕਾਰਜ ਵਿਚ ਲੱਗੇ ਥੂਹੀ ਦੀ ਹਿੰਮਤ ਅਤੇ ਸਿਦਕ ਨੂੰ ਸਲਾਮ ਹੈ। ਉਸਨੇ ਸਾਡੇ ਹੱਥਾਂ ਵਿਚੋਂ ਰੇਤ ਵਾਂਗ ਕਿਰਦੇ ਜਾ ਰਹੇ ਲੋਕ ਗਾਇਕੀ ਦੇ ਉਨ੍ਹਾਂ ਸਰੂਪਾਂ ਨੂੰ ਸੰਭਾਲਣ ਦਾ ਬੀੜਾ ਚੁੱਕਿਆ ਹੈ ਜਿਨ੍ਹਾਂ ਦੇ ਹੁਣ ਨਕਸ਼ ਵੀ ਮਿਟਦੇ ਜਾ ਰਹੇ ਹਨ। ਅੱਜ ਤਕਨਾਲੌਜੀ ਦੇ ਵਿਕਸਤ ਸਾਧਨਾਂ ਨੇ ਸਾਡੇ ਮਨੋਰੰਜਨ ਅਤੇ ਵਿਹਲ ਨੂੰ ਵਰਤਣ ਦੇ ਸਾਰੇ ਤੌਰ ਤਰੀਕੇ ਬਦਲ ਦਿੱਤੇ ਹਨ। ਪਰ ਸੂਫੀ ਢਾਡੀਆਂ ਦੀ ਜਿਸ ਗਾਇਕੀ ਦਾ ਜ਼ਿਕਰ ਹਰਦਿਆਲ ਥੂਹੀ ਇਸ ਪੁਸਤਕ ਵਿਚ ਕਰ ਰਿਹਾ ਹੈ, ਉਹ ਪੰਜਾਬ ਦੇ

ਸਦੀਵੀ ਸਭਿਆਚਾਰ ਦੀ ਬੜੀ ਹੀ ਰੌਚਕ ਤਸਵੀਰ ਪੇਸ਼ ਕਰਦੀ ਹੈ।

ਪਿਛਲੀ ਸਦੀ ਦੇ ਛੇਵੇਂ ਦਹਾਕੇ ਤੱਕ, ਪਿੰਡ ਪਿੰਡ ਅਖਾੜੇ ਲਗਾ ਕੇ ਲੋਕਾਂ ਦੇ ਦਿਲਾਂ ਅਤੇ ਰੂਹਾਂ ਵਿਚ ਵਸਦੀਆਂ ਤਰਜ਼ਾਂ ਅਤੇ ਬੋਲਾਂ ਰਾਹੀਂ ਢੱਡ ਸਾਰੰਗੀ ਦੇ ਇਹ ਗਮੰਤਰੀ ਪੰਜਾਬੀ ਗਾਇਕੀ ਨੂੰ ਮਾਲਾਮਾਲ ਕਰਦੇ ਰਹੇ ਹਨ। ਪੰਜਾਬੀ ਲੋਕ ਨਾਇਕਾਂ ਬਾਰੇ ਗਾਉਂਦਿਆਂ ਇਹ ਗਾਇਕ ਪੰਜਾਬ ਦੇ ਜਨ ਮਾਨਸ ਲਈ ਪਿਆਰ, ਅਣਖ, ਬਹਾਦਰੀ, ਕੁਰਬਾਨੀ, ਦਿਆਲਤਾ, ਸੇਵਾ ਲਗਨ ਆਦਿ ਜਿਹੇ ਗੁਣਾਂ ਦੇ ਮਾਪਦੰਡ ਨਿਰਧਾਰਿਤ ਕਰਦੇ ਹਨ।

ਆਸ਼ਕਾਂ ਸਾਦਕਾਂ ਦੇ ਕਿੱਸੇ ਗਾਉਂਦਿਆਂ ਇਹ ਆਪ ਵੀ ਲੋਕਾਂ ਦੇ ਦਿਲਾਂ ਵਿਚ ਉਤਰ ਜਾਂਦੇ ਅਤੇ ਸਮਾਜ ਵਿਚ ਲੋਕਾਂ ਦੇ ਨਾਇਕਾਂ ਵਜੋਂ ਵਿਚਰਦੇ ਹਨ। ਹਰਦਿਆਲ ਥੂਹੀ ਨੇ ਇਨ੍ਹਾਂ ਦੇ ਜੀਵਨ ਅਤੇ ਗਾਇਕੀ ਬਾਰੇ ਦੁਰਲੱਭ ਜਾਣਕਾਰੀ ਇਕੱਠੀ ਕਰ ਕੇ ਇਹ ਯਾਦਗਾਰੀ ਪੁਸਤਕ ਤਿਆਰ ਕੀਤੀ ਹੈ ਜਿਸਦਾ ਦੂਜਾ ਸੰਸਕਰਣ ਤੁਹਾਡੇ ਹੱਥਾਂ ਵਿਚ ਹੈ। ਥੂਹੀ ਨੇ ਲੋਕ ਗਾਇਕੀ ਦੇ ਇਨ੍ਹਾਂ ਅਨਮੋਲ ਹੀਰੇ ਮੋਤੀਆਂ ਨੂੰ ਸਾਂਭ ਕੇ ਪੰਜਾਬੀ ਸਭਿਆਚਾਰ ਦੇ ਖਜ਼ਾਨੇ ਨੂੰ ਭਰਿਆ ਹੈ। ਸੂਫੀ ਢਾਡੀ ਗਾਇਕੀ ਨੂੰ ਜੋ ਹੁਲਾਰਾ ਥੂਹੀ ਜਿਹੇ ਸਰਪ੍ਰਸਤਾਂ ਦੇ ਯਤਨਾਂ ਸਦਕਾ ਮਿਲਿਆ ਉਸਦਾ ਪ੍ਰਮਾਣ ਇਹ ਹੈ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿਚ ਢਾਡੀ ਗਾਇਨ ਦੇ ਮੁਕਾਬਲੇ ਕਰਵਾਏ ਜਾਂਦੇ ਹਨ, ਸਾਡੇ ਗੱਭਰੂ ਕਲੀਆਂ ਅਤੇ ਸੱਦਾਂ ਲਾਉਂਦੇ ਹਨ। ਪੰਜਾਬ ਦਾ ਨਾਮਵਰ ਸੂਫ਼ੀ ਢਾਡੀ, ਸ਼ਰੀਫ ਈਦੂ ਕੌਮੀ ਸੰਗੀਤ ਨਾਟਕ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਕਰਨ ਵਿਚ ਸਫਲ ਹੋਇਆ ਹੈ।

ਮੈਨੂੰ ਇਸ ਗੱਲ ਦਾ ਡੂੰਘਾ ਸਦਮਾ ਹੈ ਕਿ ਇਸ ਪੁਸਤਕ ਦੀ ਪਹਿਲੀ ਭੂਮਿਕਾ ਲਿਖਣ ਵਾਲਾ, ਪੁਰਾਤਨ ਲੋਕ ਗਾਇਕੀ ਦੀ ਹਰ ਵੰਨਗੀ ਦੇ ਤਵਿਆਂ ਨੂੰ ਸਾਂਭ ਕੇ ਇਕ ਵਿਸ਼ਾਲ ਸਭਿਆਚਾਰਕ ਲਾਇਬਰੇਰੀ ਸਿਰਜਣ ਵਾਲਾ, ਪੰਜਾਬ ਦਾ ਮਹਾਨ ਸਪੂਤ ਪ੍ਰੋ ਬਲਦੇਵ ਸਿੰਘ ਬੁੱਟਰ 'ਮੇਰੀ ਛਿਪੇ ਰਹਿਣ ਦੀ ਚਾਹ ਕਿ ਛਿਪ ਟੁਰ ਜਾਣ ਦੀ' ਨੂੰ ਸੱਚ ਕਰਕੇ, ਅਛੋਪਲੇ ਹੀ ਸਾਡੇ ਕੋਲੋਂ ਸਦਾ ਲਈ ਵਿਛੜ ਗਿਆ ਹੈ। ਸ਼ਾਲਾ ! ਹਰਦਿਆਲ ਥੂਹੀ ਨੂੰ ਦਿਤੀ ਉਸਦੀ ਪ੍ਰੇਰਨਾ ਅਤੇ ਪਿਆਰ ਥੂਹੀ ਦੇ ਕੰਮਾਂ ਵਿਚੋਂ ਅਸੀਂ ਹਮੇਸ਼ਾ ਮਾਣਦੇ ਰਹੀਏ।

ਰਾਜਪਾਲ ਸਿੰਘ
ਸਕੱਤਰ
ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ।

# ਪਹਿਲੇ ਸੰਸਕਰਣ ਦੀ ਭੂਮਿਕਾ

ਹਰਦਿਆਲ ਥੂਹੀ ਦੀ ਲੋਕ ਢਾਡੀ ਕਲਾ ਬਾਰੇ ਲਿਖੀ ਪੁਸਤਕ 'ਪੰਜਾਬੀ ਲੋਕ ਢਾਡੀ ਕਲਾ' ਤੁਹਾਡੇ ਹੱਥਾਂ ਵਿਚ ਹੈ। ਲੇਖਕ ਨੇ ਇੱਕ ਅਜਿਹੇ ਵਿਸ਼ੇ ਨੂੰ ਛੋਹਿਆ ਹੈ ਜਿਸ ਦੇ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਢਾਡੀ ਪਰੰਪਰਾ ਪੰਜਾਬ ਦਾ ਮਹਾਨ ਵਿਰਸਾ ਰਹੀ ਹੈ, ਪਰ ਕਈ ਕਾਰਨਾਂ ਕਰਕੇ ਅੱਜ ਦੀ ਨੌਜਵਾਨ ਪੀੜ੍ਹੀ ਇਸ ਤੋਂ ਬੇਮੁੱਖ ਹੋ ਗਈ ਹੈ, ਜਿਸ ਕਾਰਨ ਅੱਜ ਇਹ ਪਰੰਪਰਾ ਬੀਤੇ ਵੇਲੇ ਦੀ ਗੱਲ ਬਣਕੇ ਰਹਿ ਗਈ ਹੈ। ਇਸ ਪੁਸਤਕ ਰਾਹੀਂ ਲੇਖਕ ਨੇ ਸਾਨੂੰ ਸਾਡੀ ਉਸ ਮਹਾਨ ਵਿਰਾਸਤ ਤੋਂ ਜਾਣੂ ਕਰਾਉਣ ਦਾ ਯਤਨ ਕੀਤਾ ਹੈ।

ਲੇਖਕ ਨੇ ਇਸ ਪੁਸਤਕ ਵਿਚ ਢਾਡੀ ਕਲਾ ਦੇ ਪਿਛੋਕੜ, ਵਿਕਾਸ, ਵਿਸ਼ੇ-ਵਸਤੂ, ਮੁੱਖ ਖੇਤਰ, ਲੋਕ ਢਾਡੀ ਕਲਾ ਦੇ ਰੂਪ, ਰੂਪ ਦੇ ਅੰਗ, ਸਖਤ ਰਿਆਜ਼, ਪਹਿਰਾਵੇ ਅਤੇ ਅਖਾੜਾ ਪਰੰਪਰਾ ਨੂੰ ਖੋਲ੍ਹ ਕੇ ਬਿਆਨ ਕੀਤਾ ਹੈ। ਲੋਕ ਢਾਡੀ ਕਲਾ ਦੀਆਂ ਇਹਨਾਂ ਵਿਸ਼ੇਸ਼ਤਾਈਆਂ ਤੋਂ ਬਾਅਦ ਇਸ ਦੇ ਇਤਿਹਾਸਕ ਵਿਕਾਸ ਨੂੰ ਦੱਸਣ ਲਈ ਉਸਨੇ ਢਾਡੀਆਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ :-

ੳ) ਰਿਕਾਰਡ ਹੋਏ ਲੋਕ ਢਾਡੀ

ਅ) ਰਿਕਾਰਡ ਨਾ ਹੋਏ ਪਰ ਆਮ ਲੋਕਾਂ ਵਿਚ ਜਾਣੇ ਪਹਿਚਾਣੇ ਢਾਡੀ

ੲ) ਵਰਤਮਾਨ ਢਾਡੀ

ਪਹਿਲੀ ਸ਼੍ਰੇਣੀ ਵਿਚ ਸ਼ਾਮਲ ਢਾਡੀਆਂ ਦੀ ਇਸ ਕਲਾ ਨੂੰ ਜੋ ਦੇਣ ਹੈ ਉਸ ਬਾਰੇ ਲੇਖਕ ਨੇ ਦਾਅਵਾਬੱਧ ਅਤੇ ਬਾਦਲੀਲ ਗੱਲਾਂ ਕੀਤੀਆਂ ਹਨ, ਕਿਉਂਕਿ ਉਨ੍ਹਾਂ ਦੀ ਗਾਇਕੀ ਦੇ ਸਬੂਤ ਰਿਕਾਰਡਾਂ ਦੇ ਰੂਪ ਵਿਚ ਸਾਡੇ ਕੋਲ ਅੱਜ ਵੀ ਅਮਰ ਹਨ। ਦੀਦਾਰ ਸਿੰਘ ਰਟੈਂਡਾ, ਅਮਰ ਸਿੰਘ ਸ਼ੌਂਕੀ, ਨਿਰੰਜਣ ਸਿੰਘ, ਨਾਜਰ ਸਿੰਘ, ਪਾਲ ਸਿੰਘ ਪੰਛੀ, ਮੋਹਣ ਸਿੰਘ, ਉਦੇ ਸਿੰਘ ਆਦਿ ਢਾਡੀ ਰਾਗ ਦੇ ਚਮਕਦੇ ਸਿਤਾਰੇ ਰਹੇ ਹਨ ਜਿਨ੍ਹਾਂ ਨੇ ਇਸ ਰਾਗ ਨੂੰ ਬੁਲੰਦੀਆਂ ਤੇ ਪਹੁੰਚਾਇਆ। ਇਨ੍ਹਾਂ ਤੋਂ ਬਿਨਾਂ ਲੇਖਕ ਨੇ ਕੁੱਝ ਅਜਿਹੇ ਢਾਡੀਆਂ ਨਾਲ ਵੀ ਸਾਡੀ ਜਾਣ ਪਛਾਣ ਕਰਵਾਈ ਹੈ ਜਿਨ੍ਹਾਂ ਦੇ ਨਾਵਾਂ ਤੋਂ ਬਹੁਤ ਘੱਟ ਲੋਕ ਵਾਕਫ਼ ਹਨ ਜਿਵੇਂ ਭੂਰਾ ਸਿੰਘ ਚਿੱਟੀ, ਮੇਹਰ ਸਿੰਘ, ਬਖ਼ਤਾਵਰ ਸਿੰਘ, ਗੰਗਾ ਸਿੰਘ, ਦਿਲਾਵਰ ਸਿੰਘ, ਚੈਨ ਸਿੰਘ ਤੇ ਸਤਨਾਮ ਸਿੰਘ, ਮੱਸਾ ਸਿੰਘ, ਮਲਕੀਤ ਸਿੰਘ

ਪੰਧੇਰ ਆਦਿ। ਇਨ੍ਹਾਂ ਦੀ ਗਾਇਕੀ ਬਾਰੇ ਵੀ ਉਸਨੇ ਯਥਾ-ਸੰਭਵ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ।

ਇਸੇ ਤਰ੍ਹਾਂ ਕਿਸੇ ਕਾਰਨ ਰਿਕਾਰਡਿੰਗ ਨਾ ਕਰਵਾ ਸਕੇ ਪਰ ਲੋਕਾਂ ਵਿਚ ਪ੍ਰਸਿੱਧ ਢਾਡੀਆਂ ਕਾਂਸੀ ਰਾਮ ਡੇਹਲੋਂ, ਮਾਲਵੇ ਦੇ ਤਾਨਸੈਨ ਮੋਦਨ ਸਿੰਘ ਲੋਹਾਖੇੜਾ, ਖਿੱਦੂ ਮੋਚੀ ਗੁੰਮਟੀ ਵਾਲਾ, ਪਰਤਾਪ ਸਿੰਘ ਹਸਨਪੁਰੀਆ, ਗੁਰਮਾਂ ਵਾਲੇ ਢਾਡੀ, ਰਹਿਮਾ ਗੱਜੂਮਾਜਰੇ ਵਾਲਾ, ਡੋਗਰ ਛਪਾਰ ਵਾਲਾ, ਨਗੀਨਾ ਸਿੰਘ ਈਸੜੂ, ਮੁਣਸ਼ੀ ਰਾਮ ਜੱਖਲਾਂ ਵਾਲਾ ਆਦਿ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਹੈ। ਏਥੋਂ ਤੱਕ ਕਿ ਰੰਗੀਆਂ ਵਾਲੇ ਸਾਰੰਗੀਵਾਦਕਾਂ ਬਾਰੇ ਵੀ ਢੁਕਵੀਂ ਜਾਣਕਾਰੀ ਦਿੱਤੀ ਹੈ। ਇਨ੍ਹਾਂ ਵਿਚ ਬਹੁਤ ਸਾਰੇ ਅਜਿਹੇ ਢਾਡੀ ਸ਼ਾਮਲ ਹਨ ਜਿਨ੍ਹਾਂ ਦੀ ਆਪਣੀ ਕਲਾ ਦੇ ਕਾਰਨ ਰਾਜ ਦਰਬਾਰਾਂ ਤੱਕ ਪਹੁੰਚ ਸੀ ਤੇ ਉਨ੍ਹਾਂ ਦੀ ਸਰਪ੍ਰਸਤੀ ਹਾਸਲ ਸੀ।

ਤੀਜੀ ਸ਼੍ਰੇਣੀ ਵਿਚ ਲੇਖਕ ਨੇ ਉਨ੍ਹਾਂ ਢਾਡੀਆਂ ਨੂੰ ਸ਼ਾਮਲ ਕੀਤਾ ਹੈ ਜਿਨ੍ਹਾਂ ਨੇ ਪ੍ਰਤੀਕੂਲ ਪ੍ਰਸਥਿਤੀਆਂ ਦੇ ਬਾਵਜੂਦ ਵੀ ਇਸ ਕਲਾ ਦਾ ਪੱਲਾ ਨਹੀਂ ਛੱਡਿਆ। ਘਰਾਂ ਤੋਂ ਇਲਾਵਾ ਇਹਨਾਂ ਨੂੰ ਉਹ ਜਰਗ, ਛਪਾਰ ਦੇ ਮੇਲਿਆਂ ਵਿਚ ਪਰੰਪਰਾਗਤ ਅਖਾੜਿਆਂ ਵਿਚ ਦੇਖਦਾ ਹੈ, ਸੁਣਦਾ ਹੈ, ਫੋਟੋਆਂ ਖਿੱਚਦਾ ਹੈ ਅਤੇ ਅਖ਼ਬਾਰਾਂ ਰਾਹੀਂ ਸਾਡੇ ਨਾਲ ਉਨ੍ਹਾਂ ਦੀ ਜਾਣ ਪਛਾਣ ਕਰਾਉਂਦਾ ਰਿਹਾ ਹੈ।

ਹਰਦਿਆਲ ਥੂਹੀ ਕਿੱਤੇ ਵਜੋਂ ਇੱਕ ਅਧਿਆਪਕ ਹੋਣ ਦੇ ਨਾਲ ਨਾਲ ਸਾਹਿਤ ਦਾ ਇੱਕ ਖੋਜੀ ਵਿਦਿਆਰਥੀ ਵੀ ਹੈ। ਜਿਥੇ ਬਾਲ ਸਾਹਿਤ ਨਾਲ ਸਬੰਧਤ ਉਸ ਦੀਆਂ ਤਿੰਨ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਉਥੇ ਲੋਕ ਸਾਹਿਤ ਤੇ ਸਭਿਆਚਾਰ ਨਾਲ ਸਬੰਧਤ ਸੈਂਕੜੇ ਹੀ ਲੇਖ ਵੱਖ-ਵੱਖ ਅਖ਼ਬਾਰਾਂ ਵਿਚ ਛਪ ਚੁੱਕੇ ਹਨ। ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' ਨੇ ਉਸਦੀ 'ਲੋਕ ਢਾਡੀ ਕਲਾ' ਨੂੰ ਲੜੀਵਾਰ ਛਾਪਿਆ ਹੈ। ਜਿਸ ਨੂੰ ਵਿਸਥਾਰ ਦੇ ਕੇ ਉਸਨੇ ਇਸ ਪੁਸਤਕ ਦਾ ਰੂਪ ਦਿੱਤਾ ਹੈ। ਉਹ ਇੱਕ ਅਜਿਹਾ ਸ਼ਖ਼ਸ਼ ਹੈ ਜੋ ਕਰਮ ਵਿਚ ਵਿਸ਼ਵਾਸ ਰੱਖਦਾ ਹੈ। ਅਨੇਕਾਂ ਘਰੇਲੂ ਜ਼ਿੰਮੇਵਾਰੀਆਂ ਕਬੀਲਦਾਰੀ ਦੇ ਚੱਕਰ, ਨੌਕਰੀ ਦੀਆਂ ਮਜਬੂਰੀਆਂ ਦੇ ਬਾਵਜੂਦ ਵੀ ਉਸਨੇ ਪਿੰਡ-ਪਿੰਡ ਜਾ ਕੇ ਪੁਰਾਣੇ ਬਜ਼ੁਰਗਾਂ ਅਤੇ ਗਾਇਕੀ ਦਾ ਝੱਸ ਰੱਖਣ ਵਾਲੇ ਸ਼ੁਕੀਨਾਂ ਨੂੰ ਲੱਭ ਕੇ ਉਨ੍ਹਾਂ ਪਾਸੋਂ ਪੁਰਾਣੇ ਢਾਡੀਆਂ ਬਾਰੇ ਜਾਣਕਾਰੀ ਇਕੱਤਰ ਕੀਤੀ ਹੈ। ਪੁਰਾਣੇ ਗ੍ਰਾਮੋਫੋਨ ਰਿਕਾਰਡ ਸੁਣਕੇ ਢਾਡੀਆਂ ਦੀ ਕਲਾ ਦੀ ਪਰਖ ਪੜਤਾਲ ਕੀਤੀ ਹੈ। ਪੁਸਤਕ ਵਿਚ ਉਸਨੇ ਢਾਡੀਆਂ ਦੀਆਂ ਜੀਵਨੀਆਂ ਤੋਂ ਬਿਨਾਂ ਉਨ੍ਹਾਂ ਕਵੀਆਂ ਬਾਰੇ ਵੀ ਜਿਨ੍ਹਾਂ ਦੀਆਂ ਰਚਨਾਵਾਂ ਇਹ ਢਾਡੀ ਗਾਉਂਦੇ ਰਹੇ ਹਨ ਜਾਣਕਾਰੀ ਦੇ ਕੇ ਅਤੇ ਕੁਝ ਕੁ ਪ੍ਰਸਿੱਧ ਰਿਕਾਰਡਿੰਗ ਰਚਨਾਵਾਂ ਛਾਪ ਕੇ ਇਕ ਸ਼ਲਾਘਾਯੋਗ ਉਪਰਾਲਾ ਕੀਤਾ ਹੈ।

ਇਸ ਪੁਸਤਕ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਇੱਕ ਹਵਾਲਾ

ਪੁਸਤਕ ਹੈ। ਇਸ ਵਿਚੋਂ ਲੋਕ ਢਾਡੀ ਕਲਾ ਨਾਲ ਸਬੰਧਤ ਹਰ ਪੱਖ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਖੋਜ ਕਾਰਜ ਹੋਣ ਦੇ ਬਾਵਜੂਦ ਵੀ ਇਸ ਦੀ ਸ਼ੈਲੀ ਰੌਚਿਕਤਾ ਭਰਪੂਰ ਹੈ। ਸੁਹਿਰਦ ਲੇਖਕ ਨੇ ਵਿਦਵਾਨਾਂ ਵਾਲੀ ਭਾਰੂ ਸ਼ਬਦਾਵਲੀ ਦੀ ਥਾਂ ਬਿਲਕੁਲ ਸਿੱਧੇ ਸਾਦੇ ਆਮ ਬੋਲਚਾਲ ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਆਮ ਪਾਠਕ ਵੀ ਅਸਾਨੀ ਨਾਲ ਇਸਨੂੰ ਪੜ੍ਹ ਸਕਦਾ ਹੈ। ਉਸ ਕੋਲ ਔਖੀ ਗੱਲ ਨੂੰ ਵੀ ਸੌਖੇ ਸ਼ਬਦਾਂ ਵਿਚ ਕਹਿਣ ਦੀ ਸਮਰੱਥਾ ਹੈ। ਪੁਸਤਕ ਦੀ ਬੋਲੀ ਭਾਵੇਂ ਸਾਹਿਤਕ ਪੰਜਾਬੀ ਹੀ ਹੈ, ਪਰ ਮਲਵਈ ਰੰਗਣ ਇਸ ਵਿਚੋਂ ਸਪਸ਼ਟ ਝਲਕਦੀ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਹੱਥਲੀ ਪੁਸਤਕ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਇੱਕ ਚੰਗੀ ਪ੍ਰਾਪਤੀ ਹੈ। ਸਾਹਿਤ ਅਤੇ ਸਭਿਅਚਾਰ ਪ੍ਰੇਮੀਆਂ ਵੱਲੋਂ ਇਸ ਦਾ ਸਵਾਗਤ ਕਰਨਾ ਬਣਦਾ ਹੈ। ਪਰਮਾਤਮਾ ਹਰਦਿਆਲ ਥੂਹੀ ਦੀ ਕਲਮ ਨੂੰ ਹੋਰ ਬਲ ਬਖਸ਼ੇ ਤਾਂ ਕਿ ਇਹ ਨਿਰੰਤਰ ਚਲਦੀ ਰਹੇ ਅਤੇ ਗਾਇਕੀ ਦੇ ਦੂਜੇ ਰੂਪਾਂ ਬਾਰੇ ਵੀ ਉਸਦੇ ਕੋਲ ਜੋ ਸਮੱਗਰੀ ਹੈ ਉਹ ਵੀ ਜਲਦੀ ਹੀ ਪੁਸਤਕ ਰੂਪ ਵਿਚ ਸਾਡੇ ਸਾਹਮਣੇ ਆ ਸਕੇ।

**ਪ੍ਰੋ: ਬਲਦੇਵ ਸਿੰਘ ਬੁੱਟਰ**
ਲੈਕਚਰਾਰ,
ਗੋਬਿੰਦ ਨੈਸ਼ਨਲ ਕਾਲਜ ਨਾਰੰਗਵਾਲ,
ਲੁਧਿਆਣਾ।

# ਅੰਦਰਲੀ ਭੁੱਖ

ਇਸ ਸਮੱਗਰੀ ਨੂੰ ਪੁਸਤਕ ਰੂਪ ਵਿਚ ਦੇਖਣ ਦੀ ਤਾਂਘ ਕਈ ਸਾਲਾਂ ਤੋਂ ਸੀ ਜੋ ਦੋਸਤਾਂ ਮਿੱਤਰਾਂ ਦੇ ਸਹਿਯੋਗ ਨਾਲ ਹੁਣ ਕਿਤੇ ਜਾ ਕੇ ਪੂਰੀ ਹੋਈ ਹੈ। ਸ਼ੁਰੂ ਵਿਚ ਇਕੱਲੀ 'ਲੋਕ ਢਾਡੀ ਕਲਾ' ਬਾਰੇ ਪੂਰੀ ਪੁਸਤਕ ਲਿਖਣ ਦੀ ਕੋਈ ਯੋਜਨਾ ਨਹੀਂ ਸੀ ਸਗੋਂ ਸਮੁੱਚੀ ਲੋਕ ਗਾਇਕੀ ਬਾਰੇ ਹੀ ਪੁਸਤਕ ਲਿਖਣ ਦਾ ਪ੍ਰੋਗਰਾਮ ਬਣਾਇਆ ਸੀ। ਜਿਸ ਵਿਚ ਲੋਕ ਢਾਡੀ, ਤੂੰਬੇ ਅਲਗੋਜ਼ੇ ਵਾਲੇ ਗਾਇਕ, ਅਲਗੋਜ਼ੇ ਚਿਮਟੇ ਵਾਲੇ ਗਾਇਕ, ਹਰਮੋਨੀਅਮ ਢੋਲਕ ਨਾਲ ਗਾਉਣ ਵਾਲੇ ਗਾਇਕ, ਦੋਗਾਣਾ ਗਾਇਕੀ ਆਦਿ ਸਾਰੇ ਹੀ ਗਾਇਣ ਰੂਪਾਂ ਨੂੰ ਸ਼ਾਮਲ ਕਰਨਾ ਸੀ। ਇਸ ਸਫਰ ਦੌਰਾਨ ਪ੍ਰੋ: ਬਲਦੇਵ ਸਿੰਘ ਹੁਰਾਂ ਪਾਸੋਂ ਲੋਕ ਢਾਡੀਆਂ ਦੇ ਬਹੁਤ ਸਾਰੇ ਰਿਕਾਰਡ ਤਵਿਆਂ (ਗਰਾਮੋਫੋਨ ਡਿਸਕ ਰਿਕਾਰਡ) ਬਾਰੇ ਜਾਣਕਾਰੀ ਮਿਲੀ ਅਤੇ ਕਈ ਅਜਿਹੇ ਲੋਕ ਢਾਡੀਆਂ ਦੇ ਨਾਵਾਂ ਦਾ ਪਤਾ ਚੱਲਿਆ ਜਿਨ੍ਹਾਂ ਬਾਰੇ ਬਹੁਤ ਘੱਟ ਲੋਕਾਂ ਨੂੰ ਜਾਣਕਾਰੀ ਸੀ। ਏਥੋਂ ਹੀ ਮਨ ਬਣ ਗਿਆ ਕਿ ਪਹਿਲਾਂ, ਇਸ ਮਹਾਨ ਵਿਰਸੇ ਵਾਲੇ, ਅਹਿਮ ਪਰ ਅਣਗੌਲੇ ਵਿਸ਼ੇ ਨੂੰ ਹੀ ਲਿਆ ਜਾਵੇ। ਬੱਸ ਫੇਰ ਕੀ ਸੀ, ਸ਼ੁਰੂ ਹੋ ਗਿਆ ਲੋਕ ਢਾਡੀ ਕਲਾ ਬਾਰੇ ਸਮੱਗਰੀ ਇਕੱਤਰ ਕਰਨ ਦਾ ਅਮੁੱਕ ਕਾਰਜ। ਜਿਥੇ ਕਿਤੇ ਵੀ ਕਿਸੇ ਲੋਕ ਢਾਡੀ ਬਾਰੇ ਪਤਾ ਚਲਦਾ ਕਿਸੇ ਨਾ ਕਿਸੇ ਤਰ੍ਹਾਂ ਦੋਸਤਾਂ ਮਿੱਤਰਾਂ ਦੇ ਸਹਿਯੋਗ ਨਾਲ ਉਥੇ ਪਹੁੰਚਿਆ ਜਾਂਦਾ।

ਲੋਕ ਢਾਡੀਆਂ ਬਾਰੇ ਕਾਫੀ ਸਮੱਗਰੀ ਇਕੱਠੀ ਹੋ ਜਾਣ ਬਾਅਦ ਇਸ ਨੂੰ ਅਖ਼ਬਾਰ (ਪੰਜਾਬੀ ਟ੍ਰਿਬਿਊਨ) ਰਾਹੀਂ ਲੜੀਵਾਰ ਪਾਠਕਾਂ ਤੀਕ ਪਹੁੰਚਾਇਆ। ਪਾਠਕਾਂ ਦੀਆਂ ਚਿੱਠੀਆਂ ਰਾਹੀਂ ਮਿਲੇ ਭਰਪੂਰ ਹੁੰਘਾਰੇ ਤੋਂ ਬਹੁਤ ਹੌਸਲਾ-ਅਫ਼ਜਾਈ ਹੋਈ ਜਿਸਦਾ ਸਿੱਟਾ ਇਸ ਪੁਸਤਕ ਦੇ ਰੂਪ ਵਿਚ ਨਿਕਲਿਆ।


ਇਸ ਪੁਸਤਕ ਨੂੰ ਲਿਖਕੇ ਪੰਜਾਬੀ ਸਾਹਿਤ ਦੀ ਕੋਈ ਸੇਵਾ ਕਰਨਾ ਜਾਂ ਇਸ ਵਿਚ ਕੋਈ ਵਾਧਾ ਕਰਨਾ ਮੇਰਾ ਮੰਤਵ ਨਹੀਂ ਕਿਉਂਕਿ ਇਹ ਤਾਂ ਵਿਦਵਾਨ ਲੋਕਾਂ ਦਾ, ਆਰਫ਼ਾਂ ਦਾ ਕੰਮ ਹੈ। ਸਗੋਂ ਮੈਂ ਤਾਂ ਇਸ ਰਾਹੀਂ ਆਪਣੇ ਅੰਦਰਲੀ ਭੁੱਖ ਨੂੰ ਤ੍ਰਿਪਤ ਕਰਨ ਦਾ ਯਤਨ ਕੀਤਾ ਹੈ। ਬਚਪਨ ਤੋਂ ਹੀ ਚਿੱਠੇ (ਕਿੱਸੇ) ਪੜ੍ਹਨਾ, ਗਮੰਤਰੀਆਂ ਦੇ ਗੌਣ ਸੁਣਨੇ, ਰਾਮ-ਲੀਲ੍ਹਾ ਦੇਖਣੀ, ਜਲਸੇ ਦੇਖਣੇ, ਕਾਮਰੇਡਾਂ ਦੇ ਡਰਾਮੇ ਦੇਖਣੇ ਮੇਰਾ ਸ਼ੌਕ

ਰਿਹਾ ਹੈ। ਰਾਤਾਂ ਨੂੰ ਦੂਰ ਨੇੜੇ ਦੇ ਪਿੰਡਾਂ ਵਿਚ ਸਾਥੀਆਂ ਨਾਲ ਤੁਰਕੇ ਹੀ ਜਾਣਾ ਤੇ ਅੱਧੀ ਰਾਤੋਂ ਬਾਅਦ ਮੁੜਨਾ। ਸੁਤੇ-ਸਿਧ ਹੀ ਮਨ ਵਿਚ ਇਹ ਸਭ ਕੁਝ ਦਬਿਆ ਪਿਆ ਹੈ ਅਤੇ ਮੌਕਾ ਮਿਲਣ ਤੇ ਆਪ ਮੁਹਾਰਾ ਫੁੱਟ ਪੈਂਦਾ ਹੈ, ਸੋ ਇਹ ਯਤਨ ਵੀ ਅਜਿਹਾ ਫੁਟਾਰਾ ਹੀ ਸਮਝੋ। ਸਮੱਗਰੀ ਇਕੱਤਰ ਕਰਨ ਤੇ ਇਸ ਨੂੰ ਪੁਸਤਕ ਰੂਪ ਦੇਣ ਤੱਕ ਦੇ ਸਫਰ ਦੌਰਾਨ ਬਹੁਤ ਸਾਰੇ ਅਜਿਹੇ ਲੋਕ ਵੀ ਮਿਲੇ ਜਿਨ੍ਹਾਂ ਦਾ ਇਕੋ ਸਵਾਲ ਹੁੰਦਾ ਸੀ ਕਿ ਤੁਹਾਨੂੰ ਇਸਦਾ ਕੀ ਫਾਇਦਾ ਹੋਣਾ ਹੈ। ਫਾਇਦੇ ਤੋਂ ਉਨ੍ਹਾਂ ਦਾ ਭਾਵ ਸੀ ਕਿ ਆਰਥਿਕ ਤੌਰ ਤੇ ਕੀ ਮਿਲਣੈ। ਹੁਣ ਉਨ੍ਹਾਂ ਭਲੇਮਾਣਸਾਂ ਨੂੰ ਕੋਈ ਕਿਵੇਂ ਸਮਝਾਵੇ ਬਈ ਮੇਰੇ ਵਰਗਿਆਂ ਲਈ ਪੰਜਾਬੀ ਵਿਚ ਪੁਸਤਕ ਲਿਖਣਾ ਘਰ ਫੂਕ ਤਮਾਸ਼ਾ ਦੇਖਣ ਵਾਲੀ ਗੱਲ ਹੁੰਦੀ ਹੈ। ਏਥੋਂ ਕੱਢਣ ਪਾਉਣ ਨੂੰ ਕੁਝ ਨਹੀਂ। ਇਹ ਤਾਂ ਸਿਰਫ ਆਪਣੀ ਹਉਮੈ ਨੂੰ ਪੱਠੇ ਪਾਉਣਾ ਹੀ ਹੈ। ਸੋ ਮੈਂ ਤਾਂ ਆਪਣਾ ਅੰਦਰ ਹੌਲਾ ਕਰਨ ਦਾ ਹੀ ਉਪਰਾਲਾ ਕੀਤਾ ਹੈ।

ਸਮੁੱਚੀ ਪ੍ਰਕ੍ਰਿਆ ਦੌਰਾਨ ਸਹਿਯੋਗ ਦੇਣ ਵਾਲੀਆਂ ਸ਼ਖ਼ਸੀਅਤਾਂ ਦਾ ਵੀ ਏਥੇ ਉਲੇਖ ਕਰਨਾ ਬਣਦਾ ਹੈ। ਪ੍ਰੋ: ਬਲਦੇਵ ਸਿੰਘ ਬੁੱਟਰ ਹੁਰਾਂ ਦਾ ਮੈਂ ਰਿਣੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੀ ਭੂਮਿਕਾ ਵੀ ਲਿਖੀ ਅਤੇ ਸਮੇਂ-ਸਮੇਂ 'ਤੇ ਆਪਣੇ ਲੋਕ ਸੰਗੀਤ ਦੇ ਭੰਡਾਰ 'ਚੋਂ ਵੱਖ-ਵੱਖ ਢਾਡੀਆਂ ਦੀ ਗਾਇਕੀ ਦੇ ਨਾਲ ਨਾਲ ਵਡਮੁੱਲੇ ਸੁਝਾਅ ਵੀ ਦਿੱਤੇ । ਆਪਣੇ ਜਿਗਰੀ ਦੋਸਤਾਂ ਮਾਸਟਰ ਜੋਗਾ ਸਿੰਘ ਚਾਹਲ ਕਲਾਂ, ਮੇਵਾ ਸਿੰਘ ਨੌਰਥ ਲਲਤੋਂ ਕਲਾਂ, ਰਣਜੀਤ ਸਿੰਘ ਚੌਧਰੀਮਾਜਰਾ, ਨਿਰਮਲ ਸਿੰਘ ਬੂਹੀ, ਗੁਲਾਬ ਸਿੰਘ ਧਨੌਰੀ ਹੁਰਾਂ 'ਤੇ ਮੈਨੂੰ ਮਾਣ ਹੈ ਜਿਨ੍ਹਾਂ ਨੇ ਇਸ ਸਫਰ ਵਿਚ ਹਮੇਸ਼ਾ ਮੇਰਾ ਸਾਥ ਦਿੱਤਾ ਹੈ। ਆਪਣੀ ਜੀਵਨ ਸਾਥਣ ਜਸਦੇਵ ਅਤੇ ਬੇਟੀ ਅਮਰਜੋਤ ਦਾ ਸਹਿਯੋਗ ਹਰ ਕਦਮ 'ਤੇ ਮੈਨੂੰ ਮਿਲਦਾ ਰਿਹਾ ਹੈ ਜਿਨ੍ਹਾਂ ਨੇ ਕਦੇ ਵੀ ਮੈਨੂੰ ਘਰੇਲੂ ਜ਼ਿੰਮੇਵਾਰੀਆਂ ਦਾ ਅਹਿਸਾਸ ਨਹੀਂ ਹੋਣ ਦਿੱਤਾ।

ਜਨਵਰੀ 2001

ਤੁਹਾਡਾ ਆਪਣਾ
**ਹਰਦਿਆਲ ਥੂਹੀ**



# ਪੰਜਾਬੀ ਲੋਕ ਢਾਡੀ ਕਲਾ

ਪੰਜਾਬੀ ਲੋਕ ਗਾਇਕੀ ਵਿਚ ਢੱਡ ਸਾਰੰਗੀ ਨਾਲ ਗਾਉਣ ਵਾਲੇ ਢਾਡੀਆਂ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਅਸਲ ਵਿੱਚ ਪੰਜਾਬੀ ਲੋਕ ਗਾਇਕੀ ਦੀਆਂ ਦੂਜੀਆਂ ਵਿਧਾਵਾਂ ਨਾਲੋਂ ਇਹ ਵਿਧਾ (ਵੰਨਗੀ) ਹੀ ਪੰਜਾਬੀ ਸੱਭਿਆਚਾਰ ਅਤੇ ਲੋਕ ਵਿਰਸੇ ਦੀ ਸਹੀ ਤਰਜ਼ਮਾਨੀ ਕਰਦੀ ਰਹੀ ਹੈ। ਪੰਜਾਬੀਆਂ ਦੇ ਖੁੱਲ੍ਹੇ ਡੁੱਲ੍ਹੇ ਸੁਭਾਅ, ਰਹਿਣੀ ਬਹਿਣੀ, ਰਸਮ ਰਿਵਾਜਾਂ ਆਦਿ ਨੂੰ ਰੂਪਮਾਨ ਕਰਨ ਲਈ ਢਾਡੀ ਕਲਾ ਹੀ ਅਨੁਕੂਲ ਰਹੀ ਹੈ। ਭਾਵੇਂ ਅੱਜ ਕੱਲ੍ਹ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਅਤੇ ਆਧੁਨਿਕਤਾ ਦੀ ਦੌੜ ਕਾਰਨ ਇਸ ਕਲਾ ਦਾ ਘੇਰਾ ਸੁੰਗੜਦਾ ਜਾ ਰਿਹਾ ਹੈ ਪਰੰਤੂ ਇਸ ਦਾ ਇਕ ਮਹਾਨ ਇਤਿਹਾਸ ਰਿਹਾ ਹੈ, ਜਿਸ ਉਤੇ ਹਰ ਪੰਜਾਬੀ ਮਾਣ ਕਰ ਸਕਦਾ ਹੈ।

## ਪਿਛੋਕੜ

ਜਦੋਂ ਅਸੀਂ ਢਾਡੀ ਕਲਾ ਦੇ ਪਿਛੋਕੜ ਵੱਲ ਝਾਤ ਮਾਰਦੇ ਹਾਂ ਤਾਂ ਇਹ ਕਾਫੀ ਪੁਰਾਣਾ ਪ੍ਰਤੀਤ ਹੁੰਦਾ ਹੈ। ਇਸਦਾ ਪ੍ਰਮਾਣ ਹੈ ਸ਼ਬਦ 'ਢਾਢੀ' ਗੁਰਬਾਣੀ ਵਿਚ ਵਾਰ ਵਾਰ ਆਇਆ ਹੈ। ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਅਕਾਲ ਪੁਰਖ ਦੀ ਉਸਤਤ ਕਰਨ ਵਾਲੇ, ਪ੍ਰਭੂ ਦਾ ਯਸ ਗਾਉਣ ਵਾਲੇ ਢਾਢੀ ਕਿਹਾ ਹੈ:-

- *"ਹਉ ਢਾਢੀ ਹਰਿ ਪ੍ਰਭੁ ਖਸਮ ਕਾ*
  *ਨਿੱਤ ਗਾਵੈ ਹਰਿ ਗੁਣ ਛੰਤਾ।"*

- "ਢਾਢੀ ਤਿਸਨੋ ਆਖੀਏ ਜੇ ਖਸਮੈ ਧਰੈ ਪਿਆਰ
  ਦਰ ਖੜਾ ਸੇਵਾ ਕਰੈ ਗੁਰ ਸਬਦੀ ਵੀਚਾਰ।"
- "ਢਾਢੀ ਦਰ ਪ੍ਰਭੁ ਮੰਗਣਾ ਦਰ ਕਦੇ ਨਾ ਛੋੜੇ।"
- "ਹਉ ਢਾਢੀ ਕਾ ਨੀਚ ਜਾਤਿ
  ਹੋਰ ਉਤਮ ਜਾਤਿ ਸਦਾਇਦੇ।"

ਆਮ ਬੋਲੀ ਵਿਚ ਢਾਡੀ ਦਾ ਸ਼ਾਬਦਿਕ ਅਰਥ ਹੈ ਢੱਡ ਵਜਾਕੇ ਕਿਸੇ ਦਾ ਜਸ ਗਾਉਣਾ। ਮਹਾਨਕੋਸ਼ ਅਨੁਸਾਰ ''ਢਾਢੀ' ਤੋਂ ਭਾਵ 'ਢੱਡ' (ਢੱਢ) ਬਜਾਕੇ ਯੋਧਿਆਂ ਦੀਆਂ ਵਾਰਾਂ ਗਾਉਣ ਵਾਲਾ ਭਾਵ ਯਸ ਗਾਉਣ ਵਾਲਾ ਹੈ।'' ਆਮ ਰਾਜਪੂਤ ਰਾਜਿਆਂ ਰਾਣਿਆਂ ਦੇ ਦਰਬਾਰਾਂ ਵਿਚ ਭੱਟ ਜਾਂ ਢਾਡੀ ਉਨ੍ਹਾਂ ਦੇ ਪੂਰਵਜਾਂ ਦੀ ਬਹਾਦਰੀ ਦੇ ਕਾਰਨਾਮਿਆਂ ਦੀਆਂ ਵਾਰਾਂ ਢੱਡ ਵਜਾ ਕੇ ਗਾਇਆ ਕਰਦੇ ਸਨ। ਇਹ ਲੋਕ ਗਾਇਣ ਸ਼ੈਲੀ ਲੋਕਾਂ ਵਿਚ ਹਰਮਨ ਪਿਆਰੀ ਹੋਣ ਸਦਕਾ ਗੁਰੂ ਸਾਹਿਬਾਨ ਨੇ ਵੀ ਇਸ ਕਾਵਿ ਰੂਪ ਨੂੰ ਅਪਣਾਇਆ। ਉਨ੍ਹਾਂ ਨੇ ਅਕਾਲ ਪੁਰਖ ਪ੍ਰਭੂ ਪ੍ਰਮਾਤਮਾ ਦੀ ਉਸਤਤ ਵਿਚ ਬਹੁਤ ਸਾਰੀਆਂ ਅਧਿਆਤਮਕ ਵਾਰਾਂ ਰਚੀਆਂ। ਜਿਨ੍ਹਾਂ ਦੀ ਕੁੱਲ ਗਿਣਤੀ ਬਾਈ ਹੈ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਜਦੋਂ ਸਾਰੀ ਬਾਣੀ ਨੂੰ ਵਰਗਬੱਧ ਕੀਤਾ ਤਾਂ ਇਨ੍ਹਾਂ ਬਾਈ ਬਾਰਾਂ ਵਿਚੋਂ ਨੌਂ ਵਾਰਾਂ ਨੂੰ ਗਾਉਣ ਲਈ ਕੁਝ ਪੁਰਾਣੇ ਯੋਧਿਆਂ ਦੀਆਂ ਵਾਰਾਂ ਦੀਆਂ ਧੁਨੀਆਂ ਨੂੰ ਆਧਾਰ ਬਣਾਇਆ। ਕੁੱਝ ਉਦਾਹਰਣਾਂ ਇਸ ਪ੍ਰਕਾਰ ਹਨ, ਜਿਵੇਂ ਆਸਾ ਕੀ ਵਾਰ-ਟੁੰਡੇ ਅਸਰਾਜੇ ਕੀ ਧੁਨੀ, ਵਡਹੰਸ ਕੀ ਵਾਰ-ਲਲਾ ਬਹਿਲੀਮਾ ਕੀ ਧੁਨੀ, ਰਾਮ ਕਲੀ ਕੀ ਵਾਰ-ਜੋਧੈ ਵੀਰੈ ਪੂਰਬਾਣੀ ਕੀ ਧੁਨੀ, ਸਾਰੰਗ ਕੀ ਵਾਰ-ਰਾਇ ਮਹਿਮੇ ਹਸਨੇ ਕੀ ਧੁਨੀ, ਕਾਨੜੇ ਕੀ ਵਾਰ-ਮੂਸੇ ਕੀ ਵਾਰ ਕੀ ਧੁਨੀ, ਗਾਉੜੀ ਕੀ ਵਾਰ-ਰਾਇ ਕਮਾਲਦੀਂ ਮੌਜਦੀਂ ਕੀ ਧੁਨੀ ਆਦਿ।

ਇਹ ਗੱਲ ਯਾਦ ਰੱਖਣ ਯੋਗ ਹੈ ਕਿ ਇਨ੍ਹਾਂ ਅਧਿਆਤਮਕ ਵਾਰਾਂ ਦਾ ਉਕਤ ਯੋਧਿਆਂ ਦੀਆਂ ਵਾਰਾਂ ਨਾਲ ਸਬੰਧ ਕੇਵਲ ਧੁਨੀ (ਤਰਜ਼) ਤੱਕ ਸੀਮਿਤ ਹੈ। ਇਸ ਪ੍ਰਕਾਰ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਗਾਇਣ ਸ਼ੈਲੀ ਅਧਿਆਤਮਕ ਤੇ ਦੁਨਿਆਵੀ ਦੋਵਾਂ ਤਰ੍ਹਾਂ ਦੇ ਕਾਵਿ ਰੂਪਾਂ ਲਈ ਮਕਬੂਲ ਸੀ। ਭੱਟਾਂ ਅਤੇ ਢਾਡੀਆਂ ਵੱਲੋਂ ਇਹਨਾਂ ਵਾਰਾਂ ਨੂੰ ਗਾਉਣ ਲਈ ਢੱਡ ਦੇ ਨਾਲ ਸਾਰੰਗੀ ਦੀ ਵਰਤੋਂ ਵੀ ਕੀਤੀ ਜਾਂਦੀ ਹੋਵੇਗੀ ਕਿਉਂਕਿ ਇਹ ਸਾਜ਼ ਹੀ ਵਾਰਾਂ ਗਾਉਣ ਲਈ ਸਭ ਤੋਂ ਵੱਧ ਢੁਕਵੇਂ ਹਨ।

ਭਾਵੇਂ ਢਾਡੀ ਪਰੰਪਰਾ ਦਾ ਪਿਛੋਕੜ ਕਾਫੀ ਪੁਰਾਣਾ ਹੈ ਪਰੰਤੂ ਸੁਚੇਤ ਰੂਪ ਵਿਚ ਇਹ ਕਲਾ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਪਣਪੀ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਇਤਿਹਾਸ ਵਿਚ ਇਕ ਨਵਾਂ ਮੋੜ ਆਇਆ। ਛੇਵੇਂ ਗੁਰੂ ਸ੍ਰੀ ਹਰਗੋਬਿੰਦ ਜੀ ਨੂੰ ਸ਼ਾਹੀ ਹਕੂਮਤ ਨਾਲ ਕਈ ਵਾਰ ਟੱਕਰ ਲੈਣੀ ਪਈ। ਆਪਣੀ ਸੈਨਾਂ ਦੇ ਸੂਰਬੀਰ ਯੋਧਿਆਂ ਵਿਚ ਜੋਸ਼ ਤੇ ਉਤਸ਼ਾਹ ਪੈਦਾ ਕਰਨ ਲਈ ਗੁਰੂ ਸਾਹਿਬ ਆਪਣੇ ਦਰਬਾਰ ਵਿਚ ਢਾਡੀਆਂ ਤੋਂ ਜੋਸ਼ੀਲੀਆਂ ਵਾਰਾਂ ਗਵਾਉਣ ਲੱਗੇ। ਨੱਥਾ ਅਤੇ ਅਬਦੁੱਲ ਉਹਨਾਂ ਦੇ ਦਰਬਾਰ ਦੇ ਪ੍ਰਸਿੱਧ ਢਾਡੀ ਸਨ। ਮੁਸ਼ਕੀ ਅਤੇ ਛਬੀਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵਾਰਾਂ ਗਾਇਆ ਕਰਦੇ ਸਨ। ਏਸੇ ਤਰ੍ਹਾਂ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਦੀ ਧਰਤੀ ਤੇ ਆਏ ਤਾਂ ਮਲੂਕੇ ਪਿੰਡ ਦੇ ਮਲਵਈ ਗਮੰਤਰੀਆਂ ਸੁੱਖੂ ਅਤੇ ਬੁੱਧੂ ਨੇ ਸਾਰੰਗੀ ਉਤੇ ਉਨ੍ਹਾਂ ਨੂੰ ਮਲਵਈ ਰਾਗ ਸੁਣਾਕੇ ਗੁਰੂ ਸਾਹਿਬ ਦੀਆਂ ਰਹਿਮਤਾਂ ਪ੍ਰਾਪਤ ਕਰਕੇ ਗੁਰੂ ਦਰਬਾਰ ਦੀ ਨੇੜਤਾ ਮਾਣੀ। ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਜਦੋਂ ਸਿੱਖ ਰਾਜ ਖੇਰੂੰ ਖੇਰੂੰ ਹੋ ਗਿਆ ਤਾਂ ਇਹਨਾਂ ਢਾਡੀਆਂ ਦਾ ਵੀ ਕੋਈ ਸਰਪ੍ਰਸਤ ਨਾ ਰਿਹਾ।

ਲਗਭਗ ਏਸੇ ਸਮੇਂ ਦੌਰਾਨ ਕਿੱਸਿਆਂ ਦੇ ਰੂਪ ਵਿੱਚ ਬਿਆਨੀਆਂ ਕਵਿਤਾ ਨੇ ਜ਼ੋਰ ਫੜ ਲਿਆ ਸੀ। ਦਮੋਦਰ ਦੇ ਹੀਰ ਦੇ ਕਿੱਸੇ ਤੋਂ ਬਾਅਦ ਅਹਿਮਦ ਗੁੱਜਰ, ਮੁਕਬਲ, ਵਾਰਿਸ, ਪੀਲੂ, ਫਜ਼ਲਸ਼ਾਹ, ਹਾਸ਼ਮ ਸ਼ਾਹ, ਕਾਦਰਯਾਰ ਆਦਿ ਕਵੀਆਂ ਦੇ ਕਿੱਸੇ ਪਿੰਡਾਂ ਵਿਚ ਹਰਮਨ ਪਿਆਰੇ ਹੋ ਗਏ। ਇਸ ਲਈ ਕੁਝ ਇਕ ਢੱਡ ਸਾਰੰਗੀ ਨਾਲ ਗਾਉਣ ਵਾਲਿਆਂ ਦਾ ਇਹਨਾਂ ਪ੍ਰੀਤ ਕਿੱਸਿਆ ਅਤੇ ਲੋਕ ਗਾਥਾਵਾਂ ਵੱਲ ਰੁਝਾਨ ਹੋਣਾ ਕੁਦਰਤੀ ਸੀ। ਵਾਰਾਂ ਦੇ ਨਾਲ ਨਾਲ ਉਹ ਪ੍ਰੀਤ ਗਾਥਾਵਾਂ ਤੇ ਲੋਕ ਗਾਥਾਵਾਂ ਨੂੰ ਵੀ ਗਾਉਣ ਲੱਗ ਪਏ ਸਨ।

ਖੁਸ਼ੀ ਦੇ ਮੌਕਿਆਂ ਤੇ ਲੋਕਾਂ ਵੱਲੋਂ ਢਾਡੀਆਂ ਦੇ ਅਖਾੜੇ ਲਗਵਾਏ ਜਾਂਦੇ ਸਨ। ਜੰਞਾਂ, ਬਰਾਤਾਂ ਨਾਲ ਢਾਡੀਆਂ ਨੂੰ ਲਿਜਾਇਆ ਜਾਂਦਾ ਸੀ। ਵਾਰਿਸ਼ ਸ਼ਾਹ ਨੇ ਵੀ ਆਪਣੇ ਕਿੱਸੇ ਵਿਚ ਇਸ ਦਾ ਜ਼ਿਕਰ ਕੀਤਾ ਹੈ।

- ***ਚੜ੍ਹ ਘੋੜੀਆਂ ਖੇੜਿਆਂ ਗੰਢ ਤੋਰੀ,***
  ***ਚੜ੍ਹੇ ਗੱਭਰੂ ਜੰਞ ਬਣਾਇ ਕੇ ਤੇ।***
  ***ਕਾਠੀਆਂ ਸੁਰਖ ਬਨਾਤ ਦੀਆਂ, ਹੱਥ ਨੇਜ਼ੇ,***
  ***ਦਾਰੂ ਪੀ ਕੇ ਧ੍ਰਗ ਵਜਾਇ ਕੇ ਤੇ।***
  ***ਕਸ਼ਮੀਰੀ ਤੇ ਦਖਣੀ ਨਾਦ ਵਾਜੇ,***

*ਭੇਰੀ ਤੂਤੀਆਂ, ਛੈਣੇ ਛਣਕਾਇ ਕੇ ਤੇ।*
*ਢਾਡੀ, ਭਗਤੀਏ, ਕੰਜਰੀਆਂ, ਨਕਲੀਏ ਨੇ,*
*ਨਾਲੇ ਡੂਮ ਸਰੋਦ ਵਜਾਇ ਕੇ ਤੇ।*

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੌਰਾਨ ਭਾਵ ਉਨੀਂਵੀ ਸਦੀ ਦੇ ਪਹਿਲੇ ਅੱਧ ਵਿਚ ਢੱਡ ਸਾਰੰਗੀ ਨਾਲ ਲੋਕ ਗਾਥਾਵਾਂ ਆਮ ਗਾਈਆਂ ਜਾਣ ਲੱਗ ਪਈਆਂ ਸਨ, ਕਿਉਂਕਿ ਇਹ ਸਮਾਂ ਸ਼ਾਂਤੀ ਅਤੇ ਖੁਸ਼ਹਾਲੀ ਦਾ ਸਮਾਂ ਸੀ। ਕਵੀਆਂ, ਗਮੰਤਰੀਆਂ ਅਤੇ ਦੂਜੇ ਕਲਾਕਾਰਾਂ ਨੂੰ ਸ਼ਾਹੀ ਸਰਪ੍ਰਸਤੀ ਪ੍ਰਾਪਤ ਹੋ ਗਈ ਸੀ। ਸਾਂਝਾ ਸੱਭਿਆਚਾਰ ਉਨੱਤ ਹੋ ਚੁੱਕਾ ਸੀ। ਰਾਜਨੀਤਕ ਉਥਲ-ਪੁਥਲ ਸਮਾਪਤ ਹੋ ਚੁੱਕੀ ਸੀ। ਏਸੇ ਸਮੇਂ ਦੌਰਾਨ ਹੋਏ ਕਵੀ ਕਾਦਰ ਯਾਰ ਨੇ ਆਪਣੇ ਕਿੱਸੇ ਪੂਰਨ ਭਗਤ ਦੇ ਅੰਤ ਤੇ ਲਿਖਿਆ ਹੈ:-

- *ਇਹ ਕਿੱਸਾ ਪੂਰਨ ਭਗਤ ਦਾ ਕੀਤਾ ਕਾਦਰਯਾਰ।*
  *ਕੋਈ ਪੜ੍ਹਦੇ ਬੈਂਤਾਂ, ਕੋਈ ਗਾਵੇ ਢੱਡ ਸਾਰੰਗੀਆਂ ਨਾਲ।*

ਏਥੋਂ ਹੀ ਲੋਕ ਢਾਡੀ ਕਲਾ ਦੀ ਗੱਲ ਅੱਗੇ ਤੁਰਦੀ ਹੈ ਅਤੇ ਹੌਲੀ ਹੌਲੀ ਲੋਕ ਅਖਾੜਿਆਂ ਤੱਕ ਜਾ ਪਹੁੰਚਦੀ ਹੈ।

ਇਸ ਤਰ੍ਹਾਂ ਢਾਡੀ ਜਗਤ ਵਿਚ ਦੋ ਪਰਿਪਾਟੀਆਂ ਚੱਲ ਪਈਆਂ। ਇੱਕ ਧਿਰ ਉਹ ਸੀ ਜੋ ਆਪਣੇ ਆਪ ਨੂੰ 'ਗੁਰੂ ਕੇ ਢਾਡੀ' ਆਖਦੀ ਸੀ ਅਤੇ ਨਿਰੋਲ ਸਿੱਖ ਧਰਮ ਦੇ ਪ੍ਰਚਾਰ ਤੱਕ ਸੀਮਿਤ ਹੋ ਗਈ। ਇਸ ਧਿਰ ਨਾਲ ਸਬੰਧਤ ਢਾਡੀ ਸੁਚੇਤ ਅਤੇ ਸੰਗਠਿਤ ਰੂਪ ਵਿਚ ਢਾਡੀ ਕਲਾ ਨੂੰ ਜੀਵਤ ਰੱਖਣ ਅਤੇ ਪ੍ਰਫੁੱਲਤ ਕਰਨ ਵਿਚ ਸੁਹਿਰਦਤਾ ਨਾਲ ਜੁਟੇ ਹੋਏ ਹਨ। ਦੂਜੀ ਧਿਰ ਉਹ ਸੀ ਜੋ ਪੰਜਾਬ ਦੇ ਵਿਸ਼ਾਲ ਲੋਕ ਸਭਿਆਚਾਰ ਨਾਲ ਜੁੜੀ ਅਤੇ ਇਸ ਨੂੰ ਆਪਣੀ ਗਾਇਕੀ ਦਾ ਵਿਸ਼ਾ ਬਣਾਇਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਖੇਰੂੰ ਖੇਰੂੰ ਹੋ ਗਿਆ ਅਤੇ ਪੰਜਾਬ 'ਤੇ ਅੰਗਰੇਜ਼ ਕਾਬਜ਼ ਹੋ ਗਏ। ਅੰਗਰੇਜ਼ਾਂ ਦੇ ਕਬਜ਼ੇ ਹੇਠਲੇ ਪੰਜਾਬ ਵਿਚ ਲੋਕ ਕਲਾਵਾਂ ਨੂੰ ਕੋਈ ਸਰਪ੍ਰਸਤੀ ਨਾ ਮਿਲਣ ਕਾਰਨ ਢਾਡੀ ਕਲਾ ਵੀ ਵਿਗਸ ਨਾ ਸਕੀ। ਇਸ ਦੇ ਉਲਟ ਮਾਲਵੇ ਦੀਆਂ ਰਿਆਸਤਾਂ ਦੇ ਰਾਜੇ ਇਨ੍ਹਾਂ ਲੋਕ ਕਲਾਵਾਂ ਵੱਲ ਉਚੇਚਾ ਧਿਆਨ ਦਿੰਦੇ ਸਨ। ਉਨ੍ਹਾਂ ਦੀ ਸਰਪ੍ਰਸਤੀ ਅਧੀਨ ਇਸ ਖੇਤਰ ਵਿਚ ਇਹ ਕਲਾਵਾਂ ਖੂਬ ਪ੍ਰਫੁੱਲਤ ਹੋਈਆਂ। ਏਸੇ ਕਾਰਨ ਢਾਡੀ ਕਲਾ ਦਾ ਮੁੱਖ ਖੇਤਰ ਮਾਲਵਾ ਬਣ ਗਿਆ। ਏਥੇ ਲੋਕ ਇਹਨਾਂ ਨੂੰ ਗਮੰਤਰੀ ਕਹਿਣ ਲੱਗੇ ਤੇ ਇਨ੍ਹਾਂ ਦੀ ਗਾਇਕੀ ਨੂੰ 'ਗੌਣ'। ਇਹ ਗੋਲ ਦਾਇਰੇ ਵਾਲੇ ਅਖਾੜਿਆਂ ਵਿਚ ਘੁੰਮ ਘੁੰਮ ਕੇ ਗਾਉਂਦੇ ਸਨ। ਅਸੀਂ ਇਹਨਾਂ ਨੂੰ 'ਲੋਕ ਢਾਡੀ' ਕਹਾਂਗੇ। ਏਥੇ

ਅਸੀਂ ਸਿਰਫ ਲੋਕ ਢਾਡੀ ਕਲਾ ਦੀ ਹੀ ਗੱਲ ਕਰਾਂਗੇ ਅਤੇ ਧਾਰਮਿਕ ਢਾਡੀਆਂ ਦੀ ਗੱਲ ਦੂਜੇ ਹਿੱਸੇ ਵਿਚ ਕਰਾਂਗੇ।

ਗਾਇਕੀ ਦਾ ਸਬੰਧ ਕਿਉਂਕਿ ਆਵਾਜ਼ ਨਾਲ ਹੈ ਭਾਵੇਂ ਉਹ ਸਾਜ਼ ਦੀ ਹੋਵੇ ਜਾਂ ਗਾਇਕ ਦੀ। ਇਸ ਲਈ ਜੇ ਸਾਡੇ ਕੋਲ ਇਹ ਆਵਾਜ਼ ਸੁਰੱਖਿਅਤ ਹੋਵੇਗੀ ਤਾਂ ਹੀ ਅਸੀਂ ਇਸਦੇ ਬਾਰੇ ਕੋਈ ਵਿਚਾਰ ਬਣਾ ਸਕਦੇ ਹਾਂ। ਭਾਵੇਂ ਆਵਾਜ਼ ਨੂੰ ਅਮਰ ਕਰਨ ਵਾਲਾ ਯੰਤਰ ਭਾਵ ਰਿਕਾਰਡਿੰਗ ਕਾਫੀ ਸਮਾਂ ਪਹਿਲਾਂ ਹੋਂਦ ਵਿੱਚ ਆ ਚੁੱਕਿਆ ਸੀ। ਪਰੰਤੂ ਪੰਜਾਬੀ ਲੋਕ ਗਾਇਕੀ ਦੀ ਪਹਿਲੀ ਰਿਕਾਰਡਿੰਗ 1929-30 ਦੇ ਲਗਭਗ ਹੋਈ ਜੋ ਇਕ ਲੋਕ ਢਾਡੀ ਦੀ ਸੀ। ਰਿਕਾਰਡਿੰਗ ਦੇ ਸਮੇਂ ਤੋਂ ਪਹਿਲਾਂ ਦੀ ਢਾਡੀ ਕਲਾ ਬਾਰੇ ਭਾਵੇਂ ਅਸੀਂ ਠੋਸ ਦਾਅਵੇ ਨਾਲ ਤਾਂ ਕੁਝ ਨਾ ਕਹਿ ਸਕੀਏ ਪਰ ਤਾਂ ਵੀ ਕੁਝ ਨਾ ਕੁਝ ਅਨੁਮਾਨ ਜਰੂਰ ਲਗਾ ਸਕਦੇ ਹਾਂ। ਇਸ ਅਨੁਮਾਨ ਦਾ ਆਧਾਰ ਹਨ ਇਹਨਾਂ ਗਾਇਕਾਂ ਦੇ ਸ਼ਗਿਰਦ ਅਤੇ ਗਾਇਕੀ ਪ੍ਰਤੀ ਮੋਹ ਰੱਖਣ ਵਾਲੇ ਹੋਰ ਬਜੁਰਗ ਜੋ ਬੀਤੇ ਨੂੰ ਆਪਣੇ ਸੀਨਿਆਂ ਵਿਚ ਸਾਂਭੀਂ ਬੈਠੇ ਹਨ। ਇਹਨਾਂ ਦੇ ਅੰਦਰਲਾ ਕੁਰੇਦਣ ਤੇ ਇਹ ਜਵਾਲਾ ਮੁਖੀ ਦੀ ਤਰ੍ਹਾਂ ਐਸਾ ਫਟਦੇ ਹਨ, ਕਿ ਰੁਕਣ ਦਾ ਨਾਂ ਹੀ ਨਹੀਂ ਲੈਂਦੇ। ਆਪਣੇ ਸਮੇਂ ਦੀਆਂ ਸਾਰੀਆਂ ਹੋਈਆਂ ਬੀਤੀਆਂ ਦੀ ਇੱਕ ਲੰਬੀ ਲੜੀ ਛੋਹ ਲੈਂਦੇ ਹਨ, 'ਅਖੇ ਅੱਜਕੱਲ੍ਹ ਦੇ ਕਿਹੜੇ ਗਾਇਕ ਨੇ, ਗਾਇਕ ਤਾਂ ਭਾਈ ਸਾਡੇ ਵੇਲਿਆਂ ਦੇ ਹੁੰਦੇ ਤੇ, ਸਾਰੀ ਸਾਰੀ ਰਾਤ 'ਖਾੜੇ ਚਲਦੇ, ਲੋਕ ਮੰਤਰ-ਮੁਗਧ ਹੋਏ ਸੁਣਦੇ ਰਹਿੰਦੇ, ਮਜਾਲ ਐ ਕੋਈ ਚੂੰ-ਚਰਾਂ ਕਰਦਾ ਹੋਵੇ। ਅੱਜ ਕੱਲ੍ਹ ਆਲੇ ਤਾਂ ਬਾਂਦਰ ਟਪੂਸੀਆਂ ਈ ਮਾਰਦੇ ਰਹਿੰਦੇ ਨੇ।'

ਇਹਨਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੁਰਾਣੇ ਸਮਿਆਂ ਵਿਚ ਢੱਡ ਸਾਰੰਗੀ ਨਾਲ ਗਾਉਣ ਵਾਲੇ ਬਹੁਤ ਸਾਰੇ ਗਵੱਈਏ ਸਨ, ਜਿਨ੍ਹਾਂ ਦੀ ਇਸ ਖੇਤਰ ਵਿਚ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜਿਸ ਦੇ ਸਦਕਾ ਹੀ ਇਹਨਾਂ ਤੋਂ ਬਾਅਦ ਵਾਲੀ ਪੀੜ੍ਹੀ ਭਾਵ ਇਹਨਾਂ ਦੇ ਸ਼ਗਿਰਦ ਗਾਇਕੀ ਵਿਚ ਆਪਣਾ ਖਾਸ ਮੁਕਾਮ ਬਣਾ ਸਕੇ ਹਨ।

ਉਨੀਵੀਂ ਸਦੀ ਦੇ ਅੱਧ ਤੋਂ ਬਾਅਦ ਇਸ ਕਲਾ ਦੇ ਪ੍ਰਫੁੱਲਤ ਹੋਣ ਵਿਚ ਇਕ ਹੋਰ ਤੱਥ ਨੇ ਮਹੱਤਵਪੂਰਨ ਯੋਗਦਾਨ ਪਾਇਆ ਉਹ ਸੀ ਇਸ ਕਲਾ ਨੂੰ ਮਿਲਣ ਵਾਲੀ ਸ਼ਾਹੀ ਸਰਪ੍ਰਸਤੀ। ਵੱਖ ਵੱਖ ਰਿਆਸਤਾਂ ਦੇ ਰਾਜੇ ਆਪਣੇ ਦਰਬਾਰਾਂ ਵਿਚ ਇਹਨਾਂ ਲੋਕ ਢਾਡੀਆਂ ਨੂੰ ਸਨਮਾਨ ਦੇਣ ਲੱਗੇ ਤੇ ਰਾਜ ਦਰਬਾਰੀ ਢਾਡੀਆਂ ਵਜੋਂ ਇਹ ਰਾਜ ਦਰਬਾਰਾਂ ਦੀ ਸ਼ੋਭਾ ਵਧਾਉਣ ਲੱਗੇ। ਰਾਜ ਦਰਬਾਰਾਂ ਵੱਲੋਂ ਇਹਨਾਂ ਨੂੰ ਬਖਸ਼ੀਸ਼ਾਂ, ਤੋਹਫੇ ਅਤੇ ਪੈਨਸ਼ਨਾਂ ਮਿਲਣ ਲੱਗੀਆਂ। ਮਹਾਰਾਜਾ ਨਾਭਾ, ਮਹਾਰਾਜਾ ਪਟਿਆਲਾ, ਮਹਾਰਾਜਾ ਸੰਗਰੂਰ ਅਤੇ ਮਹਾਰਾਜਾ ਫਰੀਦਕੋਟ ਇਹਨਾਂ ਦੀ ਖੂਬ ਹੌਸਲਾ ਅਫ਼ਜਾਈ ਕਰਦੇ ਸਨ। ਲੋਹੇ ਖੇੜੇ

ਵਾਲਾ ਮੋਦਨ ਸਿੰਘ ਜਿਸਨੂੰ ਮਾਲਵੇ ਦਾ ਤਾਨਸੈਨ ਕਿਹਾ ਜਾਂਦਾ ਸੀ, ਜੋ ਨਾਭਾ ਦੇ ਮਹਾਰਾਜਾ ਹੀਰਾ ਸਿੰਘ ਦਾ ਸਮਕਾਲੀ ਸੀ ਨਾਭਾ ਰਿਆਸਤ ਦਾ ਦਰਬਾਰੀ ਢਾਡੀ ਸੀ। ਨਗੀਨਾ ਮਰਾਸੀ ਬਠਿੰਡੇ ਵਾਲਾ ਆਪਣੇ ਸਮੇਂ ਦਾ ਆਲ੍ਹਾ ਦਰਜ਼ੇ ਦਾ ਢਾਡੀ ਸੀ। ਇਸਨੇ ਆਪਣੀ ਕਲਾ ਸਦਕਾ 1925 ਵਿਚ ਮਹਾਰਾਜਾ ਪਟਿਆਲਾ ਤੋਂ ਵੱਡੀ ਬਖਸ਼ੀਸ਼ ਪ੍ਰਾਪਤ ਕੀਤੀ। ਵਧਾਵਾ ਮਰਾਸੀ ਢੱਡਿਆਂ ਵਾਲਾ ਮਹਾਰਾਜਾ ਸੰਗਰੂਰ ਦਾ ਸ਼ਾਹੀ ਗਮੰਤਰੀ ਸੀ। ਗੁਰਮਾਂ ਵਾਲੇ ਢਾਡੀਆਂ ਨੂੰ ਮਹਾਰਾਜਾ ਪਟਿਆਲਾ ਵੱਲੋਂ ਵੱਡੀ ਬਖਸ਼ੀਸ਼ ਮਿਲੀ ਅਤੇ ਮਾਹਵਾਰ ਪੈਨਸ਼ਨ ਲੱਗੀ ਜੋ 1947 ਤੱਕ ਮਿਲਦੀ ਰਹੀ। ਰੁਲੀਆ ਮਰਾਸੀ ਰਾਊ ਆਲੇ ਵਾਲਾ ਉਸਤਾਦ ਸਾਰੰਗੀ ਮਾਸਟਰ ਸੀ, ਜਿਸਨੂੰ ਮਹਾਰਾਜਾ ਫਰੀਦਕੋਟ ਹਰਇੰਦਰ ਸਿੰਘ ਨੇ ਵੱਡੀਆਂ ਬਖਸ਼ੀਸ਼ਾਂ ਦੇ ਕੇ ਨਿਵਾਜਿਆ।

ਪਰਤਾਪ ਸਿੰਘ ਹਸਨਪੁਰੀਆ, ਖਿੱਦੂ ਮੋਚੀ ਗੁੰਮਟੀ ਕਲਾਂ ਵਾਲਾ, ਬਾਬਾ ਬੂਜਾ ਦੋਦੇ ਵਾਲਾ, ਮੁਨਸ਼ੀ ਸ਼ੇਰੋਂ ਵਾਲਾ, ਪੰਜ ਗਰਾਈਆਂ ਵਾਲੇ ਢਾਡੀ, ਮੱਘਰ ਸ਼ੇਖ ਬਰਨਾਲੇ ਵਾਲਾ, ਪੂਰਨ ਝਿਊਰ ਧਨੌਲੇ ਵਾਲਾ ਆਪਣੇ ਸਮੇਂ ਦੇ ਨਾਮੀ ਢਾਡੀ ਹੋਏ ਹਨ। ਢਾਡੀ ਕਲਾ ਦੇ ਥੰਮ, ਉਸਤਾਦ ਢਾਡੀ ਗਿਆਨੀ ਸੋਹਣ ਸਿੰਘ ਸ਼ੀਤਲ ਹੁਰਾਂ ਨੇ ਦੱਸਿਆ ਕਿ ਉਹਨਾਂ ਦੇ ਉਸਤਾਦ ਚਿਰਾਗਦੀਨ ਭਰਿਆਈ ਲਲਿਆਣੀ ਵਾਲੇ ਆਪਣੇ ਸਮੇਂ ਦੇ ਮਸ਼ਹੂਰ ਸਾਰੰਗੀ ਮਾਸਟਰ ਸਨ। ਇਹਨਾਂ ਦੀ ਛਤਰ ਛਾਇਆ ਹੇਠ ਹੀ ਸੀਤਲ ਸਾਹਿਬ ਨੇ ਇਸ ਕਲਾ ਦੀਆਂ ਬਰੀਕੀਆਂ ਬਾਰੇ ਜਾਣਿਆਂ ਅਤੇ ਢਾਡੀ ਰਾਗ ਦੀ ਸਿੱਖਿਆ ਪ੍ਰਾਪਤ ਕੀਤੀ ਸੀ।

ਪ੍ਰਸਿੱਧ ਲੋਕ ਢਾਡੀ ਦੀਦਾਰ ਸਿੰਘ ਰਟੈਂਡੇਵਾਲਾ ਦੇ ਉਸਤਾਦ ਭਗਤੂ ਰਾਮਗੜ੍ਹੀਆ ਆਪਣੇ ਸਮੇਂ ਦੇ ਮਸ਼ਹੂਰ ਗਵੱਈਏ ਸਨ। ਕੋਰੇਆਣੇ ਦੇ ਜੈਮਲ ਸਿੰਘ ਵੀ ਇਸ ਸਮੇਂ ਦੇ ਪ੍ਰਸਿੱਧ ਸਾਰੰਗੀ ਮਾਸਟਰ ਹੋਏ ਜੋ ਦੀਦਾਰ ਸਿੰਘ ਦੇ ਵੀ ਸਾਰੰਗੀ ਉਸਤਾਦ ਸਨ।

ਢਾਡੀ ਨਰਾਇਣ ਸਿੰਘ ਚੰਦਨ ਦੇ ਪਿਤਾ ਰਾਮ ਸਿੰਘ ਟੂਸਿਆਂ ਵਾਲੇ ਅਤੇ ਦਾਦਾ ਵੀ ਆਪਣੇ ਸਮੇਂ ਦੇ ਆਲ੍ਹਾ ਦਰਜ਼ੇ ਦੇ ਢਾਡੀ ਸਨ। ਪੰਡਤ ਵਿਦਿਆ ਸਾਗਰ ਦੇ ਦਾਦਾ ਪੰਡਤ ਕਾਂਸ਼ੀ ਰਾਮ ਡੇਹਲੋਂ ਦੇ ਉਸਤਾਦ ਪਰਮੇਸ਼ਰੀ ਰਾਮ ਆਪਣੇ ਸਮੇਂ ਦੇ ਨਾਮੀ ਢਾਡੀ ਸਨ। ਅਜੋਕੇ ਸਮੇਂ ਵਿਚ ਢਾਡੀ ਕਲਾ ਨੂੰ ਜੀਵਿਤ ਰੱਖਣ ਵਾਲੇ ਲੋਕ ਢਾਡੀ ਵਲਾਇਤ ਖਾਂ ਗੋਸਲਾਂ ਵਾਲੇ ਦੇ ਦਾਦਾ ਖੈਰਦੀਨ ਅਤੇ ਪੜਦਾਦਾ ਹੁਸੈਨ ਬਖਸ, ਬਿਸ਼ਨਾ ਚੁਗਾਵਾਂ ਵਾਲਾ, ਅਤੇ ਦਿਆਗੜ੍ਹੀਏ ਢਾਡੀ ਮੁਢਲੀ ਪੀੜ੍ਹੀ ਦੇ ਚੋਟੀ ਦੇ ਢਾਡੀ ਸਨ। ਜਿਹੜੀਆਂ ਆਵਾਜ਼ਾਂ ਰਿਕਾਰਡ ਰੂਪ ਭਾਵ ਕਾਲੇ ਤਵਿਆਂ ਵਿਚ ਅੱਜ ਵੀ ਸਾਡੇ ਕੋਲ ਮੌਜੂਦ ਹਨ ਉਨ੍ਹਾਂ ਬਾਰੇ ਅਸੀਂ ਤੱਥਾਂ ਸਹਿਤ ਗੱਲ ਕਰ ਸਕਦੇ ਹਾਂ।

## ਵਿਸ਼ਾ-ਵਸਤੂ

ਜਦੋਂ ਅਸੀਂ ਲੋਕ ਢਾਡੀ ਕਲਾ ਦਾ ਵਿਸ਼ੇਗਤ ਅਧਿਐਨ ਕਰਦੇ ਹਾਂ ਤਾਂ ਕੁਝ ਗੱਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ। ਪ੍ਰੰਪਰਾਗਤ ਲੋਕ ਗਾਥਾਵਾਂ ਜਿਨ੍ਹਾਂ ਵਿਚ ਹੀਰ, ਸੋਹਣੀ, ਸੱਸੀ, ਮਿਰਜ਼ਾ ਆਦਿ ਪ੍ਰੀਤ ਕਥਾਵਾਂ ਸ਼ਿੰਗਾਰ ਰਸ ਭਰਪੂਰ, ਪੂਰਨ, ਗੋਪੀ ਚੰਦ, ਕੌਲਾਂ ਆਦਿ ਭਗਤੀ ਰਸ ਭਰਪੂਰ ਦੁੱਲਾ ਭੱਟੀ, ਜੈਮਲ ਫੱਤਾ, ਆਦਿ ਬੀਰ ਰਸ ਭਰਪੂਰ ਵਿਸ਼ਿਆਂ ਨਾਲ ਸਬੰਧਤ ਕਥਾਵਾਂ ਹਨ। ਅਸੀਂ ਵਿਸ਼ਿਆਂ ਨੂੰ ਨਿਖੇੜਨ ਲਈ ਇਸ ਪ੍ਰਕਾਰ ਵਰਗਬੱਧ ਕਰ ਸਕਦੇ ਹਾਂ:-

### (ੳ) ਪ੍ਰੇਮਕਥਾਵਾਂ :

ਲੋਕ ਢਾਡੀਆਂ ਵੱਲੋਂ ਪ੍ਰੰਪਰਾਗਤ ਸਨਾਤਨੀ (ਕਲਾਸਕੀ) ਕਿਸਮ ਦੀਆਂ ਲੋਕ ਗਾਥਾਵਾਂ ਜਿਵੇਂ ਹੀਰ, ਸੋਹਣੀ, ਸੱਸੀ, ਮਿਰਜ਼ਾ ਆਦਿ ਦੇ ਨਾਲ ਨਾਲ ਆਂਚਲਿਕ (ਸਥਾਨਕ) ਪ੍ਰੀਤ ਕਥਾਵਾਂ ਇੰਦਰ ਬੇਗੋ, ਕਾਕਾ ਪ੍ਰਤਾਪੀ, ਜੈਕੁਰ ਬਿਸ਼ਨ ਸਿੰਘ ਆਦਿ ਨੂੰ ਗਾਇਆ ਜਾਂਦਾ ਰਿਹਾ ਹੈ।

### (ਅ) ਪੌਰਾਣਿਕ ਪ੍ਰਸੰਗ :

ਰਮਾਇਣ, ਮਹਾਂਭਾਰਤ ਅਤੇ ਪੁਰਾਣਾਂ ਵਿਚੋਂ ਅਨੇਕਾਂ ਉਪਦੇਸ਼ਾਤਮਕ ਤੇ ਸਿੱਖਿਆਦਾਇਕ ਪ੍ਰਸੰਗਾਂ ਦੇ ਲੋਕਾਂ ਵਿਚ ਪ੍ਰਚੱਲਤ ਰੂਪਾਂਤਰਾਂ ਨੂੰ ਇਨ੍ਹਾਂ ਵੱਲੋਂ ਗਾਇਣ ਕੀਤਾ ਜਾਂਦਾ ਰਿਹਾ ਹੈ। ਇਹ ਰੂਪਾਂਤਰ ਬਹੁਤੀ ਵਾਰ ਪੁਰਾਣਾਂ ਵਿਚਲੇ ਅਸਲ ਰੂਪਾਂ ਤੋਂ ਬਿਲਕੁੱਲ ਭਿੰਨ ਹੁੰਦੇ ਸਨ।

### (ੲ) ਸੂਰਮਗਤੀ ਦੇ ਕਿੱਸੇ :

ਲੋਕ ਢਾਡੀਆਂ ਵੱਲੋਂ ਵੱਖ ਵੱਖ ਕਵੀਆਂ ਦੇ ਲਿਖੇ ਬਹਾਦਰਾਂ ਦੇ ਕਾਰਨਾਮਿਆਂ ਨੂੰ ਵੀ ਗਾਇਆ ਜਾਂਦਾ ਰਿਹਾ ਹੈ। ਜਿਨ੍ਹਾਂ ਵਿਚੋਂ ਦੁੱਲਾ ਭੱਟੀ, ਜੈਮਲ-ਫੱਤਾ, ਦਹੂਦ ਬਾਦਸ਼ਾਹ, ਸੁੱਚਾ ਸੂਰਮਾ ਆਦਿ ਦੇ ਨਾਂ ਵਰਨਣਯੋਗ ਹਨ।

### (ਸ) ਸਦਾਚਾਰਕ ਤੇ ਉਪਦੇਸ਼ਾਤਮਕ ਪ੍ਰਸੰਗ :

ਇਨ੍ਹਾਂ ਲੋਕ ਢਾਡੀਆਂ ਵੱਲੋਂ ਜੀਵਨ ਦੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਦਰਸਾਉਂਦੀਆਂ ਕਥਾਵਾਂ ਨੂੰ ਬਹੁਤ ਹੀ ਭਾਵ ਪੂਰਤ ਢੰਗ ਨਾਲ ਗਾਇਨ ਕੀਤਾ ਜਾਂਦਾ ਰਿਹਾ ਹੈ, ਜਿਵੇਂ ਪੂਰਨ ਭਗਤ, ਗੋਪੀ ਚੰਦ, ਸ਼ਾਹਣੀ ਕੌਲਾਂ ਆਦਿ। ਇਸ ਦੇ ਨਾਲ ਨਾਲ ਵਿਦਵਾਨ ਕਵੀਆਂ ਵੱਲੋਂ ਜੀਵਨ ਫ਼ਲਸਫੇ ਬਾਰੇ ਕਲਮਬੱਧ ਕੀਤੇ ਨਸੀਹਤ-ਨਾਮੇ ਵੀ

ਇਨ੍ਹਾਂ ਦੀ ਗਾਇਕੀ ਦਾ ਵਿਸ਼ਾ ਬਣੇ ਹਨ, ਜਿਵੇਂ ਜ਼ਿੰਦਗੀ ਬਿਲਾਸ, ਫ਼ਨਾਹ ਦਾ ਮਕਾਨ, ਨਸੀਹਤ ਬਿਲਾਸ ਆਦਿ।

ਭਾਵੇਂ ਮੁੱਖ ਰੂਪ ਵਿਚ 'ਇਸ਼ਕ' ਦਾ ਵਿਸ਼ਾ ਪ੍ਰਧਾਨ ਰਿਹਾ ਹੈ ਪਰੰਤੂ ਇਹ ਨਿਰੋਲ ਦੁਨਿਆਵੀ ਇਸ਼ਕ ਨਹੀਂ, ਸਗੋਂ ਇਸ਼ਕ ਹਕੀਕੀ ਅਤੇ ਇਸ਼ਕ ਮਜਾਜ਼ੀ ਦਾ ਸੁਮੇਲ ਹੈ। ਜਿਵੇਂ ਲੋਕ ਕਵੀ ਵਾਰਸ਼ ਸਾਹ ਨੇ ਹੀਰ ਦੇ ਅੰਤ ਵਿਚ 'ਹੀਰ ਰੂਹ ਤੇ ਚਾਕ ਕਲਬੂਤ ਜਾਣੋਂ' ਕਹਿਕੇ ਆਪਣਾ ਫੈਸਲਾ ਦੇ ਦਿੱਤਾ ਹੈ। ਇਹੀ ਪਰੰਪਰਾ ਅੱਗੇ ਤੁਰਦੀ ਆਈ ਹੈ। ਬੰਸੀ ਲਾਲ ਨੌਹਰੇ ਵਾਲੇ ਨੇ ਵੀ ਆਪਣੀ 'ਹੀਰ' ਵਿਚ ਇਸ ਦੀ ਪ੍ਰੋੜਤਾ ਕੀਤੀ ਹੈ।

- ***"ਬੰਸੀ ਲਾਲ ਨੇ ਕਰ ਲਿਆ ਝੇੜਾ ਰੂਹ ਬੁੱਤ ਦਾ,***
  ***ਮੂਹਰੇ ਧਰਕੇ ਰਾਂਝੇ ਹੀਰ ਦਾ ਨਿਸ਼ਾਨਾ।"***

ਇਹ ਲੋਕ ਮਨਾਂ ਉਪਰ ਉਕਰੇ ਹੋਏ ਪ੍ਰੰਪਰਾਗਤ ਸੰਸਕਾਰਾਂ ਦਾ ਪ੍ਰਗਟਾਵਾ ਹੈ। ਦੁਨਿਆਵੀ ਚਿੰਨ੍ਹਾਂ ਰਾਹੀਂ ਇਲਾਹੀ ਗੱਲਾਂ ਕਰਨੀਆਂ ਉਨ੍ਹਾਂ ਦੇ ਸੁਭਾਅ ਦੇ ਅਨੁਕੂਲ ਸਨ। ਇਸ਼ਕ ਦੇ ਉਪਾਸ਼ਕ ਰੱਬ ਦੇ ਨਾਂ ਵਾਂਗ ਹੀ ਆਸ਼ਕਾਂ ਦਾ ਨਾਂ ਲੈਂਦੇ ਸਨ। 'ਹੀਰ ਮਾਈ' ਉਨ੍ਹਾਂ ਲਈ ਆਤਮਾ ਰੂਪੀ ਦੇਵੀ ਹੈ। ਸਿੱਖ ਧਾਰਮਿਕ ਗ੍ਰੰਥਾਂ ਵਿਚ ਵੀ ਇਹਨਾਂ ਆਸ਼ਕਾਂ ਦਾ ਜ਼ਿਕਰ ਆਉਂਦਾ ਹੈ। ਦਸਮ ਗਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ, ਆਪਣੀ ਬਾਣੀ ਵਿੱਚ ਭਾਈ ਗੁਰਦਾਸ ਜੀ ਨੇ, ਆਪਣੀਆਂ ਰਚਨਾਵਾਂ ਵਿਚ, ਸੂਫੀ ਸੰਤਾਂ ਤੇ ਕਵੀਆਂ ਨੇ ਅਤੇ ਹੋਰ ਬਾਣੀਆਂ ਵਿਚ ਵੀ ਇਨ੍ਹਾਂ ਦੇ ਚਿੰਨ੍ਹਾਂ ਰਾਹੀਂ ਰੱਬੀ ਗੱਲਾਂ ਕੀਤੀਆਂ ਹਨ ਅਤੇ ਥਾਂ ਥਾਂ ਹਵਾਲੇ ਦਿੱਤੇ ਹਨ। ਪਿੰਡਾਂ ਦੇ ਡੇਰਿਆਂ, ਟੋਭਿਆਂ, ਤ੍ਰਿਵੈਣੀਆਂ, ਸਾਧਾਂ, ਸੰਤਾਂ ਦੀਆਂ ਯਾਦਗਾਰੀ ਥਾਵਾਂ, ਪੀਰਾਂ ਫ਼ਕੀਰਾਂ ਦੀਆਂ ਦਰਗਾਹਾਂ ਉਤੇ ਇਨ੍ਹਾਂ ਲੋਕ ਗਾਥਾਵਾਂ ਨੂੰ ਲੋਕ ਢਾਡੀਆਂ ਵੱਲੋਂ ਗਾਇਆ ਜਾਂਦਾ ਸੀ। ਲੋਕ ਵਿਸ਼ਵਾਸ ਸੀ ਕਿ ਜਿੱਥੇ ਆਸ਼ਕਾਂ ਦਾ ਜ਼ਿਕਰ ਹੋਵੇਗਾ ਉਥੋਂ ਦੁੱਖ-ਦਲਿੱਦਰ, ਬਿਮਾਰੀਆਂ, ਸਾੜ੍ਹਸਤੀ, ਕਲ੍ਹਾ-ਕਲੇਸ਼ ਦੂਰ ਰਹੇਗਾ। ਸੁੱਖ ਸ਼ਾਂਤੀ ਅਤੇ ਭਾਈਚਾਰਾ ਵਧੇਗਾ। ਪਿੰਡਾਂ ਵਿਚ ਜੇ ਕਿਧਰੇ ਪਸ਼ੂਆਂ ਦੀ ਬਿਮਾਰੀ ਪੈ ਜਾਂਦੀ ਤਾਂ ਖਾਸ ਤੌਰ ਤੇ 'ਹੀਰ' ਦਾ ਗੌਣ ਲੁਆਇਆ ਜਾਂਦਾ ਸੀ।

## ਮੁੱਖ ਖੇਤਰ ਮਾਲਵਾ

ਲੋਕ ਢਾਡੀ ਕਲਾ ਭਾਵੇਂ ਸਮੁੱਚੇ ਪੰਜਾਬ ਵਿਚ ਪ੍ਰਚੱਲਤ ਸੀ ਪਰੰਤੂ ਇਸਦਾ ਮੁੱਖ ਖੇਤਰ ਮਾਲਵਾ ਸੀ। ਦੁਆਬੇ ਦੇ ਢਾਡੀਆਂ ਦੇ ਸਰੋਤੇ ਵੀ ਜ਼ਿਆਦਾਤਰ ਮਲਵਈ ਸਨ। ਏਸੇ ਲਈ ਇਹ ਤੱਥ ਸਥਾਪਤ ਹੋਇਆ ਕਿ:-

***"ਛੱਡ ਸਾਰੰਗੀ ਵੱਜਦੀ ਮਾਲਵੇ, ਜੋੜੀ ਵੱਜਦੀ ਅੰਬਰਸਰ"***

ਮਾਲਵੇ ਵਿਚ ਜ਼ਿਆਦਾਤਰ ਢਾਡੀ ਮਰਾਸੀ ਜਾਂ ਮੀਰ ਪਰਵਾਰਾਂ ਦੇ ਹੀ ਹੋਏ ਹਨ। ਇਨ੍ਹਾਂ ਤੋਂ ਇਲਾਵਾ ਦੂਜੀਆਂ ਜਾਤਾਂ ਨਾਲ ਸਬੰਧਤ ਵੀ ਬਹੁਤ ਸਾਰੇ ਢਾਡੀਆਂ ਨੇ ਆਪਣਾ ਨਾਂ ਬਣਾਇਆ ਹੈ। ਜਦੋਂ ਅਸੀਂ ਇਸ ਕਲਾ ਦੇ ਪਿਛੋਕੜ ਵੱਲ ਜਾਂਦੇ ਹਾਂ ਤਾਂ ਪਤਾ ਲਗਦਾ ਹੈ ਕਿ ਕੁੱਝ ਇਕ ਮੁਢਲੇ ਨਾਮੀ ਢਾਡੀਆਂ ਦੀ ਵਿਰਾਸਤ ਹੀ ਅੱਗੇ ਚਲਦੀ ਆਈ ਹੈ। ਸੰਗਰੂਰ, ਬਠਿੰਡੇ ਵੱਲ ਮੋਦਨ ਸਿੰਘ ਲੋਹਾ ਖੇੜਾ ਦੇ ਸ਼ਗਿਰਦਾਂ ਨੇ ਉਸਦੀ ਵਿਰਾਸਤ ਨੂੰ ਅੱਗੇ ਤੋਰਿਆ ਅਤੇ ਇਕ ਤਰ੍ਹਾਂ ਨਾਲ 'ਘਰਾਣੇ' ਦੇ ਰੂਪ ਵਿਚ ਵਿਕਸਿਤ ਕੀਤਾ। ਇਹਨਾਂ ਨੇ ਮਾਲਵੇ ਦੇ ਪ੍ਰਸਿੱਧ ਕਵੀਸ਼ਰ ਗੰਗਾ ਸਿੰਘ ਭੂੰਦੜ ਦੀ 'ਹੀਰ' ਨੂੰ ਹੀ ਜ਼ਿਆਦਾਤਰ ਗਾਇਆ। ਇਸ ਤੋਂ ਇਲਾਵਾ ਇਹਨਾਂ ਵਿਚੋਂ ਕੁਝ ਦੀਵਾਨ ਸਿੰਘ ਸ਼ਹਿਣੇ ਵਾਲੇ ਦੀ 'ਹੀਰ' ਵੀ ਗਾਉਂਦੇ ਸਨ। ਲੁਧਿਆਣੇ, ਫ਼ਰੀਦਕੋਟ ਵੱਲ ਭੈਣੀ ਬੜਿੰਗਾਂ ਦੇ ਪਰਮੇਸ਼ਰੀ ਰਾਮ ਦੇ ਚੇਲੇ ਕਾਂਸ਼ੀ ਰਾਮ ਡੇਹਲੋਂ ਦੇ ਸ਼ਗਿਰਦਾਂ ਨੇ ਆਪਣਾ ਘਰਾਣਾ ਵਿਕਸਿਤ ਕੀਤਾ। ਇਹ ਸਾਰੇ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ 'ਹੀਰ' ਗਾਉਂਦੇ ਸਨ ਤੇ ਗਾ ਰਹੇ ਹਨ। ਇਹ ਕਲੀਆਂ ਵਿਚ ਹੈ ਅਤੇ ਇਕ ਉੱਚ ਕੋਟੀ ਦੀ ਰਚਨਾ ਹੈ। ਇਹ ਪੂਰੀਆਂ 996 ਕਲੀਆਂ ਸਨ। ਹਜ਼ੂਰਾ ਸਿੰਘ ਨੇ ਆਪਣੀ 'ਹੀਰ' ਨੂੰ ਪ੍ਰਕਾਸ਼ਿਤ ਨਹੀਂ ਕਰਵਾਇਆ, ਪਰੰਤੂ ਕਾਲੇ ਤਵਿਆਂ ਵਿਚ ਬਹੁਤੀਆਂ ਰਿਕਾਰਡ ਰਚਨਾਵਾਂ ਹਜ਼ੂਰਾ ਸਿੰਘ ਦੀਆਂ ਹੀ ਹਨ। ਇਸ ਤੋਂ ਇਲਾਵਾ ਬੰਸੀ ਰਾਮ ਨੌਹਰੇ ਵਾਲੇ ਦੀ ਹੀਰ ਵੀ ਇਸ ਘਰਾਣੇ ਦੇ ਢਾਡੀਆਂ ਵਿਚ ਪ੍ਰਚੱਲਤ ਹੈ। ਰਣ ਸਿੰਘ, ਬਾਬੂ ਰਜ਼ਬ ਅਲੀ ਤੇ ਮਾਘੀ ਸਿੰਘ ਗਿੱਲ ਦੀਆਂ ਹੀਰਾਂ ਨੂੰ ਵੀ ਕੁਝ ਢਾਡੀ ਗਾਉਂਦੇ ਰਹੇ ਹਨ।

ਆਮ ਢਾਡੀਆਂ ਵੱਲੋਂ 'ਪੂਰਨ' ਕਰਮ ਸਿੰਘ ਟੂਸਿਆਂ ਵਾਲੇ ਦਾ ਹੀ ਗਾਇਆ ਜਾਂਦਾ ਰਿਹਾ ਹੈ। ਇਹ ਰਚਨਾ ਵੀ ਇਕ ਸ਼ਾਹਕਾਰ ਹੈ। 'ਹੀਰ' ਤੋਂ ਬਾਅਦ ਜੋ ਸਭ ਤੋਂ ਵੱਧ 'ਗੌਣ' ਗਾਇਆ ਜਾਂਦਾ ਸੀ ਉਹ 'ਪੂਰਨ' ਹੀ ਸੀ। 'ਮਿਰਜ਼ਾ' ਮੂੰਹੋਂ-ਮੂੰਹੀਂ ਤੁਰਿਆ ਆ ਰਿਹਾ-ਖੀਲੂ ਸ਼ਾਇਰ ਦਾ ਹੀ ਆਮ ਤੌਰ ਤੇ ਪ੍ਰਚੱਲਤ ਸੀ, ਪਰੰਤੂ ਛਪਾਰੀਏ ਡੋਗਰ ਦਾ ਮਿਰਜ਼ਾ ਵੀ ਕਈ ਢਾਡੀ ਗਾਉਂਦੇ ਸਨ। 'ਸੱਸੀ' ਨੱਥਾ ਸਿਘ ਨਰੜੂ ਵਾਲੇ ਦੀ ਹੀ ਗਾਈ ਜਾਂਦੀ ਸੀ। ਇਹ ਵੀ ਇਕ ਉੱਚਕੋਟੀ ਦੀ ਰਚਨਾ ਹੈ ਜੋ ਕਲੀਆਂ ਵਿਚ ਹੈ। ਵਰਤਮਾਨ ਢਾਡੀਆਂ ਵਿਚ 'ਬੇਗੋਨਾਰ' ਦਿਲਾ ਰਾਮ ਮਠਾੜੂ ਭੂਦਨ ਵਾਲੇ ਦੀ ਪ੍ਰਚੱਲਤ ਹੈ, ਜੋ ਕਲੀਆਂ ਵਿਚ ਇਕ ਆਲ੍ਹਾ ਦਰਜ਼ੇ ਦੀ ਰਚਨਾ ਹੈ। 'ਕੌਲਾਂ' ਬਿਸ਼ਨੇ ਚੁਗਾਵਾਂ ਵਾਲੇ ਤੇ ਮੈਂਗਲ ਸਿੰਘ ਕੰਡਾਬੰਨਾ ਵਾਲੇ ਦੀ 'ਢੋਲ ਸੰਮੀ' ਅਲੀ ਸ਼ਾਹ ਘੁਡਾਣੀ ਘਲੋਟੀ, 'ਰਾਜਾ ਰਸਾਲੂ' ਪੂਰਨ ਚੰਦ ਭੜੋ ਵਾਲੇ ਦਾ ਇਹਨਾਂ ਢਾਡੀਆਂ ਵਿਚ ਪ੍ਰਚੱਲਤ ਰਹੇ ਹਨ।

## ਲੋਕ ਢਾਡੀ ਕਲਾ ਦੇ ਰੂਪ

ਲੋਕ ਗਾਇਕੀ ਦੇ ਲੋਕ ਢਾਡੀ ਕਲਾ ਅਧੀਨ ਗਾਏ ਜਾਣ ਵਾਲੇ ਮੁੱਖ ਤਿੰਨ ਰੂਪ ਹਨ, ਪਹਿਲਾ ਬੈਂਤ ਦੂਜਾ ਸੱਦ ਤੇ ਤੀਜਾ ਕਲੀ। 'ਪੂਰਨ', 'ਕੌਲਾਂ', 'ਗੋਪੀ ਚੰਦ', ਬੈਂਤ ਤੇ ਸੱਦ ਰੂਪ ਵਿਚ ਗਾਏ ਜਾਂਦੇ ਰਹੇ ਹਨ। ਮਿਰਜ਼ੇ ਦੀਆਂ ਸੱਦਾਂ ਲਾਈਆਂ ਜਾਂਦੀਆਂ ਰਹੀਆਂ ਹਨ। ਹੀਰ, ਸੱਸੀ ਦੀਆਂ ਕਲੀਆਂ ਗਾਈਆਂ ਜਾਂਦੀਆਂ ਰਹੀਆਂ ਹਨ। ਭਾਵੇਂ ਗਾਇਕੀ ਦੇ ਇਹ ਤਿੰਨੇ ਰੂਪ ਪੰਜਾਬੀਆਂ ਵਿਚ ਹਰਮਨ ਪਿਆਰੇ ਹੋਏ ਪਰ ਜੋ ਮਾਣ 'ਕਲੀ' ਨੂੰ ਮਿਲਿਆ ਹੈ ਉਹ ਦੂਜੇ ਰੂਪਾਂ ਨੂੰ ਨਹੀਂ। ਇਸਦਾ ਅਨੁਮਾਨ ਸਹਿਜੇ ਹੀ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਆਮ ਲੋਕ ਢੱਡ ਸਾਰੰਗੀ ਨਾਲ ਗਾਏ ਜਾਣ ਵਾਲੇ ਲੋਕ ਗਾਇਕੀ ਦੇ ਹਰ ਰੂਪ ਨੂੰ ਹੀ ਕਲੀ ਕਹਿੰਦੇ ਹਨ। ਉਨ੍ਹਾਂ ਨੂੰ ਇਹ ਆਮ ਕਹਿੰਦਿਆਂ ਸੁਣਿਆ ਜਾ ਸਕਦਾ ਹੈ 'ਲਾ ਦੇ ਬਈ ਮਿਰਜ਼ੇ ਦੀ ਕਲੀ ਜਾਂ ਲਾ ਦੇ ਬਈ ਪੂਰਨ ਦੀ ਕਲੀ'। ਇਸ ਪ੍ਰਕਾਰ 'ਕਲੀ' ਲੋਕ ਮਨਾਂ ਦੇ ਵਧੇਰੇ ਨੇੜੇ ਰਹੀ ਹੈ।

ਲੋਕ ਗਾਇਕੀ ਦੇ ਦੂਜੇ ਰੂਪਾਂ ਬੈਂਤ ਤੇ ਸੱਦ ਨਾਲੋਂ 'ਕਲੀ' ਸਭ ਤੋਂ ਆਧੁਨਿਕ ਰੂਪ ਹੈ ਜੋ ਨਿਰੋਲ ਮਲਵਈ ਹੈ, ਜਿਸਦਾ ਆਧਾਰ ਲੋਕ ਗੀਤ ਹਨ। ਗਾਇਕੀ ਦੇ ਇਸ ਰੂਪ ਦਾ ਆਰੰਭ ਮਾਲਵੇ ਦੇ ਕਵੀਸ਼ਰਾਂ ਨੇ ਕੀਤਾ ਜੋ ਬਗੈਰ ਸਾਜ਼ਾਂ ਤੋਂ ਅਖਾੜਿਆਂ ਵਿਚ ਗਾਉਂਦੇ ਸਨ। ਪੁਰਾਣੇ ਕਵੀਸ਼ਰਾਂ ਵਿਚ, ਸ਼ੇਰ ਸਿੰਘ ਸੰਦਲ, ਗੰਗਾ ਸਿੰਘ ਭੂੰਦੜ, ਬਾਬੂ ਰਜ਼ਬ ਅਲੀ, ਮਾਘੀ ਸਿੰਘ ਗਿੱਲ, ਹਜ਼ੂਰਾ ਸਿੰਘ ਬੁਟਾਹਰੀ, ਰਣ ਸਿੰਘ, ਨੱਥਾ ਸਿੰਘ ਨਰੜੂ ਆਦਿ ਸ਼ਾਮਲ ਸਨ ਜਿਨ੍ਹਾਂ ਨੇ ਇਸ ਰੂਪ ਨੂੰ ਸ਼ਿੰਗਾਰਿਆ ਤੇ ਨਿਖਾਰਿਆ। ਬਾਅਦ ਵਿਚ ਇਸੇ ਰੂਪ ਨੂੰ ਢੱਡ ਸਾਰੰਗੀ ਨਾਲ ਗਾਉਣ ਵਾਲੇ ਲੋਕ ਢਾਡੀਆਂ ਨੇ ਅਪਣਾ ਲਿਆ ਅਤੇ ਲੋਕ ਗਾਇਕੀ ਵਿਚ 'ਕਲੀ' ਨੂੰ ਸਨਮਾਨਯੋਗ ਸਥਾਨ ਦੁਆਇਆ। ਡਾ: ਅਜਮੇਰ ਸਿੰਘ ਕਲੀ ਦੇ ਨਿਕਾਸ ਤੇ ਵਿਕਾਸ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਦਸਦੇ ਹਨ:-

**"ਭੂਗੋਲਿਕ, ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਕਾਰਨਾ ਕਰਕੇ ਮਾਲਵੇ ਵਿਚ ਕਲੀ ਦਾ ਜਨਮ ਹੋਇਆ, ਦੁਆਬੇ ਦੇ ਗਮੰਤਰੀਆਂ ਨੇ ਇਸ ਨੂੰ ਪਾਲਿਆ ਪੋਸਿਆ, ਪੂਰੇ ਪੰਜਾਬ ਵਿਚ ਇਸਨੇ ਧੁੰਮਾਂ ਪਾਈਆਂ।"**

'ਕਲੀ ਜੰਗਲ ਦੇਸ਼ ਦੀਆਂ ਰੋਹੀਆਂ ਵਿਚ ਪਲੀ, ਕਵੀਸ਼ਰਾਂ ਨੇ ਪਾਲ਼ੀ ਤੇ ਢਾਡੀਆਂ ਨੂੰ ਪ੍ਰਣਾਈ ਗਈ। ਕਵੀਸ਼ਰ ਕਲੀ ਨੂੰ ਬਿਨਾਂ ਸਾਜ਼ਾਂ ਤੋਂ ਗਾਉਂਦੇ ਹਨ ਪਰ ਇਹ ਜ਼ਿਆਦਾ ਲੋਕ-ਪ੍ਰਿਯ ਢੱਡ ਸਾਰੰਗੀ ਵਾਲੇ ਗਮੰਤਰੀਆਂ ਨੇ ਹੀ ਕੀਤੀ। ਕਲੀ ਕਵੀਸ਼ਰੀ ਪਰੰਪਰਾ ਤੇ ਢਾਡੀ ਪਰੰਪਰਾ ਦਾ ਇਕ ਵਚਿੱਤਰ ਤੇ ਸ਼ਕਤੀਸ਼ਾਲੀ ਸੰਗਮ ਹੈ।'

## ਰੂਪ ਦੇ ਅੰਗ

ਲੋਕ ਢਾਡੀ ਕਲਾ ਦੇ ਸਰੂਪ ਦੇ ਮੁੱਖ ਚਾਰ ਅੰਗ ਹਨ ਪਹਿਲਾ ਵਿਖਿਆਨ, ਦੂਜਾ ਕਾਵਿ, ਤੀਜਾ ਗਾਇਣ ਅਤੇ ਚੌਥਾ ਸੰਗੀਤ। ਵਿਖਿਆਨ ਭਾਵ ਕਥਾ ਜਾਂ ਕਹਾਣੀ ਇਸਦਾ ਮੁੱਖ ਅੰਗ ਹੈ ਇਸੇ ਦੇ ਆਧਾਰ ਤੇ ਕਵਿਤਾ ਬਣੀ ਹੁੰਦੀ ਹੈ ਜਿਸਨੂੰ ਢੱਡ ਸਾਰੰਗੀ ਦੇ ਸੰਗੀਤ ਨਾਲ ਗਾਇਆ ਜਾਂਦਾ ਹੈ। ਰਿਕਾਰਡਿੰਗ ਢਾਡੀ ਕਲਾ ਵਿਚ ਤਾਂ ਸਾਨੂੰ ਵਿਕੋਲਿਤਰੀਆਂ ਰਚਨਾਵਾਂ ਮਿਲਦੀਆਂ ਹਨ, ਜੋ ਕਿਸੇ ਕਥਾ ਵਿਚੋਂ ਮੁੱਖ ਘਟਨਾਵਾਂ ਨਾਲ ਸਬੰਧਤ ਹਨ। ਇਸਦਾ ਕਾਰਨ ਰਿਕਾਰਡਿੰਗ ਦੇ ਅਸੂਲ ਸਨ। ਪੁਰਾਣੇ ਤਵਿਆਂ ਵਿਚ ਇਕ ਪਾਸੇ ਢਾਈ ਜਾਂ ਤਿੰਨ ਮਿੰਟ ਵਿਚ ਸਮਾਉਣ ਵਾਲੀ ਰਚਨਾ (ਕਲੀ, ਸੱਦ ਜਾਂ ਬੈਂਤ) ਹੀ ਪੇਸ਼ ਕੀਤੀ ਜਾ ਸਕਦੀ ਸੀ। ਇਸ ਪ੍ਰਕਾਰ ਇਕ ਤਵੇ ਵਿਚ ਦੋਵੇਂ ਪਾਸੇ ਦੋ ਰਚਨਾਵਾਂ ਹੁੰਦੀਆਂ ਸਨ। ਪਰੰਤੂ ਆਮ ਅਖਾੜਿਆਂ ਵਿਚ ਢਾਡੀਆਂ ਵੱਲੋਂ ਪੂਰੇ ਪ੍ਰਸੰਗ ਲੜੀਵਾਰ ਗਾਏ ਜਾਂਦੇ ਸਨ। ਕਹਾਣੀ ਨੂੰ ਅੱਗੇ ਤੋਰਨ ਲਈ ਆਗੂ ਪ੍ਰਭਾਵਸ਼ਾਲੀ ਢੰਗ ਨਾਲ ਕਥਾ ਦਾ ਵਿਖਿਆਨ ਕਰਦਾ ਸੀ ਅਤੇ ਸ਼ਬਦ ਚਿਤਰਾਂ ਨਾਲ ਸਰੋਤਿਆਂ ਦੇ ਸਾਹਮਣੇ ਹੂ-ਬ-ਹੂ ਦ੍ਰਿਸ਼ ਪੇਸ਼ ਕਰ ਦਿੰਦਾ ਸੀ। ਗਾਇਣ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਰੋਤੇ ਗਮੰਤਰੀਆਂ ਨਾਲ ਇਕ ਸੁਰ ਹੋ ਜਾਂਦੇ ਸਨ। ਇਹ ਵਾਰਤਕ ਕੋਈ ਆਮ ਵਾਰਤਕ ਨਹੀਂ ਹੁੰਦੀ ਸੀ ਸਗੋਂ ਕਾਵਿਮਈ ਅਤੇ ਵਿਸ਼ੇ ਦੇ ਸੁਭਾਅ ਦੇ ਮੁਤਾਬਕ ਹੁੰਦੀ ਸੀ। ਕੁਝ ਕੁ ਨਮੂਨੇ ਪੇਸ਼ ਹਨ:-

***"ਪੂਰਨ ਭਗਤ ਨੂੰ ਕੜਾਹੇ ਦੇ ਕੋਲ ਖੜ੍ਹਾ ਲਿਆ, ਔਰ ਤੇਲ ਤੜਾ-ਤੜ ਰਿਝਦੈ ਤੇ ਪੂਰਨ ਭਗਤ ਪ੍ਰਮਾਤਮਾ ਨੂੰ ਯਾਦ ਕਰਦੈ, ਕਿ ਅੱਜ ਲੱਜਿਆ ਰੱਖ। ਭਾਈ ਨੱਥੇ ਖਾਂ ਵਜਾ ਸਾਰੰਗੀ ਭਲਾ ਕੈਸੇ ਕਹਿੰਦੈ ਬਈ.... "***

*(ਦੀਦਾਰ ਸਿੰਘ ਰਟੈਂਡਾ)*

**"ਜਿਸ ਵੇਲੇ ਖਾਨ ਮਿਰਜ਼ਾ ਮਾਰਿਆ ਜੰਡ ਹੇਠਾਂ, ਬੱਕੀ ਧਰਕੇ ਮੁੱਖ ਵੈਣ ਪਾਉਂਦੀ ਐ ਓ..... ਤਾਂ ਕੀ ਜਵਾਬ ਕਰਦੀ ਐ... "**

(ਦੀਦਾਰ ਸਿੰਘ ਰਟੈਂਡਾ)

***"ਮੋਰਨੀ ਵਰਗੀ ਭਰਜਾਈ ਤੇ ਮੋਰਨੀ ਵਰਗੀ ਨਣਦ ਨੇ ਪਹਿਨ ਪਚਰ ਕੇ ਰਾਂਝੇ ਪੰਛੀ ਦੇ ਦਰਸ਼ਨ ਕਰਨ ਲਈ ਆਪਣੇ ਘਰ ਤੋਂ ਤਿਆਰੀ ਹੋ.... ਏ..... ਏ... ਇਉਂ ਕੀਤੀ ਬਈ"***

(ਨਿਰੰਜਣ ਸਿੰਘ)

**"ਜਦੋਂ ਮਿਰਜ਼ਾ ਸਾਹਿਬਾਂ ਨੂੰ ਸਿਆਲਾਂ ਤੋਂ ਲਈ ਜਾਂਦੈ ਤਾਂ ਅੱਗੋਂ ਡੋਗਰ ਫਰੋਜ਼**

***ਪੁੱਛਦੀ। ਦੱਸੀ ਖਾਂ ਨਾਜ਼ਰ ਸਿਆਂ ਦੁਆਬੇ ਵਾਲਿਆਂ ਕਿਸ ਤਰ੍ਹਾਂ ਪੁੱਛਦਾ ਹੈ ਦੋਸਤਾ...***

(ਨਾਜ਼ਰ ਸਿੰਘ)

***"ਆਸ਼ਕਾਂ ਦੀ ਰਾਣੀ ਹੀਰ ਜੱਟੀ ਅਤੇ ਲੋਹੜਿਆਂ ਮਾਰੀ ਸਹਿਤੀ ਰਾਂਝੇ ਪੰਛੀ ਨਾਲ ਜਵਾਬ ਸਵਾਲ ਕਰ ਰਹੀ ਹੈ। ਮਲਕੀਤ ਸਿੰਘ ਪੰਧੇਰ ਅੱਤੇ ਪਾਲ ਸਿੰਘ ਪੰਛੀ ਤਲਵੰਡੀ ਮੱਲ੍ਹੀਆਂ ਵਾਲਾ ਹੇ... ਏ..... ਏ..... ਇਉਂ ਦਸਦੈ"***

(ਪਾਲ ਸਿੰਘ ਪੰਛੀ ਤੇ ਮਲਕੀਤ ਸਿੰਘ ਪੰਧੇਰ)

***"ਰਾਜਾ ਰਸਾਲੂ ਹੁਸਨ ਦਾ ਭਿਖਾਰੀ ਬਣਕੇ ਸਤੀ ਕੌਲਾਂ ਦੇ ਬੂਹੇ ਉਤੇ ਜਾਕੇ ਉਹਦਾ ਸਤ ਭੰਗ ਕਰਨਾ ਚਾਹੁੰਦਾ ਹੈ। ਸੰਗਤ ਨੂੰ ਸੁਣਾ ਦੇ ਚੈਨ ਸਿਆਂ ਕਿਵੇਂ ਕਰਨਾ ਚਾਹੁੰਦਾ ਹੈ....."***

(ਚੈਨ ਸਿੰਘ ਸਤਨਾਮ ਸਿੰਘ)

ਇਸਦੇ ਨਾਲ ਹੀ ਪਾਛੂ ਮੁੱਖੜਾ ਚੁੱਕ ਲੈਂਦਾ ਸੀ। ਮੁੱਖੜੇ ਦਾ ਵੀ ਇਕ ਖਾਸ ਅੰਦਾਜ਼ ਹੁੰਦਾ ਸੀ। ਰਚਨਾ ਦੇ ਪਹਿਲੇ ਚਰਨ ਦੀ ਅੱਧੀ ਸਤਰ ਨੂੰ ਨੀਵੇਂ ਸੁਰ ਤੋਂ ਸ਼ੁਰੂ ਕਰਕੇ ਉਚੇ ਸੁਰ ਤੇ ਲੈ ਜਾਂਦਾ, ਵਿਸ਼ੇ ਦੇ ਭਾਵਾਂ ਅਨੁਸਾਰ ਮੁਖੜੇ ਦੇ ਚਰਨਾਂ ਨੂੰ ਤੇਜ਼ ਗਤੀ ਜਾਂ ਧੀਮੀ ਗਤੀ ਨਾਲ ਬੋਲਦਾ। ਹਰ ਢਾਡੀ ਇਸਨੂੰ ਵੱਖਰੇ ਵੱਖਰੇ ਢੰਗ ਨਾਲ ਪੇਸ਼ ਕਰਦਾ ਸੀ ਜਿਵੇਂ:-

- ***"ਹਾਰ ਤੋੜਕੇ ਮਕਰ ਬਣਾ ਲਿਆ ਹੀਰ ਨੇ,***
  ***ਲੈ ਮਕਰ ਬਣਾ ਲਿਆ ਹੀਰ ਨੇ,***
  ***ਕਿਤੇ ਮੇਲ ਓਏ ਹੋਣ ਸਬੱਬਾਂ ਦੇ,***
  ***ਰੁੱਗ ਭਰਕੇ ਓ ਕੱਢ ਲਿਆ ਕਾਲਜਾ...***
- ***"ਚਕਿਆ ਝੰਮਣ ਹੀਰ ਡੋਲੀ ਬਹਿ ਗਈ ਖੇੜਿਆਂ ਦੀ....***
  ***ਛਾਲ ਮਾਰ ਕੇ ਗੱਡੀ ਦੇ ਵਿਚ ਬਹਿ ਗੀ ਨੀ,***
  ***ਮੇਰਾ ਕੱਢ ਕੇ ਕਾਲਜਾ ਲੈ ਗੀ ਨੀ,***
  ***ਤੂੰ ਰਾਹ ਖੇੜਿਆਂ ਦੇ ਪੈ ਗੀ ਨੀ,***
  ***ਗੱਲ ਮਥੀ ਮਥਾਈ ਰਹਿ ਗੀ ਨੀ,***
  ***ਅਣ ਹੱਕੀਆਂ ਮੱਝੀਆਂ ਚਾਰੀਆਂ,***
  ***ਜੱਟ ਲੁੱਟ ਲਿਆ ਤਖ਼ਤ ਹਜ਼ਾਰੇ ਦਾ....***

- "ਮੇਰੇ ਮੂੰਹੋਂ ਸਿਫਤ ਨਾ ਸਜਦੀ ਹੀਰ ਸਿਆਲ ਦੀ...
ਕੱਦ ਲੰਮਾਂ ਤੇ ਰੰਗ ਦੀ ਗੋਰੀ ਬਈ,
ਕਿਤੇ ਧੌਣ ਗੰਨੇ ਦੀ ਪੋਰੀ ਬਈ,
ਕਿਤੇ ਰਾਮ ਲਛਮਣ ਦੀ ਜੋੜੀ ਬਈ,
ਗੱਲ ਸੁਣ ਓਏ ਟੱਲੇ ਦਿਆ ਬਾਵਿਆ.....

- "ਢੂਲਾਂ ਸਣੇ ਕੁੜੀਆਂ ਦੇਣ ਸੁਨੇਹਾ ਹੀਰ ਨੂੰ.....
ਜੋਗੀ ਇੰਦਰਪੁਰੀ ਤਸਵੀਰ ਕੁੜੇ,
ਕੋਈ ਉਹਦੇ ਨਾਲੋਂ ਸੋਹਣੀ ਨਾ ਹੀਰ ਕੁੜੇ,
ਜਿਵੇਂ ਰਾਮ ਲਛਮਣ ਦਾ ਵੀਰ ਕੁੜੇ,
ਚੱਲ ਦਰਸ਼ਨ ਕਰਲੈ ਜੋਗੀ ਦੇ....

- "ਖੇੜੇ ਹੋ ਸ਼ਰਮਿੰਦਾ ਮੁੜ ਗਏ ਕੋਲੋਂ ਡੋਲੀ ਦਿਓਂ......
ਦਮ ਦਮ ਦਾ ਕੀ ਭਰਵਾਸਾ ਹੈ,
ਜਿਵੇਂ ਪਾਣੀ ਦੇ ਵਿਚ ਪਤਾਸਾ ਹੈ,
ਲਜਿਆ ਰਾਮ ਨਾਮ ਦੀ ਫੇਰੀ ਐ,
ਉਤੇ ਚਰਨਾਂ ਦੇ ਮਨਸ਼ਾ ਤੇਰੀ ਐ,
ਕਿਤੇ ਮੇਲ ਓ ਹੋਣ ਸਬੱਬਾਂ ਦੇ..... (ਦੀਦਾਰ ਸਿੰਘ ਰਟੈਂਡਾ)

- "ਚੜ੍ਹਿਆ ਮਿਰਜ਼ਾ ਨਿਜ਼ਾਮ ਦੀਨ ਓ......
ਮੇਰਿਆ ਲਾਡਲਿਆ,
ਤੈਨੂੰ ਕੀ ਕਹਾਂ,
ਕੋਈ ਦਿਨ ਖੇਡ ਲੈ,
ਮੌਤ ਉਡੀਕਦੀ, ਸਿਰ ਤੇ ਕੂਕਦੀ,
ਕੂਕਾਂ ਮਾਰਦੀ, ਜਾਨਾਂ ਨੂੰ ਖਾਰਦੀ,
ਕੱਚੀਆਂ ਲਗਰਾਂ ਨੂੰ ਤੋੜਦੀ,
ਓ ਭੌਰ ਨਿਮਾਣਿਆਂ.... (ਭੂਰਾ ਸਿੰਘ)

- "ਲਾਲ ਚਿਹਰਾ ਸਤੀ ਦਾ ਹੋ ਗਿਆ.....
ਕੋਈ ਦਿਨ ਖੇਡ ਲੈ, ਮੌਜਾਂ ਮਾਣ ਲੈ,
ਤੈਂ ਭੱਜ ਜਾਵਣਾ, ਓ ਕੰਗਣਾ ਕੱਚ ਦਿਆ... (ਚੈਨ ਸਿੰਘ ਸਤਨਾਮ ਸਿੰਘ)

* *"ਕੱਠੀਆਂ ਹੋ ਕੇ ਕੁੜੀਆਂ ਦੇਣ ਸੁਨੇਹਾ ਹੀਰ ਨੂੰ....*
  *ਨਾਲੇ ਸੋਨੇ ਦੀ ਤਸਵੀਰ ਨੂੰ,*
  *ਰੁੱਗ ਭਰਕੇ ਕੱਢ ਲਿਆ ਕਾਲਜਾ....* *(ਨਿਰੰਜਨ ਸਿੰਘ)*

ਕਈ ਵਾਰ ਮੁਖੜੇ ਤੋਂ ਪਹਿਲਾਂ ਵਿਸ਼ੇ ਨਾਲ ਮਿਲਦਾ ਜੁਲਦਾ ਕੋਈ ਦੋਹਾ, ਦੋਹਰਾਂ (ਸ਼ੇਅਰ) ਲਾਇਆ ਜਾਂਦਾ ਸੀ ਕਈ ਸ਼ੇਅਰ ਆਮ ਲੋਕਾਂ ਵਿਚ ਬੇਹੱਦ ਮਕਬੂਲ ਹੋਏ 'ਤੇ ਸੁਤੇ ਸੁਭਾਅ ਉਨ੍ਹਾਂ ਦੀ ਜ਼ੁਬਾਨ 'ਤੇ ਚੜ੍ਹ ਗਏ :-

* *ਉਚੱਾ ਬੁਰਜ ਬਰਾਬਰ ਮੋਰੀ, ਦੀਵਾ ਕਿਸ ਵਿਧ ਧਰੀਏ ।*
  *ਨਾਰ ਬਗਾਨੀ ਆਦਰ ਥੋੜਾ, ਗਲ ਲੱਗ ਕੇ ਨਾ ਮਰੀਏ ।*

(ਨਿਰੰਜਣ ਸਿੰਘ)

* *ਉਚੇ ਚੁਬਾਰੇ ਮੈਂ ਚੜ੍ਹੀ, ਖੜ੍ਹੀ ਸੁਕਾਵਾਂ ਕੇਸ ।*
  *ਯਾਰ ਦਿਖਾਈ ਦੇ ਗਿਆ, ਕਰਕੇ ਭਗਵਾਂ ਭੇਸ ।*

*(ਦੀਦਾਰ ਸਿੰਘ ਰਟੈਂਡਾ)*

* *ਸੁਫਨਿਆਂ ਤੈਨੂੰ ਕਤਲ ਕਰਾਵਾਂ, ਬੈਠ ਗਿਆ ਮੇਰੇ ਚਿੱਤ*
  *ਰਾਤੀ ਸੁੱਤੇ ਦੋ ਜਣੇ, ਦਿਨ ਚੜ੍ਹਦੇ ਨੂੰ ਇੱਕ ।*

*(ਦੀਦਾਰ ਸਿੰਘ ਰਟੈਂਡਾ)*

* *ਅਲਫ ਏਸ ਜਹਾਨ ਤੇ ਕੌਣ ਆਸ਼ਕ,*
  *ਪਾਪੀ ਇਸ਼ਕ ਜੀਹਦਾ ਝੁੱਗਾ ਪੱਟਿਆ ਨਾ ।*
  *ਪਾਪੀ ਇਸ਼ਕ ਜੀਹਦੇ ਮਗਰ ਲੱਗ ਜਾਂਦਾ,*
  *ਜ਼ਿੰਦਾ ਵੇਖਕੇ ਕਦੀ ਵੀ ਹੱਟਿਆ ਨਾ ।*
  *ਨਾਜ਼ਰ ਸਿਆਂ ਏਸ ਇਸ਼ਕ ਦੇ ਵਣਜ ਵਿਚੋਂ,*
  *ਨਫਾ ਕਿਸੇ ਇਨਸਾਨ ਨੇ ਖੱਟਿਆ ਨਾ ।*

*(ਨਾਜ਼ਰ ਸਿੰਘ)*

ਮੁੱਖੜੇ ਤੋਂ ਬਾਅਦ ਅਤੇ ਤੋੜੇ ਤੋਂ ਪਹਿਲਾਂ ਵਿਚਕਾਰਲੀ ਮੁੱਖ ਰਚਨਾ ਦੇ ਪੰਜ ਜਾਂ ਸੱਤ ਚਰਨਾਂ ਦੀ ਪੇਸ਼ਕਾਰੀ ਵਿਚ ਵੀ ਕਈ ਉਤਰਾਅ ਚੜ੍ਹਾਅ ਆਉਂਦੇ। ਵਿਚ ਵਿਚ ਕਈ ਥਾਂ ਸਾਥੀ ਦੀ ਹੌਸਲਾ ਅਫ਼ਜਾਈ ਕੀਤੀ ਜਾਂਦੀ। ਵਾਹ ਦੀਦਾਰ ਸਿਆਂ, ਜਿਉਂਦਾ ਰਹਿ ਓਏ ਮਹਿੰਗੇ ਸਿਆਂ, ਸਦਕੇ ਨਿਰੰਜਣ ਸਿਆਂ, ਆਦਿ ਉਤਸ਼ਾਹਜਨਕ ਟਿਪਣੀਆਂ ਕੀਤੀਆਂ ਜਾਂਦੀਆਂ। ਦੀਦਾਰ ਸਿੰਘ ਇਕ ਦੋ ਚਰਨਾਂ ਤੋਂ ਬਾਅਦ 'ਹੱਟ-ਹੱਟ' ਸ਼ਬਦ ਬਹੁਤ ਬੋਲਦਾ ਸੀ।

ਅਖ਼ੀਰ ਤੇ ਗਾਇਣ ਪ੍ਰਵਾਹ ਨੂੰ ਤੇਜ਼ ਕਰਨ ਲਈ ਅਤੇ ਸਰੋਤਿਆਂ ਤੇ ਗਹਿਰਾ ਪ੍ਰਭਾਵ ਪਾਉਣ ਲਈ ਛੋਟੀ ਬਹਿਰ ਦਾ ਤੋੜਾ ਝਾੜਿਆ ਜਾਂਦਾ ਸੀ, ਜੋ ਕਈ ਵਾਰੀ ਇਕ ਦੋ ਚਰਨਾਂ ਦਾ ਅਤੇ ਕਈ ਵਾਰੀ ਵੱਧ ਚਰਨਾਂ ਦਾ ਹੁੰਦਾ ਸੀ। ਆਮ ਤੌਰ ਤੇ ਇਸ ਤੋੜੇ ਵਿਚ ਸਮੁੱਚੀ ਰਚਨਾ ਦਾ ਨਿਚੋੜ ਕੱਢਿਆ ਜਾਂਦਾ ਸੀ ਅਤੇ ਕੁਝ ਲੋਕ ਤੱਥਾਂ ਨੂੰ ਰਚਨਾ ਦੇ ਸੰਦਰਭ ਵਿਚ ਪੇਸ਼ ਕੀਤਾ ਜਾਂਦਾ ਸੀ। ਤੋੜਾ ਇਸ ਗਾਇਣ ਸ਼ੈਲੀ ਦਾ ਮਹੱਤਵਪੂਰਨ ਅੰਗ ਸੀ। ਕੁਝ ਨਮੂਨੇ ਪੇਸ਼ ਹਨ :-

- *"ਵੰਝਲੀ ਵਾਲਿਆ ਮੈਂ ਅਰਜਾਂ ਕਰਦੀ ਤੇਰੀਆਂ,*
  *ਮੰਨ ਲੈ ਦਰਵੇਸ਼ ਦੀ*
  *ਮੇਰੀ ਹੂ ਵੇ ਸ਼ੁਕੀਨਾ*
  *ਹੈ ਦਮ ਦਾ ਵਸਾਹ ਕੀ..... "* *(ਦੀਦਾਰ ਸਿੰਘ ਰਟੈਂਡਾ)*

- "ਤੇਰੀ ਹੱਥ ਬੰਨ੍ਹ ਕਰਦਾਂ ਬੇਨਤੀ,
  ਆਖੇ ਲੱਗਜਾ, ਮੇਰੀਆਂ ਮੰਨ ਲੈ,
  ਹੋ ਮਾਲਕ ਮੇਰਿਆ,
  ਦੇਵਾਂ ਮੈਂ ਸੱਚ ਸੁਣਾ. .... " *(ਦੀਦਾਰ ਸਿੰਘ ਰਟੈਂਡਾ)*

- "ਆਖੇ ਲੱਗਜਾ, ਲੱਗਜਾ ਮੇਰੀਆਂ ਮੰਨ ਲੈ,
  ਓਏ ਡੁੱਲ੍ਹਿਆਂ ਬੇਰਾਂ ਦਾ ਕੁਛ ਨੀ ਬਿਗੜਿਆ,
  ਓ ਚਾਕੇ ਝੋਲੀ ਵਿਚ ਪਾ ਲੈ
  ਹੋ ਪਾਗਲ ਰਾਜਿਆ..... " *(ਨਿਰੰਜਨ ਸਿੰਘ)*

- *"ਤੂੰ ਨਾ ਰੋ ਨਾ ਰੋ ਨਾ ਰੋ ਨੀ ,*
  *ਤੇਰੇ ਰੋਂਦੀ ਦੇ ਕੱਪੜੇ ਭਿੱਜਗੇ ਨੀ*
  *ਮੁੰਡੇ ਕਾਜੀਆਂ ਦੇ ਦਾਰੂ ਪੀਣ ਗਿੱਝ-ਗੇ ਨੀ ,*
  *ਘਰ ਪੰਡਤਾਂ ਦੇ ਮੁਰਗੇ ਰਿੱਝਗੇ ਨੀ ,*
  *ਤਗ ਟੁੱਟ ਗਿਆ ਸਾਰੀ ਦੁਨੀਆਂ ਦਾ.... ।"*
  *(ਦੀਦਾਰ ਸਿੰਘ ਰਟੈਂਡਾ)*

ਕੁੱਝ ਕਲੀਕਾਰਾਂ ਨੇ ਕਈ ਕਈ ਚਰਨਾਂ ਦੇ ਤੋੜੇ ਲਿਖੇ ਹਨ ਜੋ ਕਾਫੀ ਲੰਬੇ ਹੋ ਜਾਂਦੇ ਹਨ। ਨੱਥਾ ਸਿੰਘ ਨਰੜੂ ਤੇ ਹਜ਼ੂਰਾ ਸਿੰਘ ਦੇ ਕਈ ਕਲੀਆਂ ਨਾਲ ਅਜਿਹੇ ਤੋੜੇ ਲਿਖੇ ਮਿਲਦੇ ਹਨ:-

- ਜੱਗ ਦਰਸ਼ਨ ਦਾ ਮੇਲਾ ਹੈ ,
ਐਥੇ ਕੌਣ ਗੁਰੂ ਕੌਣ ਚੇਲਾ ਹੈ ,
ਕਦੇ ਲੱਦ ਜੂ ਭੌਰ ਅਕੇਲਾ ਹੈ ,
ਜੇਹੜਾ ਅੱਜ ਕਰਨੇ ਦਾ ਵੇਲਾ ਹੈ ,
ਸਤਿਆ ਵੇ ਤਾਰਜੂ ।

(ਨੱਥਾ ਸਿੰਘ ਨਰੜੂ)

- ਨੱਥਾ ਸਿੰਘ ਦੇ ਬਚਨ ਅਮੋਲ ਕੁੜੇ ,
ਜਾਈਂ ਨਾ ਥਲਾਂ ਵਿਚ ਡੋਲ ਕੁੜੇ ,
ਮੂੰਹੋਂ ਪੁੰਨੂੰ ਨੀ ਪੁੰਨੂ ਬੋਲ ਕੁੜੇ ,
ਸੋਹਣੇ ਯਾਰ ਨੂੰ ਲਵੇਂਗੀ ਟੋਲ ਕੁੜੇ ,
ਮਿਲ ਜਾਏਂਗੀ ਯਾਰ ਨੂੰ ।

(ਨੱਥਾ ਸਿੰਘ ਨਰੜੂ)

- "ਭੇਡੇ ਜਾਣਦੀ ਕੀ ਅਤਰ ਕਪੂਰਾਂ ਨੂੰ ,
ਐਮੇਂ ਗੰਗਾ ਕੀ ਨਲ੍ਹਾਉਣਾ ਸੂਰਾਂ ਨੂੰ ,
ਤੱਤੇ ਤਾ ਕੀ ਦੇਣੇ ਮਗਰੂਰਾਂ ਨੂੰ ,
ਅਕਲ ਦੱਸਣੀ ਕੀ ਬੇਸ਼ਹੂਰਾਂ ਨੂੰ ,
ਖਾਖੀ ਬੰਦੇ ਦਾ ਮੇਲ ਕੀ ਹੂਰਾਂ ਨੂੰ ,
ਪਾਣੀ ਝੋਲ ਕੀ ਹਟੌਣਾ ਬੂਰਾਂ ਨੂੰ ,
ਕਿਉਂ ਰੱਬ ਤੇ ਛਪੌਣਾ ਨੂਰਾਂ ਨੂੰ ।

(ਹਜ਼ੂਰਾ ਸਿੰਘ)

- ਜੰਨ ਚੂਚਕ ਵਿਦਾ ਕਰਾਈ ਐ ,
ਕੁੜੀ ਸਭ ਸਿਆਲਾਂ ਦੀ ਆਈ ਐ ,
ਧੂੰਮ ਚੂਚਕ ਵੇਹੜੇ ਮਚਾਈ ਐ ,
ਗੌਣ ਟੋਡੀ ਰਾਗ ਅਤਾਈ ਐ ,
ਆਸਾ ਨਾਲ ਭੈਰਮੀ ਲਾਈ ਐ ,
ਸੂਹੀ ਪੂਰਵੀ ਪੀਲੋ ਗਾਈ ਐ ,
ਦੀਪ ਮਾਲਾ ਮੇਘ ਸੁਣਾਈ ਐ ,
ਹੀਰ ਤੂਲੀ ਨੇ ਆਣ ਬਰਾਈ ਐ ,
ਮਾਮੇ ਨੇ ਚੁੱਕ ਡੋਲੀ ਵਿਚ ਪਾਈ ਐ ।

(ਹਜ਼ੂਰਾ ਸਿੰਘ)

## ਅਖਾੜਾ ਪਰੰਪਰਾ

ਲੋਕ ਢਾਡੀ ਕਲਾ ਦਾ ਇਕ ਹੋਰ ਜ਼ਿਕਰਯੋਗ ਪਹਿਲੂ ਹੈ - ਅਖਾੜਾ ਪਰੰਪਰਾ। ਇਹ ਅਖਾੜੇ ਅੱਜ ਕੱਲ੍ਹ ਦੇ ਗਾਇਕਾਂ ਵਾਲੇ ਸਟੇਜੀ ਅਖਾੜੇ ਨਹੀਂ ਸਨ। ਪਿੰਡੋਂ ਬਾਹਰ ਟੋਭੇ (ਛੱਪੜ) ਕੰਢੇ ਜਾਂ ਕਿਸੇ ਹੋਰ ਖੁੱਲ੍ਹੀ ਥਾਂ ਜਿਥੇ ਦੋ ਚਾਰ ਵੱਡੇ ਰੁੱਖਾਂ ਦੀ ਸੰਘਣੀ ਛਾਂ ਹੋਵੇ ਜਾਂ ਫਿਰ ਪਿੰਡ ਦੇ ਡੇਰੇ ਆਦਿ 'ਤੇ ਇਹ ਅਖਾੜੇ ਲਗਦੇ ਸਨ। ਨਾ ਤਾਂ ਉਸ ਸਮੇਂ ਲਾਊਡ ਸਪੀਕਰ ਹੀ ਹੁੰਦੇ ਸਨ ਤੇ ਨਾ ਇਨ੍ਹਾਂ ਦੀ ਲੋੜ ਹੀ ਮਹਿਸੂਸ ਕੀਤੀ ਜਾਂਦੀ ਸੀ। ਗਮੰਤਰੀਆਂ ਦੀਆਂ ਆਪਣੀਆਂ ਆਵਾਜ਼ਾਂ ਹੀ ਏਨੀਆਂ ਬੁਲੰਦ ਹੁੰਦੀਆਂ ਸਨ, ਕਿ ਸਾਰੇ ਸਰੋਤਿਆਂ ਤੱਕ ਪਹੁੰਚਦੀਆਂ ਸਨ। ਅਖਾੜਾ ਸ਼ੈਲੀ ਹੀ ਵੱਖਰੀ ਸੀ। ਸਰੋਤੇ ਗੋਲ ਦਾਇਰੇ ਵਿਚ ਬੈਠ ਜਾਂਦੇ ਸਨ। ਸਰੋਤਿਆਂ ਦੀ ਗਿਣਤੀ ਅਨੁਸਾਰ ਦਾਇਰਾ ਛੋਟਾ ਜਾਂ ਵੱਡਾ ਹੋ ਜਾਂਦਾ ਸੀ। ਗਮੰਤਰੀ ਗੋਲ ਦਾਇਰੇ ਦੇ ਵਿਚਕਾਰ ਹੁੰਦੇ ਸਨ ਅਤੇ ਘੁੰਮ ਘੁੰਮ ਕੇ ਸਾਰੇ ਸਰੋਤਿਆਂ ਕੋਲ ਪਹੁੰਚ ਕਰਦੇ ਸਨ। ਦੋ ਬੰਦ ਸੱਜੇ ਪਾਸੇ ਵਾਲੇ ਸਰੋਤਿਆਂ ਨੂੰ ਸੁਣਾਉਣ ਤੋਂ ਬਾਅਦ ਅੱਗੇ ਚੱਲ ਕੇ ਉਹੀ ਦੋ ਬੰਦ ਖੱਬੇ ਪਾਸੇ ਵਾਲਿਆਂ ਨੂੰ ਜਾ ਸੁਣਾਉਂਦੇ। ਇਸ ਪ੍ਰਕਾਰ ਇਕ ਇਕ ਬੰਦ ਨੂੰ ਚਾਰ-ਚਾਰ ਜਾਂ ਪੰਜ-ਪੰਜ ਵਾਰ ਦੁਹਰਾਉਣਾ ਪੈਂਦਾ ਸੀ। ਸਾਰੇ ਸਰੋਤਿਆਂ ਦੀ ਤਸੱਲੀ ਕਰਾਉਣੀ ਪੈਂਦੀ ਸੀ। ਇਹੀ ਅਖਾੜਾ ਸ਼ੈਲੀ ਅੱਜ ਵੀ ਇਹਨਾਂ ਦੇ ਵਾਰਸਾਂ ਨੇ ਅਪਣਾਈ ਹੋਈ ਹੈ, ਜਿਸਨੂੰ ਜਰਗ, ਛਪਾਰ ਦੇ ਮੇਲਿਆਂ ਤੇ ਦੇਖਿਆ ਜਾ ਸਕਦਾ ਹੈ।

ਅਖਾੜਿਆਂ ਨੂੰ ਮੁੱਖ ਰੂਪ ਵਿਚ ਅਸੀਂ ਦੋ ਹਿੱਸਿਆਂ ਵਿੱਚ ਵੰਡ ਸਕਦੇ ਹਾਂ:-

**(ੳ) ਮੇਲਿਆਂ ਦੇ ਅਖਾੜੇ**

**(ਅ) ਸਾਈ ਵਾਲੇ ਜਾਂ ਆਮ ਪੇਂਡੂ ਅਖਾੜੇ**

ਜਰਗ, ਛਪਾਰ, ਜਗਰਾਵਾਂ ਦੀ ਰੋਸ਼ਨੀ, ਸੰਗਰੂਰ ਦੇ ਦੁਸਹਿਰੇ ਅਤੇ ਸੁਨਾਮ ਦੀ ਮੰਡੀ ਦੇ ਮੇਲਿਆਂ ਤੇ ਲੰਮੇ ਸਮੇਂ ਤੋਂ ਇਨ੍ਹਾਂ ਦੇ ਅਖਾੜੇ ਚਲਦੇ ਆ ਰਹੇ ਸਨ ਅਤੇ ਕੁੱਝ ਮੇਲਿਆਂ ਤੇ ਅੱਜ ਵੀ ਇਹ ਰਵਾਇਤ ਜਾਰੀ ਹੈ। ਮੇਲੇ ਦੇ ਅਖਾੜੇ ਨੂੰ ਨਿਭਾਉਣਾ ਕਾਫੀ ਮੁਸ਼ਕਲ ਹੁੰਦਾ ਸੀ। ਇਹ ਗਮੰਤਰੀਆਂ ਲਈ ਇਮਤਿਹਾਨ ਦੀ ਘੜੀ ਹੁੰਦੀ ਸੀ। ਮੇਲੇ ਦੀ ਭੀੜ ਤੋਂ ਇੱਕ ਪਾਸੇ ਇਕਾਂਤ ਵਿਚ ਵੱਡੇ ਰੁੱਖਾਂ ਹੇਠ ਇਹਨਾਂ ਦੀ ਥਾਂ ਰਾਖਵੀਂ ਹੁੰਦੀ ਸੀ। ਦੁਪਹਿਰ ਤੱਕ ਮੇਲੇ ਵਿਚ ਘੁੰਮ ਘੁਮਾ ਕੇ ਇਨ੍ਹਾਂ ਦੇ ਸਰੋਤੇ ਏਥੇ ਜੁੜਨੇ ਸ਼ੁਰੂ ਹੋ ਜਾਂਦੇ ਅਤੇ ਆਪੋ ਆਪਣੀਆਂ ਟੋਲੀਆਂ ਨਾਲ ਅਖਾੜੇ ਵਿਚ ਮੋਢਿਆਂ ਉਤਲੇ ਪਰਨੇ, ਦੁਪੱਟੇ ਵਿਛਾ ਕੇ, ਮੋਰਨੀਆਂ ਵਾਲੀਆਂ ਕੱਢਵੀਆਂ ਦੁੱਖਲੀਆਂ ਜੁੱਤੀਆਂ ਉਤਾਰਕੇ, ਆਪਣੇ ਖੂੰਡਿਆਂ ਤੇ ਡਾਗਾਂ ਨੂੰ ਸਾਹਮਣੇ ਹੇਠਾਂ ਜ਼ਮੀਨ ਤੇ ਲੰਮੀਆਂ ਪਾ ਲੈਂਦੇ ਸਨ। ਪੂਰੀ ਤਸੱਲੀ ਨਾਲ ਜਚ ਕੇ ਬੈਠ ਜਾਂਦੇ ਸਨ। ਗਮੰਤਰੀ ਅਖਾੜੇ ਦੇ ਵਿਚਕਾਰ ਪਹੁੰਚਕੇ ਸਰੋਤਿਆਂ ਨੂੰ ਫਤਿਹ

ਬੁਲਾਉਂਦੇ ਅਤੇ ਗੌਣ ਸ਼ੁਰੂ ਹੋ ਜਾਂਦਾ। ਨਾਲ-ਨਾਲ ਗਲਾਸੀ ਵੀ ਚਲਦੀ ਰਹਿੰਦੀ। ਕੁਝ ਸਰੋਤੇ ਗਮੰਤਰੀਆਂ ਨੂੰ ਵੀ ਨੇੜੇ ਬੁਲਾਕੇ ਗਲਾਸੀ ਫੜਾਉਂਦੇ ਤੇ ਉਹ ਮੁੱਛਾਂ ਤੇ ਹੱਥ ਫੇਰਦੇ ਹੋਏ ਇਸ ਨੂੰ ਡੀਕ ਜਾਂਦੇ। ਕੁੱਝ ਦੇਰ ਬਾਅਦ ਅਖਾੜੇ ਵਿਚ ਸਰੂਰ ਅਤੇ ਮਸਤੀ ਦਾ ਆਲਮ ਛਾ ਜਾਂਦਾ। ਰੁਪਈਆਂ ਦੀ ਛੋਟ ਹੋਣੀ ਸ਼ੁਰੂ ਹੋ ਜਾਂਦੀ। ਇਥੇ ਕੁੱਝ ਫਰਮਾਇਸ਼ਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ। ਕਈ ਸਿਆਣੇ ਗਮੰਤਰੀ ਤਾਂ ਆਪਣੀ ਸੂਝ ਬੂਝ ਨਾਲ ਸਾਰੇ ਸਰੋਤਿਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਸਮਝਾਕੇ ਅਤੇ ਉਨ੍ਹਾਂ ਦੀ ਤਸੱਲੀ ਕਰਵਾਕੇ ਅਖਾੜੇ ਨੂੰ ਜਮਾਈਂ ਰੱਖਦੇ, ਪਰ ਕਈ ਕੱਚ ਘਰੜ ਏਥੇ ਹਿੱਲ ਜਾਂਦੇ ਸਨ। ਇਸ ਤਰ੍ਹਾਂ ਵੱਖ ਵੱਖ ਮਿਜ਼ਾਜਾਂ ਦੇ ਸਰੋਤਿਆਂ ਵਿਚ ਆਪਸੀ ਟਕਰਾਅ ਵੀ ਪੈਦਾ ਹੋ ਜਾਂਦਾ। ਕਈ ਵਾਰੀ ਅਲੱਗ ਅਲੱਗ ਪਿੰਡਾਂ ਦੇ ਸਰੋਤਿਆਂ ਵਿਚ ਪੁਰਾਣੀ ਚਲਦੀ ਰੰਜਸ਼ ਵੀ ਟਕਰਾਅ ਦਾ ਕਾਰਨ ਬਣਦੀ ਅਤੇ ਨੌਬਤ ਡਾਂਗ ਸੋਟੇ ਤੱਕ ਪਹੁੰਚ ਜਾਂਦੀ। ਕਦੇ ਕਦੇ ਤਾਂ ਇਹ ਲੜਾਈ ਖਤਰਨਾਕ ਰੂਪ ਵੀ ਧਾਰਨ ਕਰ ਜਾਂਦੀ ਸੀ ਅਤੇ ਰਵਾਇਤੀ ਵਿਰੋਧ ਵਿਚ ਬਦਲ ਜਾਂਦੀ ਸੀ। ਏਸੇ ਟਕਰਾਅ ਕਾਰਨ ਕਈ ਪਿੰਡਾਂ ਵਾਲੇ ਆਪਣੇ ਪਿੰਡਾਂ ਵਿਚ ਵੀ ਗਮੰਤਰੀਆਂ ਨੂੰ ਬੁਲਾਕੇ ਮੇਲੇ ਲੁਆਉਣ ਲੱਗੇ। ਇਸ ਦੀ ਇੱਕ ਉਦਾਹਰਣ ਹੈ ਜਰਗ ਦੇ ਨੇੜਲੇ ਪਿੰਡ ਜੱਬੋ ਮਾਜਰੇ ਵਿਚ ਲਗਦਾ ਗਮੰਤਰੀਆਂ ਦਾ ਅਖਾੜਾ। ਜੋ ਜਰਗ ਦੇ ਮੇਲੇ ਤੋਂ ਦੂਜੇ ਦਿਨ ਲਗਦਾ ਹੈ। ਬਜੁਰਗਾਂ ਦਾ ਕਹਿਣਾ ਹੈ ਕਿ ਜਰਗ ਦੇ ਮੇਲੇ ਤੇ ਲੱਗੇ ਅਖਾੜੇ ਵਿਚ ਜੱਬੋਮਾਜਰੇ ਵਾਲਿਆਂ ਦਾ ਕਿਸੇ ਗੱਲੋਂ ਜਰਗ ਵਾਲਿਆਂ ਨਾਲ ਤਕਰਾਰ ਹੋ ਗਿਆ ਅਤੇ ਉਨ੍ਹਾਂ ਨੇ ਅਗਲੇ ਦਿਨ ਹੀ ਗਮੰਤਰੀਆਂ ਨੂੰ ਆਪਣੇ ਪਿੰਡ ਅਖਾੜਾ ਲਾਉਣ ਦਾ ਸੱਦਾ ਦੇ ਦਿੱਤਾ। ਇਹ ਪਰੰਪਰਾ ਅੱਜ ਵੀ ਉਸੇ ਤਰ੍ਹਾਂ ਚੱਲ ਰਹੀ ਹੈ।

ਦੂਜੀ ਕਿਸਮ ਦੇ ਅਖਾੜੇ ਸਾਈ ਵਾਲੇ ਜਾਂ ਸੱਦੇ ਵਾਲੇ ਹੁੰਦੇ ਸਨ। ਇਹ ਵੀ ਦੋ ਕਿਸਮ ਦੇ ਸਨ - ਇੱਕ ਪਿੰਡ ਸਾਂਝੇ ਅਤੇ ਦੂਜੇ ਨਿੱਜੀ। ਪਿੰਡ ਸਾਂਝੇ ਅਖਾੜਿਆਂ ਦਾ ਆਯੋਜਨ ਸਮੁੱਚੇ ਪਿੰਡ ਵੱਲੋਂ ਪਿੰਡ ਦੇ ਡੇਰੇ, ਕਿਸੇ ਸਾਧ ਜਾਂ ਪੀਰ ਫ਼ਕੀਰ ਦੇ ਦਿਨ ਦਿਹਾਰ ਜਾਂ ਕਿਸੇ ਹੋਰ ਮਹੱਤਵਪੂਰਨ ਮੌਕੇ ਜਾਂ ਫਿਰ ਪਿੰਡ ਵਿੱਚ ਪਸ਼ੂਆਂ ਦੀ ਬਿਮਾਰੀ ਜਾਂ ਔੜ ਕਾਰਨ ਕੀਤੇ ਜੱਗ ਆਦਿ ਦੇ ਮੌਕੇ ਤੇ ਕੀਤਾ ਜਾਂਦਾ ਸੀ। ਪਿੰਡ ਦੀ ਪੰਚਾਇਤ ਇਲਾਕੇ ਦੇ ਉਘੇ ਗਮੰਤਰੀਆਂ ਕੋਲ ਜਾਂਦੀ ਸੀ ਅਤੇ ਬਾਕਾਇਦਾ ਇੱਜ਼ਤ ਨਾਲ ਉਨ੍ਹਾਂ ਨੂੰ ਆਪਣੇ ਪਿੰਡ ਅਖਾੜਾ ਲਾਉਣ ਲਈ ਸੱਦਾ ਦਿੰਦੀ ਸੀ। ਏਥੇ ਸਾਰਾ ਪਿੰਡ ਪੂਰੀ ਸ਼ਰਧਾ ਅਤੇ ਇੱਜ਼ਤ ਨਾਲ 'ਗੌਣ' ਨੂੰ ਸੁਣਦਾ ਸੀ। ਗਮੰਤਰੀਆਂ ਦੀ ਟਹਿਲ ਸੇਵਾ ਕੀਤੀ ਜਾਂਦੀ ਸੀ। ਇਸ ਤਰ੍ਹਾਂ ਦੇ ਅਖਾੜਿਆਂ ਵਿਚ ਗਮੰਤਰੀਆਂ ਨੂੰ ਕੋਈ ਮੁਸ਼ਕਲ

ਪੇਸ਼ ਨਹੀਂ ਆਉਂਦੀ ਸੀ ਕਿਉਂਕਿ ਸਾਰਾ ਪਿੰਡ ਪ੍ਰਬੰਧਕ ਹੁੰਦਾ ਸੀ ਅਤੇ ਆਮ ਸਹਿਮਤੀ ਨਾਲ ਸਾਰਾ ਪ੍ਰਬੰਧ ਚਲਾਇਆ ਜਾਂਦਾ ਸੀ। ਜੇਕਰ ਨੇੜੇ ਤੇੜੇ ਦੇ ਪਿੰਡਾਂ ਦੇ ਸਰੋਤੇ 'ਗੌਣ' ਸੁਣਨ ਆਉਂਦੇ ਵੀ ਸਨ, ਤਾਂ ਉਹ ਕਿਸੇ ਵੀ ਤਰ੍ਹਾਂ ਦੀ ਹੁੱਲੜਬਾਜ਼ੀ ਕਰਨ ਤੋਂ ਗੁਰੇਜ਼ ਕਰਦੇ ਸਨ। ਕੁੱਝ ਪਿੰਡਾਂ ਵਿਚ ਸਾਧਾਂ ਸੰਤਾਂ ਦੇ ਡੇਰਿਆਂ ਅਤੇ ਪੀਰਾਂ ਫਕੀਰਾਂ ਦੀਆਂ ਦਰਗਾਹਾਂ ਤੇ ਅੱਜ ਵੀ ਇਸ ਤਰ੍ਹਾਂ ਦੇ ਅਖਾੜਿਆਂ ਦੀ ਰਵਾਇਤ ਜਾਰੀ ਹੈ। ਸਲਾਣੇ ਦੀ ਛਿੰਝ, ਹੀਰੋਂ ਝਾੜੋਂ ਦੇ ਸੰਤਾਂ ਦੇ ਡੇਰੇ, ਕੋਠਾ ਗੁਰੂ, ਦੋਦੇ ਵਾਲੇ ਸੰਤਾਂ ਦੇ ਡੇਰੇ, ਕੁਰਾਲੀ, ਘਰਾਚੋਂ, ਅਜਨੌਦੇ ਆਦਿ ਪਿੰਡਾਂ ਵਿਚ ਹਰ ਸਾਲ ਜਾਂ ਦੂਜੇ ਸਾਲ ਇਸ ਤਰ੍ਹਾਂ ਦੇ ਅਖਾੜਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਕਈ ਥਾਵਾਂ ਉਤੇ ਤਾਂ ਇਹਨਾਂ ਗਮੰਤਰੀਆਂ ਨੂੰ ਕਈ ਕਈ ਦਿਨ ਇਕ ਗਾਥਾ ਨੂੰ ਪੂਰਾ ਕਰਨ ਲਈ ਲਗ ਜਾਂਦੇ ਸਨ। 'ਹੀਰ' ਦਾ ਗੌਣ ਸਭ ਤੋਂ ਲੰਮਾ ਗੌਣ ਹੁੰਦਾ ਸੀ। 'ਪੂਰਨ' ਵੀ ਤਿੰਨ ਦਿਨਾਂ ਤੱਕ ਚਲਦਾ ਰਹਿੰਦਾ ਸੀ। ਸਮੇਂ ਦੀ ਘਾਟ ਵੇਲੇ ਪੂਰੀ ਕਥਾ ਦੀ ਥਾਂ ਮੁੱਖ ਘਟਨਾਵਾਂ ਦਾ ਵਰਨਣ ਕਰਕੇ ਵੀ ਕੰਮ ਚਲਾ ਲਿਆ ਜਾਂਦਾ ਸੀ। ਇਹ ਸਭ ਸਰੋਤਿਆਂ ਦੀ ਮੰਗ ਅਤੇ ਸਮੇਂ ਦੀ ਮਿਆਦ ਤੇ ਨਿਰਭਰ ਹੁੰਦਾ ਸੀ। ਆਮ ਤੌਰ ਤੇ ਅਖਾੜੇ ਦਾ ਸਮਾਂ ਵੀ ਸਰੋਤਿਆਂ ਦੀ ਸਹੂਲਤ ਅਨੁਸਾਰ ਤਹਿ ਕੀਤਾ ਜਾਂਦਾ ਸੀ। ਮੰਗਲਾਚਰਨ ਤੋਂ ਬਾਅਦ ਇਕ ਦੋ ਰਚਨਾਵਾਂ ਹੋਰ ਪੇਸ਼ ਕਰਕੇ ਸਰੋਤਿਆਂ ਤੋਂ ਉਹਨਾਂ ਦੀ ਪਸੰਦ ਪੁੱਛੀ ਜਾਂਦੀ ਸੀ। ਵੱਖਰੀ ਵੱਖਰੀ ਪਸੰਦ ਦੇ ਬਾਵਜੂਦ ਕੁਝ ਦੇਰ ਪਿੱਛੋਂ ਆਮ ਰਾਏ ਬਣਾ ਲਈ ਜਾਂਦੀ ਸੀ ਅਤੇ 'ਗੌਣ' ਸ਼ੁਰੂ ਹੋ ਜਾਂਦਾ ਸੀ। ਲਗਾਤਾਰ ਲੜੀ ਨਾਲ ਲੜੀ ਜੁੜਦੀ ਜਾਂਦੀ ਸੀ ਅਤੇ ਢਾਈ ਤਿੰਨ ਘੰਟਿਆਂ ਬਾਅਦ ਕਿਸੇ ਅਹਿਮ ਪੜਾਅ ਤੇ ਲਿਆਕੇ ਅਗਲੇ ਦਿਨ ਲਈ ਸਮਾਪਤੀ ਕਰ ਦਿੱਤੀ ਜਾਂਦੀ ਸੀ। ਇਸ ਅਹਿਮ ਪੜਾਅ ਤੋਂ ਅੱਗੇ ਸੁਣਨ ਲਈ ਅਗਲੇ ਦਿਨ ਸਰੋਤੇ ਫੇਰ ਅਖਾੜੇ ਵਿਚ ਆ ਜੁੜਦੇ ਸਨ। ਅਖਾੜੇ ਦਾ ਅੰਤ ਰਵਾਇਤੀ ਢੰਗ ਨਾਲ ਹੀ ਕੀਤਾ ਜਾਂਦਾ ਸੀ।

ਸੱਦੇ ਜਾਂ ਸਾਈ ਵਾਲੇ ਅਖਾੜਿਆਂ ਵਿਚ ਦੂਜੀ ਕਿਸਮ ਦੇ ਅਖਾੜੇ ਸਨ-ਨਿੱਜੀ ਅਖਾੜੇ। ਇਸਦਾ ਪ੍ਰਬੰਧ ਪਿੰਡਾਂ ਦੇ ਰੱਜੇ ਪੁੱਜੇ ਅਤੇ ਗੌਣ ਦੇ ਸ਼ੁਕੀਨ ਆਪਣੀਆਂ ਨਿੱਜੀ ਖੁਸ਼ੀਆਂ ਦੇ ਮੌਕਿਆਂ ਤੇ ਕਰਦੇ ਸਨ। ਮੁੰਡੇ ਦੀ ਛਿਟੀ, ਮੰਗਣੇ ਵਿਆਹ ਦੀ ਖੁਸ਼ੀ ਅਜਿਹੇ ਅਖਾੜਿਆਂ ਦਾ ਕਾਰਨ ਬਣਦੀਆਂ ਸਨ। ਖੁਸ਼ੀ ਵਾਲਾ ਪਰਵਾਰ ਆਪਣੇ ਖਰਚੇ 'ਤੇ ਗਮੰਤਰੀਆਂ ਨੂੰ ਬੁਲਾਉਂਦਾ ਸੀ ਪਰ ਅਖਾੜਾ ਪਿੰਡ ਦੀ ਸਾਂਝੀ ਥਾਂ ਤੇ ਹੀ ਲਗਦਾ ਸੀ ਅਤੇ ਸਮੁੱਚੇ ਪਿੰਡ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਸੀ। ਅੱਜ ਵਾਂਗ ਬੰਦ ਟੈਂਟ ਪੈਲੇਸਾਂ ਵਾਲੀ ਰਵਾਇਤ ਨਹੀਂ ਸੀ। ਗਮੰਤਰੀਆਂ ਦੀ ਰੁਪਈਏ ਧੇਲੀ ਨਾਲ ਹੌਸਲਾ

ਅਫ਼ਜਾਈ ਕੋਈ ਵੀ ਸਰੋਤਾ ਕਰ ਸਕਦਾ ਸੀ। ਇਸ ਤਰ੍ਹਾਂ ਦੇ ਅਖਾੜਿਆਂ ਦੀ ਦਿੱਖ ਬੜੀ ਵੱਖਰੀ ਕਿਸਮ ਦੀ ਹੁੰਦੀ ਸੀ। ਗਮੰਤਰੀ ਆਮ ਸ੍ਰੋਤਿਆਂ ਨਾਲੋਂ ਸਬੰਧਤ ਪਰਵ਼ਾਰ ਦੇ ਸਰੋਤਿਆਂ ਦੀ ਖੁਸ਼ੀ ਦਾ ਵੱਧ ਧਿਆਨ ਰੱਖਦੇ ਸਨ। ਪਰਵਾਰ ਵੱਲੋਂ ਉਨ੍ਹਾਂ ਦੀ ਗਲਾਸੀ ਨਾਲ਼ ਵੀ ਖੂਬ ਟਹਿਲ ਸੇਵਾ ਕੀਤੀ ਜਾਂਦੀ ਸੀ। ਕੁਝ ਗਮੰਤਰੀ ਤਾਂ ਬਹੁਤਾ ਸਮਾਂ ਪਰਵਾਰ ਦੇ ਗੁਣ ਹੀ ਗਾਉਂਦੇ ਰਹਿੰਦੇ ਸਨ।

## ਸਖਤ ਰਿਆਜ਼

ਲੋਕ ਢਾਡੀ ਕਲਾ ਦਾ ਇਕ ਵਿਸ਼ੇਸ ਪਹਿਲੂ ਰਿਹਾ ਹੈ, ਲਗਾਤਾਰ ਤੇ ਸਖਤ 'ਰਿਆਜ਼'। ਆਮ ਤੌਰ ਤੇ ਇਹ ਢਾਡੀ ਕੋਰੇ ਅਨਪੜ੍ਹ ਹੁੰਦੇ ਸਨ ਅਤੇ ਕੋਈ ਵਿਰਲਾ ਹੀ ਅੱਖਰ ਉਠਾਉਣ ਜੋਗਾ ਹੁੰਦਾ ਸੀ। ਸਾਰਾ 'ਗੌਣ' ਇਹਨਾਂ ਨੂੰ ਦੂਜਿਆਂ ਤੋਂ ਸੁਣਕੇ ਹੀ 'ਕੰਠ' ਕਰਨਾ ਪੈਂਦਾ ਸੀ। ਯਾਦ ਸ਼ਕਤੀ ਬਹੁਤ ਵਧਾਉਣੀ ਪੈਂਦੀ ਸੀ। ਜਿੰਨਾ ਕਿਸੇ ਦੇ ਵੱਧ 'ਗੌਣ' ਯਾਦ ਹੁੰਦਾ, ਉਨਾਂ ਹੀ ਉਹ ਮਕਬੂਲ ਮੰਨਿਆਂ ਜਾਂਦਾ ਸੀ। ਇਸ ਲਈ ਇਹਨਾਂ ਨੂੰ ਸਖਤ ਮਿਹਨਤ ਕਰਨੀ ਪੈਂਦੀ ਸੀ। ਲਗਾਤਾਰ ਰਿਆਜ਼ ਇਨ੍ਹਾਂ ਦੀ ਕਲਾ ਨੂੰ ਨਿਖਾਰਨ ਲਈ ਜਰੂਰੀ ਹੁੰਦਾ ਸੀ। ਇਸ ਲਈ ਕਈ ਤਾਂ ਘਰ ਬਾਰ ਛੱਡਕੇ ਦਸ-ਦਸ, ਬਾਰਾਂ-ਬਾਰਾਂ ਸਾਲ ਆਪਣੇ ਉਸਤਾਦਾਂ ਦੀ ਸੰਗਤ ਵਿਚ ਹੀ ਰਹਿੰਦੇ ਸਨ। ਉਨ੍ਹਾਂ ਦੀ ਖੂਬ ਸੇਵਾ ਸੰਭਾਲ ਕਰਦੇ ਸਨ। ਉਨ੍ਹਾਂ ਦੇ ਘਰੇਲੂ ਅਤੇ ਨਿੱਜੀ ਕੰਮ ਕਰਨਾ ਆਪਣਾ ਪਰਮ-ਧਰਮ ਸਮਝਦੇ ਸਨ। ਉਸਤਾਦ ਦੇ ਚਹੇਤੇ ਸ਼ਗਿਰਦ ਘੱਟ ਸਮੇਂ ਵਿਚ ਵੱਧ ਪ੍ਰਾਪਤੀਆਂ ਕਰ ਲੈਂਦੇ ਸਨ। ਅਖਾੜਿਆਂ ਵਿਚ ਮਾਣ ਨਾਲ ਆਪਣੇ ਉਸਤਾਦ ਦਾ ਨਾਂ ਲੈ ਕੇ ਕਹਿੰਦੇ ਸਨ 'ਫਲਾਣੇ ਉਸਤਾਦ ਦੇ ਚੰਡੇ ਹੋਏ ਹਾਂ'। ਇਸ ਪ੍ਰਕਾਰ ਉਸਤਾਦੀ ਸ਼ਗਿਰਦੀ ਦੀ ਪਰੰਪਰਾ ਲੋਕ ਢਾਡੀ ਕਲਾ ਵਿਚ ਵਿਸ਼ੇਸ਼ ਥਾਂ ਰੱਖਦੀ ਸੀ।


## ਪਹਿਰਾਵਾ

ਇਨ੍ਹਾਂ ਲੋਕ ਢਾਡੀਆਂ ਦਾ ਪਹਿਰਾਵਾ (ਵੇਸ਼-ਭੂਸ਼ਾ) ਵੀ ਵੱਖਰੇ ਧਿਆਨ ਦੀ ਮੰਗ ਕਰਦਾ ਹੈ। ਮਾਵਾ ਲੱਗੀਆਂ ਸਫੈਦ ਖੜਕਵੇਂ ਫ਼ਰਲਿਆਂ ਵਾਲੀਆਂ ਪੱਗਾਂ। ਸਫ਼ੈਦ ਹੀ ਕਲੀਆਂ ਵਾਲੇ ਕੁੜਤੇ ਅਤੇ ਧੂਹਵੇਂ ਸਫ਼ੈਦ ਚਾਦਰੇ। ਤਿੱਲੇ ਅਤੇ ਜ਼ਰੀ ਦੀਆਂ ਕੱਢਵੀਆਂ ਨੋਕਦਾਰ ਚੀਕਵੀਆਂ ਜੁੱਤੀਆਂ। ਖ਼ਤ ਕੱਢਵੀਆਂ ਕਤਰੀਆਂ ਹੋਈਆਂ ਦਾਹੜੀਆਂ ਅਤੇ ਤਾਅ ਦਿੱਤੀਆਂ ਹੋਈਆਂ ਮੁੱਛਾਂ। ਅੱਖਾਂ ਵਿਚ ਪਾਇਆ ਹੋਇਆ ਸੁਰਮਾਂ। ਖੱਬੇ ਹੱਥ ਦੀ ਚੀਚੀ ਉਂਗਲੀ ਨਾਲ ਬੰਨ੍ਹੇ ਰੇਸ਼ਮੀ ਰੁਮਾਲ, ਸਭ ਇਨ੍ਹਾਂ ਦੀ ਦਿੱਖ ਨੂੰ ਆਮ ਲੋਕਾਂ ਨਾਲੋਂ

ਵੱਖਰਾ ਕਰਦੇ ਸਨ। ਸਫੈਦ ਰੰਗ ਇਹਨਾਂ ਦੀ ਵਿਦਵਤਾ, ਸਿਆਣਪ ਅਤੇ ਸਵੱਛਤਾ ਦਾ ਪ੍ਰਤੀਕ ਸੀ। ਜਿਵੇਂ ਭਲਵਾਨਾਂ ਨੂੰ ਸੁੱਚੇ ਆਚਰਣ ਅਤੇ ਸਦਾਚਾਰਕ ਗੁਣਾਂ ਦੀ ਸਿੱਖਿਆ ਉਹਨਾਂ ਦੇ ਉਸਤਾਦਾਂ ਵੱਲੋਂ ਦਿੱਤੀ ਜਾਂਦੀ ਸੀ, ਏਸੇ ਤਰ੍ਹਾਂ ਇਨ੍ਹਾਂ ਗਮੰਤਰੀਆਂ ਨੂੰ ਵੀ ਸੁੱਚੇ ਆਚਰਣਕ ਅਤੇ ਸਵੱਛ ਜੀਵਨ ਜਿਉਣ ਦਾ ਉਪਦੇਸ਼ ਇਨ੍ਹਾਂ ਦੇ ਉਸਤਾਦਾਂ ਵੱਲੋਂ ਦਿੱਤਾ ਜਾਂਦਾ ਸੀ। ਇਹ ਆਪਣੇ ਪਹਿਰਾਵੇ ਦੀ ਸਵੱਛਤਾ ਨੂੰ ਆਪਣੇ ਜੀਵਨ ਦੀ ਸਵੱਛਤਾ ਵਿਚ ਢਾਲਣ ਲਈ ਵਚਨਬੱਧ ਹੁੰਦੇ ਸਨ। ਸਰੋਤਿਆਂ ਤੇ ਇਨ੍ਹਾਂ ਦੀ ਦਿੱਖ ਦਾ ਗਹਿਰਾ ਪ੍ਰਭਾਵ ਪੈਂਦਾ ਸੀ। ਅਖਾੜੇ ਵਿਚ ਕਦਮ ਨਾਲ ਕਦਮ ਮਿਲਾਕੇ ਚੱਲਣਾ, ਅੱਗੇ ਪਿੱਛੇ ਹੋਣਾ, ਸੱਜਾ ਪੈਰ ਅੱਗੇ ਕੱਢ ਕੇ ਬਾਂਹ ਉਚੀ ਚੁੱਕਕੇ ਅਤੇ ਸਰੀਰ ਨੂੰ ਅੱਗੇ ਝੁਕਾ ਕੇ ਆਵਾਜ਼ ਲਗਾਉਣੀ ਆਦਿ ਵਰਗੇ ਐਕਸ਼ਨਾਂ ਨਾਲ ਸਰੋਤਿਆਂ ਨੂੰ ਕੀਲ ਲੈਂਦੇ ਸਨ। ਇਹ ਸਭ ਗੱਲਾਂ ਇਸ ਗਾਇਣ ਸ਼ੈਲੀ ਦਾ ਹੀ ਇੱਕ ਹਿੱਸਾ ਸਨ।

## ਧਰਮ ਨਿਰਪੇਖ ਸੁਭਾਅ

ਲੋਕ ਢਾਡੀ ਕਲਾ ਦੀ ਇਕ ਵੱਡੀ ਵਿਸ਼ੇਸ਼ਤਾ ਹੈ ਇਸ ਦਾ ਧਰਮ ਨਿਰਪੱਖ ਸਰੂਪ। ਵੱਖ ਵੱਖ ਧਰਮਾਂ ਅਤੇ ਜਾਤਾਂ ਨਾਲ ਸਬੰਧਤ ਹੁੰਦੇ ਹੋਏ ਵੀ ਇਨ੍ਹਾਂ ਨੇ ਆਪਣੇ ਆਪ ਨੂੰ ਧਰਮ ਦੀਆਂ ਵਲਗਣਾਂ ਵਿਚ ਕੈਦ ਨਹੀਂ ਕੀਤਾ ਸਗੋਂ ਸਮੁੱਚੇ ਪੰਜਾਬ ਦੇ ਸੱਭਿਆਚਾਰਕ ਵਿਰਸੇ ਅਤੇ ਧਰਮ ਨਿਰਪੇਖਤਾ ਦੀ ਗੱਲ ਕੀਤੀ ਹੈ। ਮੁਸਲਮਾਨ ਢਾਡੀ ਵੀ ਹਿੰਦੂ ਪੌਰਾਣਿਕ ਕਥਾਵਾਂ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਪ੍ਰਸੰਗਾਂ ਨੂੰ ਸ਼ਰਧਾ ਪੂਰਵਕ ਗਾਉਂਦੇ ਰਹੇ। ਇਸੇ ਤਰ੍ਹਾਂ ਸਿੱਖ ਢਾਡੀ ਹਿੰਦੂ ਮਿਥਿਹਾਸ ਨਾਲ ਸਬੰਧਤ ਰਚਨਾਵਾਂ ਨੂੰ ਅਤੇ ਹਿੰਦੂ ਢਾਡੀ ਸਿੱਖ ਇਤਿਹਾਸ ਨਾਲ ਸਬੰਧਤ ਪ੍ਰਸੰਗਾਂ ਨੂੰ ਦਿਲੀ ਸ਼ਰਧਾ ਨਾਲ ਗਾਉਂਦੇ ਸਨ। ਇਨ੍ਹਾਂ ਵਿੱਚੋਂ ਬਹੁਤੇ ਢਾਡੀਆਂ ਨੇ ਮੁਢਲੀ ਸਿੱਖਿਆ ਹੀ ਸਾਧਾਂ ਸੰਤਾਂ ਦੇ ਡੇਰਿਆਂ, ਮੰਦਰਾਂ ਅਤੇ ਗੁਰਦੁਆਰਿਆਂ ਤੋਂ ਪ੍ਰਾਪਤ ਕੀਤੀ ਸੀ। ਕਈਆਂ ਨੇ ਢਾਡੀ ਰਾਗ ਦੀ ਸਿੱਖਿਆ ਵੀ ਧਾਰਮਿਕ ਡੇਰਿਆਂ ਤੋਂ ਹੀ ਪ੍ਰਾਪਤ ਕੀਤੀ ਹੁੰਦੀ ਸੀ, ਜਿਥੇ ਲੋਕ ਸਭਿਆਚਾਰ, ਧਾਰਮਿਕ ਅਤੇ ਸਦਾਚਾਰਕ ਗ੍ਰੰਥਾਂ ਦੀ ਸਿੱਖਿਆ ਵੀ ਉਨ੍ਹਾਂ ਨੂੰ ਦਿੱਤੀ ਜਾਂਦੀ ਸੀ। ਇਸ਼ਕ ਮਜਾਜ਼ੀ ਤੇ ਇਸ਼ਕ ਹਕੀਕੀ ਦਾ ਸੁਮੇਲ ਇਸ ਕਲਾ ਦੀ ਮਹਾਨ ਪ੍ਰਾਪਤੀ ਮੰਨੀ ਜਾ ਸਕਦੀ ਹੈ।



# ਇਤਿਹਾਸਕ ਵਿਕਾਸ

ਜਦੋਂ ਅਸੀਂ ਕਿਸੇ ਕਲਾ ਦੇ ਇਤਿਹਾਸ ਦੀ ਗੱਲ ਕਰਦੇ ਹਾਂ ਤਾਂ ਇਸਨੂੰ ਪੂਰੀ ਤਰ੍ਹਾਂ ਸਮਝਣ ਲਈ ਇਸਦਾ ਵਰਗੀਕਰਨ ਜਾਂ ਵੰਡ ਕੀਤੀ ਜਾਂਦੀ ਹੈ। ਭਾਵੇਂ ਇਹ ਕਾਲ ਅਨੁਸਾਰ ਹੋਵੇ, ਸੁਭਾਅ ਅਨੁਸਾਰ ਹੋਵੇ ਜਾਂ ਕਿਸੇ ਹੋਰ ਢੰਗ ਨਾਲ ਪੜਾਅ ਵਾਰ ਹੋਵੇ। ਲੋਕ ਢਾਡੀ ਕਲਾ ਦੇ ਇਤਿਹਾਸ ਨੂੰ ਵਾਚਣ ਲਈ ਇਸਨੂੰ ਤਿੰਨ ਹਿੱਸਿਆ ਵਿੱਚ ਵੰਡਿਆ ਜਾ ਸਕਦਾ ਹੈ। ਜੋ ਅੱਗੇ ਲਿਖੇ ਅਨੁਸਾਰ ਹੋ ਸਕਦੇ ਹਨ।

ੳ) ਰਿਕਾਰਡ ਹੋਏ ਲੋਕ ਢਾਡੀ

ਅ) ਰਿਕਾਰਡ ਨਾ ਹੋਏ ਪਰ ਆਮ ਲੋਕਾਂ ਵਿਚ ਪ੍ਰਚੱਲਤ ਹੋਏ ਲੋਕ ਢਾਡੀ

ੲ) ਵਰਤਮਾਨ ਲੋਕ ਢਾਡੀ

# ਰਿਕਾਰਡ ਹੋਏ ਢਾਡੀ

ਜਿਨ੍ਹਾਂ ਲੋਕ ਢਾਡੀਆਂ ਦੀ ਆਵਾਜ਼ ਅੱਜ ਵੀ ਸਾਡੇ ਕੋਲ ਸੁਰੱਖਿਅਤ ਹੈ ਭਾਵ 'ਕਾਲੇ ਤਵਿਆਂ' ਵਿਚ ਭਰੀ ਹੋਈ ਹੈ। ਉਨ੍ਹਾਂ ਬਾਰੇ ਅਸੀਂ ਤੱਥਾਂ ਸਹਿਤ ਦਾਅਵੇ ਨਾਲ ਗੱਲ ਕਰ ਸਕਦੇ ਹਾਂ। ਵਿਚਾਰਾਂ ਨੂੰ ਲਿਖਤ ਰੂਪ ਵਿਚ ਸਾਂਭਣ ਦਾ ਕੰਮ ਤਾਂ ਭਾਵੇਂ ਕਾਫੀ ਦੇਰ ਪਹਿਲਾਂ ਸ਼ੁਰੂ ਹੋ ਗਿਆ ਸੀ, ਪਰੰਤੂ ਆਵਾਜ਼ ਨੂੰ ਸਾਂਭਣ ਵਾਲਾ ਯੰਤਰ ਕਾਫੀ ਦੇਰ ਬਾਅਦ ਹੋਂਦ ਵਿਚ ਆਇਆ। ਪੰਜਾਬੀ ਲੋਕ ਗਾਇਕੀ ਦੀ ਪਹਿਲੀ ਰਿਕਾਰਡਿੰਗ 1929-30 ਵਿਚ ਹੋਈ। ਇਹ ਆਵਾਜ਼ ਲੋਕ ਢਾਡੀ ਦੀਦਾਰ ਸਿੰਘ ਰਟੈਂਡਾ ਦੀ ਸੀ। ਜਿਸਨੂੰ ਸੰਸਾਰ ਪ੍ਰਸਿੱਧ ਰਿਕਾਰਡਿੰਗ ਕੰਪਨੀ ਐਚ. ਐਮ. ਵੀ (His Master's Voice) ਨੇ ਰਿਕਾਰਡ ਕੀਤਾ। ਇਹ ਪੂਰਨ ਦੀ ਕਲੀ ਸੀ। 'ਇੱਛਰਾਂ ਧਾਹਾਂ ਮਾਰਦੀ' ਅਤੇ 'ਸਾਂਭ ਲੈ ਨਗਰੀ ਆਪਣੀ' ਇਸਦਾ ਰਿਕਾਰਡ ਨੰ: ਐਚ. ਐਮ. ਵੀ. ਐਨ 4527 ਹੈ।

ਇਸ ਕਲਾ ਨੂੰ ਇਹ ਮਾਣ ਦਿਵਾਉਣ ਵਾਲਾ ਦੂਸਰਾ ਸ਼ਖ਼ਸ ਢਾਡੀ ਨਿਰੰਜਣ ਸਿੰਘ ਹੈ। ਜਿਸਦਾ ਰੀਗਲ ਰਿਕਾਰਡਿੰਗ ਕੰਪਨੀ ਵਿਚ ਰਾਂਝੇ ਅਤੇ ਸਹਿਤੀ ਦੇ ਸਵਾਲ ਜਵਾਬ ਤਵਾ ਰਿਕਾਰਡ ਹੋਇਆ। ਇਸਦਾ ਨੰ: ਆਰ. ਐਲ. 5 ਹੈ। ਇਸ ਵਿਧਾ ਨੂੰ ਸਿਖਰ 'ਤੇ ਪਹੁੰਚਾਉਣ ਵਾਲਾ ਢਾਡੀ ਅਮਰ ਸਿੰਘ ਸ਼ੌਂਕੀ ਪੰਜਾਬੀਆਂ ਦਾ ਚਹੇਤਾ ਢਾਡੀ ਸੀ। ਜਿਸਨੇ ਢੇਰਾਂ ਦੇ ਢੇਰ ਰਿਕਾਰਡਿੰਗ ਕਰਵਾਈ ਅਤੇ ਇਸ ਕਲਾ ਦਾ ਮਾਣ ਵਧਾਇਆ। ਏਸੇ ਸਮੇਂ ਦੌਰਾਨ ਗਿਆਨੀ ਉਦੇ ਸਿੰਘ, ਦਲੀਪ ਸਿੰਘ, ਮੋਹਨ ਸਿੰਘ, ਨਾਜ਼ਰ ਸਿੰਘ ਦੁਆਬੇ ਵਾਲਾ, ਭੂਰਾ ਸਿੰਘ, ਮੇਹਰ ਸਿੰਘ, ਬਖ਼ਤਾਵਰ ਸਿੰਘ, ਗੰਗਾ ਸਿੰਘ, ਦਿਲਾਵਰ ਸਿੰਘ, ਚੈਨ ਸਿੰਘ ਤੇ ਸਤਨਾਮ ਸਿੰਘ, ਮੱਸਾ ਸਿੰਘ, ਪਾਲ ਸਿੰਘ ਪੰਛੀ, ਮਲਕੀਤ ਸਿੰਘ ਪੰਧੇਰ ਆਦਿ ਲੋਕ ਢਾਡੀਆਂ ਦੀ ਰਿਕਾਰਡਿੰਗ ਮਿਲਦੀ ਹੈ, ਜੋ ਇਸ ਸਦੀ ਦੇ ਅੱਠਵੇਂ ਦਹਾਕੇ ਤੱਕ ਦੀ ਹੈ। ਬਾਅਦ ਵਿਚ ਨਵੀਂ ਪੀੜ੍ਹੀ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਇਸ ਕਲਾ ਤੋਂ ਮੂੰਹ ਮੋੜ ਗਈ ਅਤੇ ਇਸਦੀ ਰਿਕਾਰਡਿੰਗ ਵੀ ਬੰਦ ਹੋ ਗਈ।

ਰਿਕਾਰਡਿੰਗ ਅਧੀਨ ਆਈਆਂ ਰਚਨਾਵਾਂ ਆਮ ਤੌਰ ਤੇ ਰਿਕਾਰਡਿੰਗ ਦੇ ਅਸੂਲਾਂ ਅਨੁਸਾਰ ਲਿਖੀਆਂ ਜਾ ਲਿਖਵਾਈਆਂ ਗਈਆਂ। ਕਿਉਂਕਿ 'ਤਵੇ' ਵਿਚ ਢਾਈ ਜਾਂ ਤਿੰਨ ਮਿੰਟ ਵਿਚ ਪੂਰੀ ਹੋਣ ਵਾਲੀ ਰਚਨਾ (ਕਲੀ ਜਾਂ ਵਾਰ) ਹੀ ਸਮਾ ਸਕਦੀ ਸੀ। ਇਨ੍ਹਾਂ

ਕਲੀਆਂ ਜਾਂ ਗੀਤਾਂ ਵਿਚ ਲੋਕ ਗਥਾਵਾਂ ਦੀਆਂ ਮੁੱਖ-ਮੁੱਖ ਘਟਨਾਵਾਂ ਨੂੰ ਬਿਆਨ ਕੀਤਾ ਜਾਂਦਾ ਸੀ। ਜਿਵੇਂ 'ਹੀਰ' ਵਿਚੋਂ ਹੀਰ ਅਤੇ ਰਾਂਝੇ ਦੀ ਮੁਲਾਕਾਤ, ਹੀਰ ਦਾ ਨਿਕਾਹ, ਹੀਰ ਦੀ ਡੋਲੀ, ਰਾਂਝੇ ਦਾ ਜੋਗੀ ਬਣਨਾ, ਬਿਰਹੋਂ ਕੁੱਠੀ ਹੀਰ ਦਾ ਵਰਨਣ, ਰਾਂਝੇ ਦਾ ਖੇੜੀਂ ਜਾਣਾ, ਰਾਂਝੇ ਤੇ ਸਹਿਤੀ ਦੇ ਸਵਾਲ ਜਵਾਬ, ਹੀਰ ਤੇ ਸਹਿਤੀ ਦੇ ਸਵਾਲ ਜਵਾਬ ਆਦਿ। 'ਪੂਰਨ' ਵਿੱਚੋਂ ਪੂਰਨ ਦਾ ਬਾਰਾਂ ਸਾਲ ਭੋਰੇ ਵਿਚ ਰਹਿਣਾ, ਲੂਣਾਂ ਤੇ ਪੂਰਨ ਦੇ ਸਵਾਲ ਜਵਾਬ, ਮਣਸਾ ਰਾਮ ਵਜ਼ੀਰ ਤੇ ਰਾਜਾ ਸਲਵਾਨ ਦੇ ਸਵਾਲ ਜਵਾਬ, ਪੂਰਨ ਦਾ ਗੋਰਖ ਨਾਥ ਨਾਲ ਮੇਲ, ਪੂਰਨ ਦਾ ਜੋਗੀ ਬਣਨਾ, ਰਾਣੀ ਸੁੰਦਰਾਂ ਦੇ ਮਹਿਲੀਂ ਭਿੱਖਿਆ ਲੈਣ ਜਾਣਾ, ਪੂਰਨ ਦਾ ਇੱਛਰਾਂ ਨਾਲ ਮੇਲ ਆਦਿ। 'ਜੈਮਲ-ਫੱਤੇ' ਦੀ ਵਾਰ ਵਿਚ ਅਕਬਰ ਬਾਦਸ਼ਾਹ ਵੱਲੋਂ ਉਨ੍ਹਾਂ ਦੀ ਧੀ ਦਾ ਡੋਲਾ ਮੰਗਣ 'ਤੇ ਉਨ੍ਹਾਂ ਦਾ ਪ੍ਰਤੀਕਰਮ। 'ਦੁੱਲਾ ਭੱਟੀ' ਵਿੱਚੋਂ ਦੁੱਲੇ ਨੂੰ ਮਾਂ ਦੀ ਨਸੀਹਤ, ਦੁੱਲੇ ਦੀ ਹੋਣੀ ਨਾਲ ਮੁਲਾਕਾਤ, ਦੁੱਲੇ ਦੀ ਮੁਗ਼ਲਾਂ ਨਾਲ ਲੜਾਈ, ਮੇਹਰੂ ਪੋਸਤੀ ਨਾਲ ਵਾਰਤਾਲਾਪ। 'ਢੋਲ ਸੰਮੀ' ਵਿੱਚੋਂ ਸਹੁਰੇ ਗਏ ਢੋਲ ਨੂੰ ਉਸਦੇ ਤੋਤੇ ਵੱਲੋਂ ਨਸੀਹਤ, ਸੋਹਣੀ ਦੀਆਂ ਘੜੇ ਨਾਲ ਗੱਲਾਂ, ਸੁੱਤੀ ਪਈ ਸੱਸੀ ਨਾਲੋਂ ਪੁੰਨੂ ਦਾ ਵਿਛੋੜਾ, ਸੱਸੀ ਦਾ ਥਲਾਂ ਵਿਚ ਭਟਕਣਾ, ਰਾਜਾ ਰਸਾਲੂ, ਕੌਲਾਂ ਅਤੇ ਮਿਰਜ਼ੇ ਦੀਆਂ ਗਾਥਾਵਾਂ ਵਿੱਚੋਂ ਵੱਖ-ਵੱਖ ਘਟਨਾਵਾਂ ਨਾਲ ਸਬੰਧਤ ਰਚਨਾਵਾਂ ਰਿਕਾਰਡ ਹੋਈਆਂ ਮਿਲਦੀਆਂ ਹਨ।

'ਹੀਰ' ਜ਼ਿਆਦਾਤਰ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਹੀ ਰਿਕਾਰਡ ਹੋਈ ਮਿਲਦੀ ਹੈ। ਪਰੰਤੂ ਕੁੱਝ ਢਾਡੀਆਂ ਨੇ 'ਹੀਰ'ਦੀਆਂ ਕਲੀਆਂ ਆਪ ਲਿਖਕੇ ਰਿਕਾਰਡ ਕਰਵਾਈਆਂ ਹਨ। ਇਨ੍ਹਾਂ ਵਿਚ ਦੀਦਾਰ ਸਿੰਘ ਰਟੈਂਡਾ, ਨਿਰੰਜਣ ਸਿੰਘ, ਅਮਰ ਸਿੰਘ ਸ਼ੌਂਕੀ, ਨਾਜ਼ਰ ਸਿੰਘ ਆਦਿ ਦੇ ਨਾਂ ਲਏ ਜਾ ਸਕਦੇ ਹਨ। 'ਪੂਰਨ' ਆਮਤੌਰ 'ਤੇ ਕਰਮ ਸਿੰਘ ਟੂਸਿਆਂ ਵਾਲੇ ਦਾ ਹੀ ਰਿਕਾਰਡ ਹੋਇਆ ਮਿਲਦਾ ਹੈ। ਅਮਰ ਸਿੰਘ ਸ਼ੌਂਕੀ ਨੇ ਤਾਂ ਜਿੰਨੀ ਰਿਕਾਰਡਿੰਗ ਕਰਵਾਈ ਹੋਈ ਹੈ, ਉਹ ਉਸਦੀ ਆਪਣੀ ਹੀ ਲਿਖੀ ਹੋਈ ਹੈ। ਸ਼ੌਂਕੀ ਦਾ ਗਾਇਆ ਮਿਰਜ਼ਾ ਪੰਜਾਬੀਆਂ ਵਿਚ ਸਭ ਤੋਂ ਵੱਧ ਮਕਬੂਲ ਹੋਇਆ ਹੈ। ਊਦੇ ਸਿੰਘ ਦੀ ਲਿਖੀ ਅਤੇ ਦਲੀਪ ਸਿੰਘ ਦੀ ਆਵਾਜ਼ ਵਿਚ ਰਿਕਾਰਡ ਹੋਈ ਸੱਸੀ ਦਾ ਕੋਈ ਮੁਕਾਬਲਾ ਨਹੀਂ। ਅੱਜ ਵੀ ਕਾਲਜਾਂ ਦੇ ਯੁਵਕ ਮੇਲਿਆਂ ਦੇ ਲੋਕ ਗਾਥਾ ਮੁਕਾਬਲਿਆਂ ਵਿਚ ਇਹ ਗਾਈ ਜਾਂਦੀ ਹੈ।

ਐਚ.ਐਮ.ਵੀ.ਕੰਪਨੀ ਤੋਂ ਇਲਾਵਾ ਇਸ ਕਲਾ ਨੂੰ ਦੂਸਰੀਆਂ ਜਿਹੜੀਆਂ ਰਿਕਾਰਡਿੰਗ ਕੰਪਨੀਆਂ ਨੇ ਰਿਕਾਰਡ ਕੀਤਾ ਉਹਨਾਂ ਵਿਚ ਰੀਗਲ, ਯੰਗ ਇੰਡੀਆ, ਕੋਲੰਬੀਆ, ਦੀ ਟਵਿਨ, ਨਿਸ਼ਾਤ ਰਿਕਾਰਡਜ਼, ਹਿੰਦੁਸਤਾਨ ਰਿਕਾਰਡਜ਼, ਕੋਹਿਨੂਰ

ਰਿਕਾਰਡਜ਼ ਆਦਿ ਸ਼ਾਮਲ ਹਨ। ਇਨ੍ਹਾਂ ਕੰਪਨੀਆਂ ਨੇ 'ਰਾਇਲਟੀ' ਨਾਲ ਲੋਕ ਢਾਡੀਆਂ ਦੀ ਆਰਥਿਕ ਸਥਿਤੀ ਵਿਚ ਸੁਧਾਰ ਲਿਆਂਦਾ। ਕੁਝ ਇਕ ਕੰਪਨੀਆਂ ਨੇ ਬਿਮਾਰੀ ਦੀ ਹਾਲਤ ਵਿਚ ਕੁੱਝ ਲੋਕ ਢਾਡੀਆਂ ਦੀ ਆਰਥਿਕ ਮੱਦਦ ਵੀ ਕੀਤੀ।

ਲਾਊਡ ਸਪੀਕਰ ਨੇ ਇਨ੍ਹਾਂ ਲੋਕ ਢਾਡੀਆਂ ਦੀ ਆਮ ਲੋਕਾਂ ਤੱਕ ਪਹੁੰਚ ਬਹੁਤ ਸੁਖਾਲੀ ਕਰ ਦਿੱਤੀ। ਸਾਊਂਡ ਬਾਕਸ ਵਾਲੀਆਂ ਗ੍ਰਾਮੋਫੋਨ ਮਸ਼ੀਨਾਂ ਤਾਂ ਭਾਵੇਂ ਬਹੁਤ ਪਹਿਲਾਂ ਤੋਂ ਚੱਲ ਰਹੀਆਂ ਸਨ ਪਰ ਇਨ੍ਹਾਂ ਦਾ ਦਾਇਰਾ ਛੋਟਾ ਸੀ। ਇਹ ਨਿੱਜ ਤੱਕ ਹੀ ਸੀਮਿਤ ਸਨ। ਇਸ ਦੇ ਉਲਟ ਐਂਪਲੀਫਾਇਰ ਵਾਲੇ ਲਾਊਡ ਸਪੀਕਰ ਪਿੰਡਾਂ ਵਿਚ ਆਉਣ ਨਾਲ ਰਿਕਾਰਡਿੰਗ ਨਿੱਜ ਤੋਂ ਸਮੂਹ ਤੱਕ ਪਹੁੰਚ ਗਈ। ਹਰ ਵੱਡੇ ਪਿੰਡ ਵਿਚ ਇੱਕ ਅੱਧ ਲਾਊਡ ਸਪੀਕਰ ਪਹੁੰਚ ਚੁੱਕਿਆ ਸੀ। ਕੋਈ ਵੀ ਖੁਸ਼ੀ ਲਾਊਡ ਸਪੀਕਰ ਬਿਨਾਂ ਅਧੂਰੀ ਸਮਝੀ ਜਾਂਦੀ ਸੀ। ਕੋਠੇ ਉਤੇ ਦੋ ਮੰਜੇ ਟੇਢੇ ਖੜ੍ਹੇ ਕਰਕੇ ਇੱਕ ਤਰ੍ਹਾਂ ਦੀ ਕੁੱਲ੍ਹੀ ਜਿਹੀ ਬਣਾਕੇ ਉਪਰ 'ਜੁੰਟ ਵਾਲਾ ਧੂਤੂ' (ਹਾਰਨ) ਟੰਗਿਆ ਜਾਂਦਾ ਸੀ। ਫੱਨਰ ਵਾਲੀ ਮਸ਼ੀਨ ਨੂੰ ਹਰ ਰਿਕਾਰਡ ਸਮੇਂ ਚਾਬੀ ਦਿੱਤੀ ਜਾਂਦੀ ਸੀ। ਦਿਨ ਸਮੇਂ ਆਮ ਲੋਕ ਗੀਤਾਂ, ਦੁਗਾਣਿਆਂ ਦੇ ਰਿਕਾਰਡ ਵੱਜਦੇ ਰਹਿੰਦੇ ਸਨ। ਰਾਤ ਨੌਂ ਦਸ ਵਜੇ ਤੋਂ ਬਾਅਦ ਕਲੀਆਂ (ਲੋਕ ਢਾਡੀਆਂ ਦੇ ਰਿਕਾਰਡ) ਸ਼ੁਰੂ ਹੋ ਜਾਂਦੇ ਸਨ। ਗਰਮੀਆਂ ਦੀ ਟਿਕੀ ਰਾਤ ਨੂੰ ਕੋਠਿਆਂ 'ਤੇ ਪਏ ਗੱਭਰੂ ਅਤੇ ਵਡੇਰੀ ਉਮਰ ਦੇ ਬੰਦੇ, ਖੇਤਾਂ ਵਿਚ ਪਾਣੀ ਲਾਉਂਦੇ ਤੇ ਰਾਖੀ ਕਰਦੇ ਕਾਮੇ ਸਾਹ ਰੋਕੀਂ ਇਨ੍ਹਾਂ ਰਿਕਾਰਡਾਂ ਨੂੰ ਸੁਣਦੇ ਰਹਿੰਦੇ ਸਨ। ਅੱਧੀ ਰਾਤ ਤੋਂ ਬਾਅਦ ਤੱਕ ਸਿਰਫ ਢਾਡੀ ਕਲੀਆਂ ਹੀ ਵੱਜਦੀਆਂ ਰਹਿੰਦੀਆਂ ਸਨ। ਇਸ ਨਾਲ ਲੋਕਾਂ ਵਿਚ ਇਨ੍ਹਾਂ ਢਾਡੀਆਂ ਦੀ ਹਰਮਨ ਪਿਆਰਤਾ ਵਿਚ ਬਹੁਤ ਵਾਧਾ ਹੋਇਆ। ਜਿਨ੍ਹਾਂ ਲੋਕਾਂ ਨੂੰ ਪਹਿਲਾਂ ਅਖਾੜਿਆਂ ਤੱਕ ਪਹੁੰਚਣਾ ਮੁਸ਼ਕਲ ਹੁੰਦਾ ਸੀ, ਹੁਣ ਘਰ ਬੈਠੇ ਹੀ ਉਹ ਇਨ੍ਹਾਂ ਨੂੰ ਸੁਣਕੇ ਆਪਣੇ ਅੰਦਰਲੀ ਭੁੱਖ ਨੂੰ ਤ੍ਰਿਪਤ ਕਰ ਲੈਂਦੇ ਸਨ। ਦੂਜੇ ਪਾਸੇ ਇਸ ਗੱਲ ਨਾਲ ਰਿਕਾਰਡਿੰਗ ਕੰਪਨੀਆਂ ਨੂੰ ਵੀ ਫਾਇਦਾ ਹੋਇਆ ਅਤੇ ਲੋਕ ਢਾਡੀਆਂ ਨੂੰ ਵੀ। ਕਿਉਂਕਿ ਕੰਪਨੀਆਂ ਦੇ ਰਿਕਾਰਡ ਧੜਾਧੜ ਵਿਕਣ ਲੱਗੇ। ਵਿਕਰੀ ਕਾਰਨ ਢਾਡੀਆਂ ਦੀ ਰਾਇਲਟੀ ਵੀ ਵਧਣ ਲੱਗੀ ਜਿਸ ਨਾਲ ਉਨ੍ਹਾਂ ਨੂੰ ਆਰਥਿਕ ਪੱਖੋਂ ਲਾਭ ਹੋਇਆ। ਦੀਦਾਰ ਸਿੰਘ ਰਟੈਂਡਾ, ਅਮਰ ਸਿੰਘ ਸ਼ੌਂਕੀ, ਨਿਰੰਜਣ ਸਿੰਘ, ਨਾਜ਼ਰ ਸਿੰਘ, ਮੋਹਣ ਸਿੰਘ, ਪਾਲ ਸਿੰਘ ਪੰਛੀ ਆਦਿ ਢਾਡੀ ਰਿਕਾਰਡਿੰਗ ਰਾਹੀਂ ਹੀ ਲੋਕਾਂ ਦੇ ਚਹੇਤੇ ਹੋਏ। ਜਿਸ ਨਾਲ ਉਨਾਂ ਦੀ ਸ਼ੁਹਰਤ ਵੀ ਵਧੀ ਤੇ ਪੈਸਾ ਵੀ ਮਿਲਿਆ।

ਇਸ ਤਰ੍ਹਾਂ ਉਪਰੋਕਤ ਅਧਿਐਨ ਤੋਂ ਸਾਨੂੰ ਪਤਾ ਲਗਦਾ ਹੈ ਕਿ ਸਾਡੇ ਕੋਲ ਲੋਕ ਢਾਡੀ ਕਲਾ ਦਾ ਇਕ ਸਨਮਾਨਯੋਗ ਅਤੇ ਮਹਾਨ ਰਿਕਾਰਡਿੰਗ ਵਿਰਸਾ ਹੈ। ਪਰੰਤੂ ਬੜੇ

ਦੁੱਖ ਦੀ ਗੱਲ ਹੈ ਕਿ ਇਹ ਕਿਸੇ ਸੰਸਥਾ ਜਾਂ ਸੱਭਿਆਚਾਰਕ ਮਾਮਲੇ ਵਿਭਾਗ ਕੋਲ ਸਮੁੱਚੇ ਤਾਂ ਕੀ, ਅੱਧ ਅਧੂਰੇ ਰੂਪ ਵਿਚ ਵੀ ਸੰਭਾਲਿਆ ਹੋਇਆ ਨਹੀਂ ਹੈ। ਇਧਰ ਉਧਰ ਖਿਲਰਿਆ ਪਿਆ ਹੈ। ਹਾਂ ਕੁਝ ਇਕ ਉੱਦਮੀ ਵਿਅਕਤੀਆਂ ਨੇ ਆਪਣੇ ਸ਼ੌਕ ਦੀ ਖਾਤਰ ਨਿੱਜੀ ਯਤਨਾਂ ਨਾਲ ਕੁਝ ਰਿਕਾਰਡਿੰਗ ਨੂੰ ਸਾਂਭਣ ਦਾ ਯਤਨ ਕੀਤਾ ਹੈ। ਇਨ੍ਹਾਂ ਵਿਚ ਪ੍ਰੋ: ਬਲਦੇਵ ਸਿੰਘ ਬੁੱਟਰ ਅਹਿਮਦਗੜ੍ਹ ਵਾਲੇ, ਸ੍ਰ: ਬਲਕੀਤ ਸਿੰਘ ਪੇਸੀ ਬਰਵਾਲਾ ਵਾਲੇ, ਗੁਰਮੁੱਖ ਸਿੰਘ ਲਾਲੀ ਨਾਈ ਵਾਲਾ (ਬਰਨਾਲਾ) ਵਾਲੇ, ਭੀਮ ਸਿੰਘ ਲੁਬਾਣਾ (ਸਪੀਕਰਵਾਲਾ), ਗੁਰਦੀਪ ਸਿੰਘ ਗਾਜ਼ੀਪੁਰ, ਪ੍ਰੋ: ਜਸਵਿੰਦਰ ਸ਼ਰਮਾ ਅਤੇ ਇਕਾ ਦੁੱਕਾ ਹੋਰ ਉੱਦਮੀਆਂ ਕੋਲ ਰਿਕਾਰਡਿੰਗ ਮਿਲਦੀ ਹੈ। ਸਭਿਆਚਾਰਕ ਸੰਸਥਾਵਾਂ ਜਾਂ ਪੰਜਾਬ ਸਰਕਾਰ ਦੇ ਸੱਭਿਆਚਾਰਕ ਮਾਮਲੇ ਵਿਭਾਗ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਅਤੇ ਖਿੱਲਰੀ ਪਈ ਇਸ ਵਿਰਾਸਤ ਨੂੰ ਸਾਂਭਣਾ ਚਾਹੀਦਾ ਹੈ। ਨਹੀਂ ਤਾਂ ਹੋਰ ਕੁਝ ਸਾਲਾਂ ਤੱਕ ਅਸੀਂ ਆਪਣੇ ਇਸ ਮਹਾਨ ਵਿਰਸੇ ਤੋਂ ਵਿਰਵੇ ਹੋ ਜਾਵਾਂਗੇ। ਅਖੌਤੀ ਸੱਭਿਆਚਾਰਕ ਸੰਸਥਾਵਾਂ ਜੋ ਲੱਖਾਂ ਰੁਪਏ ਸੱਭਿਆਚਾਰਕ ਪ੍ਰੋਗਰਾਮ ਉਤੇ ਖਰਚ ਕਰ ਦਿੰਦੀਆਂ ਹਨ ਪਰੰਤੂ ਉਨ੍ਹਾਂ ਦੀ ਠੋਸ ਪ੍ਰਾਪਤੀ ਕੋਈ ਨਹੀਂ ਹੈ। ਇਹ ਲੋਕਾਂ ਦੇ ਪੈਸੇ ਦੀ ਗਲਤ ਵਰਤੋਂ ਹੈ। ਲੋੜ ਹੈ ਆਪਣੇ ਮਹਾਨ ਸੱਭਿਆਚਾਰਕ ਵਿਰਸੇ ਨੂੰ ਸਾਂਭਣ ਦੀ ਅਤੇ ਨਵੀਂ ਪੀੜ੍ਹੀ ਨੂੰ ਇਸ ਨਾਲ ਜੋੜਨ ਦੀ।

# ਦੀਦਾਰ ਸਿੰਘ ਰਟੈਂਡਾ

ਜਦੋਂ ਅਸੀਂ ਰਿਕਾਰਡਿੰਗ ਢਾਡੀ ਕਲਾ ਬਾਰੇ ਗੱਲ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ 1929 ਦਾ ਵਰ੍ਹਾ ਲੋਕ ਢਾਡੀ ਕਲਾ ਦਾ ਸੁਨਹਿਰੀ ਵਰ੍ਹਾ ਹੈ, ਕਿਉਂਕਿ ਇਸੇ ਵਰ੍ਹੇ ਢਾਡੀ ਕਲਾ ਨੂੰ ਰਿਕਾਰਡ ਹੋਣ ਦਾ ਮਾਣ ਪ੍ਰਾਪਤ ਹੋਇਆ ਭਾਵ ਇਸ ਨੂੰ 'ਕਾਲੇ ਤਵਿਆਂ' (ਗਰਾਮੋਫੋਨ ਡਿਸਕ ਰਿਕਾਰਡ) ਵਿਚ ਭਰ ਕੇ ਭਵਿੱਖ ਲਈ ਸਾਂਭਿਆ ਗਿਆ। ਲੋਕ ਢਾਡੀ ਕਲਾ ਨੂੰ ਮਾਣ ਦਿਵਾਉਣ ਵਾਲੀ ਇਹ ਪਹਿਲੀ ਆਵਾਜ਼ ਸੀ ਮਰਹੂਮ ਢਾਡੀ ਦੀਦਾਰ ਸਿੰਘ ਰਟੈਂਡਾ ਦੀ, ਜਿਸ ਨੂੰ ਸੰਸਾਰ ਪ੍ਰਸਿੱਧ ਰਿਕਾਰਡਿੰਗ ਕੰਪਨੀ ਐਚ.ਐਮ.ਵੀ.ਨੇ ਰਿਕਾਰਡ ਕਰਕੇ ਅਮਰ ਕੀਤਾ। ਇਹ ਕੇਵਲ ਅਨੁਮਾਨ ਨਹੀਂ ਸਗੋਂ ਇਤਿਹਾਸਕ ਸਚਾਈ ਹੈ। ਹਿੰਦੀ ਫਿਲਮ 'ਮਾਧੁਰੀ' ਜੋ 1931 ਵਿਚ ਰਲੀਜ਼ ਹੋਈ ਉਸ ਦੇ ਗੀਤਾਂ ਦਾ ਰਿਕਾਰਡ ਨੰ: ਐਚ.ਐਮ.ਵੀ.ਐਨ 5622 ਹੈ। ਦੀਦਾਰ ਸਿੰਘ ਰਟੈਂਡਾ ਦੇ ਤਵੇ ਪੂਰਨ ਦੀ ਕਲੀ 'ਇੱਛਰਾਂ ਧਾਹਾਂ ਮਾਰਦੀ' ਅਤੇ 'ਸਾਂਭ ਲੈ ਨਗਰੀ ਆਪਣੀ' ਦਾ ਰਿਕਾਰਡ ਨੰ: ਐਚ.ਐਮ.ਵੀ.ਐਨ 4527 ਹੈ। ਦੀਦਾਰ ਦੇ ਇਸ ਤੋਂ ਪਹਿਲਾਂ ਦੇ ਵੀ ਰਿਕਾਰਡ ਗੀਤ ਹਨ। ਇਸ ਤੋਂ ਪਤਾ ਲੱਗ ਜਾਂਦਾ ਹੈ ਕਿ ਇਹ ਰਿਕਾਰਡ 1929 ਦੇ ਲਗਭਗ ਰਿਕਾਰਡ ਹੋਏ।

ਦੀਦਾਰ ਸਿੰਘ ਦਾ ਜਨਮ 1893 ਦੇ ਨੇੜੇ-ਤੇੜੇ ਜ਼ਿਲ੍ਹਾ ਜਲੰਧਰ ਦੇ ਕਸਬੇ ਬੰਗਾ ਦੇ ਨੇੜਲੇ ਪਿੰਡ ਰਟੈਂਡਾ ਵਿਖੇ ਪਿਤਾ ਦਲੇਰ ਸਿੰਘ ਦੇ ਘਰ ਹੋਇਆ। ਬਾਅਦ ਵਿਚ ਇਸਦਾ ਪਰਵਾਰ ਬਾਰ ਦੇ ਇਲਾਕੇ ਵਿਚ ਚਲਾ ਗਿਆ। ਏਥੇ ਹੀ ਉਸਨੂੰ ਗਾਉਣ ਦੀ ਚੇਟਕ ਲੱਗੀ। 1913 ਵਿਚ ਮੁਕਸਰ ਦੇ ਮੇਲੇ ਤੇ ਗਏ ਦੀਦਾਰ ਸਿੰਘ ਨੇ ਅਖਾੜਾ ਲਾ ਰਹੇ ਢਾਡੀ ਜੈਮਲ ਸਿੰਘ ਕੋਰੇਆਣੇ ਵਾਲੇ ਨੂੰ ਆਪਣਾ ਉਸਤਾਦ ਧਾਰ ਲਿਆ ਅਤੇ ਭਗਤੂ ਰਾਮਗੜ੍ਹੀਆ ਸਾਰੰਗੀ ਮਾਸਟਰ ਤੋਂ ਸਾਰੰਗੀ ਦੇ ਸੁਰਾਂ ਬਾਰੇ ਜਾਣਿਆ। ਦੀਦਾਰ ਨੇ ਧੰਨੇ ਅਤੇ ਭਗਤੂ ਨਾਲ ਗਾਉਣਾ ਸ਼ੁਰੂ ਕਰ ਦਿੱਤਾ। ਮੇਲਿਆਂ ਅਤੇ ਸੱਥਾਂ ਦੇ ਅਖਾੜਿਆਂ ਤੋਂ ਹੌਸਲਾ ਕਰਕੇ ਉਹ ਐਚ.ਐਮ.ਵੀ. ਕੰਪਨੀ ਤੱਕ ਜਾ ਪਹੁੰਚੇ। 1929 ਵਿਚ ਇਸ ਕੰਪਨੀ ਨੇ ਉਹਨਾਂ ਦੇ ਛੇ ਤਵੇ ਭਰੇ। ਭਾਵੇਂ ਕੰਪਨੀ ਦਾ ਇਹ ਪਹਿਲਾ ਤਜਰਬਾ ਸੀ ਪਰ ਸਫਲ ਰਿਹਾ। ਦੁਬਾਰਾ ਫੇਰ ਏਸ ਕੰਪਨੀ ਨੇ ਦੀਦਾਰ ਹੁਰਾਂ ਨੂੰ ਬੁਲਾ ਕੇ ਰਿਕਾਰਡ ਕੀਤਾ। ਇਸ ਤੋਂ ਬਾਅਦ ਦੀਦਾਰ ਤੇ ਸਾਥੀਆਂ ਨੂੰ ਯੰਗ ਇੰਡੀਆ, ਕੋਲੰਬੀਆ, ਜੀਨੋਫੋਨ, ਹਿੰਦੁਸਤਾਨ ਰਿਕਾਰਡਜ਼ ਆਦਿ ਕੰਪਨੀਆਂ ਨੇ ਵੀ ਕਈ ਵਾਰ ਮੌਕਾ ਦਿੱਤਾ ਅਤੇ ਬਹੁਤ ਸਾਰੀ ਰਿਕਾਰਡਿੰਗ ਕੀਤੀ। 1943 ਵਿਚ ਜਦੋਂ ਦੀਦਾਰ

ਸਿੰਘ ਗੰਭੀਰ ਰੂਪ ਵਿਚ ਬੀਮਾਰ ਹੋ ਗਿਆ ਤਾਂ ਯੰਗ ਇੰਡੀਆ ਕੰਪਨੀ ਨੇ ਅੱਠ ਸੌ ਰੁਪਏ ਦੀ ਮੱਦਦ ਦਿੱਤੀ। ਧੰਨੇ ਅਤੇ ਭਗਤੂ ਤੋਂ ਬਿਨਾਂ ਛਾਂਗਾ ਤੇ ਨੱਥਾ ਰੰਗੀਆਂ ਵਾਲੇ ਸਾਜ਼ੀ, ਤਾਰਾ, ਨਛੱਤਰ ਕਲੇਰਾਂ ਵਾਲਾ, ਮਹਿੰਗਾ ਆਦਿ ਸਮੇਂ ਸਮੇਂ ਉਸਦਾ ਸਾਥ ਦਿੰਦੇ ਰਹੇ। ਵੰਡ ਤੋਂ ਬਾਅਦ ਨਿਰੰਜਣ ਸਿੰਘ, ਨਾਜ਼ਰ ਸਿੰਘ ਤੇ ਲਸ਼ਕਰ ਸਿੰਘ ਜਮਸ਼ੇਰ ਵਾਲੇ ਤਿੰਨੇ ਲੰਮਾ ਸਮਾਂ ਦੀਦਾਰ ਸਿੰਘ ਨਾਲ ਗਾਉਂਦੇ ਰਹੇ।

ਵੰਡ ਵੇਲੇ ਦੀਦਾਰ ਨੂੰ ਫੇਰ ਏਧਰਲੇ ਪੰਜਾਬ ਆਉਣਾ ਪਿਆ। ਗੁਣਾਚੌਰ ਉਸ ਨੂੰ ਜ਼ਮੀਨ ਅਲਾਟ ਹੋਈ। ਏਥੇ ਹੀ ਉਹ ਆਪਣੇ ਅੰਤ ਸਮੇਂ ਤੱਕ ਰਿਹਾ। ਉਹ ਆਪਣੀਆਂ ਰਚਨਾਵਾਂ ਨੂੰ ਇਕ ਕਿਤਾਬ ਦੇ ਰੂਪ ਵਿਚ ਛਪਾਉਣਾ ਚਾਹੁੰਦਾ ਸੀ ਪਰ ਉਸਦਾ ਇਹ ਸੁਪਨਾ ਅਧੂਰਾ ਹੀ ਰਿਹਾ।

ਦੀਦਾਰ ਨੇ ਬਹੁਤੀਆਂ ਕਲੀਆਂ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀਆਂ ਗਾਈਆਂ ਬਾਅਦ ਵਿਚ ਆਪਣੀਆਂ ਤਿਆਰ ਕੀਤੀਆਂ ਵੀ ਬਹੁਤ ਸਾਰੀਆਂ ਕਲੀਆਂ ਗਾਈਆਂ ਜਿਨ੍ਹਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਕੁਝ ਮਸ਼ਹੂਰ ਇਹ ਹਨ:-

- ***ਹਾਰ ਤੋੜ ਕੇ ਮਕਰ ਬਣਾ ਲਿਆ ਹੀਰ ਨੇ,***
  ***ਮੋਤੀ ਇਕ ਇਕ ਕਰਕੇ ਡੋਲੀ ਕੋਲ ਖਿੰਡਾਇਆ।***

- ***ਖੇੜੇ ਹੋ ਸ਼ਰਮਿੰਦਾ ਮੁੜ ਗਏ ਕੋਲੋਂ ਡੋਲੀ ਦਿਓਂ,***
  ***ਜਦੋਂ ਹੀਰ ਨੇ ਚਲਿੱਤਰ ਕਰਿਆ ਹਾਰ ਦਾ।***

- ***ਚੱਕਿਆ ਝੰਮਣ ਦਾ ਲੜ ਹੀਰ ਡੋਲੀ ਬਹਿ ਗਈ ਖੇੜਿਆਂ ਦੀ,***
  ***ਰਾਝੇ ਖੜ੍ਹੇ ਨੇ ਦੁਹੱਥੜ ਪੱਟੀਂ ਮਾਰੀ।***

- ***ਸੁੱਤੀ ਹੀਰ ਨੂੰ ਬਈ ਸੁਪਨਾ ਆਇਆ ਮਾਹੀ ਦਾ,***
  ***ਜਾਣੀ ਨਾਲ ਚਾਕ ਦੇ ਸੁੱਤੀ ਸੇਜ ਵਿਛਾ ਕੇ।***

- ***ਕੌਲਾਂ ਬੀਜੇ ਨੇ ਤਿਆਗ ਤੀ,***
  ***ਧੱਕੇ ਦੇ ਲਏ ਨੇ ਦੋ,***
  ***ਭੂਰਾ ਦੇ ਲਿਆ ਕੌਲਾਂ ਦੇ ਲੱਕ ਨੂੰ,***
  ***ਕਪੜੇ ਬਦਨ ਦੇ ਲਏ ਨੇ ਖੋਹ।***

- *ਏਥੋਂ ਵਗਜਾ ਕੌਲਾਂ ਵਿਚ ਤਾਂ ਬਾਗ ਦੇ ......*
- *ਗੋਪੀ ਚੰਦ ਨੇ ਅਪਣਾ ਲਈ ਪਖੀਰੀ......*
- *ਅੱਛਰਾਂ ਨੇ ਧਾਹਾਂ ਮਾਰੀਆਂ......*
- *ਸਾਂਭ ਲੈ ਨਗਰੀ ਆਪਣੀ ।*

ਢਾਡੀ ਰਾਗ 'ਤੇ ਦੀਦਾਰ ਦੀ ਪਕੜ ਪੀਢੀ ਸੀ। ਇਸ ਰਾਗ ਵਿਚ ਉਸਨੇ ਕਾਵਿ ਦੇ ਵੱਖ ਵੱਖ ਰੂਪਾਂ ਨੂੰ ਬਾਖੂਬੀ ਨਿਭਾਇਆ। ਹੀਰ ਦੀ ਤਾਰੀਫ਼ ਕਰਦਾ ਉਹ ਸਰੋਤਿਆਂ ਨੂੰ ਸਿੰਗਾਰ ਰਸ ਪ੍ਰਦਾਨ ਕਰਦਾ। ਮਿਰਜ਼ੇ ਦੀ ਲੋਥ ਵੇਖਕੇ ਕਰੁਣਾ ਰਸ ਨਾਲ ਭਰ ਦਿੰਦਾ ਹੈ। ਏਸੇ ਤਰ੍ਹਾਂ ਦੁੱਲੇ ਦੀ ਵਾਰ ਰਾਹੀਂ ਬੀਰ ਰਸ, ਪੂਰਨ ਤੇ ਗੋਪੀ ਚੰਦ ਦੀਆਂ ਗਥਾਵਾਂ ਰਾਹੀਂ ਸ਼ਾਂਤ ਰਸ ਨਾਲ ਸਰਸ਼ਾਰ ਕਰ ਦਿੰਦਾ ਹੈ।

## ਨਿਰੰਜਣ ਸਿੰਘ

ਲੋਕ ਢਾਡੀਆਂ ਦੀ ਫਹਿਰਿਸ਼ਤ ਵਿਚ ਦੂਜਾ ਨਾਂ ਢਾਡੀ ਨਿਰੰਜਣ ਸਿੰਘ ਦਾ ਆਉਂਦਾ ਹੈ। ਢਾਡੀ ਨਿਰੰਜਣ ਸਿੰਘ ਲਗਭਗ ਦੀਦਾਰ ਸਿੰਘ ਦਾ ਸਮਕਾਲੀ ਸੀ। ਇਸ ਗੱਲ ਦਾ ਸਬੂਤ ਉਸਦੇ ਰੀਗਲ ਕੰਪਨੀ ਵਿਚ ਰਿਕਾਰਡ ਹੋਏ 'ਤਵੇ' ਤੋਂ ਮਿਲਦਾ ਹੈ। ਜਿਸ ਦਾ ਨੰ: ਆਰ.ਐਲ. 5 ਹੈ। ਇਸ ਵਿਚ ਸਹਿਤੀ ਤੇ ਰਾਂਝੇ ਦੇ ਸਵਾਲ ਜਵਾਬ ਹਨ। ਰੀਗਲ ਕੰਪਨੀ 1930-31 ਦੇ ਲਗਭਗ ਹੀ ਹੋਂਦ ਵਿਚ ਆਈ ਸੀ।

ਨਿਰੰਜਣ ਸਿੰਘ ਜਲੰਧਰ ਜ਼ਿਲ੍ਹੇ ਦੇ ਪਿੰਡ ਜਮਸ਼ੇਰ ਦਾ ਰਹਿਣ ਵਾਲਾ ਸੀ। ਇਸ ਦਾ ਜਨਮ 1908 ਦੇ ਲਗਭਗ ਪਿਤਾ ਸ੍ਰ: ਜੀਵਨ ਸਿੰਘ ਮਾਨ ਦੇ ਘਰ ਹੋਇਆ। ਚੜ੍ਹਦੀ ਜਵਾਨੀ ਵਿਚ ਇਸਨੂੰ ਗਾਉਣ ਦੀ ਚੇਟਕ ਲੱਗ ਗਈ। ਢਾਡੀ ਦੀਦਾਰ ਸਿੰਘ ਦਾ ਸਮਕਾਲੀ ਹੋਣ ਕਾਰਨ ਸਮੇਂ ਸਮੇਂ ਤੇ ਨਿਰੰਜਣ ਸਿੰਘ ਉਸ ਨਾਲ ਵੀ ਗਾਉਂਦਾ ਰਿਹਾ। ਨਾਜ਼ਰ ਸਿੰਘ ਵੀ ਏਸੇ ਪਿੰਡ ਦਾ ਰਹਿਣ ਵਾਲਾ ਸੀ। ਚੰਨਣ ਸਿੰਘ ਬਿਲਗਾ ਸਾਰੰਗੀ ਵਜਾਉਂਦਾ ਸੀ। ਨਿਰੰਜਣ ਸਿੰਘ, ਨਾਜ਼ਰ ਸਿੰਘ ਤੇ ਲਸ਼ਕਰ ਸਿੰਘ ਢੱਡਾਂ ਤੇ ਸਾਥ ਦਿੰਦੇ ਸਨ। ਨਿਰੰਜਣ ਸਿੰਘ ਦਾ ਵਿਆਹ ਨਸੀਬ ਕੌਰ ਨਾਲ ਹੋਇਆ। ਨਿਰੰਜਣ ਸਿੰਘ ਦੇ ਤਿੰਨ ਲੜਕੇ ਹਨ, ਜੋ ਕਾਫੀ ਦੇਰ ਪਹਿਲਾਂ ਇੰਗਲੈਂਡ ਚਲੇ ਗਏ ਸਨ। ਬਾਅਦ ਵਿਚ 1975-76 ਵਿਚ ਨਿਰੰਜਣ ਸਿੰਘ ਵੀ ਗਾਉਣਾ ਛੱਡ ਕੇ ਆਪਣੇ ਲੜਕਿਆਂ ਕੋਲ ਬਰਮਿੰਗਮ (ਇੰਗਲੈਂਡ) ਚਲਾ ਗਿਆ। ਏਥੋਂ ਇਸਨੂੰ ਆਪਣੇ ਵਤਨ ਪੰਜਾਬ ਵਾਪਸ ਪਰਤਣਾ ਨਸੀਬ ਨਾ ਹੋਇਆ ਅਤੇ 1986 ਦੇ ਲਗਭਗ ਇਸ ਦੁਨੀਆਂ ਨੂੰ ਸਦਾ ਲਈ ਛੱਡ ਗਿਆ। ਪ੍ਰੰਤੂ ਉਸਦੀ ਆਵਾਜ਼ ਅੱਜ ਵੀ ਅਮਰ ਹੈ, ਜੋ ਕਾਲੇ ਤਵਿਆਂ ਦੇ ਰੂਪ ਵਿਚ ਅਤੇ ਕੁੱਝ ਕੈਸੇਟਾਂ ਦੇ ਰੂਪ ਵਿਚ ਮੌਜੂਦ ਹੈ।

ਸਮੇਂ-ਸਮੇਂ ਤੇ ਕਈ ਢਾਡੀ ਜਥਿਆਂ ਨਾਲ ਰਹਿ ਕੇ ਉਸਨੇ ਬਾਅਦ ਵਿਚ ਆਪਣਾ ਢਾਡੀ ਜਥਾ ਬਣਾਇਆ। ਨਿਰੰਜਣ ਸਿੰਘ ਤੇ ਸਾਥੀ ਦੇ ਨਾਂ ਹੇਠਾਂ ਵੱਖ ਵੱਖ ਕੰਪਨੀਆਂ ਵਿਚ ਨਿਰੰਜਣ ਸਿੰਘ ਦੀ ਬਹੁਤ ਸਾਰੀ ਰਿਕਾਰਡਿੰਗ ਮਿਲਦੀ ਹੈ। ਰੀਗਲ ਤੋਂ ਬਾਅਦ ਇਹਨਾਂ ਦੇ ਜਥੇ ਨੂੰ ਐਚ.ਐਮ.ਵੀ.,ਕੋਲੰਬੀਆ ਅਤੇ ਹਿੰਦੁਸਤਾਨ ਰਿਕਾਰਡਜ਼ ਆਦਿ ਕੰਪਨੀਆਂ ਨੇ ਰਿਕਾਰਡ ਕੀਤਾ। ਕਾਫੀ ਗਿਣਤੀ ਵਿਚ ਇਹਨਾਂ ਦੇ ਰਿਕਾਰਡ ਮਿਲਦੇ ਹਨ। ਜਿਹਨਾਂ ਵਿਚੋਂ ਕੁਝ ਬਹੁਤ ਹੀ ਜ਼ਿਆਦਾ ਮਕਬੂਲ ਹੋਏ ਇਹ ਹਨ:-

- *ਰਾਂਝਾ ਮੁੜ ਕੇ ਆ ਗਿਆ ਰੰਗਪੁਰ ਖੇੜਿਆਂ ਤੋਂ,*
  *ਹੁੰਮ ਹੁਮਾ ਕੇ ਕੁੜੀਆਂ ਸਿਆਲਾਂ ਦੀਆਂ ਆਈਆਂ।*

- *ਹੀਰ ਨਕਾਹੀ ਖਬਰਾਂ ਹੋਈਆਂ ਕੁੱਲ ਜਹਾਨ ਤੇ,*
  *ਚਿੱਠੀ ਲਿਖ ਕੇ ਭਾਬੀਆਂ ਨੇ ਰਾਂਝੇ ਨੂੰ ਪਾਈ।*

- *ਉਤੋਂ ਟਿੱਲੇ ਦਿਓਂ ਜਦੋਂ ਰਾਂਝਾ ਪੰਛੀ ਤੁਰ ਪਿਆ ਸੀ,*
  *ਰਾਂਝੇ ਖੇੜਿਆਂ ਵੱਲ ਨੂੰ ਕੀਤੀਆਂ ਚੜ੍ਹਾਈਆਂ।*

- *ਹੱਥ ਵਿਚ ਕਾਸਾ ਫੜ ਕੇ ਅਲਖ ਜਗਾ ਲਈ ਜੋਗੀ ਨੇ,*
  *ਬੂਹੇ ਭੋਗੇ ਜੱਟ ਦੇ ਜਾ ਕੇ ਅਲਖ ਜਗਾਈ।*

- *ਰਾਜਾ ਮਹਿਲੋਂ ਤੁਰ ਪਿਆ ਗਿਆ ਭੱਠੀ ਦੇ ਰਾਹ,*
  *ਮੂਹਰੇ ਇੱਛਰਾਂ ਸੁੱਤੀ ਪਈ ਐ ਲਿਟਦੀ ਵਿਚ ਸੁਆਹ।*

- *ਸੰਤਾਂ ਨੂੰ ਮੱਥਾ ਟੇਕ ਕੇ ਦਿੰਦੀ ਅਰਜ਼ ਗੁਜਾਰ,*
  *ਭਲੀ ਹੋਈ ਸਿੱਧ ਉਤਰੇ, ਬਾਗਾਂ ਦੇ ਵਿਚਕਾਰ।*

- *ਸੁੰਦਰ ਤੋਤਾ ਬੋਲਦਾ ਮੱਥੇ ਤਿਊੜੀ ਘੱਤ,*
  *ਉਹਦੇ ਗਲ ਵਿਚ ਗੂਠਾ ਆ ਗਿਆ ਚੋ ਚੋ ਪੈਂਦੀ ਰੱਤ।*

- *ਚੜ੍ਹਿਆ ਮਿਰਜ਼ਾ ਨਿਜ਼ਾਮਦੀਨ ਹੂਰ ਕਰੇਂਦਾ ਹੂਰ,*
  *ਘੋੜੀਂ ਪਾ ਲਈਆਂ ਪਾਖੜਾਂ, ਹਾਥੀਂ ਲਾਏ ਸੰਧੂਰ।*

ਨਿਰੰਜਣ ਸਿੰਘ ਨੇ ਸਾਰੀਆਂ ਪ੍ਰਚੱਲਤ ਲੋਕ ਗਥਾਵਾਂ ਜਿਵੇਂ ਹੀਰ ਰਾਂਝਾ, ਮਿਰਜ਼ਾ ਸਹਿਬਾਂ, ਪੂਰਨ, ਰਸਾਲੂ, ਢੋਲ ਸੰਮੀ ਆਦਿ ਦੇ ਪ੍ਰਸੰਗਾਂ ਨੂੰ ਗਾਇਆ। ਸਭ ਤੋਂ ਵੱਧ ਰਿਕਾਰਡਿੰਗ ਹੀਰ ਦੀ ਲੋਕ ਗਾਥਾ ਵਿਚੋਂ ਮਿਲਦੀ ਹੈ।

ਨਿਰੰਜਣ ਸਿੰਘ ਦੀਆਂ ਕਲੀਆਂ ਨੂੰ ਸੁਣ ਕੇ ਉਸਦੀ ਆਵਾਜ਼ ਵਿਚਲੇ ਉਤਰਾਅ ਚੜ੍ਹਾਅ ਉਸਦੇ ਇਕ ਪੁਖਤਾ ਢਾਡੀ ਹੋਣ ਦੀ ਸ਼ਾਹਦੀ ਭਰਦੇ ਹਨ। 'ਕਿਤੇ ਬੋਲ ਵੇ ਵੰਝਲੀਆਂ ਵਾਲਿਆ' ਦਾ ਉਸ ਦਾ ਕਲਾਮ ਉਸਦੀ ਵੱਖਰੀ ਪਛਾਣ ਬਣਾਉਂਦਾ ਹੈ। ਢਾਡੀ ਰਾਗ ਦੀਆਂ ਬਰੀਕੀਆਂ ਤੋਂ ਉਹ ਪੂਰੀ ਤਰ੍ਹਾਂ ਜਾਣੂੰ ਸੀ। ਇਸੇ ਲਈ ਇਸ ਰਾਗ ਦੇ ਵੱਖ-ਵੱਖ ਰੂਪਾਂ ਨੂੰ ਉਸਨੇ ਬਾਖੂਬੀ ਨਿਭਾਇਆ ਹੈ ਅਤੇ ਢਾਡੀ ਕਲਾ ਦੇ ਇਤਿਹਾਸ ਵਿਚ ਆਪਣੀ ਥਾਂ ਬਣਾਈ ਹੈ।

## ਅਮਰ ਸਿੰਘ ਸ਼ੌਂਕੀ

ਅਮਰ ਸਿੰਘ ਸ਼ੌਂਕੀ ਢਾਡੀ ਕਲਾ ਦੇ ਇਤਿਹਾਸ ਦਾ ਸੁਨਹਿਰੀ ਪੰਨਾ ਹੈ। ਪੰਜਾਬੀ ਜਗਤ ਵਿਚ ਇਹ ਨਾਂ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਸ਼ੌਂਕੀ ਨੂੰ ਕਿਸੇ ਦਾ 'ਪਿੱਛਲੱਗ' ਜਾਂ ਕਿਸੇ ਵਰਗਾ ਨਹੀਂ ਕਿਹਾ ਜਾ ਸਕਦਾ। ਸ਼ੌਂਕੀ ਤਾਂ ਬਸ ਸ਼ੌਂਕੀ ਸੀ, ਉਸਦਾ ਆਪਣਾ ਇੱਕ ਲਹਿਜਾ ਸੀ, ਆਪਣਾ ਇੱਕ ਢੰਗ ਸੀ, ਆਪਣਾ ਇੱਕ ਸੰਗੀਤ ਸੀ, ਸਭ ਤੋਂ ਵੱਡੀ ਗੱਲ ਉਸਦੀ ਆਪਣੀ ਇਕ ਸੁਰੀਲੀ ਅਤੇ ਬੁਲੰਦ ਆਵਾਜ਼ ਸੀ ਜੋ ਉਸਦੀ ਵੱਖਰੀ ਪਛਾਣ ਬਣਾਉਂਦੇ ਹਨ।

ਸ਼ੌਂਕੀ ਦਾ ਜਨਮ 15 ਅਗਸਤ 1916 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੀ ਗੜ੍ਹਸੰਕਰ ਤਹਿਸੀਲ ਦੇ ਪਿੰਡ ਭੱਜਲ ਵਿਖੇ ਸ੍ਰ: ਫੂਲਾ ਸਿੰਘ ਦੇ ਘਰ ਹੋਇਆ। ਬਚਪਨ ਤੋਂ ਹੀ ਗਾਉਣ ਦਾ ਅਵੱਲਾ ਸ਼ੌਕ ਲੱਗ ਗਿਆ। ਇਸ ਲਈ ਸਕੂਲੀ ਪੜ੍ਹਾਈ ਕੋਈ ਬਹੁਤੀ ਨਹੀਂ ਕਰ ਸਕਿਆ। ਬਾਰਾਂ ਕੁ ਸਾਲ ਦੀ ਉਮਰ ਵਿਚ ਸਿਆਲਕੋਟ ਦੇ ਰਾਗ ਵਿਦਿਆਲੇ ਤੋਂ ਦੋ ਸਾਲ ਦੀ ਰਾਗ ਵਿਦਿਆ ਪ੍ਰਾਪਤ ਕੀਤੀ। ਸ਼ੁਰੂ ਵਿਚ ਉਸ ਨੇ ਵਾਜੇ (ਹਰਮੋਨੀਅਮ) ਅਤੇ ਢੋਲਕੀ ਨਾਲ ਗਾਇਆ। 'ਪੰਥ ਰੰਗੀਲੇ ਨੇ ਧੁੰਮਾਂ ਦੇਸ ਪੰਜਾਬ 'ਚ ਪਾਈਆਂ' ਉਸਦਾ ਢੋਲਕ ਵਾਜੇ ਨਾਲ ਹੀ ਰਿਕਾਰਡ ਹੋਇਆ ਗੀਤ ਹੈ।

ਬਾਈਆਂ ਸਾਲਾਂ ਦੀ ਉਮਰ ਭਾਵ 1938 ਵਿਚ ਉਸਨੇ ਮੋਹਨ ਸਿੰਘ ਬਿੰਡਾ (ਸਾਰੰਗੀ ਮਾਸਟਰ) ਪਿਆਰਾ ਸਿੰਘ ਤੇ ਸਰਵਣ ਸਿੰਘ ਨਾਲ ਮਿਲਕੇ ਆਪਣਾ ਜਥਾ ਬਣਾਇਆ। ਇਹਨਾਂ ਦਿਨਾਂ ਵਿਚ ਹੀ ਉਸਦੇ ਜਥੇ ਦੀ ਪਹਿਲੀ ਰਿਕਾਰਡਿੰਗ ਸੰਸਾਰ ਪ੍ਰਸਿੱਧ ਕੰਪਨੀ ਐਚ.ਐਮ.ਵੀ ਵਿਚ ਹੋਈ :-

- *'ਸਾਹਿਬਾਂ ਵਾਜਾਂ ਮਾਰਦੀ, ਕਹਿੰਦੀ ਉਠ ਖਾਂ ਮਿਰਜ਼ਾ ਯਾਰ ਵੇ।*
- *'ਮਿਰਜ਼ਾ ਆਖੇ ਸਾਹਿਬਾਂ, ਹੁਣ ਕਿਉਂ ਹੋਈਓਂ ਦਿਲਗੀਰ।*

ਇਸ ਤਵੇ ਦੀ ਰਿਕਾਰਡ ਤੋੜ ਵਿਕਰੀ ਹੋਈ। ਇਸ ਤੋਂ ਬਾਅਦ ਕੋਲੰਬੀਆ ਰਿਕਾਰਡਿੰਗ ਕੰਪਨੀ ਨੇ ਸ਼ੌਂਕੀ ਨੂੰ ਲਗਾਤਾਰ ਰਿਕਾਰਡ ਕੀਤਾ ਅਤੇ ਸੈਂਕੜਿਆਂ ਦੀ ਗਿਣਤੀ ਵਿਚ 'ਤਵੇ' ਕੱਢੇ, ਜਿਹਨਾਂ ਵਿਚ ਲੋਕ ਗਾਥਾਵਾਂ ਦੇ ਨਾਲ ਨਾਲ ਦੇਸ਼ ਪਿਆਰ ਦੇ ਸਮਾਜਿਕ ਅਤੇ ਧਾਰਮਿਕ ਗੀਤ ਸਨ। ਕੁਝ ਕੁ ਦਾ ਵੇਰਵਾ ਏਥੇ ਦਿੱਤਾ ਜਾ ਰਿਹਾ ਹੈ

- *'ਰਾਂਝਾ ਜੋਗੀ ਬਣ ਗਿਆ, ਕੰਨੀਂ ਮੁੰਦਰਾਂ ਪਾਈਆਂ।*
- *'ਰਾਂਝਾ ਆਖੇ ਹੀਰ ਨੂੰ ਗੱਲ ਸੁਣ ਮੁਟਿਆਰੇ।*
- *'ਮਿਰਜ਼ਾ ਆਖੇ ਸਹਿਬਾਂ ਗੱਲ ਸੁਣ ਨੀ ਪਰੀਏ।*

- *ਸੁਣ ਕੇ ਮਿਰਜ਼ੇ ਦੀ ਗੱਲ ਸਹਿਬਾਂ ਜੱਟੀ ਬੋਲਦੀ।*
- *'ਰਾਣੀ ਸੁੰਦਰਾਂ ਦੇ ਮਹਿਲਾਂ ਹੇਠ ਆਣ ਕੇ,*
  *ਪੂਰਨ ਦਿੱਤੀ ਸੀ ਅਲਖ ਜਗਾ।*
- *ਰਾਣੀ ਸੁੰਦਰਾਂ ਬੇਨਤੀ ਕਰਦੀ ਜੋਗੀ ਦੀ ਬਾਂਹ ਫੜ ਕੇ।*
- *ਪੰਜਾਬ ਦੇ ਅਣਖੀ ਮੁੰਡੇ ਤੇ ਕੁੜੀਆਂ।*
- *ਦੋ ਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ।*
- *ਵਜਾ ਜੋਗੀਆ ਵੇ ਰਸ ਭਿੰਨੀ ਭਿੰਨੀ ਬੀਨ।*
- *ਆ ਮੁੰਡਿਆ ਦੇਸ਼ ਪੰਜਾਬ ਦਿਆ।*
- *ਦੇਸ਼ ਮੇਰੇ ਦੀ ਬਾਂਕੀ ਨਾਰੇ।*
- *ਸਾਵਣ ਆਇਆ ਤੀਆਂ ਆਈਆਂ।*
- *ਆਈ ਜਵਾਨੀ ਰੁੜ ਪੁੜ ਜਾਣੀ।*
- *ਮਿੱਟੀ ਪੁੱਟ ਨਾ ਸ਼ਰੀਕਾਂ ਵਿਚ ਮੋਰੀ।*

ਪੰਜਾਬ ਦੇ ਢਾਡੀਆਂ ਵਿਚ ਸ਼ੌਂਕੀ ਦਾ ਸਥਾਨ ਮੂਹਰਲੀ ਕਤਾਰ ਵਿਚ ਰਿਹਾ ਹੈ। ਇਕ ਢਾਡੀ ਵੱਜੋਂ ਪੰਜਾਬ ਦੀ ਵਿਰਾਸਤ ਨੂੰ ਸਾਂਭਣ ਵਿਚ ਸ਼ੌਂਕੀ ਨੇ ਵਡਮੁੱਲਾ ਹਿੱਸਾ ਪਾਇਆ ਹੈ। ਸ਼ੌਂਕੀ ਨੂੰ ਢਾਡੀ ਰਾਗ ਦੀਆਂ ਬਰੀਕੀਆਂ ਦੀ ਪੂਰੀ ਸਮਝ ਸੀ। ਇਸ ਲਈ ਉਸਨੇ ਇਸ ਨਾਲ ਸਬੰਧਤ ਹਰ ਤਰਜ਼ ਦੇ ਤੇ ਹਰ ਰੰਗ ਦੇ ਗੀਤ ਲਿਖੇ ਤੇ ਗਾਏ। ਸ਼ੌਂਕੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਉਹ ਇਕ ਉਚੱਕੋਟੀ ਦਾ ਵਿਦਵਾਨ ਕਵੀ, ਬੁਲੰਦ ਆਵਾਜ਼ ਵਾਲਾ ਗਾਇਕ, ਮਾਹਿਰ ਸੰਗੀਤਕਾਰ ਅਤੇ ਸੁਰਾਂ ਦਾ ਸਿਰਜਨਹਾਰ ਢਾਡੀ ਸੀ। ਠੇਠ ਮੁਹਾਵਰਿਆਂ ਵਾਲੀ ਸਾਦੀ ਤੇ ਸਰਲ ਬੋਲੀ ਉਸਦੀ ਸ਼ਾਇਰੀ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ। ਸ਼ੌਂਕੀ ਨੂੰ ਪੰਜਾਬੀ ਸੱਭਿਆਚਾਰ ਤੇ ਪੰਜਾਬੀ ਬੋਲੀ ਨਾਲ ਅੰਤਾਂ ਦਾ ਮੋਹ ਸੀ। ਉਸਨੇ ਲਗਭਗ ਪੰਜਾਹ ਸਾਲ ਸ਼ਾਇਰੀ ਨਾਲ ਤੇ ਗਾਇਕੀ ਨਾਲ ਮਾਂ ਬੋਲੀ ਦੀ ਦੇਸ਼ ਅਤੇ ਵਿਦੇਸ਼ਾਂ ਵਿਚ ਸੇਵਾ ਕੀਤੀ।

## ਉਦੇ ਸਿੰਘ ਤੇ ਦਲੀਪ ਸਿੰਘ

ਅਮਰ ਸਿੰਘ ਸ਼ੌਂਕੀ ਹੁਰਾਂ ਦਾ ਹੀ ਸਮਕਾਲੀ ਇਕ ਹੋਰ ਢਾਡੀ ਹੋਇਆ ਹੈ ਗਿਆਨੀ ਉਦੇ ਸਿੰਘ। ਉਦੇ ਸਿੰਘ ਤੇ ਸਾਥੀਆਂ ਦੀ ਆਵਾਜ਼ ਵਿਚ 1938 ਦੇ ਲਗਭਗ ਪ੍ਰਸਿੱਧ ਰਿਕਾਰਡਿੰਗ ਕੰਪਨੀ 'ਦੀ ਟਵਿਨ' ਵਿਚ ਮਿਰਜ਼ਾ ਰਿਕਾਰਡ ਹੋਇਆ ਮਿਲਦਾ ਹੈ। ਰਿਕਾਰਡ ਦਾ ਨੰਬਰ ਹੈ ਦੀ ਟਵਿਨ ਐਫ. ਟੀ. 10453.

ਉਦੇ ਸਿੰਘ ਮੂਲ ਰੂਪ ਵਿਚ ਸਿੱਖ ਧਰਮ ਦਾ ਪ੍ਰਚਾਰਕ ਸੀ। ਏਸੇ ਲਈ ਆਪਣੀ 'ਲਾਈਨ' ਨੂੰ ਛੱਡ ਕੇ ਲੋਕ ਸੱਭਿਆਚਾਰ ਨਾਲ ਪੂਰੀ ਤਰ੍ਹਾਂ ਜੁੜ ਨਹੀਂ ਸਕਿਆ। ਆਪਣੇ ਸਮਕਾਲੀਆਂ ਦੀ ਦੇਖਾ ਦੇਖੀ ਉਹਨੇ ਲੋਕ ਗਾਥਾਵਾਂ ਦੀ ਰਿਕਾਰਡਿੰਗ ਕਰਵਾਈ ਤਾਂ ਸਈ ਪਰ ਖੁੱਲ੍ਹ ਕੇ ਨਹੀਂ। ਗਿਣਤੀ ਦੇ ਕੁਝ ਕੁ 'ਤਵੇ' ਹੀ ਇਹਨਾਂ ਦੀ ਆਵਾਜ਼ ਵਿਚ ਰਿਕਾਰਡ ਹੋਏ ਮਿਲਦੇ ਹਨ।

ਉਦੇ ਸਿੰਘ ਤੇ ਸਾਥੀਆਂ ਦੀ ਆਵਾਜ਼ ਵਿਚ ਲੋਕ ਗਾਥਾਵਾਂ ਦੀ ਰਿਕਾਰਡਿੰਗ ਗਿਣਾਤਮਕ ਪੱਖੋਂ ਘੱਟ ਹੋਣ ਦੇ ਬਾਵਜੂਦ ਵੀ ਗੁਣਾਤਮਕ ਪੱਖੋਂ ਜ਼ਿਕਰਯੋਗ ਹੈ। ਉਸਦੇ ਸਾਥੀ ਦਲੀਪ ਸਿੰਘ ਦੀ ਭਰਵੀਂ ਸੁਰੀਲੀ ਤੇ ਬੁਲੰਦ ਆਵਾਜ਼ ਆਪਣੇ ਆਪ ਵਿਚ ਇਕ ਮਿਸਾਲ ਹੈ। ਢਾਡੀ ਕਲਾ ਵਿਚ ਜਿਵੇਂ ਸ਼ੌਂਕੀ ਦੀ ਆਪਣੀ ਇੱਕ ਵੱਖਰੀ ਪਛਾਣ ਹੈ ਏਸੇ ਤਰ੍ਹਾਂ ਹੀ ਦਲੀਪ ਸਿੰਘ ਦੀ ਬੁਲੰਦ ਆਵਾਜ਼ ਅਤੇ ਮੌਲਿਕਤਾ ਉਸ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ।

'ਦੀ ਟਵਿਨ' ਰਿਕਾਰਡਿੰਗ ਕੰਪਨੀ ਤੋਂ ਬਿਨਾਂ ਇਸ ਜਥੇ ਦੀ 'ਹਿੰਦੁਸਤਾਨ ਰਿਕਾਰਡਜ਼' ਕੰਪਨੀ ਵਿਚ ਵੀ ਕੁਝ ਕੁ ਰਿਕਾਰਡਿੰਗ ਮਿਲਦੀ ਹੈ। ਕੁਝ ਚੋਣਵੇਂ ਮੁਖੜੇ ਇਸ ਪ੍ਰਕਾਰ ਹਨ:-

- *ਸਾਹਿਬਾਂ ਸੁੱਤੇ ਆਪਣੇ ਯਾਰ ਨੂੰ, ਰਹੀ ਵਾਜਾਂ ਮਾਰ ਜਗਾ,*
  *ਵੇ ਤੂੰ ਉਠ ਖੜ੍ਹ ਮੇਰਿਆ ਲਾੜਿਆ, ਕਹਿੰਦੀ ਮੇਰੀ ਮੰਨ ਦੁਆ।*

- *ਮਿਰਜਾ ਬੋਲਿਆ ਅੱਖ ਉਘੇੜ ਕੇ, ਸਾਹਿਬਾਂ ਸੁਣ ਲੈ ਮੇਰੀ ਨਜ਼ੀਰ,*
  *ਜਿਹੜੇ ਚੰਧੜ ਚੰਧੜ ਆਖਦੀ, ਲੈ ਬਈ ਤੇਰੇ ਵਾਲੇ ਵੀਰ।*

- *ਸੱਸੀ ਸੁੱਤੀ ਉਠੀ ਸੇਜ ਤੋਂ, ਉਹ ਲੱਭਦੀ ਪੁੰਨੂੰ ਯਾਰ,*
  *ਉਹਨੇ ਚਾਰ ਚੁਫੇਰਾ ਦੇਖਿਆ, ਕਿਤੇ ਦਿਸਦਾ ਨੀ ਦਿਲਦਾਰ।*

- *ਸੱਸੀ ਥਲ ਵਿਚ ਲੱਭਦੀ ਯਾਰ ਨੂੰ, ਰੋਂਦੀ ਨਾ ਧਰਦੀ ਧਾਹ,*
  *ਉਹਦੇ ਗਲ ਵਿਚ ਜ਼ੁਲਫਾਂ ਖੁੱਲ੍ਹੀਆਂ, ਭੱਜੀ ਜਾਂਦੀ ਵਾਹੋ ਦਾਹ।*

ਉਦੇ ਸਿੰਘ ਦੇ ਬੋਲ (ਸ਼ਾਇਰੀ) ਤੇ ਦਲੀਪ ਸਿੰਘ ਦੀ ਆਵਾਜ਼ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਹੈ, ਜੋ ਦੱਸਿਆਂ ਨਹੀਂ ਸਗੋਂ ਸੁਣਿਆਂ ਹੀ ਬਣਦੀ ਹੈ। 'ਸੱਸੀ' ਤਾਂ ਇਸ ਜਥੇ ਦੀ ਆਵਾਜ਼ ਵਿਚ ਏਨੀ ਮਕਬੂਲ ਹੋਈ ਕਿ ਦਲੀਪ ਸਿੰਘ 'ਸੱਸੀ ਵਾਲਾ ਦਲੀਪ ਸਿੰਘ' ਮਸ਼ਹੂਰ ਹੋ ਗਿਆ।

ਢਾਡੀ ਰਾਗ ਵਿਚ ਇਸ ਦੀ ਮਕਬੂਲੀਅਤ ਦਾ ਸਬੂਤ ਇਹ ਹੈ ਕਿ ਅੱਜ ਵੀ ਇਸ ਨੂੰ ਕਾਲਜਾਂ ਦੇ ਯੁਵਕ ਮੇਲਿਆਂ ਤੇ ਲੋਕ ਗੀਤਾਂ ਦੇ ਮੁਕਾਬਲਿਆਂ ਵਿਚ ਗਾਇਆ ਜਾਂਦਾ ਹੈ। ਇਸ ਸਦਕਾ ਢਾਡੀ ਕਲਾ ਦੇ ਇਤਿਹਾਸ ਵਿਚ ਇਸ ਜਥੇ ਦਾ ਨਾਂ ਅਮਰ ਰਹੇਗਾ।

## ਮੋਹਣ ਸਿੰਘ

ਮੁਢਲੇ ਢਾਡੀਆਂ ਵਿਚੋਂ ਹੀ ਇੱਕ ਹੋਰ ਢਾਡੀ ਹੋਇਆ ਹੈ -- ਮੋਹਣ ਸਿੰਘ। ਅਸਲ ਵਿੱਚ ਮੋਹਣ ਸਿੰਘ ਦੀ ਪਛਾਣ ਅਮਰ ਸਿੰਘ ਸ਼ੌਂਕੀ ਦੇ ਜਥੇ ਨਾਲ ਸਾਰੰਗੀ ਮਾਸਟਰ ਵਜੋਂ ਹੋਈ। ਉਸਦੀ ਜ਼ਿਆਦਾ ਰਿਕਾਰਡਿੰਗ ਅਮਰ ਸਿੰਘ ਸ਼ੌਂਕੀ ਨਾਲ ਹੀ ਹੈ। ਇਸ ਦੇ ਨਾਲ ਨਾਲ ਉਸਦੀ ਆਪਣੀ ਖੁਦ ਦੀ ਵੀ ਕਾਫੀ ਰਿਕਾਰਡਿੰਗ ਮਿਲਦੀ ਹੈ ਜੋ ਉਸਦੀ ਵੱਖਰੀ ਪਛਾਣ ਬਣਾਉਂਦੀ ਹੈ।

ਵੀਹਵੀਂ ਸਦੀ ਦੇ ਚੌਥੇ ਦਹਾਕੇ ਵਿਚ ਮੋਹਣ ਸਿੰਘ ਨੇ ਅਮਰ ਸਿੰਘ ਸ਼ੌਂਕੀ ਤੇ ਸਰਵਨ ਸਿੰਘ ਨਾਲ ਮਿਲਕੇ ਢਾਡੀ ਜਥਾ ਬਣਾ ਲਿਆ ਸੀ। ਮੋਹਣ ਸਿੰਘ ਸਾਰੰਗੀ ਦਾ ਪੂਰਾ ਮਾਹਰ ਸੀ ਅਤੇ ਸੁਰਾਂ ਤੇ ਉਸਦੀ ਪਕੜ ਪੀਢੀ ਸੀ। ਲੰਮਾ ਸਮਾਂ ਇਹ ਜਥਾ ਆਪਣੀ ਕਲਾ ਦੇ ਜੌਹਰ ਪੰਜਾਬ ਦੇ ਵੱਖ ਵੱਖ ਪਿੰਡਾਂ ਵਿਚ ਦਿਖਾਉਂਦਾ ਰਿਹਾ। ਇਹਨਾਂ ਦੀ ਆਵਾਜ਼ ਵਿਚ ਵੱਖ ਵੱਖ ਕੰਪਨੀਆਂ ਵਿਚ ਅਣਗਿਣਤ ਰਿਕਾਰਡਿੰਗ ਹੋਈ।

ਇਸ ਤੋਂ ਬਿਨਾਂ ਮੋਹਣ ਸਿੰਘ ਆਪਣੇ ਵੱਖਰੇ ਜਥੇ ਨਾਲ ਵੀ ਗਾਉਂਦਾ ਰਿਹਾ ਹੈ। ਮੋਹਣ ਸਿੰਘ ਤੇ ਸਾਥੀਆਂ ਦੀ ਆਵਾਜ਼ ਦੀ ਰਿਕਾਰਡਿੰਗ ਵੱਖ ਵੱਖ ਰਿਕਾਰਡਿੰਗ ਕੰਪਨੀਆਂ ਵਿਚ ਕਾਫੀ ਮਿਲਦੀ ਹੈ। ਸੰਸਾਰ ਪ੍ਰਸਿੱਧ ਕੰਪਨੀ ਐਚ. ਐਮ. ਵੀ. ਤੋਂ ਬਿਨਾਂ 'ਸਟਾਰ ਹਿੰਦੁਸਤਾਨ ਰਿਕਾਰਡਰਜ਼' ਕੰਪਨੀ ਨੇ ਵੀ ਇਸ ਜਥੇ ਦੀ ਆਵਾਜ਼ ਵਿਚ ਕਾਲੇ ਤਵੇ ਕੱਢੇ ਹਨ। ਮਿਰਜ਼ਾ ਸਾਹਿਬਾਂ, ਗੋਪੀ ਚੰਦ, ਪੂਰਨ ਅਤੇ ਹੋਰ ਲੋਕ ਗਥਾਵਾਂ ਵਿਚੋਂ ਪ੍ਰਸੰਗ ਰਿਕਾਰਡ ਹੋਏ ਮਿਲਦੇ ਹਨ:-

- *ਬਾਂਦੀ ਨੇ ਧਾਹਾਂ ਮਾਰੀਆਂ, ਰੋਂਦੀ ਜਾਰੋ ਜਾਰ ,*
  *ਪੱਟ ਪੱਟ ਸਿੱਟਦੀ ਮੀਢੀਆਂ, ਲਾਹੇ ਹਾਰ ਸ਼ਿੰਗਾਰ ।*

- *ਗੋਰਖ ਆਖੇ ਗੋਪੀ ਚੰਦਾ, ਐਵੇਂ ਲਟਾਂ ਲੁਹਾਈ ਨਾ ,*
  *ਇਤਰ, ਫੁਲੇਲ, ਲਵਿੰਡਰ ਛੱਡ ਕੇ, ਅੰਗ ਭਮੂਤ ਰਮਾਈ ਨਾ ।*

- *ਰਾਜਾ ਕਹਿੰਦਾ ਸੁਣੋ ਰਾਣੀਓ, ਮੈਨੂੰ ਹੁਣ ਅਟਕਾਇਓ ਨਾ ,*
  *ਮੇਰਾ ਦਿਲ ਭਰਮਾਉਣ ਲਈ ਕੋਈ, ਗਲ ਵਿੱਚ ਜੁਲਫਾਂ ਪਾਇਓ ਨਾ ।*

- *ਨਿਕਲ ਜੰਡੋਰੇ ਵਿਚੋਂ ਰਾਂਝਣ ਮਿਲਿਆ ਹੀਰ ਨੂੰ,*
  *ਭੂਰੀ ਹੇਠ ਵਿਛਾਕੇ ਖੁਸ਼ੀਆਂ ਬਹੁਤ ਮਨਾਈਆਂ।*

- *ਹੀਰ ਰੋ ਕੇ ਕਹਿੰਦੀ ਸੁਣੀ ਜੰਡੋਰਿਆ ਬਾਰ ਦਿਆ,*
  *ਕਿਸ ਵਿਧ ਕਰਲਾਂ ਤੇਰਾ ਝੂਠੇ ਦਾ ਇਤਬਾਰ ਵੇ।*

- *ਮਿਰਜ਼ਾ ਆਖੇ ਸਾਹਿਬਾਂ, ਤੈਨੂੰ ਖ਼ਬਰ ਨਾ ਸਾਰ,*
  *ਮੈਨੂੰ ਬੱਕੀ ਬਖਸ਼ੀ ਰੱਬ ਨੇ, ਨੀ ਉਹ ਕਾਲੀ ਰਾਤ ਉਤਾਰ।*

- *ਸਾਹਿਬਾਂ ਆਖੇ ਮਿਰਜ਼ਿਆ, ਮੈਨੂੰ ਨਾ ਸਮਝੀਂ ਕਮਜ਼ੋਰ ਵੇ,*
  *ਕੀ ਹੈ ਤੇਰੀ ਟੈਰੜੀ -- ਇਹਦੀ ਕੀ ਹੈ ਤੋਰ ਵੇ।*

1980 ਵਿਚ ਮੋਹਣ ਸਿੰਘ ਅਮਰ ਸਿੰਘ ਸ਼ੌਂਕੀ ਨਾਲ ਇੰਗਲੈਂਡ ਦਾ ਚੱਕਰ ਵੀ ਮਾਰ ਆਇਆ। ਇਸ ਜਥੇ ਵਿਚ ਸ਼ੌਂਕੀ ਦਾ ਵੱਡਾ ਪੁੱਤਰ ਸਵਰਾਜ ਸਿੰਘ ਅਤੇ ਲਛਮਣ ਸਿੰਘ ਚੋਪੜਾ ਵੀ ਸ਼ਾਮਲ ਸਨ। ਪ੍ਰਵਾਸੀ ਪੰਜਾਬੀਆਂ ਨੇ ਇਸ ਜਥੇ ਨੂੰ ਪੂਰਾ ਮਾਣ ਤੇ ਸਤਿਕਾਰ ਦਿੱਤਾ।

ਮੋਹਣ ਸਿੰਘ ਦੀ ਗਿਣਤੀ ਚੋਟੀ ਦੇ ਸਾਰੰਗੀ ਵਾਦਕਾਂ ਵਿਚ ਕੀਤੀ ਜਾ ਸਕਦੀ ਹੈ। ਉਹ ਇਕ ਬਹੁਤ ਹੀ ਹੰਢਿਆ ਹੋਇਆ ਅਤੇ ਪਰਪੱਕ ਸਾਜ਼ੀ ਸੀ। ਸਾਰੰਗੀ ਦੇ ਸੁਰਾਂ 'ਤੇ ਉਸਦੇ ਪੋਟੇ ਅਜਿਹੇ ਥਿਰਕਦੇ ਸਨ ਕਿ ਉਹ ਵੱਡੇ ਤੋਂ ਵੱਡੇ ਇਕੱਠ ਨੂੰ ਵੀ ਕੀਲ ਕੇ ਬਿਠਾਉਣ ਦੇ ਸਮਰੱਥ ਸੀ। ਸੁਰਾਂ ਦੇ ਉਤਰਾਅ ਚੜ੍ਹਾਅ ਸਰੋਤੇ ਨੂੰ ਪੱਬਾਂ ਭਾਰ ਹੋਣ ਤੇ ਮਜਬੂਰ ਕਰ ਦਿੰਦੇ ਸਨ।

## ਪਾਲ ਸਿੰਘ ਪੰਛੀ

ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਪਾਲ ਸਿੰਘ ਪੰਛੀ ਦਾ ਵੀ ਇੱਕ ਯਾਦ ਰੱਖਣਯੋਗ ਸਥਾਨ ਹੈ। ਪਾਲ ਸਿੰਘ ਪੰਛੀ ਦੇ ਕਈ ਤਵੇ ਰਿਕਾਰਡ ਹੋਏ ਮਿਲਦੇ ਹਨ। ਹਿੰਦੁਸਤਾਨ ਰਿਕਾਰਡਜ਼ ਕੰਪਨੀ ਵਿਚ ਉਸਦੇ ਰਿਕਾਰਡ ਨੰ: H3058 ਅਤੇ H3070 ਰਿਕਾਰਡ ਹੋਏ ਮਿਲੇ ਹਨ। ਇਹਨਾਂ ਤੋਂ ਇਲਾਵਾ ਕੋਲੰਬੀਆ ਕੰਪਨੀ ਵਿਚ ਵੀ ਪੰਛੀ ਦੀ ਰਿਕਾਰਡਿੰਗ ਹੋਈ। ਕੁੱਲ ਮਿਲਾਕੇ ਇਹਨਾਂ ਰਿਕਾਰਡਾਂ ਦੀ ਗਿਣਤੀ ਵੀਹ ਕੁ ਦੇ ਲਗਭਗ ਹੈ।

ਪਾਲ ਸਿੰਘ ਦਾ ਜਨਮ 1918 ਵਿਚ ਜ਼ਿਲ੍ਹਾ ਫਿਰੋਜ਼ਪੁਰ ਦੀ ਤਹਿਸੀਲ ਜੀਰਾ ਦੇ ਪਿੰਡ ਤਲਵੰਡੀ ਮੱਲ੍ਹੀਆਂ ਵਿਖੇ ਪਿਤਾ ਪੂਰਨ ਸਿੰਘ ਦੇ ਘਰ ਹੋਇਆ। ਮਾਤਾ ਦਾ ਨਾਂ ਆਸ ਕੌਰ ਸੀ। ਬਚਪਨ ਵਿਚ ਪਾਲ ਸਿੰਘ ਨੂੰ ਵਿਦਿਆ ਪ੍ਰਾਪਤ ਕਰਨ ਦਾ ਚਾਅ ਸੀ। ਪਿੰਡ ਦੇ ਡੇਰੇ ਤੋਂ ਸੰਤ ਕਰਮ ਦਾਸ ਪਾਸੋਂ ਮੁਢਲੀ ਸਿਖਿਆ ਪ੍ਰਾਪਤ ਕੀਤੀ ਅਤੇ ਹੌਲੀ-ਹੌਲੀ ਕਾਫੀ ਗ੍ਰੰਥਾਂ ਦਾ ਅਧਿਐਨ ਕੀਤਾ। ਪਾਲ ਸਿੰਘ ਨੂੰ ਇਨ੍ਹਾਂ ਗ੍ਰੰਥਾਂ ਨੂੰ ਵਾਚਦਿਆਂ ਅਤੇ ਕਵੀਸ਼ਰਾਂ ਨੂੰ ਸੁਣਕੇ ਗਾਉਣ ਦੀ ਚੇਟਕ ਲੱਗ ਗਈ। ਆਪਣੇ ਇਸ ਸ਼ੌਕ ਨੂੰ ਪੂਰਾ ਕਰਨ ਲਈ ਉਹ ਪ੍ਰਸਿੱਧ ਕਵੀਸ਼ਰ ਤਖਤੂਪੁਰੀਏ ਸ਼ੇਰ ਸਿੰਘ ਸੰਦਲ ਦੇ ਚਰਨੀਂ ਜਾ ਪਿਆ ਅਤੇ ਕਵੀਸ਼ਰੀ ਦੀ ਦੀਖਿਆ ਪ੍ਰਾਪਤ ਕੀਤੀ। ਕਾਵਿ ਉਡਾਰੀਆਂ ਲਾਉਣ ਦੀ ਤਮੰਨਾ ਨਾਲ ਆਪਣੇ ਨਾਂ ਨਾਲ 'ਪੰਛੀ' ਜੋੜ ਲਿਆ। ਕੁਝ ਚਿਰ ਕਵੀਸ਼ਰੀ ਕਰਨ ਤੋਂ ਬਾਅਦ ਢੱਡ ਸਾਰੰਗੀ ਨਾਲ ਗਾਉਣ ਲੱਗ ਪਿਆ। ਸ਼ੁਰੂ ਵਿਚ ਇਹ ਜ਼ਿਆਦਾਤਰ ਹਜ਼ੂਰਾ ਸਿੰਘ ਦੀ ਹੀਰ ਗਾਉਂਦਾ ਸੀ। ਬਾਅਦ ਵਿਚ ਇਸਨੇ ਆਪ ਵੀ ਕਲੀਆਂ ਵਿਚ ਹੀਰ ਰਚੀ। ਇਸਦਾ ਵੀ ਇੱਕ ਕਾਰਨ ਸੀ ਜਿਸਤੋਂ ਲੋਕ ਢਾਡੀ ਕਲਾ ਪ੍ਰਤੀ ਪੁਰਾਣੀ ਪੀੜ੍ਹੀ ਦੀ ਆਸਥਾ ਪ੍ਰਗਟ ਹੁੰਦੀ ਹੈ। ਕਹਿੰਦੇ ਇਨ੍ਹਾਂ ਦੇ ਪਿੰਡ ਦਾ ਇੱਕ ਬਜ਼ੁਰਗ ਆਖਰੀ ਸਾਹ ਗਿਣ ਰਿਹਾ ਸੀ। ਜਦੋਂ ਉਸਨੂੰ ਸੁਖਮਣੀ ਦਾ ਪਾਠ ਸੁਣਾਉਣ ਲੱਗੇ ਤਾਂ ਉਸਨੇ ਨਾਂਹ ਵਿਚ ਸਿਰ ਹਿਲਾਉਂਦੇ ਹੋਏ ਕਿਹਾ ਕਿ ਪੰਛੀ ਨੂੰ ਬੁਲਾਕੇ ਕਹੋ ਕਿ ਮੈਨੂੰ ਹਜ਼ੂਰਾ ਸਿੰਘ ਦੀ ਹੀਰ ਦੀਆਂ ਕਲੀਆਂ ਸੁਣਾਏ, ਇਹੀ ਮੇਰੀ ਆਖਰੀ ਇੱਛਾ ਹੈ। ਘਰ ਵਾਲਿਆਂ ਨੇ ਇਸੇ ਤਰ੍ਹਾਂ ਕੀਤਾ ਅਤੇ ਬਜ਼ੁਰਗ ਕਲੀਆਂ ਸੁਣਦਾ ਆਰਾਮ ਨਾਲ ਸਦਾ ਦੀ ਨੀਂਦ ਸੌਂ ਗਿਆ।

ਪਾਲ ਸਿੰਘ ਪੰਛੀ ਇੱਕ ਤਜਬਰੇਕਾਰ ਅਤੇ ਪੁਖ਼ਤਾ ਢਾਡੀ ਸੀ। ਉਸਨੇ ਆਪਣੇ ਜਥੇ ਨਾਲ ਪੂਰੇ ਪੰਜਾਬ ਨੂੰ ਗਾਹਿਆ। ਉਸਦੇ ਰਿਕਾਰਡ ਹੋਏ ਤਵਿਆਂ ਵਿਚ ਹੀਰ, ਪੂਰਨ, ਗੋਪੀ ਚੰਦ ਆਦਿ ਮਿਲਦੇ ਹਨ ਜਿਨ੍ਹਾਂ ਨੂੰ ਵੱਖ ਵੱਖ ਰਿਕਾਰਡਿੰਗ ਕੰਪਨੀਆਂ ਨੇ ਰਿਕਾਰਡ ਕੀਤਾ। ਇਨ੍ਹਾਂ ਵਿਚ ਹਿੰਦੁਸਤਾਨ ਰਿਕਾਰਡਜ਼ ਤੇ ਕੋਲੰਬੀਆ ਪ੍ਰਮੁੱਖ ਹਨ। ਮਲਕੀਤ ਸਿੰਘ

ਪੰਧੇਰ ਨਾਲ ਉਸਦਾ ਕੋਲੰਬੀਆ ਕੰਪਨੀ ਵਿਚ ਰਿਕਾਰਡ ਹੋਇਆ ਤਵਾ ਵੀ ਮਿਲਿਆ ਹੈ।

- *ਲੈ ਚੱਲਿਆ ਸੁੰਦਰਾਂ ਨੂੰ, ਜੋਗੀ ਪਿਆਰ ਦੀ ਉਂਗਲ ਲਾ ਕੇ।*
- *ਸੁੱਤੀ ਹੀਰ ਨੂੰ ਸੁਪਨਾ ਆ ਗਿਆ ਮਾਹੀ ਦਾ।*
- *ਗੋਪੀ ਚੰਦ ਨੇ ਲੈ ਲਈ ਫਕੀਰੀ।*
- *ਜੇ ਤੂੰ ਨੇਕੀ ਖੱਟਣੀ ਨਾਥ ਜੀ।*
- *ਮੇਰੀ ਘੁੱਟ ਕੇ ਵੀਣੀ ਨਾ ਫੜੀਂ, ਦਏਂਗਾ ਸਹਿਜ ਮਰੋੜ,*<br>*ਅਸਾਂ ਕੱਲ੍ਹ ਵੇ ਚੜ੍ਹਾਈਆਂ ਚੂੜੀਆਂ, ਸਾਡਾ ਲੱਗਾ ਵੇ ਲੱਖ ਕਰੋੜ।*
- *ਹਾਏ ਵੇ ਮਿਰਜ਼ਿਆ ਜਾਨੀਆਂ ਵੇ ਤੂੰ ਕਿਤ ਵੱਲ ਕਰੇ ਚੜ੍ਹਾਣ,*<br>*ਮੈਨੂੰ ਛੱਡ ਗਿਓਂ ਵਿਚ ਉਜਾੜ ਦੇ, ਮੈਨੂੰ ਰੋਹੀ ਆਉਂਦੀ ਖਾਣ।*
- *ਮੂਹਰੇ ਨਣਦ ਮਗਰ ਭਰਜਾਈ, ਮਿਲੀ ਮਖਣੀ ਤੇ ਨਾਲ ਮਲਾਈ*<br>*ਸਹਿਤੀ ਹੀਰ ਬਾਗ ਵਿਚ ਆਈ,*<br>*ਸਾਧੂ ਰੋਹੀਂ ਰਹਿੰਦੇ ਜਿਥੇ ਵੇ ਕਰੀਰ ਜੋਗੀਆ,*<br>*ਵੇ ਤੂੰ ਕੀਹਦਾ ਚੇਲਾ, ਕਿਥੋਂ ਦਾ ਫਕੀਰ ਜੋਗੀਆ।*

ਪੰਛੀ ਦਾ ਗੱਲ ਕਰਨ ਦਾ ਢੰਗ ਬੜਾ ਪ੍ਰਭਾਵਸ਼ਾਲੀ ਹੈ। ਉਹ ਸੰਖੇਪ, ਕਾਵਿਮਈ ਅਤੇ ਚੁਸਤ ਵਾਰਤਾਲਾਪ ਰਾਹੀ ਸਰੋਤਿਆਂ ਨੂੰ ਕੀਲ ਕੇ ਬਿਠਾਉਣ ਦੇ ਸਮਰੱਥ ਸੀ। ਰਿਕਾਰਡ ਤਵਿਆਂ ਵਿਚੋਂ ਇਸ ਤਰ੍ਹਾਂ ਦੀ ਵਾਰਤਕ ਦੇ ਇੱਕ ਦੋ ਨਮੂਨੇ ਪੇਸ਼ ਹਨ।

- ☐ *ਆਸ਼ਕਾਂ ਦੀ ਰਾਣੀ ਹੀਰ ਜੱਟੀ ਅਤੇ ਲੋਹੜਿਆਂ ਮਾਰੀ ਸਹਿਤੀ ਰਾਂਝੇ ਪੰਛੀ ਨਾਲ ਸਵਾਲ ਜਵਾਬ ਕਰ ਰਹੀ ਹੈ। ਮਲਕੀਤ ਸਿੰਘ ਪੰਧੇਰ ਅਤੇ ਪਾਲ ਸਿੰਘ ਪੰਛੀ ਤਲਵੰਡੀ ਮੱਲ੍ਹੀਆਂ ਵਾਲਾ ਹੇ - - - ਏ - - - ਇਉਂ ਦੱਸ ਦੈ ਬਈ।*
- ☐ *ਮਿਰਜ਼ੇ ਦੇ ਮਰਨ ਪਿੱਛੋਂ ਸਰ੍ਹਾਣੇ ਬੈਠੀ ਸਾਹਿਬਾਂ ਵੈਣ ਪਾ ਰਹੀ ਹੈ। ਪਾਲ ਸਿੰਘ ਪੰਛੀ ਦਾ ਢਾਡੀ ਜਥਾ ਹੇ - - - ਏ - - - ਇਉਂ ਦੱਸਦੈ ਬਈ।*

ਪਾਲ ਸਿੰਘ ਪੰਛੀ ਨੇ ਬਹੁਤ ਸਾਰੀ ਰਚਨਾ ਕੀਤੀ ਜਿਸ ਵਿਚੋਂ ਕੁਝ ਪ੍ਰਕਾਸ਼ਿਤ ਹੋਈ ਤੇ ਕੁਝ ਅਣ-ਪ੍ਰਕਾਸ਼ਿਤ ਰਹਿ ਗਈ। ਇਸ ਦਾ ਵੇਰਵਾ ਇਸ ਪ੍ਰਕਾਰ ਹੈ:

**ਪ੍ਰਕਾਸ਼ਿਤ ਰਚਨਾਵਾਂ :**

ਪੰਛੀ ਪੀਘਾਂ, ਪੰਛੀ ਕਿਰਨਾ, ਪੰਛੀ ਪੈਲਾਂ, ਪੰਛੀ ਕਲੋਲਾਂ (ਤਿਨ ਹਿੱਸੇ), ਪੰਛੀ ਪੈੜਾ, ਗਵਾਚੀਆਂ ਖੁਸ਼ੀਆਂ, ਪੰਛੀ ਪ੍ਰਸੰਗ, ਪੰਛੀ ਪੀੜਾਂ, ਪੰਛੀ ਪੁਕਾਰਾਂ, ਹੀਰ ਰਾਂਝੇ ਦੀਆਂ ਕਲੀਆਂ, ਪੰਛੀ ਦੇ ਲੋਕ ਗੀਤ, ਗੀਤਾਂ ਦੇ ਗੱਫੇ, ਮੋਤੀਆਂ ਦੀ ਮਾਲਾ।

**ਅਣਪ੍ਰਕਾਸ਼ਿਤ ਰਚਨਾਵਾਂ :**

ਅੰਮ੍ਰਿਤ ਦਾ ਪ੍ਰਸੰਗ, ਪੰਛੀ ਪੱਤਣ, ਪੰਛੀ ਪਾਲਾਂ, ਪੰਛੀ ਪੌਣਾ, ਪੰਛੀ ਕਲੋਲਾਂ (ਚੌਥਾ ਹਿੱਸਾ), ਚਾਲੀ ਮੁਕਤੇ।

ਪੰਜਾਬ ਤੋਂ ਬਾਹਰ ਭਾਰਤ ਦੇ ਦੂਜੇ ਸੂਬਿਆਂ ਅਤੇ ਵਿਦੇਸ਼ਾਂ ਸਿੰਘਾਪੁਰ, ਮਲਾਇਆ, ਥਾਈਲੈਂਡ, ਇੰਗਲੈਂਡ ਆਦਿ ਵਿਚ ਵੀ ਪੰਛੀ ਨੇ ਢਾਡੀ ਕਲਾ ਦੀ ਮਹਿਕ ਨੂੰ ਖਿੰਡਾਇਆ। ਢਾਡੀਆਂ ਦੇ ਵੱਖ ਵੱਖ ਮੁਕਾਬਲਿਆਂ ਵਿਚ ਪੰਛੀ ਨੇ ਭਾਗ ਲਿਆ। ਲੁਧਿਆਣੇ ਵਿਖੇ ਹੋਏ ਮੁਕਾਬਲੇ ਵਿਚ ਪਹਿਲੇ ਸਥਾਨ ਤੇ ਰਿਹਾ। 1965 ਵਿਚ ਪਾਲ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਿਆ। ਉਹ ਪੰਜਾਬੀ ਢਾਡੀ ਸਭਾ ਦਾ ਪ੍ਰਧਾਨ ਰਿਹਾ ਅਤੇ ਪੰਜਾਬੀ ਸੂਬੇ ਦੇ ਮੋਰਚਿਆਂ ਵਿਚ ਕੈਦ ਵੀ ਕੱਟੀ। ਢਾਡੀ ਕਲਾ ਦੇ ਇਸ ਅਨਮੋਲ ਹੀਰੇ ਦਾ ਅੰਤ 1978 ਦੀ ਵਿਸਾਖੀ ਨੂੰ ਇੰਗਲੈਂਡ ਵਿਖੇ ਹੋਇਆ। ਉਸਦੀ ਆਖਰੀ ਇੱਛਾ ਅਨੁਸਾਰ ਉਸਦੀ ਮ੍ਰਿਤਕ ਦੇਹ ਦਾ ਸਸਕਾਰ ਉਸਦੀ ਜੰਮਣ ਭੋਂਏ ਤਲਵੰਡੀ ਮੱਲ੍ਹੀਆਂ ਵਿਖੇ ਹੀ ਕੀਤਾ ਗਿਆ। ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਪੰਛੀ ਦਾ ਨਾਂ ਹਮੇਸ਼ਾ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਰਹੇਗਾ।

## ਨਾਜ਼ਰ ਸਿੰਘ ਦੁਆਬੀਆ

ਦੁਆਬੇ ਦੇ ਢਾਡੀਆਂ ਵਿਚੋਂ ਨਾਜ਼ਰ ਸਿੰਘ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਸਗੋਂ ਆਪਣੀ ਪਛਾਣ ਆਪ ਹੈ। ਉਹ ਆਪਣੇ ਆਪ ਨੂੰ ਦੁਆਬੇ ਦਾ ਕਹਾਉਣ ਵਿਚ ਫਖ਼ਰ ਮਹਿਸੂਸ ਕਰਦਾ ਸੀ। ਏਸੇ ਲਈ ਹਰ ਰਿਕਾਰਡ ਵਿਚ ਪ੍ਰਸੰਗ ਦੱਸਣ ਲੱਗਿਆਂ ਉਸਨੇ ਦੱਸੀਂ ਖਾਂ ਨਾਜ਼ਰ ਸਿਆਂ ਦੁਆਬੇ ਵਾਲ਼ਿਆ ... ਕਿਹਾ ਹੋਇਆ ਹੈ। ਪੇਸ਼ ਹੈ ਇੱਕ ਨਮੂਨਾ 'ਜਦੋਂ ਮਿਰਜ਼ਾ ਸਾਹਿਬਾਂ ਨੂੰ ਸਿਆਲਾਂ ਤੋਂ ਲਈਂ ਜਾਂਦੈ ਤਾਂ ਅੱਗੋਂ ਡੋਗਰ ਫਰੇਜ਼ ਪੁੱਛਦੈ, ਦੱਸੀਂ ਖਾਂ ਨਾਜ਼ਰ ਸਿਆਂ ਦੁਆਬੇ ਵਾਲਿਆ ਕਿਸ ਤਰ੍ਹਾਂ ਪੁੱਛਦਾ ਹੈ ਦੋਸਤਾ....।

ਨਾਜ਼ਰ ਸਿੰਘ ਜਲੰਧਰ ਜ਼ਿਲ੍ਹੇ ਦੇ ਪਿੰਡ ਜਮਸ਼ੇਰ ਦਾ ਰਹਿਣ ਵਾਲਾ ਸੀ ਜਿਥੋਂ ਦਾ ਪ੍ਰਸਿੱਧ ਢਾਡੀ ਨਿਰੰਜਣ ਸਿੰਘ ਹੋਇਆ ਹੈ । ਨਾਜ਼ਰ ਸਿੰਘ ਦਾ ਜਨਮ ਪਿਤਾ ਲਾਲ ਸਿੰਘ ਸ਼ੇਰਗਿੱਲ ਦੇ ਘਰ ਪੱਛਮੀ ਪੰਜਾਬ ਦੇ ਬਾਰ ਇਲਾਕੇ ਵਿਚ ਹੋਇਆ। ਨਾਜ਼ਰ ਹੁਰੀਂ ਛੇ ਭਰਾ ਸਨ ਪਰ ਇਸ ਲਾਈਨ ਤੇ ਕੇਵਲ ਨਾਜ਼ਰ ਹੀ ਤੁਰਿਆ। ਦੀਦਾਰ ਸਿੰਘ ਰਟੈਂਡਾ ਦੀ ਉਸ ਸਮੇਂ ਉਸ ਇਲਾਕੇ ਵਿਚ ਪੂਰੀ ਚੜ੍ਹਤ ਸੀ। ਅਖਾੜਿਆਂ ਦੇ ਗੌਣ ਸੁਣਕੇ ਨਾਜ਼ਰ ਸਿੰਘ ਨੂੰ ਵੀ ਗਾਉਣ ਦੀ ਚੇਟਕ ਲਗ ਗਈ। ਹੌਲੀ ਹੌਲੀ ਇਸ ਸ਼ੌਕ ਨੇ ਉਸਨੂੰ ਇੱਕ ਵਧੀਆ ਢਾਡੀ ਬਣਾ ਦਿੱਤਾ। ਅਣਵੰਡੇ ਪੰਜਾਬ ਵਿਚ ਉਸਨੇ ਇਸ ਕਲਾ ਨੂੰ ਵੱਖ ਵੱਖ ਥਾਵਾਂ ਤੇ ਜਾ ਕੇ ਲੋਕਾਂ ਵਿਚ ਵੰਡਿਆ।

1947 ਵਿਚ ਪੰਜਾਬ ਦੀ ਵੰਡ ਕਾਰਨ ਬਾਰ ਨੂੰ ਛੱਡ ਕੇ ਉਹ ਪਰਵਾਰ ਸਮੇਤ ਏਧਰਲੇ ਪੰਜਾਬ ਆ ਗਿਆ। ਏਧਰ ਜ਼ਿਲ੍ਹਾ ਜਲੰਧਰ ਦੇ ਨੇੜਲੇ ਪਿੰਡ ਜਮਸ਼ੇਰ ਦੀ ਫੋਲੜੀਵਾਲ ਬਸਤੀ ਵਿਚ ਇਸ ਪਰਵਾਰ ਨੂੰ ਜ਼ਮੀਨ ਅਲਾਟ ਹੋਈ। ਏਸੇ ਪਿੰਡ ਦੇ ਪ੍ਰਸਿੱਧ ਢਾਡੀਆਂ ਨਿਰੰਜਨ ਸਿੰਘ ਤੇ ਲਸ਼ਕਰ ਸਿੰਘ ਨਾਲ ਮਿਲਕੇ ਉਸਨੇ ਅਖਾੜੇ ਲਾਉਣੇ ਅਤੇ ਰਿਕਾਰਡਿੰਗ ਕਰਾਉਣੀ ਸ਼ੁਰੂ ਕਰ ਦਿੱਤੀ। ਦੀਦਾਰ ਸਿੰਘ ਰਟੈਂਡਾ ਅਤੇ ਨਿਰੰਜਣ ਸਿੰਘ ਦੇ ਨਾਲ ਵੀ ਨਾਜ਼ਰ ਸਿੰਘ ਨੇ ਕਾਫੀ ਸਮਾਂ ਗਾਇਆ। ਜਦੋਂ ਨਿਰੰਜਣ ਸਿੰਘ ਇੰਗਲੈਂਡ ਚਲਾ ਗਿਆ ਤਾਂ ਨਾਜ਼ਰ ਸਿੰਘ ਹੋਰ ਸਾਥੀਆਂ ਨਾਲ ਗਾਉਂਦਾ ਰਿਹਾ। ਅਪਰੇ ਵਾਲਾ ਕਰਨੈਲ ਸਿੰਘ ਸਾਰੰਗੀ ਮਾਸਟਰ ਲੰਮਾ ਸਮਾਂ ਨਾਜ਼ਰ ਸਿੰਘ ਦੇ ਜਥੇ ਵਿਚ ਸ਼ਾਮਲ ਰਿਹਾ। ਗੁਰਮੇਜ਼ ਸਿੰਘ ਨੇ ਵੀ ਨਾਜ਼ਰ ਸਿੰਘ ਨਾਲ ਪਾਛੂ ਦੇ ਤੌਰ ਤੇ ਗਾਇਆ। ਅੱਠਵੇਂ ਦਹਾਕੇ ਤੋਂ ਬਾਅਦ ਇਸ ਕਲਾ ਦਾ ਦਮ ਘੁਟਦਾ ਗਿਆ ਅਤੇ ਹੋਰਾਂ ਲੋਕ ਢਾਡੀਆਂ ਵਾਂਗ ਨਾਜ਼ਰ ਸਿੰਘ ਨੂੰ ਵੀ ਘਰ ਬੈਠਣ ਤੇ ਮਜਬੂਰ ਹੋਣਾ ਪਿਆ। ਅਖੀਰ ਨੌਵੇਂ

ਦਹਾਕੇ ਦੇ ਆਖਰੀ ਸਾਲਾਂ ਵਿਚ ਉਹ ਇਸ ਜਹਾਨ ਤੋਂ ਕੂਚ ਕਰ ਗਿਆ ਅਤੇ ਸਾਡੇ ਕੋਲ ਆਪਣੀਆਂ ਯਾਦਾਂ ਛੱਡ ਗਿਆ।

ਨਾਜ਼ਰ ਸਿੰਘ ਤੇ ਸਾਥੀਆਂ ਦੀ ਜ਼ਿਆਦਾਤਰ ਰਿਕਾਰਡਿੰਗ 'ਹਿੰਦੁਸਤਾਨ ਰਿਕਾਰਡਜ਼' ਕੰਪਨੀ ਵਿਚ ਹੋਈ ਮਿਲਦੀ ਹੈ। ਇਸ ਤੋਂ ਇਲਾਵਾ ਸਰਗਮ, ਕੋਹਿਨੂਰ ਰਿਕਾਰਡਜ਼ ਆਦਿ ਕੰਪਨੀਆਂ ਨੇ ਵੀ ਇਹਨਾਂ ਨੂੰ ਰਿਕਾਰਡ ਕੀਤਾ ਹੈ। ਇਹਨਾਂ ਤਵਿਆਂ ਦੀ ਗਿਣਤੀ ਕਾਫੀ ਹੈ। ਜਿਨ੍ਹਾਂ ਵਿਚੋਂ ਕੁਝ ਕੁ ਇਸ ਪ੍ਰਕਾਰ ਹਨ:-

- *ਸੱਮੋ ਸੰਝੀ ਕਾਜੀ ਨੇ ਪਾ ਲੀ ਜਹਿਰ ਵਿਚ ਦੁੱਧ ਦੇ,<br>ਪੱਜ ਕਰ ਦੁੱਧ ਦਾ ਤੁਲੀ ਨੇ ਹੀਰ ਨੂੰ ਜ਼ਹਿਰ ਪਿਲਾਈ।<br>ਮਾਂ ਹਿਤਕਾਰ ਜਾਣਕੇ ਦੁੱਧ ਪੀ ਲਿਆ ਹੀਰ ਨੇ,<br>ਏਹ ਨਹੀਂ ਸੀ ਪਤਾ ਜ਼ਹਿਰ ਦੁੱਧ ਦੇ ਵਿਚ ਮਿਲਾਈ।*

- *ਲਿਆ ਹਿਸਾਬ ਹੀਰ ਦਾ ਵਿਚ ਬਹਾ ਕੇ ਕਬਰ ਦੇ,<br>ਅਜਰਾਈਲ ਬਹੀ 'ਤੇ ਪਲ ਪਲ ਲੇਖਾ ਕਰਕੇ।<br>ਸਾਰਾ ਦਫਤਰ ਫੋਲਿਆ, ਚਿੱਤਰ ਗੁਪਤ ਲਿਖਾਰੀ ਦਾ,<br>ਲੱਗੀ ਕਲਮ ਨਾ ਨਿਕਲੀ ਕੋਈ ਗੁਨਾਹ ਦੀ ਭਰਕੇ।*

- *ਬੋਲ ਜਬਾਨੋਂ ਸਾਹਿਬਾਂ, ਮਿਰਜ਼ਾ ਤੇਰੇ ਬਦਲੇ ਮਾਰਿਆ,<br>ਇਹਨੂੰ ਦੱਸਦੀ ਮੌਤ ਸੁਣਾ।*

- *ਸੁੰਦਰ ਤੋਤਾ ਬੋਲਦਾ, ਮੱਥੇ ਤਿਊੜੀ ਘੱਤ,<br>ਉਹਦੇ ਗਲ ਵਿਚ ਗੂਠਾ ਆ ਗਿਆ, ਚੋ ਚੋ ਪੈਂਦੀ ਰੱਤ।*

- *ਸਾਹਿਬਾਂ ਕਹਿੰਦੀ ਮਿਰਜ਼ਿਆ ਮੇਰਾ ਇੱਕ ਸਵਾਲ।*

- *ਡੋਗਰ ਕਬਰੋਂ ਪੁਕਾਰਦਾ ਮੇਰਾ ਇੱਕ ਸਵਾਲ,<br>ਬੱਕੀ ਦੇ ਉਤੇ ਦੂਸਰਾ ਕੌਣ ਚੜ੍ਹਾਇਆ ਨਾਲ।*

ਨਾਜ਼ਰ ਸਿੰਘ ਨੇ ਬਹੁਤਾ ਮਿਰਜ਼ਾ ਹੀ ਗਾਇਆ ਹੈ। ਇਸ ਤੋਂ ਇਲਾਵਾ ਢੋਲ ਬਾਦਸ਼ਾਹ, ਦੁੱਲਾ ਭੱਟੀ, ਹੀਰ ਆਦਿ ਲੋਕ ਗਾਥਾਵਾਂ ਵਿਚੋਂ ਵੀ ਉਸਨੇ ਵੱਖ ਵੱਖ ਪ੍ਰਸੰਗ ਗਾਏ ਹਨ। ਇਨ੍ਹਾਂ ਮਿਲਦੇ ਤਵਿਆਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚੋਂ ਬਹੁਤੀਆਂ ਕਲੀਆਂ 'ਨਾਜ਼ਰ ਸਿੰਘ' ਰਾਗੀ ਦੇ ਨਾਂ ਹੇਠ ਖੁਦ ਨਾਜ਼ਰ ਸਿੰਘ ਦੀਆਂ ਹੀ ਲਿਖੀਆਂ ਹੋਈਆਂ ਹਨ। ਨਾਜ਼ਰ ਸਿੰਘ ਦੇ ਤਵਿਆਂ ਨੂੰ ਸੁਣਕੇ ਇਹ ਗੱਲ ਸਾਫ਼ ਮਹਿਸੂਸ ਕੀਤੀ ਜਾ ਸਕਦੀ ਹੈ ਕਿ ਇਨ੍ਹਾਂ ਵਿਚ ਸਪਸ਼ਟਤਾ ਦੀ ਘਾਟ ਹੈ। ਇਹ ਸਰੋਤੇ ਨੂੰ ਛੇਤੀ ਛੇਤੀ ਸਮਝ ਨਹੀਂ ਲਗਦੇ। ਅਮਰ ਸਿੰਘ ਸ਼ੌਂਕੀ, ਦਲੀਪ ਸਿੰਘ ਅਤੇ ਮੋਹਣ ਸਿੰਘ ਵਰਗੀ ਸਪਸ਼ਟਤਾ ਉਸ ਵਿਚ ਨਹੀਂ ਅਤੇ ਇਹ ਘਾਟ ਸਰੋਤਿਆਂ ਨੂੰ ਰੜਕਦੀ ਹੈ।

## ਢਾਡੀ ਭੂਰਾ ਸਿੰਘ

ਪਹਿਲੀ ਪੀੜ੍ਹੀ ਦੇ ਢਾਡੀਆਂ ਵਿਚੋਂ ਹੀ ਭੂਰਾ ਸਿੰਘ ਤੇ ਸਾਥੀਆਂ ਦਾ ਨਾਂ ਵਰਨਣਯੋਗ ਹੈ। ਇਸ ਜਥੇ ਦੀ ਆਵਾਜ਼ ਵਿਚ ਬਹੁਤ ਸਾਰੀ ਰਿਕਾਰਡਿੰਗ ਹੋਈ ਮਿਲਦੀ ਹੈ। ਸੰਸਾਰ ਪ੍ਰਸਿੱਧ ਰਿਕਾਰਡਿੰਗ ਕੰਪਨੀ ਰੀਗਲ ਵਿਚ ਇਹਨਾਂ ਦਾ ਆਰ ਐਲ. 96 ਨੰ: ਰਿਕਾਰਡ ਮਿਲਦਾ ਹੈ ਜੋ ਇਹਨਾਂ ਦੀ ਮੁਢਲੇ ਢਾਡੀਆਂ ਵਿਚ ਸ਼ਮੂਲੀਅਤ ਨੂੰ ਦਰਸਾਉਂਦਾ ਹੈ। ਰੀਗਲ ਤੋਂ ਬਿਨਾਂ ਇਸ ਜਥੇ ਦੀ ਹਿੰਦੁਸਤਾਨ ਰਿਕਾਰਡਜ਼ ਐਚ.ਐਮ.ਵੀ. ਅਤੇ ਕੋਲੰਬੀਆ ਆਦਿ ਕੰਪਨੀਆਂ ਵਿਚ ਵੀ ਰਿਕਾਰਡਿੰਗ ਹੋਈ ਮਿਲਦੀ ਹੈ।

ਭੂਰਾ ਸਿੰਘ ਜਲੰਧਰ ਜ਼ਿਲ੍ਹੇ ਦੇ ਪਿੰਡ ਚਿੱਟੀ ਦਾ ਰਹਿਣ ਵਾਲਾ ਸੀ। ਇਸ ਦੇ ਦੂਰ ਦੇ ਰਿਸ਼ਤੇਦਾਰ ਚਿੱਟੀ ਦੇ ਨਾਲ ਦੇ ਪਿੰਡ ਸੱਮੀਪੁਰ ਰਹਿੰਦੇ ਹਨ। ਵੰਡ ਤੋਂ ਪਹਿਲਾਂ ਭੂਰਾ ਸਿੰਘ ਹੁਰੀਂ ਪੱਛਮੀ ਪੰਜਾਬ (ਪਾਕਿਸਤਾਨ) ਦੇ ਵਿਚ ਚੱਕ ਨੰ: 90 ਵਿਚ ਰਹਿੰਦੇ ਸਨ, ਜੋ ਚਿੱਟੀ ਦੇ ਨਾਂ ਨਾਲ ਮਸ਼ਹੂਰ ਸੀ। ਭੂਰਾ ਸਿੰਘ ਨੇ ਆਪਣੇ ਨਾਂ ਨਾਲ 'ਚਿੱਟੀ' ਤਖੱਲਸ ਵਜੋਂ ਜੋੜ ਲਿਆ। ਉਧਰ ਹੀ ਇਸਨੂੰ ਗਾਉਣ ਦੀ ਚੇਟਕ ਲੱਗੀ। ਆਪਣੇ ਸ਼ੌਕ ਨੂੰ ਪੂਰਾ ਕਰਨ ਲਈ ਇਸਨੇ ਪ੍ਰਸਿੱਧ ਢਾਡੀ ਦੀਦਾਰ ਸਿੰਘ ਨੂੰ ਉਸਤਾਦ ਧਾਰ ਲਿਆ ਅਤੇ ਉਨ੍ਹਾਂ ਦੇ ਨਾਲ ਕਾਫੀ ਸਮਾਂ ਰਹਿਕੇ ਢਾਡੀ ਰਾਗ ਦੀ ਸਿਖਿਆ ਪ੍ਰਾਪਤ ਕੀਤੀ। ਬਾਅਦ ਵਿਚ ਆਪਣਾ ਜਥਾ ਬਣਾਕੇ ਗਾਉਂਦਾ ਰਿਹਾ ਅਤੇ ਰਿਕਾਰਡਿੰਗ ਵੀ ਕਰਵਾਈ ਜੋ ਕਾਫੀ ਗਿਣਤੀ ਵਿਚ ਮਿਲਦੀ ਹੈ। ਦੇਸ ਵੰਡ ਸਮੇਂ ਭੂਰਾ ਸਿੰਘ ਪਰਵਾਰ ਸਮੇਤ ਏਧਰ ਆ ਗਿਆ। ਏਧਰ ਜਲੰਧਰ ਦੇ ਨੇੜਲੇ ਪਿੰਡ ਚਿੱਟੀ ਵਿਖੇ ਉਨ੍ਹਾਂ ਨੇ ਟਿਕਾਣਾ ਕੀਤਾ। ਪਤਾ ਨਹੀਂ ਇਸ ਪਿੰਡ ਦਾ ਨਾਂ ਪਹਿਲਾਂ ਹੀ ਚਿੱਟੀ ਸੀ ਜਾਂ ਫੇਰ ਭੂਰਾ ਸਿੰਘ ਕਾਰਨ ਇਹ ਚਿੱਟੀ ਮਸ਼ਹੂਰ ਹੋ ਗਿਆ। ਏਥੋਂ ਦੇ ਬਜੁਰਗਾਂ ਅਨੁਸਾਰ ਉਹ 'ਫੱਤੇ ਕਿਆਂ' ਦੇ ਲਾਣੇ ਵਿਚੋਂ ਸੀ। ਅੱਜ ਦੇ ਚਿੱਟੀ ਪਿੰਡ (ਲੇਖਕ ਆਤਮਾ ਸਿੰਘ ਚਿੱਟੀ ਵਾਲਾ) ਵਿਚ ਇਸ ਪਰਵਾਰ ਵਿਚੋਂ ਦੋ ਕੁ ਘਰ ਹਨ।

ਭਾਵੇਂ ਆਮ ਲੋਕਾਂ ਵਿਚ ਭੂਰਾ ਸਿੰਘ ਦਾ ਨਾਂ ਦੂਜੇ ਢਾਡੀਆਂ ਵਾਂਗ ਮਸ਼ਹੂਰ ਨਹੀਂ ਸੀ। ਪਰੰਤੂ ਇਹਨਾਂ ਦੀ ਮਿਲਦੀ ਰਿਕਾਰਡਿੰਗ ਨੂੰ ਸੁਣਕੇ ਇਨ੍ਹਾਂ ਦੀ ਕਲਾ ਅਤੇ ਢਾਡੀ ਰਾਗ ਪ੍ਰਤੀ ਪਹੁੰਚ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ। ਉਹ ਬੜਾ ਸਪਸ਼ਟ ਢਾਡੀ ਸੀ ਜਿਸਦਾ ਕੱਲਾ-ਕੱਲਾ ਬੋਲ ਸਰੋਤੇ ਦੇ ਧੁਰ ਅੰਦਰ ਤੱਕ ਲਹਿ ਜਾਂਦਾ ਸੀ। ਇਹਨਾਂ ਦੀ ਮਿਲਦੀ ਰਿਕਾਰਡਿੰਗ ਵਿਚ ਹੀਰ, ਮਿਰਜ਼ਾ, ਪੂਰਨ, ਦੁੱਲਾ ਭੱਟੀ ਆਦਿ ਲੋਕ-ਗਾਥਾਵਾਂ ਦੇ ਨਾਲ-ਨਾਲ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ, ਰਾਜਾ ਅਮਰ ਸਿੰਘ ਦੀ ਵਾਰ,

ਗੁਰੂ ਗੋਬਿੰਦ ਸਿੰਘ ਦੀ ਮੁਗਲਾਂ ਨਾਲ ਲੜਾਈ ਅਤੇ ਹੋਰ ਸਿੱਖ ਮਿਸਲਾਂ ਦੇ ਸਰਦਾਰਾਂ ਦੀਆਂ ਜੋਸ਼ੀਲੀਆਂ ਵਾਰਾਂ ਵੀ ਗਾਈਆਂ ਹੋਈਆਂ ਮਿਲਦੀਆਂ ਹਨ। ਉਸਨੇ ਆਪਣੀ ਗਾਇਣ ਕਲਾ ਵਿਚ ਹਰ ਰੰਗ ਪੇਸ਼ ਕਰਨ ਦਾ ਯਤਨ ਕੀਤਾ ਹੈ:-

- *ਸੁਣ ਲੈ ਖਿੱਦੂ ਚੂਹੜਿਆ, ਮੇਰਾ ਇੱਕ ਸਵਾਲ,*
  *ਮੇਰੀ ਸੱਦ ਦੇ ਉਏ ਤੂੰ ਮਾਂ ਨੂੰ, ਅੱਜ ਦੇਖ ਲੇ ਬੱਚੇ ਦਾ ਹਾਲ।*

- *ਮਣਸਾ ਰਾਮ ਤਾਂ ਵਜ਼ੀਰ ਨੇ, ਹੱਥ ਬੰਨ੍ਹ ਕਰੀ ਪੁਕਾਰ,*
  *ਨੇਤਰ ਪਾਣੀ ਨਾ ਝੱਲਦੇ, ਰੋਂਦਾ ਉਹ ਜਾਰੋ-ਜਾਰ।*

- *ਲੱਧੀ ਕੋਲ ਦੁੱਲੇ ਦੇ ਆ ਗਈ, ਫੜਦੀ ਵਾਂਗ ਘੋੜੇ ਵਾਲੀ ਜਾ,*
  *ਤੂੰ ਤਾਂ ਮੁੜਿਆ ਦੁੱਲਿਆ ਮੇਰਿਆ, ਮੁੜ ਕੇ ਮੁਗਲਾਂ ਨਾਲ ਮੱਥਾ ਲਾ।*

- *ਚੜ੍ਹਿਆ ਮਿਰਜ਼ਾ ਨਿਜ਼ਾਮਦੀਨ, ਕਰਦਾ ਧਾਈਆਂ ਧਾਈਆਂ,*
  *ਉਹਨੇ ਭਰ ਕੇ ਦਾਰੂ ਦੀਆਂ ਬੋਤਲਾਂ, ਹਾਥੀਆਂ ਦੇ ਸੁੰਡਾਂ 'ਚ ਪਾਈਆਂ।*

- *ਭਾਬੋ ਮੇਰੀਏ ਜੋਗੀ ਇੱਕ ਆ ਗਿਆ ਨੀ,*
  *ਉਹਨੇ ਵਿਚ ਤਾਂ ਬਾਗਾਂ ਦੇ ਨੀ ਫੇਰਾ ਪਾਇਆ।*
  *ਸੁੱਕੇ ਬਾਗ ਨੇ ਤਾਂ ਛੱਡੀਆਂ ਭਾਬੋ ਲਗਰਾਂ ਨੀ,*
  *ਭੌਰ ਕਲੋਲਾਂ ਕਰਦੇ ਮੋਰਾਂ ਰੌਲਾ ਪਾਇਆ।*

- *ਕੱਠੀਆਂ ਹੋ ਕੇ ਕੁੜੀਆਂ ਬਈ ਵਿਚੋਂ ਤਾਂ ਖੇੜਿਆਂ ਦਿਉਂ,*
  *ਰਾਂਝੇ ਚਾਕ ਦੇ ਤਾਂ ਓਏ ਵੱਲੀਂ ਸੀ ਆਈਆਂ।*
  *ਇੱਕ ਤਾਂ ਆਹਦੀ ਪੱਤਰੀ ਕੱਢ ਕੇ ਦੇਖੀਂ ਬਾਵਾ ਜੀ,*
  *ਅਸੀਂ ਕਦੋਂ ਕੁ ਸਾਧਾ ਵੇ ਜਾਵਾਂਗੀਆਂ ਵਿਆਹੀਆਂ।*
  *ਇੱਕ ਤਾਂ ਆਹਦੀ ਸਾਧਾ ਇਹ ਤਾਂ ਝੂਠ ਬੋਲਦੀ,*
  *ਅੱਧੀਆਂ ਮੰਗੀਆਂ ਸਾਧਾ ਵੇ ਅੱਧੀਆਂ ਵਿਆਹੀਆਂ।*

ਇਸ ਪ੍ਰਕਾਰ ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਭੂਰਾ ਸਿੰਘ ਅਤੇ ਸਾਥੀਆਂ ਦੀ ਪੇਸ਼ਕਾਰੀ ਅਤਿ ਸਲਾਹੁਣਯੋਗ ਹੈ।

## ਢਾਡੀ ਮੇਹਰ ਸਿੰਘ

ਮੇਹਰ ਸਿੰਘ ਇੱਕ ਹੋਰ ਢਾਡੀ ਹੈ ਜਿਸਦੀ ਗਿਣਤੀ ਮੁਢਲੇ ਢਾਡੀਆਂ ਵਿਚ ਹੀ ਹੁੰਦੀ ਹੈ। ਵੀਹਵੀਂ ਸਦੀ ਦੇ ਚੌਥੇ ਦਹਾਕੇ ਵਿਚ ਮੇਹਰ ਸਿੰਘ ਦਾ ਜਥਾ ਵੀ ਢਾਡੀ ਕਲਾ ਦੀਆਂ ਬੁਲੰਦੀਆਂ ਨੂੰ ਛੋਂਹਦਾ ਸੀ। ਇਸ ਦਾ ਸਬੂਤ ਸੰਸਾਰ ਪ੍ਰਸਿੱਧ ਰਿਕਾਰਡਿੰਗ ਕੰਪਨੀ ਐਚ.ਐਮ.ਵੀ. ਵਿਚ ਹੋਈ ਇਹਨਾਂ ਦੀ ਰਿਕਾਰਡਿੰਗ ਹੈ। ਇਹਨਾਂ ਦੇ ਰਿਕਾਰਡ ਤਵੇ ਦਾ ਨੰ: HMV P-14122 ਹੈ। ਜਿਸਦਾ ਰਿਕਾਰਡਿੰਗ ਸੰਨ 1932-33 ਬਣਦਾ ਹੈ। ਇਸ ਤੋਂ ਬਿਨਾਂ ਹੋਰ ਦੂਜੀਆਂ ਕੰਪਨੀਆਂ ਵਿਚ ਵੀ ਇਹਨਾਂ ਦੀ ਰਿਕਾਰਡਿੰਗ ਹੋਈ ਮਿਲਦੀ ਹੈ। ਮਿਰਜ਼ਾ, ਹੀਰ ਤੇ ਸੱਸੀ ਆਦਿ ਲੋਕ ਗਾਥਾਵਾਂ ਵਿਚੋਂ ਇਹਨਾਂ ਦੇ ਗਾਏ ਹੋਏ ਪ੍ਰਸੰਗ ਮਿਲਦੇ ਹਨ।

- *ਉੱਠ ਖੜ੍ਹ ਬੱਚੀਏ ਜਾਗ ਪਏ ਸਵੇਰੇ ਨੀ,*
  *ਤੂੰ ਕਿਉਂ ਬੱਚੀਏ ਨੀਂਦ ਨੀ ਵਧਾਈ।*
- *ਬੂਹੇ ਸਾਡੇ ਤਾਂ ਇੱਕ ਸਾਧੂ ਆਣ ਖਲੋਤਾ ਨੀ,*
  *ਮੈਨੂੰ ਦੀਂਹਦਾ ਨੀ ਪਰਦੇਸੀਆਂ ਵਾਲੀ ਨਿਆਈ।*
- *ਉਹ ਤੋਂ ਸੋਹਣੀ ਤਾਂ ਮੈਂ ਲਾਲੇ ਭਾਬੀ ਲੱਭ ਲਈ ਨੀ*
- *ਸਾਲ ਸੱਤਵਾਂ ਗੁਜ਼ਰ ਗਿਆ ਸੁਤਿਆਂ ਓਏ,*
  *ਕਿਤੇ ਆਈ ਨਾ ਸੁਤਿਆ ਜਾਗ ਤੈਨੂੰ।*
- *ਉਤੋਂ ਟਿੱਲੇ ਦਿਉਂ ਰਾਂਝਾ ਪੰਛੀ ਤੁਰ ਪਿਆ ਏ,*
  *ਰਾਂਝੇ ਪੰਛੀ ਨੇ ਓਏ ਕਰ ਲਈ ਚੜ੍ਹਾਈ।*
- *ਕਰੀਏ ਨਾ ਓਏ ਐਡਾ ਹੰਕਾਰ,*
  *ਮੌਤ ਨੇ ਮਾਰੇ ਓਏ ਲਾੜਿਆ ਸੂਰਮੇ।*

ਉਪਰੋਕਤ ਕਲੀਆਂ ਵਿਚੋਂ ਉਸਦੇ ਇੱਕ ਪਰਪੱਕ ਢਾਡੀ ਹੋਣ ਦੀ ਗਵਾਹੀ ਮਿਲਦੀ ਹੈ। ਉਸਦੀ ਗਾਇਣ ਸ਼ੈਲੀ ਦੀਦਾਰ ਸਿੰਘ ਰਟੈਂਡਾ ਅਤੇ ਨਿਰੰਜਣ ਸਿੰਘ ਨਾਲ ਮਿਲਦੀ ਜੁਲਦੀ ਸੀ। ਢਾਡੀ ਕਲਾ ਦੇ ਇਤਿਹਾਸ ਵਿਚ ਉਸਨੂੰ ਹਮੇਸ਼ਾ ਯਾਦ ਰੱਖਿਆ ਜਾਂਦਾ ਰਹੇਗਾ।

## ਢਾਡੀ ਬਖਤਾਵਰ ਸਿੰਘ

ਪਹਿਲੀ ਪੀੜ੍ਹੀ ਦੇ ਢਾਡੀਆਂ ਵਿਚੋਂ ਹੀ ਇੱਕ ਹੋਰ ਢਾਡੀ ਹੋਇਆ ਹੈ -- ਬਖਤਾਵਰ ਸਿੰਘ। ਬਖਤਾਵਰ ਸਿੰਘ ਤੇ ਸਾਥੀਆਂ ਦੀਆਂ ਆਵਾਜ਼ਾਂ ਵਿਚ ਵੀ ਕੁਝ ਕੁ ਰਿਕਾਰਡਿੰਗ ਹੋਈ ਮਿਲਦੀ ਹੈ, ਹੋ ਸਕਦੈ ਕਿ ਇਹ ਕਾਫੀ ਹੋਵੇ ਜੋ ਸਮੇਂ ਦੀ ਧੂੜ ਵਿਚ ਹੀ ਕਿਧਰੇ ਰੁਲ ਖੁਲ ਗਈ ਹੋਵੇ ਪਰੰਤੂ ਕੁਝ ਕੁ ਗਿਣਤੀ ਦੀਆਂ ਕਲੀਆਂ ਜ਼ਰੂਰ ਪ੍ਰਾਪਤ ਹੋਈਆਂ ਹਨ। ਇਸ ਰਿਕਾਰਡਿੰਗ ਵਿਚ ਉਸਦਾ ਸਾਥ ਸੋਹਣ ਸਿੰਘ ਨੇ ਦਿੱਤਾ ਹੈ।

ਯੰਗ ਇੰਡੀਆ ਰਿਕਾਰਡਿੰਗ ਕੰਪਨੀ ਵਿਚ ਇਹਨਾਂ ਦਾ ਰਿਕਾਰਡ ਹੋਇਆ ਤਵਾ 'ਸਾਹਿਬਾਂ ਰੋਂਦੀ ਯਾਰ ਨੂੰ' (ਮਿਰਜ਼ਾ) ਮਿਲਦਾ ਹੈ। ਰਿਕਾਰਡ ਦਾ ਨੰ: DA 6503 ਹੈ ਜੋ ਵੀਹਵੀਂ ਸਦੀ ਦੇ ਚੌਥੇ ਦਹਾਕੇ ਦੇ ਸ਼ੁਰੂ ਦੀ ਰਿਕਾਰਡਿੰਗ ਹੈ। ਇਸ ਤੋਂ ਇਲਾਵਾ ਕੋਲੰਬੀਆ ਅਤੇ ਹਿੰਦੁਸਤਾਨ ਰਿਕਾਰਡਜ਼ ਵਿਚ ਵੀ ਇਹਨਾਂ ਦੀ ਰਿਕਾਰਡਿੰਗ ਹੋਈ ਮਿਲਦੀ ਹੈ। ਬਖਤਾਵਰ ਸਿੰਘ ਨੇ ਮਿਰਜ਼ੇ ਤੋਂ ਇਲਾਵਾ ਹੀਰ, ਪੂਰਨ ਆਦਿ ਲੋਕ ਗਾਥਾਵਾਂ ਵਿਚੋਂ ਵੀ ਪ੍ਰਸੰਗ ਰਿਕਾਰਡ ਕਰਵਾਏ ਹਨ। ਕੁਝ ਕੁ ਕਲੀਆਂ ਦੇ ਮੁੱਖੜੇ ਇਸ ਪ੍ਰਕਾਰ ਹਨ:-

- *ਸਾਹਿਬਾਂ ਰੋਂਦੀ ਯਾਰ ਨੂੰ, ਰੋਂਦੀ ਨਾ ਧਰਦੀ ਧੀਰ ਵੇ,*
  *ਪੱਟ ਪੱਟ ਸਿੱਟਦੀ ਮੀਢੀਆਂ, ਨੈਣਾਂ ਚੋਂ ਸਿੱਟਦੀ ਨੀਰ ਵੇ।*

- *ਮੂੰਹ ਰੱਖ ਮਿਰਜ਼ੇ ਦੀ ਲਾਸ਼ 'ਤੇ ਬੱਕੀ ਨੇ ਮਾਰੀ ਧਾਹ,*
  *ਕਿਥੇ ਨੀਂਦ ਸੁੱਖਾਂ ਦੀ ਸੌਂ ਗਿਆ, ਮੈਂ ਤੈਨੂੰ ਰਹੀ ਵੇ ਬੁਲਾ।*

- *ਸਹਿਤੀ ਹੀਰ ਨੂੰ ਕਹਿੰਦੀ ਗੱਲ ਤਾਂ ਨਾਲ ਪਿਆਰ ਦੇ,*
  *ਇੱਕ ਤਾਂ ਜੋਗੀ ਭਾਬੋ ਨੀ ਦੇਖ ਕੇ ਆਈਆਂ।*
  *ਕਾਲੇ ਬਾਗ ਦੇ ਵਿਚ ਆਸਣ ਲਾ ਲਿਆ ਜੋਗੀ ਨੇ,*
  *ਉਚੇ ਸੁਰ ਵਿਚ ਬੰਨ੍ਹ ਕੇ ਵੰਝਲੀਆਂ ਵਜਾਈਆਂ।*

- *ਸਹਿਤੀ ਮਚਲੀ ਹੋ ਕੇ ਕਹਿੰਦੀ ਸੈਦੇ ਕਾਣੇ ਨੂੰ,*
  *ਲਿਆ ਵੇ ਵੱਡਿਆ ਵੀਰਨਾਂ ਹੀਰ ਨੂੰ ਪਰਚਾ ਕੇ।*
  *ਸਾਡੇ ਬਾਗ ਦੇ ਵਿਚ ਚੇਲਾ ਆ ਗਿਆ ਗੋਰਖ ਦਾ,*
  *ਸੱਥ ਵਿਚ ਕੱਲ੍ਹ ਹੀ ਦੱਸਿਆ ਕੁਲ ਕੁੜੀਆਂ ਨੇ ਆ ਕੇ।*

## ਢਾਡੀ ਗੰਗਾ ਸਿੰਘ

ਢਾਡੀ ਰਾਗ ਦੇ ਇਤਿਹਾਸ ਦਾ ਇੱਕ ਹੋਰ ਸੁਨਹਿਰੀ ਪੰਨਾ ਹੈ ਢਾਡੀ ਗੰਗਾ ਸਿੰਘ। ਗੰਗਾ ਸਿੰਘ ਵੀ ਪਹਿਲੀ ਪੀੜ੍ਹੀ ਦੇ ਢਾਡੀਆਂ ਵਿਚੋਂ ਹੀ ਹੈ। ਗੰਗਾ ਸਿੰਘ ਬਹੁਤ ਹੀ ਸੁਥਰਾ ਅਤੇ ਸਪਸ਼ਟ ਢਾਡੀ ਹੋਇਆ ਹੈ। ਜੋ ਅਮਰ ਸਿੰਘ ਸ਼ੌਂਕੀ, ਨਰੰਜਣ ਸਿੰਘ, ਮੋਹਣ ਸਿੰਘ ਤੇ ਦਲੀਪ ਸਿੰਘ ਆਦਿ ਢਾਡੀਆਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਭਾਵ ਗੰਗਾ ਸਿੰਘ ਦੀ ਗਾਇਕੀ ਬੜੀ ਸਪਸ਼ਟ ਹੈ, ਜੋ ਹਰ ਇੱਕ ਨੂੰ ਸਮਝ ਆਉਣ ਵਾਲੀ ਹੈ। ਗੰਗਾ ਸਿੰਘ ਦੇ ਸਾਥੀਆਂ ਵਿਚ ਗੋਪਾਲ ਸਿੰਘ ਤੇ ਮਹਿਤਾਬ ਸਿੰਘ ਸ਼ਾਮਲ ਸਨ। ਜਿਨ੍ਹਾਂ ਦਾ ਜ਼ਿਕਰ ਉਹ ਵਾਰ ਵਾਰ 'ਵਾਹ ਗੋਪਾਲ ਸਿਆਂ, ਵਾਹ ਮਹਿਤਾਬ ਸਿਆਂ' ਆਖ ਕੇ ਕਰਦਾ ਹੈ।

ਗੰਗਾ ਸਿੰਘ ਨੂੰ ਯੰਗ ਇੰਡੀਆ, ਨਿਸ਼ਾਤ ਰਿਕਾਰਡਜ਼, ਕੋਲੰਬੀਆ, ਐਚ.ਐਮ. ਵੀ. ਆਦਿ ਰਿਕਾਰਡਿੰਗ ਕੰਪਨੀਆਂ ਨੇ ਰਿਕਾਰਡ ਕੀਤਾ ਹੈ। ਯੰਗ ਇੰਡੀਆ ਵਿਚ ਇਸ ਜਥੇ ਦਾ DA 6537 ਨੰਬਰ ਰਿਕਾਰਡ ਮਿਲਦਾ ਹੈ, ਜੋ ਬੰਦਾ ਬਹਾਦਰ ਦਾ ਪ੍ਰਸੰਗ ਹੈ। ਏਸੇ ਤਰ੍ਹਾਂ ਨਿਸ਼ਾਤ ਰਿਕਾਰਡਜ਼ ਵਿਚ PM 144 ਨੰ: ਰਿਕਾਰਡ ਮਿਲਦਾ ਹੈ, ਜੋ ਦਹੂਦ 'ਬਾਦਸ਼ਾਹ' ਲੋਕ ਗਾਥਾ ਵਿਚੋਂ ਹੈ। ਗੰਗਾ ਸਿੰਘ ਦੇ ਪੂਰਨ, ਦੁੱਲਾ ਭੱਟੀ, ਮਿਰਜ਼ਾ, ਹੀਰ, ਜੈਮਲ ਫੱਤਾ, ਦਹੂਦ ਬਾਦਸ਼ਾਹ ਆਦਿ ਲੋਕ ਗਾਥਾਵਾਂ ਅਤੇ ਬੰਦਾ ਬਹਾਦਰ ਦੇ ਜੀਵਨ ਵਿਚੋਂ ਪ੍ਰਸੰਗ ਗਾਏ ਹੋਏ ਮਿਲਦੇ ਹਨ :-

- ***ਸਾਹਿਬਾਂ ਯਾਦ ਕਰ ਸਹਿਬ ਨੂੰ, ਜੱਟੀਏ ਦਿਲ ਵਿਚ ਰੱਖ ਨੀ ਤਜਾ ,***
  ***ਓਨੇ ਦਮ ਨੇ ਬੰਦੇ ਨੇ ਭੋਗਣੇ, ਜਿੰਨੇ ਲਿਖੇ ਨੇ ਆਪ ਖੁਦਾ।***

- ***ਸੁੱਤਾ ਕਿਉਂ ਨੀ ਜਾਗਦਾ, ਤੇਰਾ ਕਿਤ ਵੱਲ ਗਿਆ ਖਿਆਲ ,***
  ***ਤੈਨੂੰ ਸੁੱਤੇ ਨੂੰ ਮੈਂ ਜਗਾਂਵਦੀ, ਮੇਰੇ ਗਲ ਵਿਚ ਖੁੱਲੜੇ ਵਾਲ ,***
  ***ਜੱਟਾ ਘਰ ਜਿੰਨ੍ਹਾਂ ਦੇ ਪੱਟ ਲਏ, ਤੇਰੀ ਕਰਦੇ ਆਉਂਦੇ ਭਾਲ।***

- ***ਬੇਗਮ ਕਹਿੰਦੀ ਮਾਂ ਨੂੰ, ਸੁਣ ਮਾਂ ਪਰਧਾਨੇ .***
  ***ਕਾਹਨੂੰ ਕਹਿਰ ਕਮਾ ਲਿਆ ਸਾਨੂੰ ਬੱਚੜੇ ਜਾਨੇ।***

- *ਅੱਗਿਓਂ ਮਾਤਾ ਬੋਲਦੀ ਸੁਣ ਮੇਰੀ ਜਾਈ,*
  *ਤੇਰੇ ਪਿੰਡੇ ਅਤਰ ਫਲੇਲਿਆ, ਸਿਰ ਮੌਲੀ ਪਾਈ।*

- *ਤੇਰੀ ਦੇਖਕੇ ਸ਼ਕਲ ਨੂੰ ਭੁੱਲ ਗਈ, ਮੇਰਾ ਮਨ ਨੀ ਬੰਨ੍ਹਦਾ ਧਾਹ,*
  *ਪੂਰਨਾ ਜੈਸੀ ਲਾਟ ਤੰਦੂਰ ਦੀ, ਮੇਰੇ ਗਈ ਹੱਡਾਂ ਨੂੰ ਖਾ।*

- *ਮਾਤਾ ਹੱਥ ਬੰਨ੍ਹ ਕਰਦਾਂ ਬੇਨਤੀ, ਤੈਨੂੰ ਮੈਂ ਦਿਆਂ ਸੁਣਾ,*
  *ਤੂੰ ਤਾਂ ਮਾਤਾ ਮੇਰੀ ਧਰਮ ਦੀ, ਮੈਨੂੰ ਪੁੱਤਰ ਲੈ ਬਣਾ।*

- *ਬੋਲੇ ਜੈਮਲ ਰਾਜਪੂਤ ਸੁਣ ਅਕਬਰ ਸ਼ਾਹ ਜੀ,*
  *ਅਸੀਂ ਛਤਰੀ ਰਾਜਪੂਤ ਵੱਡ ਯੋਧੇ ਗਾਜ਼ੀ,*
  *ਤੈਨੂੰ ਬੇਟੀ ਦੇਣ ਤੇ ਚਿੱਤ ਹੈ ਨਾ ਰਾਜੀ।*

- *ਬੋਲੇ ਅਕਬਰ ਪਾਤਸ਼ਾਹ, ਸੁਣ ਜੈਮਲ ਮੱਲਾ,*
  *ਕੀਹਨੂੰ ਬੇਟੀ ਦੇਵੇਂਗਾ, ਕੌਣ ਮੈਥੋਂ ਭਲਾ।*

- *ਫਤਿਹ ਕਰਕੇ ਬਨੂੜ ਬੰਦਾ ਸੂਰਮਾ, ਹੋਇਆ ਵੱਲ ਸਰਹੰਦ ਦੇ ਤਿਆਰ,*
  *ਚਿੱਠੀ ਲਿਖੀ ਓ ਵਜੀਦੇ ਖਾਨ ਨੂੰ, ਛੇਤੀ ਸੱਦ ਲੈ ਚੁੰਡੀ ਦੇ ਯਾਰ।*

ਇਸ ਪ੍ਰਕਾਰ ਗੰਗਾ ਸਿੰਘ ਇੱਕ ਹੰਢਿਆ ਹੋਇਆ ਅਤੇ ਤਜ਼ਰਬੇਕਾਰ ਢਾਡੀ ਸੀ। ਉਸ ਦੀ ਆਵਾਜ਼ ਵਿਚ ਰਸ ਹੈ ਅਤੇ ਢਾਡੀ ਰਾਗ 'ਤੇ ਉਸਦੀ ਮਜ਼ਬੂਤ ਪਕੜ ਹੈ। ਦਹੂਦ ਬਾਦਸ਼ਾਹ ਦੀ ਲੋਕ ਗਾਥਾ ਵਿਚੋਂ ਗਾਈਆਂ ਉਸਦੀਆਂ ਰਚਨਾਵਾਂ ਦਿਲ ਨੂੰ ਧੂਹ ਪਾਉਣ ਵਾਲੀਆਂ ਹਨ। ਦਹੂਦ ਦੀ ਮੰਗ ਨਾਲ ਉਸ ਦੀ ਮਾਂ ਦੀ ਵਾਰਤਾਲਾਪ ਨੂੰ ਇਸ ਜਥੇ ਨੇ ਬੜੇ ਹੀ ਵਿਲੱਖਣ ਅੰਦਾਜ਼ ਵਿਚ ਪੇਸ਼ ਕੀਤਾ ਹੈ। ਪੂਰਨ ਤੇ ਲੂਣਾਂ ਦਾ ਸੰਵਾਦ, ਸਾਹਿਬਾਂ ਤੇ ਮਿਰਜ਼ੇ ਦੀ ਗੱਲਬਾਤ ਵੀ ਜ਼ਿਕਰਯੋਗ ਰਿਕਾਰਡ ਹਨ। ਗੰਗਾ ਸਿੰਘ ਤੇ ਸਾਥੀਆਂ ਦੀ ਉਪਰੋਕਤ ਰਿਕਾਰਡਿੰਗ ਤੋਂ ਇਲਾਵਾ ਹੋਰ ਵੀ ਰਿਕਾਰਡਿੰਗ ਹੋਣ ਦੀ ਸੰਭਾਵਨਾ ਹੈ। ਜਿਸ ਨੂੰ ਲੱਭਣ ਅਤੇ ਸੰਭਾਲਣ ਦੀ ਲੋੜ ਹੈ। ਉਂਜ ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਉਸ ਦਾ ਨਾਂ ਹਮੇਸ਼ਾ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਂਦਾ ਰਹੇਗਾ।

## ਦਿਲਾਵਰ ਸਿੰਘ

ਇਹਨਾਂ ਢਾਡੀਆਂ ਤੋਂ ਬਿਨਾਂ ਕੁਝ ਕੁ ਹੋਰ ਵੀ ਢਾਡੀ ਹਨ ਜਿਨ੍ਹਾਂ ਦੇ ਇੱਕਾ ਦੁੱਕਾ ਤਵੇ ਰਿਕਾਰਡ ਹੋਏ ਮਿਲਦੇ ਹਨ। ਹੋ ਸਕਦੈ ਉਹਨਾਂ ਦੀ ਹੋਰ ਵੀ ਰਿਕਾਰਡਿੰਗ ਹੋਈ ਹੋਵੇ ਜੋ ਸਮੇਂ ਦੀ ਧੂੜ ਵਿਚ ਗੁਆਚ ਗਈ ਹੋਵੇ ਜਾਂ ਫਿਰ ਅਜੇ ਵੀ ਦੂਰ ਦੁਰੇਡੇ ਕਿਧਰੇ ਪਿੰਡਾਂ ਵਿਚ ਪੁਰਾਣੇ ਸਪੀਕਰਾਂ ਵਾਲਿਆਂ ਦੇ ਖੱਲਾਂ ਖੂੰਜਿਆਂ ਵਿਚ ਰੁਲ ਰਹੀ ਹੋਵੇ। ਪਰੰਤੂ ਜੋ ਵੀ ਮਿਲੀ ਹੈ ਉਹ ਉਹਨਾਂ ਨੂੰ ਢਾਡੀ ਰਾਗ ਦੇ ਇਤਿਹਾਸ ਵਿਚ ਥਾਂ ਦਿਵਾਉਂਦੀ ਹੈ।

ਅਜਿਹੇ ਢਾਡੀਆਂ ਵਿਚ ਇੱਕ ਨਾਂ ਹੈ ਢਾਡੀ ਦਿਲਾਵਰ ਸਿੰਘ ਦਾ। ਦਿਲਾਵਰ ਸਿੰਘ ਤੇ ਸਾਥੀਆਂ ਦੀ ਆਵਾਜ਼ ਵਿਚ 'ਦੀ ਟਵਿਨ' ਰਿਕਾਰਡਿੰਗ ਕੰਪਨੀ ਵਿਚ ਰਿਕਾਰਡ ਹੋਇਆ ਤਵਾ FT-1208 ਮਿਲਦਾ ਹੈ, ਜੋ ਤਕਰੀਬਨ 1937-38 ਵਿਚ ਰਿਕਾਰਡ ਹੋਇਆ ਹੈ। ਇਹ ਰਿਕਾਰਡ ਹੀਰ ਦੀ ਲੋਕ ਗਾਥਾ ਵਿਚੋਂ ਹੈ:-

- ***ਤੇਰੇ ਉਤੋਂ ਰਾਂਝਿਆ ਜ਼ਿੰਦੜੀ ਘੋਲ ਘੁਮਾਈ ਮੈਂ,***
  ***ਕਾਹਨੂੰ ਦਿੰਨੈ ਮੈਨੂੰ ਤੂੰ ਖੇੜਿਆਂ ਦੇ ਤਾਹਨੇ ।***
  ***ਤੇਰੀ ਖਾਤਰ ਚੂਰੀ ਲਿਆਉਂਦੀ ਸਾਂ ਵਿਚ ਬੇਲਿਆਂ ਦੇ,***
  ***ਝੂਠੇ ਲਾ ਕੇ ਮਿੱਤਰਾ ਮਾਪਿਆਂ ਨੂੰ ਬਹਾਨੇ ।***
- ***ਰੰਗ ਦੀਏ ਰੱਤੀਏ ਝਿੜਕਾਂ ਨਾ ਦੇਹ ਪ੍ਰਦੇਸੀ ਨੂੰ.....***
  ***ਕਿੱਲੇ ਪੱਟਦੀਆਂ ਤੇ ਪੈਂਖੜ ਨੀ ਤੋੜਦੀਆਂ,***
  ***ਮੰਗੂ ਚਾਰਿਆ ਹੀਰੇ ਦਿਨੇ ਮੈਂ ਰਾਤੀ ।***
  ***ਸੱਪਾਂ ਨਾਲ ਯਰਾਨੇ ਜੱਟ ਨੀ ਫਕੀਰ ਦੇ,***
  ***ਕਿਤੇ ਸ਼ੇਰਾਂ ਨਾਲ ਅੜੀਏ ਨੀ ਜਮਾਤੀ ।***
  ***ਬਾਰਾਂ ਵਰ੍ਹੇ ਤੇਰੀਆਂ ਖੋਲੀਆਂ ਚਾਰੀਆਂ,***
  ***ਕਾਹਨੂੰ ਲਹੂ ਤੂੰ ਗਰੀਬ ਵਾਲੇ ਨਾੜੀ ।***

ਦਿਲਾਵਰ ਸਿੰਘ ਅਮਰ ਸਿੰਘ 'ਸ਼ੌਂਕੀ' ਹੁਰਾਂ ਦਾ ਸਮਕਾਲੀ ਹੋਇਆ ਹੈ। ਦਿਲਾਵਰ ਸਿੰਘ ਦੀ ਆਵਾਜ਼ ਦਮਦਾਰ ਸੀ। ਉਸ ਦੀ ਬੋਲੀ ਖੜਕਵੀਂ ਤੇ ਮਲਵੱਈ ਅਸਰ ਵਾਲੀ ਸੀ। ਹੋ ਸਕਦੈ ਉਪਰੋਕਤ ਤਵੇ ਤੋਂ ਇਲਾਵਾ ਉਸਦੀ ਹੋਰ ਵੀ ਰਿਕਾਰਡਿੰਗ ਹੋਈ ਹੋਵੇ। ਜਿਸ ਦੀ ਖੋਜ ਕਰਨ ਦੀ ਲੋੜ ਹੈ ਤਾਂ ਕਿ ਲੋਕ ਢਾਡੀ ਕਲਾ ਦੇ ਭੰਡਾਰ ਨੂੰ ਵਿਸ਼ਾਲ ਕੀਤਾ ਜਾ ਸਕੇ।

## ਚੈਨ ਸਿੰਘ ਤੇ ਸਤਨਾਮ ਸਿੰਘ

ਏਸੇ ਸੂਚੀ ਵਿਚ ਇੱਕ ਹੋਰ ਨਾਂ ਦਰਜ਼ ਹੈ ਚੈਨ ਸਿੰਘ ਤੇ ਸਤਨਾਮ ਸਿੰਘ ਦਾ। ਇਹਨਾਂ ਦੀ ਆਵਾਜ਼ ਕੋਲੰਬੀਆ ਕੰਪਨੀ ਵਿਚ 1938 ਵਿਚ ਰਿਕਾਰਡ ਹੋਈ। ਤਵਿਆਂ ਦੇ ਰਿਕਾਰਡ ਨੰ: 5628 (ਕੌਲਾਂ ਤੇ ਰਾਜਾ ਰਸਾਲੂ), ਅਤੇ 5630 (ਗੋਪੀ ਚੰਦ ਤੇ ਰਾਣੀ ਬਾਲ ਸੁੰਦਰੀ) ਹਨ। ਇਸ ਜਥੇ ਦੀ ਆਵਾਜ਼ ਬੜੀ ਸੁਰੀਲੀ ਅਤੇ ਸਪਸ਼ਟ ਹੈ। ਗੋਪੀ ਚੰਦ ਦੀ ਲੋਕ ਗਾਥਾ ਵਿਚੋਂ ਜੋਗੀ ਬਣੇ ਗੋਪੀ ਚੰਦ ਨੂੰ ਰਾਣੀ ਬਾਲ ਸੁੰਦਰੀ ਆਪਣੇ ਰੂਪ ਜਾਲ ਵਿਚ ਫਾਹੁਣ ਲਈ ਤਰ੍ਹਾਂ ਤਰ੍ਹਾਂ ਦੇ ਹੀਲੇ ਕਰਦੀ ਹੈ, ਏਸੇ ਸਮੇਂ ਨੂੰ ਸੁਰਾਂ ਵਿਚ ਬੰਨ੍ਹਿਆਂ ਹੈ ਇਸ ਜਥੇ ਨੇ :-

- *ਕਹਿੰਦੀ ਗੋਪੀ ਚੰਦ ਨੂੰ ਹੈ ਬਾਲ ਸੁੰਦਰੀ ,*
  *ਨਗਾਂ ਨਾਲ ਜੜੀ ਮੇਰੀ, ਦੇਖ ਮੁੰਦਰੀ ।*
  *ਜੋਗੀਆ ਤੂੰ ਮੇਰੀ ਰੱਖ ਲੈ ਨਿਸ਼ਾਨੀ ਵੇ,*
  *ਚਾਰ ਦਿਨ ਚੰਨਾਂ ਮਾਣ ਲੈ ਜਵਾਨੀ ਵੇ ।*

- *ਮੈਨੂੰ ਬਹੁਤੀਆਂ ਗੱਲਾਂ ਦੀ ਲੋੜ ਨਾ,*
  *ਇੱਕੋ ਸੱਚ ਦੀ ਮੈਂ ਦਿਆਂ ਨੀ ਸੁਣਾ ।*
  *ਨੀ ਤੂੰ ਉਡਦਾ ਪੰਛੀ ਫਾਹੁਣ ਲਈ,*
  *ਐਵੇਂ ਰੂਪ ਦਾ ਨਾ ਜਾਲ ਵਿਛਾ ।*

ਸ਼ਾਹਣੀ ਕੌਲਾਂ ਦੀ ਗਾਥਾ ਵਿਚੋਂ ਰਾਜਾ ਰਾਸਲੂ ਤੇ ਕੌਲਾਂ ਦੇ ਸਵਾਲ ਜਵਾਬ ਨੂੰ ਪੇਸ਼ ਕੀਤਾ ਗਿਆ ਹੈ, ਜੋ ਇਸ ਪ੍ਰਕਾਰ ਹੈ "ਰਾਜਾ ਰਸਾਲੂ ਹੁਸਨ ਦਾ ਭਿਖਾਰੀ ਬਣਕੇ ਸਤੀ ਕੌਲਾਂ ਦੇ ਬੂਹੇ ਉਤੇ ਜਾਕੇ ਉਹਦਾ ਸਤ ਭੰਗ ਕਰਨਾ ਚਾਹੁੰਦਾ ਹੈ, ਸੰਗਤ ਨੂੰ ਸੁਣਾਦੇ ਚੈਨ ਸਿਆਂ ਕਿਵੇਂ ਕਰਨਾ ਚਾਹੁੰਦਾ ਹੈ" :-

- *ਕਹੇ ਰਸਾਲੂ ਸੋਹਣੀਏ ਘੁੰਡ ਮੂੰਹ ਤੋਂ ਲਾਹਦੇ ,*
  *ਘਰ ਵਾਲਾ ਅਜ ਘਰ ਨਹੀਂ ਡਰ ਦਿਲੋਂ ਭੁਲਾਦੇ ।*
  *ਦੋਜਖ਼ ਮੇਰੀ ਜ਼ਿੰਦਗੀ ਇਹਨੂੰ ਸਵਰਗ ਬਣਾਦੇ ,*
  *ਬਾਹਵਾਂ ਚੂੜੇ ਵਾਲੀਆਂ ਮੇਰੇ ਗਲ ਵਿਚ ਪਾਦੇ ।*

- *ਲਾਲ ਚਿਹਰਾ ਸਤੀ ਦਾ ਹੋ ਗਿਆ,*
  *ਗਿਆ ਖ਼ੂਨ ਅੱਖੀਆਂ ਵਿਚ ਆ।*
  *ਕਹਿੰਦੀ ਸੁਣ ਵੇ ਰਸਾਲੂ ਜ਼ਾਲਮਾਂ,*
  *ਲਹਿ ਗਿਆ ਤੇਰਾ ਸ਼ਰਮ ਹਯਾ।*
  *ਆਵੇ ਇੰਦਰ ਅਕਾਸ਼ੋਂ ਚੱਲ ਕੇ,*
  *ਲਵੇ ਜ਼ੋਰ ਅੱਡੀਆਂ ਤੱਕ ਲਾ।*
  *ਮੈਨੂੰ ਦੇ ਕੇ ਲਾਲਚ ਸੁਰਗ ਦੇ,*
  *ਉਹ ਵੀ ਸਕਦਾ ਨਹੀਂ ਭਰਮਾ।*

ਚੈਨ ਸਿੰਘ ਤੇ ਸਤਨਾਮ ਸਿੰਘ ਅਮਰ ਸਿੰਘ ਸ਼ੌਂਕੀ ਹੁਰਾਂ ਦੇ ਹੀ ਸਮਕਾਲੀ ਸਨ। ਬੇਸ਼ੱਕ ਉਹਨਾਂ ਦੇ ਇੱਕਾ ਦੁੱਕਾ ਤਵੇ ਹੀ ਮਿਲੇ ਹਨ। ਪਰ ਫਿਰ ਵੀ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹਨਾਂ ਦੀ ਹੋਰ ਵੀ ਰਿਕਾਰਡਿੰਗ ਹੋ ਸਕਦੀ ਹੈ ਜਿਸ ਨੂੰ ਖੋਜਣ ਦੀ ਲੋੜ ਹੈ।

## ਮੱਸਾ ਸਿੰਘ

ਮੱਸਾ ਸਿੰਘ ਢਾਡੀ ਤੇ ਉਹਨਾਂ ਦੀ ਪਾਰਟੀ ਵੱਲੋਂ ਵੀ ਕੋਲੰਬੀਆ ਰਿਕਾਰਡਿੰਗ ਕੰਪਨੀ ਵਿਚ ਰਿਕਾਰਡਿੰਗ ਹੋਈ ਮਿਲਦੀ ਹੈ। ਜੋ ਪੰਜਵੇਂ ਦਹਾਕੇ ਦੇ ਅਖੀਰ ਦੀ ਹੈ। ਤਵੇ ਦਾ ਨੰ: GE 26002 ਹੈ। ਇਸ ਪਾਰਟੀ ਨੇ ਮਿਰਜ਼ੇ ਦੀ ਲੋਕ ਗਾਥਾ ਵਿਚੋਂ ਪ੍ਰਸੰਗ ਗਾਇਆ ਹੈ। ਭਾਰੀ ਭਰਕਮ ਆਵਾਜ਼ ਵਾਲੇ ਮੱਸਾ ਸਿੰਘ ਨੇ ਮਿਰਜ਼ੇ ਨੂੰ ਬਹੁਤ ਖੂਬਸੂਰਤੀ ਨਾਲ ਨਿਭਾਇਆ ਹੈ। ਬੋਲ ਇਸ ਪ੍ਰਕਾਰ ਹਨ:-

- *ਜੱਟ ਨੇ ਦੋਸਤੋ ਕਿੱਲੀਆਂ ਠੋਕੀਆਂ,*
  *ਪੰਜੇ ਅੱਜ ਪੀਰ ਲਏ ਸੀ ਮਨਾ।*
  *ਤੋੜੀਂ ਅੱਜ ਪੌੜੀ ਉਹ ਸੱਜਣੋਂ ਚੜ੍ਹ ਗਿਆ,*
  *ਸੱਭੇ ਅੱਜ ਦੀਵੇ ਗਿਆ ਸੀ ਬੁਝਾ।*

- *ਸਾਹਿਬਾਂ ਨਾ ਮੈਂ ਭੁੱਖਾ ਧਾਮ ਦਾ,*
  *ਨਾ ਤੂੰ ਧਾਮ ਪਕਾ।*
  *ਨਾ ਮੈਂ ਭੁੱਖਾ ਦੁੱਧ ਦਾ,*
  *ਨਾ ਤੂੰ ਬੂਰੀ ਚੁਆ।*
  *ਚੱਲ ਚੱਲੀਏ ਦਾਨਾਬਾਦ ਨੂੰ,*
  *ਵਿੱਚ ਪੜੀਏ ਚੁਬਾਰੇ ਜਾ।*
  *ਉਥੇ ਨੈਣ ਨੈਣਾਂ ਨਾਲ ਜੋੜ ਕੇ,*
  *ਗਲਵੱਕੜੀ ਲਵਾਂਗੇ ਪਾ।*

ਮੱਸਾ ਸਿੰਘ ਆਮ ਸਰੋਤਿਆਂ ਦੀ ਸਮਝ ਆ ਸਕਣ ਵਾਲਾ ਢਾਡੀ ਸੀ। ਇਹੀ ਉਸਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ।

## ਮਲਕੀਤ ਸਿੰਘ ਪੰਧੇਰ

ਮੱਸਾ ਸਿੰਘ ਦੇ ਸਮਕਾਲੀਆਂ ਵਿਚੋਂ ਹੀ ਇੱਕ ਹੋਰ ਢਾਡੀ ਦੀ ਰਿਕਾਰਡਿੰਗ ਮਿਲਦੀ ਹੈ, ਉਹ ਹੈ ਮਲਕੀਤ ਸਿੰਘ ਪੰਧੇਰ। ਹਾਕਮ ਸਿੰਘ ਦੀ ਲਿਖੀ ਲੋਕ ਗਾਥਾ 'ਹੀਰ' ਨੂੰ ਪੰਧੇਰ ਤੇ ਸਾਥੀਆਂ ਨੇ ਵਧੀਆ ਅੰਦਾਜ਼ ਵਿਚ ਗਾਇਆ ਹੈ। ਕੋਲੰਬੀਆ ਰਿਕਾਰਡਿੰਗ ਕੰਪਨੀ ਨੇ GE 26525 ਨੰ: ਤਵੇ ਵਿਚ ਇਸ ਪਾਰਟੀ ਦੀ ਆਵਾਜ਼ ਨੂੰ ਰਿਕਾਰਡ ਕਰਕੇ ਆਵਾਮ ਤੀਕ ਪਹੁੰਚਾਇਆ। ਲੋਕਾਂ ਵਿਚ ਇਹਨਾਂ ਦੀ ਗਾਈ ਇਹ ਕਲੀ ਮਕਬੂਲ ਹੋਈ।

- ***ਕੱਠੀਆਂ ਹੋਕੇ ਕੁੜੀਆਂ ਆਖਣ ਲੱਗੀਆਂ ਹੀਰ ਨੂੰ,***
  ***ਭਾਬੋ ਜੋਗੀ ਨੀ ਇੱਕ ਕਾਲੇ ਬਾਗ ਵਿਚ ਆਇਆ।***
- ***ਸਹਿਤੀ ਹੀਰ ਨੇ ਤਿਆਰੀ ਕਰ ਲਈ ਬਾਗ ਦੀ,***
  ***ਚੱਬ ਦੰਦਾਸਾ ਜੱਟੀਆਂ ਰੂਪ ਸਾਣ ਤੇ ਲਾਇਆ।***

ਮਲਕੀਤ ਸਿੰਘ ਪੰਧੇਰ ਹੁਰਾਂ ਦੀ ਨਾਮੀ ਢਾਡੀ ਪਾਲ ਸਿੰਘ ਪੰਛੀ ਨਾਲ ਸਾਂਝੀ ਰਿਕਾਰਡਿੰਗ ਵੀ ਮਿਲਦੀ ਹੈ, ਜੋ ਕੋਲੰਬੀਆ ਕੰਪਨੀ ਵਿਚ ਹੀ ਹੋਈ। ਇਹ ਵੀ ਲੋਕ ਗਾਥਾ ਹੀਰ ਵਿਚੋਂ ਹੀ ਹੈ ਜਿਸਦਾ ਪ੍ਰਸੰਗ ਇਸ ਪ੍ਰਕਾਰ ਹੈ:-

"ਆਸ਼ਕਾਂ ਦੀ ਰਾਣੀ ਹੀਰ ਜੱਟੀ ਅਤੇ ਲੋਹੜਿਆਂ ਮਾਰੀ ਸਹਿਤੀ ਰਾਂਝੇ ਪੰਛੀ ਨਾਲ ਜਵਾਬ ਸਵਾਲ ਕਰ ਰਹੀ ਹੈ। ਮਲਕੀਤ ਸਿੰਘ ਪੰਧੇਰ ਅਤੇ ਪਾਲ ਸਿੰਘ ਪੰਛੀ ਤਲਵੰਡੀ ਮੱਲ੍ਹੀਆਂ ਵਾਲਾ ਹੇ ... ਏ .... ਇਉਂ ਦੱਸਦੇ ਬਈ"

- ***ਮੂਹਰੇ ਨਣਦ ਮਗਰ ਭਰਜਾਈ, ਮਿਲੀ ਮਖਣੀ ਦੇ ਨਾਲ ਮਲਾਈ***
  ***ਸਹਿਤੀ ਹੀਰ ਬਾਗ ਵਿਚ ਆਈ,***
  ***ਸਾਧੂ ਰੋਹੀਂ ਰਹਿੰਦੇ ਜਿਥੇ ਕਰੀਰ ਜੋਗੀਆ,***
  ***ਵੇ ਤੂੰ ਕੀਹਦਾ ਚੇਲਾ, ਕਿਥੋਂ ਦਾ ਫਕੀਰ ਜੋਗੀਆ।***

ਭਾਵੇਂ ਪਹਿਲੀ ਕਲੀ ਥੋੜੇ, ਜਿੰਨੇ ਫਰਕ ਨਾਲ ਪਹਿਲਾਂ ਮੁਢਲੀ ਪੀੜ੍ਹੀ ਦੇ ਢਾਡੀ ਨਰੰਜਣ ਸਿੰਘ ਹੁਰਾਂ ਦੀਆਂ ਆਵਾਜ਼ਾਂ ਵਿਚ ਪ੍ਰਚੱਲਤ ਸੀ, ਪਰੰਤੂ ਮਲਕੀਤ ਸਿੰਘ ਹੁਰਾਂ ਨੇ ਕਾਫੀ ਸਪਸ਼ਟ ਤੇ ਸਾਫ਼ ਢੰਗ ਨਾਲ ਇਸ ਨੂੰ ਗਾਇਆ ਹੈ, ਜੋ ਸਰੋਤਿਆਂ ਨੂੰ ਚੰਗੀ ਤਰ੍ਹਾਂ ਸਮਝ ਆਉਂਦੀ ਹੈ। ਇਸ ਕਲੀ ਦੇ ਆਮ ਲੋਕਾਂ ਵਿਚ ਹਰਮਨ ਪਿਆਰੀ ਹੋਣ ਕਾਰਨ ਹੀ ਕੁਲਦੀਪ ਮਾਣਕ ਨੇ ਇਸ ਨੂੰ ਬਾਅਦ ਵਿਚ ਰਿਕਾਰਡ ਕਰਵਾਇਆ। ਇਸ ਤਰ੍ਹਾਂ ਮਲਕੀਤ ਸਿੰਘ ਪੰਧੇਰ ਤੇ ਸਾਥੀਆਂ ਦਾ ਨਾਂ ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਲਿਖਿਆ ਜਾਂਦਾ ਰਹੇਗਾ।

# ਰਿਕਾਰਡ ਨਾ ਹੋਏ
# ਪਰ ਆਮ ਲੋਕਾਂ ਵਿਚ ਪ੍ਰਚੱਲਤ ਰਹੇ ਲੋਕ ਢਾਡੀ

ਬਹੁਤ ਸਾਰੇ ਅਜਿਹੇ ਢਾਡੀ ਹੋਏ ਹਨ ਜੋ ਕਿਸੇ ਕਾਰਨ ਆਪਣੀ ਆਵਾਜ਼ ਨੂੰ ਰਿਕਾਰਡ ਨਾ ਕਰਵਾ ਸਕੇ ਪ੍ਰੰਤੂ ਆਮ ਲੋਕਾਂ ਵਿਚ ਉਨ੍ਹਾਂ ਦੀ ਪੂਰੀ ਚੜ੍ਹਤ ਸੀ, ਉਨ੍ਹਾਂ ਦਾ ਬੋਲਬਾਲਾ ਸੀ, ਅਵਾਮ ਵੱਲੋਂ ਉਨ੍ਹਾਂ ਨੂੰ ਸਤਿਕਾਰਿਆ ਜਾਂਦਾ ਸੀ। ਇਨ੍ਹਾਂ ਦੇ ਨਾ ਰਿਕਾਰਡ ਹੋਣ ਦੇ ਕੁਝ ਕਾਰਨ ਹਨ। ਪਹਿਲੀ ਗੱਲ, ਕਈ ਤਾਂ ਏਨੇ ਪੁਰਾਣੇ ਸਨ ਕਿ ਉਨ੍ਹਾਂ ਦੇ ਸਮੇਂ ਰਿਕਾਰਡਿੰਗ ਸ਼ੁਰੂ ਹੀ ਨਹੀਂ ਹੋਈ ਸੀ। ਦੂਜੀ ਗੱਲ, ਉਨ੍ਹਾਂ ਵਿਚੋਂ ਕਈਆਂ ਦੇ ਵਾਰਸਾਂ ਦਾ ਇਹ ਕਹਿਣਾ ਹੈ ਕਿ ਸਾਡੇ ਬਜੁਰਗਾਂ ਨੂੰ ਕਿਸੇ ਨੇ ਵਹਿਮ ਪਾ ਦਿੱਤਾ ਸੀ ਕਿ ਤਵੇ ਭਰਾਉਣ ਨਾਲ ਆਵਾਜ਼ ਖਰਾਬ ਹੋ ਜਾਂਦੀ ਹੈ ਕਿਉਂਕਿ ਮਸ਼ੀਨਾਂ ਆਵਾਜ਼ ਖਿੱਚ ਲੈਂਦੀਆਂ ਹਨ ਅਤੇ ਗਲਾ ਬੈਠ ਜਾਂਦਾ ਹੈ। ਤੀਜੀ ਗੱਲ, ਬਹੁਤਿਆਂ ਦੇ ਸ਼ਗਿਰਦਾਂ ਦਾ ਕਹਿਣਾ ਹੈ ਕਿ ਸਾਡੇ ਉਸਤਾਦਾਂ ਨੇ ਤਵੇ ਇਸ ਲਈ ਨਹੀਂ ਭਰਾਏ ਕਿ ਕਿਤੇ ਸਾਡਾ ਰੁਜ਼ਗਾਰ ਨਾ ਮਾਰਿਆ ਜਾਵੇ। ਲੋਕਾਂ ਨੂੰ ਜਦੋਂ ਸਾਡੇ ਰਿਕਾਰਡ ਮਿਲਣ ਲੱਗ ਜਾਣਗੇ ਤਾਂ ਫੇਰ ਸਾਨੂੰ ਕਿਸਨੇ ਪੁੱਛਣੈ? ਸਾਨੂੰ ਸਾਈਆਂ 'ਤੇ ਕਿਸਨੇ ਬੁਲਾਉਣੈ? ਸਾਡੇ ਤੋਂ ਕਿਸ ਨੇ ਖਾੜੇ ਲੁਆਉਣੇ ਨੇ? ਹੋ ਸਕਦੈ ਕੁਝ ਹੱਦ ਤੱਕ ਉਨ੍ਹਾਂ ਦੀ ਇਹ ਗੱਲ ਠੀਕ ਹੋਵੇ ਪਰੰਤੂ ਪੂਰੀ ਠੀਕ ਨਹੀਂ ਮੰਨੀ ਜਾ ਸਕਦੀ। ਕਿਉਂਕਿ ਜਿਨ੍ਹਾਂ ਢਾਡੀਆਂ ਨੇ ਰਿਕਾਰਡਿੰਗ ਕਰਵਾਈ ਹੈ ਉਹਨਾਂ ਦੀ ਪ੍ਰਸਿੱਧੀ ਸਗੋਂ ਵੱਧ ਹੋਈ ਹੈ। ਅਵਾਮ ਵਿਚ ਉਨ੍ਹਾਂ ਦਾ ਸਤਿਕਾਰ ਵਧਿਆ ਹੈ। ਆਰਥਕ ਪੱਖੋਂ ਵੀ ਲਾਭ ਹੀ ਹੋਇਆ ਹੈ। ਅਮਰ ਸਿੰਘ ਸ਼ੌਂਕੀ, ਦੀਦਾਰ ਸਿੰਘ ਰਟੈਂਡਾ, ਨਿਰੰਜਣ ਸਿੰਘ, ਨਾਜ਼ਰ ਸਿੰਘ, ਦਲੀਪ ਸਿੰਘ, ਮੋਹਣ ਸਿੰਘ ਆਦਿ ਢਾਡੀ ਰਿਕਾਰਡਿੰਗ ਦੇ ਕਾਰਨ ਹੀ ਵੱਧ ਹਰਮਨ ਪਿਆਰੇ ਹੋਏ ਅਤੇ ਉਨ੍ਹਾਂ ਦੀਆਂ ਆਵਾਜ਼ਾਂ ਅੱਜ ਵੀ ਅਮਰ ਹਨ। ਚੌਥੀ ਗੱਲ, ਸ਼ਾਇਦ ਕਈ ਚਾਹੁੰਦੇ ਹੋਏ ਵੀ 'ਪਹੁੰਚ' ਨਾ ਹੋਣ ਕਾਰਨ ਰਿਕਾਰਡਿੰਗ ਨਾ ਕਰਵਾ ਸਕੇ ਹੋਣ।

ਅਸਲ ਵਿਚ ਗਹੁ ਨਾਲ ਵਾਚਿਆਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਰਿਕਾਰਡ

ਹੋਣ ਵਾਲੇ ਸਾਰੇ ਦੇ ਸਾਰੇ ਢਾਡੀ ਦੁਆਬੀਏ ਸਨ ਅਤੇ ਰਿਕਾਰਡ ਨਾ ਹੋਣ ਵਾਲੇ ਸਾਰੇ ਦੇ ਸਾਰੇ ਮਲਵਈ ਸਨ। ਇਸ ਤੋਂ ਇਲਾਕਿਆਂ ਦੇ ਸੁਭਾਅ ਦੀ ਤਰਜਮਾਨੀ ਹੁੰਦੀ ਹੈ। ਦੁਆਬੀਏ ਤੇਜ਼ ਤਰਾਰ, ਚੁਸਤ, ਪੜ੍ਹੇ ਲਿਖੇ, ਅਤੇ ਅਗਾਂਹਵਧੂ ਸੋਚ ਦੇ ਧਾਰਨੀ ਸਨ। ਇਸ ਦੇ ਉਲਟ ਮਲਵਈ ਸਿੱਧੜ, ਅਨਪੜ੍ਹ, ਵਹਿਮੀ ਅਤੇ ਪਿਛੜੀ ਸੋਚ ਦੇ ਧਾਰਨੀ ਸਨ। ਉਹ ਆਪਣੇ ਪੁਰਖਿਆਂ ਦੀ ਲਾਈਨ ਨੂੰ ਛੱਡਣ ਬਾਰੇ ਸੋਚ ਵੀ ਨਹੀਂ ਸਕਦੇ ਸਨ।

ਇਹਨਾਂ ਨਾ ਰਿਕਾਰਡ ਹੋਣ ਵਾਲੇ ਪਰੰਤੂ ਲੋਕਾਂ ਵਿਚ ਪਹਿਚਾਣੇ ਜਾਣ ਵਾਲੇ ਢਾਡੀਆਂ ਦੀ ਵੀ ਇਕ ਲੰਮੀ ਸੂਚੀ ਹੈ। ਸ਼੍ਰੋਮਣੀ ਗਮੰਤਰੀ ਮਾਲਵੇ ਦੇ ਤਾਨਸੈਨ ਵਜੋਂ ਜਾਣੇ ਜਾਂਦੇ ਮੋਦਨ ਸਿੰਘ ਲੋਹਾਖੇੜਾ (ਸੰਗਰੂਰ) ਮਹਾਰਾਜਾ ਹੀਰਾ ਸਿੰਘ ਨਾਭਾ ਦੇ ਸਮਕਾਲੀ ਸਨ ਅਤੇ ਦਰਬਾਰੀ ਢਾਡੀ ਸਨ। ਨਗੀਨਾ ਮਰਾਸੀ ਬਠਿੰਡੇ ਵਾਲਾ, ਵਧਾਵਾ ਮਰਾਸੀ ਢੱਡਿਆਂ ਵਾਲਾ, ਰੁਲੀਆ ਮਰਾਸੀ ਰਾਉਆਲੇ ਵਾਲਾ, ਗੁਰਮਾਂ ਵਾਲੇ ਢਾਡੀ, ਪਰਤਾਪ ਸਿੰਘ ਹਸਨਪੁਰੀਆ ਸਭ ਨੂੰ ਸ਼ਾਹੀ ਸਰਪ੍ਰਸਤੀ ਹਾਸਲ ਸੀ। ਕਾਂਸ਼ੀ ਰਾਮ ਡੇਹਲੋਂ, ਖੰਡੂ ਡੇਹਲੋਂ ਵਾਲਾ, ਮੁਨਸ਼ੀ ਜੱਖਲਾਂ ਵਾਲਾ, ਡੋਗਰ ਤੇਲੀ ਛਪਾਰ ਵਾਲਾ, ਬਾਬਾ ਬੂਜਾ ਅਤੇ ਝਿੜੀ ਦਾਸ ਦੋਦੇ ਵਾਲੇ, ਹੁਸੈਨ ਬਖਸ਼, ਖੈਰਦੀਨ, ਰਾਜ ਮੁਹੰਮਦ ਗੋਸਲਾਂ, ਦਿਆਗੜ੍ਹੀਏ ਢਾਡੀ, ਖਿੱਦੂ ਮੋਚੀ ਗੁੰਮਟੀ ਵਾਲਾ, ਪੰਜ ਗਰਾਈਆਂ ਵਾਲੇ ਢਾਡੀ, ਮੁਨਸ਼ੀ ਸ਼ੇਰੋਂਵਾਲਾ, ਸੰਤਾ ਸਿੰਘ ਸ਼ੇਰੋਂ, ਮੱਘਰ ਸ਼ੇਖ ਬਰਨਾਲੇ ਵਾਲਾ, ਪੂਰਨ ਝਿਊਰ ਧਨੌਲੇ ਵਾਲਾ, ਦਿਆ ਰਾਮ ਪੰਡਤ, ਗੁੱਜਰ ਸਿਘ ਰਾਈਆਂ ਭੈਣੀ, ਦਲੀਪ ਸਿੰਘ ਦੀਵਾਲ, ਬਲੀ ਸਿੰਘ ਬੱਸੀਆਂ, ਜੀਤ ਸਿੰਘ ਢੁੱਡੀਕੇ, ਹਰਨਾਮ ਸਿੰਘ ਗਿੰਦਰ ਸਿੰਘ ਫਰੀਦਕੋਟ, ਰਹਿਮਾਂ ਖਾਂ ਗੱਜੂਮਾਜਰੇ ਵਾਲਾ, ਜੰਗੀਰ ਸਿੰਘ ਮੂੰਗੋ, ਰੋਡੂ ਮਲੂਕੇ ਵਾਲਾ, ਹਰੀ ਸਿੰਘ ਤਖਤ ਮੱਲ ਵਾਲਾ ਆਦਿ ਆਪਣੇ ਸਮੇਂ ਦੇ ਮਸ਼ਹੂਰ ਗਮੰਤਰੀ ਹੋਏ ਹਨ।

## ਕਾਂਸ਼ੀ ਰਾਮ ਡੇਹਲੋਂ

ਕਾਂਸ਼ੀ ਰਾਮ ਡੇਹਲੋਂ ਆਪਣੇ ਸਮੇਂ ਦਾ ਚੋਟੀ ਦਾ ਢਾਡੀ ਹੋਇਆ ਹੈ। ਬ੍ਰਾਹਮਣ ਜਾਤੀ ਨਾਲ ਸਬੰਧਤ ਕਾਂਸ਼ੀ ਰਾਮ ਦਾ ਜਨਮ ਲਗਭਗ 1866-67 ਵਿਚ ਪਿਤਾ ਸਾਹਿਬ ਦਿੱਤਾ ਦੇ ਘਰ ਡੇਹਲੋਂ ਵਿਖੇ ਹੋਇਆ। ਕਾਂਸ਼ੀ ਰਾਮ ਨੂੰ ਬਚਪਨ ਤੋਂ ਹੀ ਗਾਇਕੀ ਦਾ ਸ਼ੌਕ ਸੀ। ਇਸ ਸ਼ੌਕ ਨੂੰ ਪੂਰਾ ਕਰਨ ਲਈ ਉਹ ਪ੍ਰਸਿੱਧ ਗਮੰਤਰੀ ਪਰਮੇਸ਼ਰੀ ਰਾਮ ਭੈਣੀ ਬੜਿੰਗਾਂ ਦੇ ਚਰਨੀ ਜਾ ਲੱਗਾ। ਗਾਇਕੀ ਪ੍ਰਤੀ ਲਗਨ ਅਤੇ ਦ੍ਰਿੜ ਇਰਾਦੇ ਨੂੰ ਦੇਖਕੇ ਉਸਤਾਦ ਨੇ ਛਾਤੀ ਨਾਲ ਲਾ ਲਿਆ। ਸਖਤ ਮਿਹਨਤ ਕਰਕੇ ਰਾਗ ਵਿਦਿਆ ਹਾਸਲ ਕੀਤੀ। ਲਗਾਤਾਰ ਲੰਮਾ ਸਮਾਂ ਲੋਕ ਅਖਾੜਿਆਂ ਵਿਚ ਗਾਇਆ ਅਤੇ ਆਪਣੇ ਨਾਂ ਦੀਆਂ ਧੁੰਮਾਂ ਪਾਈਆਂ।

ਕਾਂਸ਼ੀ ਰਾਮ ਨੇ ਆਪਣੇ ਉਸਤਾਦ ਦੀ ਵਿਰਾਸਤ ਨੂੰ ਸਾਂਭ ਕੇ ਅਤੇ ਪ੍ਰਫੁੱਲਤ ਕਰਕੇ ਅੱਗੋਂ ਆਪਣੇ ਸ਼ਗਿਰਦਾਂ ਨੂੰ ਸੌਂਪਿਆ। ਉਸਦੇ ਸ਼ਗਿਰਦਾਂ ਵਿਚ ਖੰਡੂ ਡੇਹਲੋਂ ਵਾਲਾ, ਮੁਨਸ਼ੀ ਰਾਮ ਜੱਖਲਾਂ ਵਾਲਾ ਬਹੁਤ ਮਸ਼ਹੂਰ ਢਾਡੀ ਹੋਏ ਹਨ। ਕਾਂਸ਼ੀ ਰਾਮ ਦੇ ਇਸ ਢਾਡੀ ਘਰਾਣੇ ਦੇ ਤੀਜੀ ਅਤੇ ਚੌਥੀ ਪੀੜ੍ਹੀ ਦੇ ਉਸ ਦੇ ਸ਼ਗਿਰਦ ਅੱਜ ਵੀ ਉਸਦੀ ਵਿਰਾਸਤ ਨੂੰ ਕਾਇਮ ਰੱਖ ਕੇ ਅੱਗੇ ਚੱਲਾ ਰਹੇ ਹਨ। ਉਸਦਾ ਆਪਣਾ ਪੋਤਾ ਵਿਦਿਆ ਸਾਗਰ, ਗੁਰਨਾਮ ਸਿੰਘ ਗੋਪਾਲਪੁਰ, ਵਲਾਇਤ ਖਾਂ ਗੋਸਲਾ, ਉਜਾਗਰ ਸਿੰਘ ਭਮੱਦੀ ਚਕੋਹੀ, ਮਹਿੰਦਰ ਸਿੰਘ, ਹਰਦੇਵ ਸਿੰਘ ਆਦਿ ਉਸਦੇ ਵਾਰਸ ਹਨ।

ਕਾਂਸੀ ਰਾਮ ਪੂਰਨ ਭਗਤ, ਕੌਲਾਂ ਭਗਤਣੀ, ਰਾਜਾ ਰਸਾਲੂ, ਹੀਰ, ਮਿਰਜ਼ਾ, ਦੁੱਲਾ ਭੱਟੀ ਆਦਿ ਲੋਕ ਗਾਥਾਵਾਂ ਗਾਉਂਦਾ ਸੀ। ਉਹ ਚਾਹੁੰਦਾ ਸੀ ਕਿ ਉਸਦੇ ਪਰਵਾਰ ਵਿਚੋਂ ਕੋਈ ਉਸਦੀ ਕਲਾ ਦਾ ਵਾਰਸ ਬਣੇ। ਉਸ ਦੀ ਇਹ ਤਮੰਨਾ ਪੂਰੀ ਕੀਤੀ ਉਸ ਦੇ ਆਪਣੇ ਪੋਤੇ ਵਿਦਿਆ ਸਾਗਰ ਨੇ। ਜਿਸਦਾ ਨਾਂ ਅੱਜਕੱਲ੍ਹ ਵਧੀਆ ਢਾਡੀਆਂ ਵਿਚ ਸ਼ਾਮਲ ਹੈ। ਲਗਭਗ 1956-57 ਵਿਚ 90 ਸਿਆਲ ਹੁਨਾਲ ਹੰਢਾ ਕੇ ਉਹ ਇਸ ਫ਼ਾਨੀ ਜਹਾਨ ਤੋਂ ਕੂਚ ਕਰ ਗਿਆ। ਅੱਜ ਵੀ ਉਸਦੇ ਸ਼ਗਿਰਦ ਆਪਣਾ ਕੁਰਸੀ ਨਾਮਾ ਦੱਸਦੇ ਹੋਏ ਫ਼ਖ਼ਰ ਨਾਲ ਕਾਂਸ਼ੀ ਰਾਮ ਦਾ ਨਾਂ ਲੈਂਦੇ ਹਨ।

●

ਕਾਂਸ਼ੀ ਰਾਮ ਦੇ ਸ਼ਗਿਰਦਾਂ ਵਿਚੋਂ ਵੱਧ ਨਾਮਣਾ ਖੱਟ ਕੇ ਆਪਣੇ ਉਸਤਾਦ ਨੂੰ ਸਤਿਕਾਰ ਦਿਵਾਉਣ ਵਾਲਾ ਹੋਇਆ ਹੈ ਉਸਦਾ ਸ਼ਗਿਰਦ ਖੰਡੂ ਡੇਹਲੋਂ ਵਾਲਾ। ਖੰਡੂ ਦਾ ਨਾਂ ਆਪਣੇ ਸਮੇਂ ਦੇ ਢਾਡੀਆਂ ਵਿਚ ਉਂਗਲਾਂ ਤੇ ਗਿਣੇ ਜਾਣ ਵਾਲਿਆਂ ਵਿਚ ਸੀ। ਖੰਡੂ ਨੇ ਡੇਹਲੋਂ ਵਿਖੇ ਪਿਤਾ ਕੌਲੀ ਰਾਮ ਦੇ ਘਰ ਜਨਮ ਲਿਆ। ਛੋਟੀ ਉਮਰ ਵਿਚ ਹੀ ਉਹ

ਕਾਂਸ਼ੀ ਰਾਮ ਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦੀ ਸੰਗਤ ਵਿਚ ਆ ਗਿਆ। ਰਸਮੀ ਤੌਰ ਤੇ ਕਾਂਸ਼ੀ ਰਾਮ ਨੂੰ ਆਪਣਾ ਉਸਤਾਦ ਧਾਰਿਆ ਅਤੇ ਲਗਾਤਾਰ ਸਾਧਨਾ ਕੀਤੀ। ਉਸਤਾਦ ਦੇ ਅਸ਼ੀਰਵਾਦ ਅਤੇ ਆਪਣੀ ਮਿਹਨਤ ਸਦਕਾ ਆਪਣੇ ਪੈਰਾਂ 'ਤੇ ਖੜ੍ਹਾ ਹੋ ਗਿਆ ਅਤੇ ਦੂਰ ਦੂਰ ਤੱਕ ਆਪਣੇ ਨਾਂ ਦਾ ਡੰਕਾ ਵਜਾਇਆ।

'ਹੀਰ' ਉਹ ਹਜ਼ੂਰਾ ਸਿੰਘ ਬੁਟਾਹਰੀ ਦੀ ਅਣਛਪੀ ਗਾਉਂਦਾ ਸੀ। 'ਪੂਰਨ' ਕਰਮ ਸਿੰਘ ਟੂਸਿਆਂ ਵਾਲੇ ਦਾ ਗਾਉਂਦਾ ਸੀ। ਜਿਸ ਨੂੰ ਇੱਕ ਨਹੀਂ ਸਗੋਂ ਲੱਗਭਗ ਪੰਜਾਬ ਦੇ ਹਰੇਕ ਢਾਡੀ ਨੇ ਗਾਇਆ ਹੈ। ਇਹਨਾਂ ਤੋਂ ਇਲਾਵਾ ਰਾਜਾ ਰਸਾਲੂ, ਕੌਲਾਂ ਭਗਤਣੀ, ਦੁੱਲਾ ਭੱਟੀ, ਮਲਕੀ ਕੀਮਾ, ਮਿਰਜ਼ਾ ਸਾਹਿਬਾਂ, ਰਾਜਾ ਜਗਦੇਵ ਪਮਾਰ ਆਦਿ ਲੋਕ ਗਾਥਾਵਾਂ ਵਿਚੋਂ ਪ੍ਰਸੰਗਾਂ ਨੂੰ ਗਾਇਆ ਜਾਂਦਾ ਸੀ। ਖੰਡੂ ਦੇ ਸ਼ਗਿਰਦਾਂ ਵਿਚ ਗੁਰਨਾਮ ਸਿੰਘ ਗੋਪਾਲਪੁਰ, ਉਜਾਗਰ ਸਿੰਘ ਭਮੱਦੀ ਅੱਜ ਵੀ ਉਹਨਾਂ ਦੇ ਨਾਂ ਨੂੰ ਰੋਸ਼ਨ ਕਰ ਰਹੇ ਹਨ।

## ਮੋਦਨ ਸਿੰਘ ਲੋਹਾ ਖੇੜਾ

ਕਾਲੇ ਤਵਿਆਂ ਵਿਚ ਰਿਕਾਰਡ ਨਾ ਹੋਣ ਵਾਲੇ ਪਰੰਤੂ ਲੋਕ ਢਾਡੀ ਕਲਾ ਦੇ ਬੇਤਾਜ਼ ਬਾਦਸ਼ਾਹ ਮੋਦਨ ਸਿੰਘ ਦਾ ਨਾਂ ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਹਮੇਸ਼ਾ ਜਾਣਿਆਂ ਜਾਂਦਾ ਰਹੇਗਾ। ਮੋਦਨ ਸਿੰਘ ਨਾਭਾ ਰਿਆਸਤ ਦਾ ਰਾਜ ਦਰਬਾਰੀ ਢਾਡੀ ਸੀ, ਸ਼੍ਰੋਮਣੀ ਗਮੰਤਰੀ ਸੀ, ਉਸਨੂੰ ਮਾਲਵੇ ਦਾ 'ਤਾਨਸੈਨ' ਕਿਹਾ ਜਾਂਦਾ ਸੀ।

ਢਾਡੀ ਰਾਗ ਦੇ ਇਸ ਅਨਮੋਲ ਹੀਰੇ ਦਾ ਜਨਮ ਰਿਆਸਤ ਨਾਭਾ ਦੇ ਜ਼ਿਲ੍ਹਾ ਧਨੌਲਾ ਦੇ ਪਿੰਡ ਲੋਹਾਖੇੜਾ ਵਿਖੇ ਹੋਇਆ। ਮੋਦਨ ਸਿੰਘ ਮਹਾਰਾਜਾ ਹੀਰਾ ਸਿੰਘ ਨਾਭਾ ਦਾ ਸਮਕਾਲੀ ਹੋਇਆ ਹੈ। ਮਹਾਰਾਜਾ ਹੀਰਾ ਸਿੰਘ ਉਸਦੀ ਕਲਾ ਦਾ ਪਰਸੰਸਕ ਸੀ।

ਪੰਜਾਬ ਦੇ ਮਸ਼ਹੂਰ ਮੇਲਿਆਂ ਛਪਾਰ ਦਾ ਮੇਲਾ, ਜਰਗ ਦਾ ਮੇਲਾ, ਜਗਰਾਵਾਂ ਦੀ ਰੋਸ਼ਨੀ, ਸੰਗਰੂਰ ਦਾ ਦੁਸਹਿਰਾ, ਜੈਤੋਂ ਦੀ ਮੰਡੀ ਤੋਂ ਬਿਨਾਂ ਪਹੋਏ, ਕਪਾਲ ਮੋਚਨ ਅਤੇ ਨੈਣਾਂ ਦੇਵੀ ਦੇ ਮੇਲਿਆਂ ਤੇ ਮੋਦਨ ਦਾ ਕੋਈ ਸਾਨੀ ਨਹੀਂ ਸੀ। 'ਹੀਰ' ਦੇ ਨਾਲ ਨਾਲ ਪੂਰਨ ਭਗਤ, ਕੌਲਾਂ ਭਗਤਣੀ ਅਤੇ ਗੋਪੀ ਚੰਦ ਆਦਿ ਲੋਕ ਗਾਥਾਵਾਂ ਗਾਉਣ ਵਿਚ ਪੂਰਾ ਉਸਤਾਦ ਸੀ। ਏਸੇ ਲਈ ਤਾਂ ਲੋਕ ਆਮ ਢਾਡੀਆਂ ਬਾਰੇ ਵਿਅੰਗ ਮਈ ਲਹਿਜੇ ਵਿਚ ਕਹਿ ਦਿੰਦੇ ਸਨ 'ਲੈ ਇਹ ਗਾਊਗਾ ਮੋਦਨ ਆਲਾ ਗੌਣ' ਜਾਂ 'ਗਹਾਂ.....! ਇਹ ਮੋਦਨ ਆਲਾ ਗੌਣ ਗਾਊਗਾ'?

ਮੋਦਨ ਦੇ ਅਖਾੜਿਆਂ ਦੀਆਂ ਬਹੁਤ ਸਾਰੀਆਂ ਯਾਦਗਾਰੀ ਘਟਨਾਵਾਂ ਹਨ। ਸਰੋਤਿਆਂ ਤੋਂ ਕੇਵਲ ਇਕ ਰੁਪੱਈਆ ਇਨਾਮ ਵਜੋਂ ਲੈਣ ਦੀ ਪ੍ਰਿਤ ਉਸਨੇ ਪਾਈ ਸੀ ਅਤੇ ਇਹ ਉਸ ਸਮੇਂ ਦੇ ਸਾਰੇ ਢਾਡੀਆਂ ਲਈ ਇਕ ਨਿਯਮ ਬਣ ਗਿਆ ਸੀ। ਇਹ ਨਿਯਮ ਬਣਾਉਣ ਪਿਛੇ ਇੱਕ ਅਭੁੱਲ ਘਟਨਾ ਸੀ, ਜੋ ਇਸ ਪ੍ਰਕਾਰ ਹੈ। 'ਜੈਤੋ ਦੀ ਪਸ਼ੂਆਂ ਦੀ ਮਸ਼ਹੂਰ ਮੰਡੀ ਉਤੇ ਮੋਦਨ ਹਰਾਂ ਦਾ ਅਖਾੜਾ ਲੱਗਿਆ ਹੋਇਆ ਸੀ। ਇੱਕ ਵਿਧਵਾ ਮਾਈ ਦਾ ਮੁੰਡਾ ਘਰੋਂ ਵੀਹ ਰੁਪਈਏ ਲੈ ਕੇ ਇੱਕ ਬਲਦ ਖਰੀਦਣ ਮੰਡੀ ਆਇਆ ਸੀ। ਅਖਾੜੇ ਵਿਚ ਗੌਣ ਸੁਣਕੇ ਉਹ ਏਨਾ ਖੁਸ਼ ਹੋਇਆ ਕਿ ਇੱਕ ਇੱਕ ਕਰਕੇ ਉਸਨੇ ਵੀਹ ਦੇ ਵੀਹ ਰੁਪਈਏ ਇਨਾਮ ਵਜੋਂ ਦੇ ਦਿੱਤੇ ਅਤੇ ਖਾਲੀ ਹੱਥ ਘਰ ਮੁੜ ਆਇਆ। ਜਦੋਂ ਉਸ ਦੀ ਮਾਂ ਨੇ ਬਲਦ ਨਾ ਲਿਆਉਣ ਦਾ ਕਾਰਨ ਪੁਛਿਆ ਤਾਂ ਉਸਨੇ ਸਾਰੀ ਘਟਨਾ ਦੱਸ ਦਿੱਤੀ। ਸੁਣ ਕੇ ਮਾਈ ਨੂੰ ਗੁੱਸਾ ਆਇਆ ਤੇ ਉਸ ਨੂੰ ਲੈ ਕੇ ਮੰਡੀ ਵਿਚ ਪਹੁੰਚ ਗਈ। ਅੱਗੇ ਅਖਾੜਾ ਉਸੇ ਤਰ੍ਹਾਂ ਚੱਲ ਰਿਹਾ ਸੀ ਅਤੇ ਲੋਕ ਮੰਤਰ ਮੁਗਧ ਹੋਏ ਸੁਣ ਰਹੇ ਸਨ ਕੋਈ ਚੂੰ ਚਰਾਂ ਨਹੀਂ ਕਰ ਰਿਹਾ ਸੀ। ਮਾਈ ਵੀ ਕੁਝ ਸਮਾਂ ਸ਼ਸੋਪੰਜ ਵਿਚ ਪਈ ਸੁਣਦੀ ਰਹੀ। ਪੂਰਨ ਦੀ ਗਾਥਾ ਚੱਲ ਰਹੀ ਸੀ। ਗੌਣ ਸੁਣਕੇ ਮਾਈ ਨੇ ਆਪਣਾ ਸੋਨੇ ਦਾ

ਹਾਂਸ ਲਾਹਿਆ ਅਤੇ ਮੋਦਨ ਦੇ ਗਲ ਪਾ ਦਿੱਤਾ। ਉਹ ਭੌਚੱਕਾ ਰਹਿ ਗਿਆ ਅਤੇ ਸ਼ਰਮਾਉਂਦੇ ਹੋਏ ਨੇ ਮਾਈ ਤੋਂ ਇਸਦਾ ਕਾਰਨ ਪੁੱਛਿਆ। ਮਾਈ ਨੇ ਬੀਤੀ ਸਾਰੀ ਘਟਨਾ ਦੱਸੀ। ਮੋਦਨ ਨੇ ਮਾਈ ਦਾ ਹਾਂਸ ਤੇ ਵੀਹ ਰੁਪੱਈਏ ਉਸ ਨੂੰ ਮੋੜ ਦਿੱਤੇ ਅਤੇ ਸਰੋਤਿਆਂ ਨੂੰ ਸਿਰਫ ਇੱਕ ਰੁਪੱਈਆ ਹੀ ਇਨਾਮ ਵਜੋਂ ਦੇਣ ਲਈ ਕਿਹਾ। ਅੱਗੇ ਲਈ ਸਾਰੇ ਢਾਡੀਆਂ ਲਈ ਇਹ ਨਿਯਮ ਬਣ ਗਿਆ। ਇਹ ਸੀ ਰਾਗ ਅਤੇ ਸੰਗੀਤ ਪ੍ਰਤੀ ਉਹਨਾਂ ਗਮੰਤਰੀਆਂ ਦੀ ਸੋਚ ਜੋ ਇਸ ਨੂੰ ਆਪਣਾ ਇਸ਼ਟ ਮੰਨ ਕੇ ਇਸਦੀ ਪੂਜਾ ਕਰਦੇ ਸਨ। ਅੱਜਕੱਲ੍ਹ ਵਾਲੇ ਸਟੇਜੀ ਗਾਇਕ ਸੌ ਪੰਜਾਹ ਦੀ ਤਾਂ ਗੱਲ ਪਾਸੇ ਰਹੀ ਪੰਜ ਸੌ ਦੇ ਨੋਟ ਨੂੰ ਵੀ ਫੜ ਕੇ ਜੇਬ ਵਿਚ ਪਾ ਲੈਂਦੇ ਹਨ। ਭਾਵੇਂ ਉਹ ਕਿਸੇ ਸ਼ਰਾਬੀ ਹੋਏ ਨੇ ਗਲਤੀ ਨਾਲ ਹੀ ਦੇ ਦਿੱਤਾ ਹੋਵੇ। ਮੋਦਨ ਹੁਰਾਂ ਦੀ ਗਾਇਕੀ ਵਿਚੋਂ ਗੋਪੀਚੰਦ ਦੀ ਲੋਕ ਗਾਥਾ ਦੀ ਇੱਕ ਵੰਨਗੀ ਇਸ ਪ੍ਰਕਾਰ ਹੈ:-

- ***ਗੋਪੀ ਚੰਦ ਨੇ ਫਕੀਰੀ ਲੈ ਲੀ,***
  ***ਟੱਲਿਓਂ ਗੋਰਖ ਦਿਓਂ ਥਿਆਈ ।***
  ***ਫੜਕੇ ਕਾਸਾ ਮੰਗਣ ਤੁਰ ਪਿਆ,***
  ***ਉਹਨੇ ਘਰ ਘਰ ਅਲਖ ਜਗਾਈ।***
  ***ਜੀਹਨੇ ਘਰ ਦਾ ਦੁਆਰਾ ਮੰਗ ਲਿਆ,***
  ***ਉਸ ਨੇ ਫਕੀਰੀ ਪਾਈ ।***

ਅਖੀਰ ਲੰਮੀ ਉਮਰ ਭੋਗ ਕੇ ਅਤੇ ਅੰਤ ਤੱਕ ਆਪਣੀ ਕਲਾ ਦੀ ਪੂਜਾ ਕਰਦਾ ਹੋਇਆ ਮਾਲਵੇ ਦਾ ਤਾਨਸੈਨ, ਸ਼ਾਹੀ ਸ਼ੋਮਣੀ ਗਮੰਤਰੀ ਮੁਕਤਸਰ ਦੇ ਨੇੜਲੇ ਪਿੰਡ ਰਹੂੜਿਆਂ ਵਾਲੀ ਵਿਖੇ ਆਪਣੀ ਸੰਸਾਰਿਕ ਯਾਤਰਾ ਸਮਾਪਤ ਕਰ ਗਿਆ। ਇਸ ਸਬੰਧੀ ਕਿਸੇ ਕਵੀ ਨੇ ਇਕ ਮਰਸੀਆ ਇਸ ਤਰ੍ਹਾਂ ਲਿਖਿਆ ਹੈ:-

- ***ਲੋਹਾ ਖੇੜਿਓਂ ਚੱਲਿਆ ਮੋਦਨ, ਚੱਲਿਆ ਬੁਰਜ ਦੀ ਸਾਈ ਨੂੰ ।***
  ***ਚੱਕ ਸਾਰੰਗੀ ਮੋਢੇ ਧਰ ਲੀ, ਮੱਥਾ ਟੇਕ ਲਿਆ ਮਾਈ ਨੂੰ ।***
  ***ਤਪਿਓਂ ਆ ਕੇ ਚੜ੍ਹ ਗਿਆ ਰੇਲ 'ਤੇ, ਫਤਿਹ ਬੁਲਾ ਲੀ ਭਾਈ ਨੂੰ ।***
  ***ਮੁਕਸਰ ਦੇ ਜਾ ਟੇਸ਼ਨ ਉਤਰਿਆ, ਟਕਰਿਆ ਕਾਲ ਕਸਾਈ ਨੂੰ ।***
  ***ਰਹੂੜਿਆਂ ਵਾਲੀ ਪਿੰਡ ਡੇਰਾ ਲਾ ਲਿਆ, ਸੋਹਣੀ ਜੀ ਦੇਖ ਹਥਾਈ ਨੂੰ ।***

*ਬੁਰੀ ਬਿਮਾਰੀ ਲੱਗ ਗੀ ਮੋਦਨਾ, ਜਾਣ ਨਾ ਦੇਵੇ ਰਾਹੀ ਨੂੰ।*
*ਲੋਹਾ ਖੇੜੇ ਨੂੰ ਕੋਈ ਨਾ ਆਉਂਦਾ, ਭੇਜ ਰਿਹਾ ਸੀ ਨਾਈ ਨੂੰ।*
*ਉੱਚੀਆਂ ਚਾਂਗਾਂ ਜੱਟ ਮੋਦਨ ਮਾਰਦਾ, ਯਾਦ ਕਰੇਂਦਾ ਭਾਈ ਨੂੰ।*
*ਪਿੰਡ ਪਿੰਡ ਮੋਦਨਾ ਰੋਣ ਸਰੋਤੇ, ਗੌਣ ਦੀ ਛੈਬਰ ਲਾਈ ਨੂੰ।*

ਸੋ ਇਸ ਤਰ੍ਹਾਂ ਢਾਡੀ ਕਲਾ ਦੇ ਸੰਸਾਰ ਵਿਚ ਮੋਦਨ ਦੀ ਮਸ਼ਹੂਰੀ ਚਾਰੇ ਪਾਸੇ ਸੀ। ਉਸਦੇ ਸਰੋਤਿਆਂ ਦੀ ਗਿਣਤੀ ਅਣਗਿਣਤ ਸੀ। ਬਹੁਤ ਸਾਰੇ ਸ਼ਗਿਰਦਾਂ ਨੇ ਉਸਨੂੰ ਆਪਣਾ ਉਸਤਾਦ ਧਾਰਿਆ ਅਤੇ ਢਾਡੀ ਰਾਗ ਦੀ ਦੀਖਿਆ ਪ੍ਰਾਪਤ ਕੀਤੀ। ਤੀਜੀ ਚੌਥੀ ਪੀੜ੍ਹੀ ਤੱਕ ਇਨ੍ਹਾਂ ਦੀ ਗਿਣਤੀ ਸੈਂਕੜਿਆਂ ਤੱਕ ਪਹੁੰਚ ਜਾਂਦੀ ਹੈ। ਇਸ ਪ੍ਰਕਾਰ ਲੋਕ ਢਾਡੀ ਕਲਾ ਵਿਚ ਉਸਤਾਦਾਂ ਸ਼ਗਿਰਦਾਂ ਦਾ ਇਹ ਪਰਵਾਰ ਇੱਕ ਘਰਾਣੇ ਵਜੋਂ ਸਥਾਪਿਤ ਹੋਇਆ। ਅੱਜ ਦੀ ਪੀੜ੍ਹੀ ਦੇ ਸ਼ਗਿਰਦ ਮਾਣ ਨਾਲ ਕਹਿੰਦੇ ਹਨ 'ਲੋਹੇ ਖੇੜੇ ਵਾਲੇ' ਦੇ ਚੇਲੇ ਹਾਂ। ਢਾਡੀ ਕਲਾ ਦੇ ਇਤਿਹਾਸ ਵਿਚ ਉਸਦਾ ਨਾਂ ਸ਼ੋ੍ਮਣੀ ਗਮੰਤਰੀ ਵਜੋਂ ਲਿਆ ਜਾਂਦਾ ਰਹੇਗਾ।

## ਖਿੱਦੂ ਮੋਚੀ ਗੁੰਮਟੀ ਵਾਲਾ

ਮੋਦਨ ਸਿੰਘ ਦੇ ਚੇਲਿਆਂ ਦੀ ਸੂਚੀ ਕਾਫੀ ਲੰਮੀ ਚੌੜੀ ਹੈ। ਜਿਹਨਾਂ ਵਿਚੋਂ ਕੁਝ ਕੁ ਨੇ ਤਾਂ ਆਪਣੀ ਮਿਹਨਤ ਸਦਕਾ ਆਪਣੇ ਸਮੇਂ ਦੇ ਨਾਮੀਂ ਢਾਡੀਆਂ ਵਿਚ ਆਪਣਾ ਨਾ ਦਰਜ ਕਰਾਕੇ ਆਪਣੇ ਉਸਤਾਦ ਦੇ ਨਾਂ ਨੂੰ ਰੋਸ਼ਨ ਕੀਤਾ। ਖਿੱਦੂ ਮੋਚੀ ਉਸਦਾ ਜੇਠਾ ਚੇਲਾ ਸੀ, ਜੋ ਗੁੰਮਟੀ ਦਾ ਰਹਿਣ ਵਾਲਾ ਸੀ। ਖਿੱਦੂ ਦੀ ਆਪਣੇ ਇਲਾਕੇ ਵਿਚ ਪੂਰੀ ਚੜ੍ਹਤ ਸੀ। ਦੂਰ ਦਰਾਜ ਦੇ ਮੇਲਿਆਂ ਵਿਚ ਉਸਨੇ ਆਪਣੀ ਕਲਾ ਦੀ ਧਾਕ ਜਮਾਈ।

ਉਸਨੇ ਆਪਣੇ ਗੁਰ ਭਾਈ ਰੋਡੂ ਮਲੂਕੇ ਵਾਲੇ ਨਾਲ ਲੰਮਾਂ ਸਮਾਂ ਗਾਇਆ। ਰੋਡੂ ਵੀ ਕਹਿੰਦਾ ਕਹਾਉਂਦਾ ਗਵੱਈਆ ਸੀ। ਇਹਨਾਂ ਦੇ ਸਮੇਂ ਭਾਵੇਂ ਦੋ ਸ਼ੋ੍ਮਣੀ ਕਵੀਆਂ ਦੀਆਂ ਹੀਰਾਂ ਆਮ ਪ੍ਰਚੱਲਤ ਸਨ -- ਇੱਕ ਸੀ ਗੰਗਾ ਸਿੰਘ ਦੀ ਹੀਰ ਤੇ ਦੂਜੀ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ। ਪਰੰਤੂ ਇਹਨਾਂ ਨੇ ਦੀਵਾਨ ਸਿੰਘ ਸ਼ਹਿਣੇ ਵਾਲੇ ਦੀ ਹੀਰ ਨੂੰ ਗਾ ਕੇ ਨਵੀਂ ਲੀਹ ਤੋਰੀ ਤੇ ਲੋਕਾਂ ਵਿਚ ਉਸਦੀ ਕਵਿਤਾ ਦੀ ਮਕਬੂਲੀਅਤ ਨੂੰ ਸਿੱਧ ਕੀਤਾ। ਇਕ ਕਲੀ ਵਿਚ ਰਾਂਝਾ ਖੇੜਿਆਂ ਦੇ ਘਰ ਦੀ ਸਿਫਤ ਇਉਂ ਕਰਦਾ ਹੈ:-

- ***ਡਿਊਢੀ ਖੇੜਿਆਂ ਦੀ, ਜੱਟ ਰਾਂਝਾ ਸਿਫਤਾਂ ਕਰਦਾ ਹੈ,***
  ***ਘਰ ਤਾਂ ਦੀਂਹਦਾ ਕਿਸੇ ਰੱਜਿਆਂ ਸਰਦਾਰਾਂ ।***
  ***ਤਖਤੇ ਪਿੱਤਲ ਦੇ, ਚੌਗਾਠਾਂ ਜੜੀਆਂ ਚੰਦਨ ਦੀਆਂ,***
  ***ਮੇਖਾਂ ਜੜੀਆਂ ਫੁੱਲਾਂ ਨਾਲ ਪਾਲੋ ਪਾਲਾਂ ।***

ਖਿੱਦੂ ਨੇ ਸਾਰੀ ਉਮਰ 'ਗੌਣ' ਨੂੰ ਅਰਪਿਤ ਕੀਤੀ। ਲਹਿੰਦੀ ਉਮਰੇ ਜਦੋਂ ਉਸ ਵਿਚ ਤੁਰਨ ਫਿਰਨ ਦਾ ਬਲ ਨਹੀਂ ਰਿਹਾ, ਤਾਂ ਵੀ ਉਹ ਆਪਣੇ ਇਸ ਸ਼ੌਕ ਨੂੰ ਪੂਰਦਾ ਰਿਹਾ। ਆਪਣੇ ਘਰ ਦੇ ਦਰਵਾਜੇ ਮੂਹਰੇ ਉਸਨੇ ਇੱਕ ਤਖਤਪੋਸ਼ ਰੱਖਿਆ ਹੋਇਆ ਸੀ ਜਿਥੇ ਸ਼ਾਮ ਨੂੰ ਉਹ ਸਾਰੰਗੀ ਦੇ ਤਾਰਾਂ 'ਤੇ ਗਜ਼ ਫੇਰਦਾ ਅਤੇ ਹੇਕਾਂ ਲਾਉਂਦਾ । ਗਈ ਰਾਤ ਤੱਕ ਅਖਾੜਾ ਚੱਲਦਾ ਰਹਿੰਦਾ। ਲੋਕ ਉਸਦੀ ਗਾਇਕੀ ਦਾ ਆਨੰਦ ਮਾਣਦੇ ਰਹਿੰਦੇ। ਅਸ਼ਕੇ ਜਾਈਏ ਉਹਨਾਂ ਵੇਲਿਆਂ ਦੇ ਲੋਕਾਂ ਦੇ ਗਾਇਕੀ ਪ੍ਰਤੀ ਸਨੇਹ ਅਤੇ ਆਪਣੇ ਗਾਇਕਾਂ ਦੀ ਕਦਰ ਪਾਉਣ ਦੇ। ਉਹ ਸੱਚੀਂ ਮੁੱਚੀਂ 'ਰੱਬ ਵਰਗੇ ਸਰੋਤੇ' ਸਨ। ਖਿੱਦੂ ਨੂੰ ਪਿੰਡ ਦੇ ਲੋਕ ਹਾੜ੍ਹੀ ਸੌਣੀ ਚਾਰ-ਚਾਰ ਪੰਸੇਰੀਆਂ ਅਨਾਜ ਦੀਆਂ ਦਿੰਦੇ ਸਨ। ਛੇਵੇਂ ਮਹੀਨੇ ਚੰਗੇ ਜਿਮੀਂਦਾਰ ਜਿੰਨਾ ਅਨਾਜ ਇਕੱਠਾ ਹੋ ਜਾਂਦਾ ਸੀ। ਲੋਕਾਂ ਨੂੰ ਮਾਣ ਸੀ ਆਪਣੇ ਪਿੰਡ ਦੇ ਗਮੰਤਰੀ ਉਤੇ।

## ਹਰੀ ਸਿੰਘ

ਤੀਜਾ ਚੇਲਾ ਹਰੀ ਸਿੰਘ ਵੀ ਆਪਣੇ ਸਮੇਂ ਦਾ ਚੋਟੀ ਦਾ ਗਵੱਈਆ ਸੀ। ਹਰੀ ਸਿੰਘ ਨੇ ਵੀ ਪੂਰੇ ਮਾਲਵੇ ਵਿਚ ਪੈੜਾਂ ਕੀਤੀਆਂ ਅਤੇ ਲੋਕ ਅਖਾੜਿਆਂ ਵਿਚ ਆਪਣੀ ਗਾਇਕੀ ਦੀਆਂ ਧੁੰਮਾਂ ਪਾਈਆਂ। ਹਰੀ ਸਿੰਘ ਦੇ ਜਥੇ ਵਿਚ ਉਸਦੇ ਆਪਣੇ ਚੇਲੇ ਦੋ ਹਿੰਦੂ ਘੁਮਿਆਰਾਂ ਦੇ ਮੁੰਡੇ ਸਨ, ਜੋ ਸਕੇ ਭਰਾ ਸਨ। ਇਹਨਾਂ ਦਾ ਪਿੰਡ ਸੁੱਖ ਲੱਧੀ ਸੀ। ਇਹ ਬਹੁਤ ਵਧੀਆ ਗਵੱਈਏ ਸਨ। ਇਹਨਾਂ ਨੂੰ ਗਾਉਣ ਦੀ ਚੇਟਕ ਵੀ ਹਰੀ ਸਿੰਘ ਹੁਰਾਂ ਦਾ ਅਖਾੜਾ ਸੁਣ ਕੇ ਹੀ ਲੱਗੀ ਸੀ। ਗਾਇਕੀ ਪ੍ਰਤੀ ਮੋਹ ਅਤੇ ਲਗਨ ਸਦਕਾ ਆਪਣਾ ਨਾਂ ਵਧੀਆ ਢਾਡੀਆਂ ਵਿਚ ਦਰਜ ਕਰਵਾ ਗਏ। ਹਰੀ ਸਿੰਘ ਦਾ ਤੀਜਾ ਚੇਲਾ ਗੁਰਦੇਵ ਸਿੰਘ ਸੀ। ਇਹ ਖਿਆਲਾ ਮਲਕਪੁਰ ਪਿੰਡ ਦੇ ਪਾਲ ਸਿੰਘ ਦਾ ਲੜਕਾ ਸੀ। ਇਹ ਤਿੰਨੇ ਹਰੀ ਸਿੰਘ ਦੀ ਅਗਵਾਈ ਹੇਠ ਲੰਮਾ ਸਮਾਂ ਗਾਉਂਦੇ ਰਹੇ।

ਮੋਦਨ ਸਿੰਘ ਦੀ ਬੰਸਾਵਲੀ 'ਚੋਂ ਵਰਤਮਾਨ ਸਮੇਂ ਉਸਦੇ ਚਲਾਏ ਗਾਡੀ ਰਾਹ 'ਤੇ ਚੱਲ ਰਿਹਾ ਹੈ, ਉਸਦਾ ਪੜੋਤਾ ਚੇਲਾ – ਮੋਦਨ ਮਹਿਰਾਜ ਵਾਲਾ। ਇਸਦਾ ਪਿਓ ਪਾਲਾ ਸਿੰਘ ਮਜ਼ਬੀ ਆਪ ਇੱਕ ਚੰਗਾ ਢਾਡੀ ਸੀ। ਮੋਦਨ ਨੇ ਢਾਡੀ ਰਾਗ ਦੀ ਸਿੱਖਿਆ ਆਪਣੇ ਪਿਓ ਦੇ ਸ਼ਗਿਰਦ ਬਸੰਤ ਸਿੰਘ ਧਨੌਲੇ ਵਾਲੇ ਤੋਂ ਲਈ।

## ਬਾਬਾ ਬੂਜਾ ਦੋਦੇ ਵਾਲਾ

ਰਵਾਇਤੀ ਗਾਇਕੀ ਵਿਚ ਉਸਤਾਦੀ ਸ਼ਗਿਰਦੀ ਦੀ ਪਰੰਪਰਾ ਦਾ ਮਹੱਤਵਪੂਰਨ ਸਥਾਨ ਹੈ। 'ਗੌਣ' ਸਿੱਖਣ ਲਈ ਲੋਕ ਕਿਸੇ ਨਾਮੀ ਉਸਤਾਦ ਦੇ ਸ਼ਗਿਰਦ ਬਣਕੇ ਸਾਲਾਂ ਬੱਧੀ ਉਨ੍ਹਾਂ ਦੀ ਸੰਗਤ ਵਿਚ ਰਹਿੰਦੇ ਸਨ। ਜਦੋਂ ਕਿਸੇ ਗਮੰਤਰੀ ਨੂੰ ਉਸਦੇ ਉਸਤਾਦ ਬਾਰੇ ਪੁਛਿਆ ਜਾਂਦਾ ਹੈ ਤਾਂ ਉਹ ਬੜੇ ਮਾਣ ਨਾਲ ਆਪਣੇ ਉਸਤਾਦ ਘਰਾਣੇ ਦਾ ਜ਼ਿਕਰ ਕਰਦਾ ਹੈ। ਕਈ ਵਾਰ ਇਹ ਕੁਰਸੀਨਾਮਾ ਕਈ ਪੀੜ੍ਹੀਆਂ ਤੱਕ ਜਾ ਪਹੁੰਚਦਾ ਹੈ। ਪੰਜਾਬ ਵਿਚ ਵੱਖ ਵੱਖ ਇਲਾਕਿਆਂ ਵਿਚ ਕੁਝ ਖਾਸ ਪਿੰਡ ਇਸ ਪੱਖੋਂ ਜ਼ਿਕਰਯੋਗ ਹਨ। ਇਨ੍ਹਾਂ ਵਿਚੋਂ ਹੀ ਇੱਕ ਪਿੰਡ ਦੋਦਾ ਹੈ।

ਦੋਦਾ, ਬਠਿੰਡਾ ਮੁਕਤਸਰ ਸੜਕ'ਤੇ ਜ਼ਿਲ੍ਹਾ ਮੁਕਤਸਰ ਦਾ ਇੱਕ ਵੱਡਾ ਪਿੰਡ ਹੈ। ਏਥੋਂ ਦਾ ਜੁਗਰਾਜ ਸਿੰਘ ਇਕ ਨਾਮੀ ਗਮੰਤਰੀ ਹੋਇਆ ਹੈ। ਇਸਦਾ ਦਾਦਾ ਉਸਤਾਦ ਬਾਬਾ ਬੂਜਾ ਇੱਕ ਫੱਕਰ ਗਮੰਤਰੀ ਸੀ। ਉਹ ਜਾਤ ਦਾ ਮਜ਼੍ਹਬੀ ਸੀ। ਫਕੀਰਾਂ ਵਾਲੇ ਲਿਬਾਸ ਵਿਚ ਹੀ ਰਹਿੰਦਾ ਸੀ। ਉਸਤਾਦ ਸਾਰੰਗੀ ਮਾਸਟਰ ਸੀ। ਪੈਰਾਂ ਵਿਚ ਘੁੰਗਰੂਆਂ ਵਾਲੇ ਪਊਏ ਪਾਉਂਦਾ ਸੀ। ਗਾਉਂਦੇ ਹੋਏ ਅਖਾੜੇ ਵਿਚ ਇਸ ਢੰਗ ਨਾਲ ਤੁਰਦਾ ਸੀ ਕਿ ਪਊਇਆਂ ਵਾਲੇ ਘੁੰਗਰੂ ਸਾਜ਼ਾਂ ਦੇ ਨਾਲ ਹੀ ਛਣਕਦੇ ਸਨ। ਉਸਦੇ ਦੋ ਮੁੰਡੇ ਉਸਦੇ ਨਾਲ ਹੀ ਗਾਉਂਦੇ ਸਨ। ਵੱਡਾ ਝੜੀ ਦਾਸ ਆਪਣੇ ਸਮੇਂ ਦਾ ਕਹਿੰਦਾ ਕਹਾਉਂਦਾ ਗਮੰਤਰੀ ਹੋਇਆ। ਉਸਨੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਆਪਣੀ ਗਾਇਕੀ ਰਾਹੀਂ ਪੈੜਾਂ ਕੀਤੀਆਂ। ਜੁਗਰਾਜ ਸਿੰਘ ਦੋਦੇ ਵਾਲਾ ਝੜੀ ਦਾਸ ਦਾ ਚੇਲਾ ਸੀ। ਇਸੇ ਤਰ੍ਹਾਂ ਹਰੀ ਸਿੰਘ ਮਧੀਰ ਵਾਲਾ ਵੀ ਝੜੀ ਦਾਸ ਦਾ ਚੇਲਾ ਹੋਇਆ ਹੈ। ਹਰੀ ਸਿੰਘ ਦਾ ਚੇਲਾ ਅੱਗੇ ਬੰਤ ਸਿੰਘ ਮਧੀਰ ਵਾਲਾ ਹੈ।

ਬਾਬੇ ਬੂਜੇ ਦਾ ਇਕ ਹੋਰ ਚੇਲਾ ਹਿੰਮਤਪੁਰੇ ਵਾਲਾ ਥੰਮਣ ਸਿੰਘ ਹੋਇਆ ਹੈ। ਜਿਸਨੇ ਆਪਣੇ ਉਸਤਾਦ ਦੀ ਪਰੰਪਰਾ ਨੂੰ ਅੱਗੇ ਚਲਾਇਆ। ਥੰਮਣ ਸਿੰਘ ਦਾ ਨਾਂ ਵੀ ਆਪਣੇ ਸਮੇਂ ਦੇ ਵਧੀਆ ਗਮੰਤਰੀਆਂ ਵਿਚ ਸ਼ੁਮਾਰ ਸੀ। ਅੱਗੇ ਉਸਦਾ ਚੇਲਾ ਹਿੰਮਤਪੁਰੇ ਦਾ ਹੀ ਬਲੌਰ ਸਿੰਘ ਹੋਇਆ ਜੋ ਲੰਮੇ ਸਮੇਂ ਤੋਂ ਇਸ ਕਲਾ ਨਾਲ ਜੁੜਿਆ ਚਲਾ ਆ ਰਿਹਾ ਹੈ।

ਝੜੀ ਦਾਸ ਦਾ ਮੁੰਡਾ ਤੀਰਥ ਵੀ ਆਪਣੇ ਪਿਓ ਦਾਦੇ ਦੀ ਲੀਹ ਤੇ ਹੀ ਚੱਲਿਆ। ਉਹ ਲੰਬਾ ਸਮਾਂ ਆਪਣੇ ਪਿਓ ਝੜੀ ਦਾਸ ਨਾਲ ਗਾਉਂਦਾ ਰਿਹਾ। ਜਦੋਂ ਝੜੀ ਦਾਸ ਵਡੇਰੀ ਉਮਰ ਦਾ ਹੋ ਗਿਆ ਤਾਂ ਤੀਰਥ ਆਪਣੇ ਦੂਜੇ ਸਾਥੀਆਂ ਨਾਲ ਗਾਉਂਦਾ ਰਿਹਾ। ਝੜੀ ਦਾਸ ਕੋਲ ਆਖ਼ਰੀ ਉਮਰ ਤੱਕ 'ਗੌਣ' ਸਿੱਖਣ ਵਾਲੇ ਆਉਂਦੇ ਰਹੇ।

ਅਖ਼ੀਰ 1991-92 ਵਿਚ ਝਿੜੀ ਦਾਸ ਲਗਭਗ ਸੌ ਸਾਲ ਦੀ ਉਮਰ ਭੋਗ ਕੇ ਇਸ ਜਹਾਨ ਤੋਂ ਸਦਾ ਲਈ ਕੂਚ ਕਰ ਗਿਆ। ਉਸ ਤੋਂ ਬਾਅਦ ਉਸਦਾ ਮੁੰਡਾ ਤੀਰਥ ਵੀ ਬਹੁਤੀ ਦੇਰ ਤੱਕ ਜੀਵਿਤ ਨਾ ਰਿਹਾ ਅਤੇ ਚਾਰ ਪੰਜ ਸਾਲ ਬਾਅਦ ਹੀ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਅਫਸੋਸ ਦੀ ਗੱਲ ਇਹ ਹੈ ਕਿ ਏਨੀ ਵੱਡੀ ਵਿਰਾਸਤ ਦੇ ਮਾਲਕ ਇਸ ਪਰਵਾਰ ਵਿਚੋਂ ਕਿਸੇ ਵੀ ਮੈਂਬਰ ਨੇ ਅੱਗੇ ਇਸ ਵਿਰਾਸਤ ਨੂੰ ਚਲਦਾ ਨਹੀਂ ਰੱਖਿਆ।

## ਗੁਰਮਾਂ ਵਾਲੇ ਢਾਡੀ

ਪੁਰਾਣੀ ਪੀੜ੍ਹੀ ਦੇ ਬਜ਼ੁਰਗਾਂ ਵਿਚੋਂ ਗੁਰਮਾਂ ਵਾਲੇ ਢਾਡੀਆਂ ਨੂੰ ਕੌਣ ਨਹੀਂ ਜਾਣਦਾ? ਪਿੰਡ ਗੁਰਮ ਜ਼ਿਲ੍ਹਾ ਸੰਗਰੂਰ ਦੇ ਸ਼ਹਿਰ ਬਰਨਾਲਾ ਦੇ ਨੇੜੇ ਪੈਂਦਾ ਹੈ। ਏਥੋਂ ਦੇ ਹੀ ਹੋਏ ਹਨ, ਹਜ਼ੂਰਾ ਸਿੰਘ, ਹਰੀ ਸਿੰਘ, ਭਾਗ ਸਿੰਘ ਅਤੇ ਬਖਤੌਰ ਸਿੰਘ। ਆਮ ਤੌਰ ਤੇ ਢਾਡੀ ਜਥੇ ਵਿਚ ਇੱਕ ਸਾਜ਼ੀ ਭਾਵ ਸਾਰੰਗੀ ਮਾਸਟਰ ਅਤੇ ਦੋ ਢਾਡੀ ਭਾਵ ਢੱਡ ਵਜਾਉਣ ਵਾਲੇ ਹੁੰਦੇ ਹਨ। ਪਰੰਤੂ ਗੁਰਮਾਂ ਵਾਲੇ ਢਾਡੀਆਂ ਦੀ ਇਹ ਵਿਸ਼ੇਸ਼ਤਾ ਸੀ ਕਿ ਇਸ ਜਥੇ ਵਿਚ ਦੋ ਸਾਰੰਗੀਆਂ ਵਜਦੀਆਂ ਸਨ। ਹਰੀ ਸਿੰਘ ਤੇ ਭਾਗ ਸਿੰਘ ਸਾਰੰਗੀ ਵਜਾਉਂਦੇ ਅਤੇ ਹਜ਼ੂਰਾ ਸਿੰਘ ਤੇ ਖੁਸ਼ੀਆ ਬੁਰਜ ਵਾਲਾ ਢਾਡੀ ਸਨ।

ਗੁਰਮਾਂ ਵਾਲੇ ਢਾਡੀਆਂ ਦਾ ਸਬੰਧ ਨਾਈ ਬਰਾਦਰੀ ਨਾਲ ਸੀ। ਜਿਉਣ ਸਿੰਘ ਦੇ ਮੁੰਡਿਆਂ ਹਰਨਾਮ ਸਿੰਘ ਤੇ ਈਸ਼ਰ ਸਿੰਘ ਦੋਵੇਂ ਭਰਾਵਾਂ ਦੀ ਔਲਾਦ ਇਸ ਕਲਾ ਨਾਲ ਜੁੜੀ ਅਤੇ ਆਪਣੇ ਖ਼ਾਨਦਾਨ ਦਾ ਨਾਂ ਰੋਸ਼ਨ ਕੀਤਾ। ਈਸ਼ਰ ਸਿੰਘ ਦੇ ਤਿੰਨ ਲੜਕੇ ਸਨ, ਹਜ਼ੂਰਾ ਸਿੰਘ, ਭਾਗ ਸਿੰਘ ਤੇ ਹਰੀ ਸਿੰਘ। ਹਰਨਾਮ ਸਿੰਘ ਦੇ ਵੀ ਤਿੰਨ ਲੜਕੇ ਸਨ ਅਰਜਨ ਸਿੰਘ, ਬਖਤੌਰ ਸਿੰਘ ਤੇ ਨਿੱਕਾ ਸਿੰਘ। ਇਸ ਤਰ੍ਹਾਂ ਇਸ ਖ਼ਾਨਦਾਨ ਨੇ ਆਪਣੇ ਪਰਵਾਰਿਕ ਜਥੇ ਨਾਲ ਲੋਕ ਢਾਡੀ ਕਲਾ ਰਾਹੀਂ ਅਵਾਮ ਦਾ ਖ਼ੂਬ ਮਨੋਰੰਜਨ ਕੀਤਾ।

ਹਰਨਾਮ ਸਿੰਘ ਦਾ ਜਨਮ 1870 ਦੇ ਲੱਗਭੱਗ ਹੋਇਆ। ਉਹ ਦੀਦਾਰਗੜ੍ਹ ਵਾਲੇ ਦੀਵਾਨੇ ਸੰਤਾਂ ਬਾਵਾ ਬੁੱਧ ਦਾਸ ਦਾ ਸ਼ਿਸ਼ ਬਣ ਗਿਆ। ਏਥੋਂ ਹੀ ਉਸਨੇ ਕਾਵਿ ਦੀ ਦੀਖਿਆ ਲਈ ਅਤੇ ਕਵੀਸ਼ਰੀ ਕਰਨ ਲੱਗ ਪਿਆ। ਛੋਟੇ ਭਰਾ ਈਸ਼ਰ ਸਿੰਘ ਦਾ ਜਨਮ 1881 ਦੇ ਲਗਭਗ ਹੋਇਆ ਉਸਨੂੰ ਸਾਜ਼ਾਂ ਨਾਲ ਗਾਉਣ ਦਾ ਸ਼ੌਕ ਸੀ। ਆਪਣੇ ਸ਼ੌਕ ਨੂੰ ਪੂਰਾ ਕਰਨ ਲਈ ਉਹ ਮਾਲਵੇ ਦੇ ਤਾਨਸੈਨ ਮੋਦਨ ਸਿੰਘ ਲੋਹਾ ਖੇੜਾ ਦਾ ਸ਼ਗਿਰਦ ਬਣਿਆ ਅਤੇ ਢਾਡੀ ਰਾਗ ਦੀ ਸਿੱਖਿਆ ਲਈ। ਹਰਨਾਮ ਸਿੰਘ ਤੇ ਈਸ਼ਰ ਸਿੰਘ ਦੀ ਮੌਤ ਕਰਮਵਾਰ 1940 ਅਤੇ 1951 ਵਿਚ ਹੋਈ। ਈਸ਼ਰ ਸਿੰਘ ਦੇ ਮੁੰਡੇ ਹਜ਼ੂਰਾ ਸਿੰਘ ਦਾ ਜਨਮ 1910 ਵਿਚ ਹੋਇਆ। ਭਾਗ ਸਿੰਘ ਤੇ ਹਰੀ ਸਿੰਘ ਉਸਤੋਂ ਛੋਟੇ ਸਨ। ਇਨ੍ਹਾਂ ਨੇ ਆਪਣੀ ਪਰਵਾਰਿਕ ਵਿਰਾਸਤ ਨੂੰ ਸਾਂਭ ਕੇ ਅੱਗੇ ਤੋਰਿਆ। ਆਪਣੀ ਮਿਹਨਤ ਸਦਕਾ ਢਾਡੀ ਕਲਾ ਦੇ ਸਿਖਰ ਨੂੰ ਛੂਹਿਆ। ਰਿਆਸਤਾਂ ਵੇਲੇ ਦੇ ਮਹਾਂ ਪੰਜਾਬ ਅਤੇ ਭਾਰਤ ਦੇ ਦੂਜੇ ਵੱਡੇ ਸ਼ਹਿਰਾਂ ਕਲਕੱਤੇ, ਬੰਬਈ ਅਤੇ ਲਾਹੌਰ ਜਿਹੇ ਸ਼ਹਿਰਾਂ ਵਿਚ ਆਪਣੇ ਨਾਂ ਦਾ ਡੰਕਾ ਵਜਾਇਆ।

ਗੁਰਮਾਂ ਵਾਲੇ ਢਾਡੀ ਪ੍ਰਚੱਲਤ ਲੋਕ ਗਾਥਾਵਾਂ ਹੀਰ ਰਾਂਝਾ, ਮਿਰਜ਼ਾ, ਸੱਸੀ, ਪੂਰਨ, ਕੌਲਾਂ, ਦੁੱਲਾ ਭੱਟੀ, ਰਾਜਾ ਰਸਾਲੂ ਤੋਂ ਇਲਾਵਾ ਰਮਾਇਣ ਅਤੇ ਮਹਾਂਭਾਰਤ ਵਿਚੋਂ ਵੀ

ਪ੍ਰਸੰਗ ਗਾਉਂਦੇ ਸਨ। ਪੁਰਾਣੇ ਢਾਡੀਆਂ ਦੀ ਇਹ ਇੱਕ ਵੱਡੀ ਵਿਸੇਸ਼ਤਾ ਸੀ ਕਿ ਅਖਾੜੇ ਦੀ ਸ਼ੁਰੂਆਤ ਅਤੇ ਸਮਾਪਤੀ ਇੱਕ ਵਿਸ਼ੇਸ਼ ਵਿਧੀ ਅਨੁਸਾਰ ਕਰਦੇ ਸਨ। ਸੋ ਗੁਰਮਾਂ ਵਾਲਾ ਜਥਾ ਵੀ ਇਸ ਰਵਾਇਤ ਨੂੰ ਬਾਕਾਇਦਾ ਨਿਭਾਉਂਦਾ ਰਿਹਾ। ਅਖਾੜੇ ਦੀ ਸ਼ੁਰੂਆਤ ਧੀਮੇ ਸੁਰ ਨਾਲ ਮੰਗਲਾਚਰਣ ਨਾਲ ਕੀਤੀ ਜਾਂਦੀ ਅਤੇ ਸਮਾਪਤੀ ਸਮੇਂ ਵੀ ਕਾਦਰ ਦੀ ਕੁਦਰਤ ਦੇ ਨਿਆਰੇ ਰੰਗਾਂ ਦੀ ਉਸਤਤ ਕੀਤੀ ਜਾਂਦੀ:-

- ***ਮੈਂ ਕੀ ਜਾਣਾ ਕੁਦਰਤਾਂ ਤੇਰੀਆਂ,***
  ***ਤੂੰ ਕਿਹੜਿਆਂ ਰੰਗਾਂ ਵਿਚ ਖੇਡਦਾ।***

ਹਰਨਾਮ ਸਿੰਘ ਆਪ ਕਵਿਤਾ ਲਿਖਦਾ ਸੀ ਅਤੇ ਕਵੀਸ਼ਰੀ ਕਰਦਾ ਸੀ। ਬਾਅਦ ਵਿਚ ਹਜੂਰਾ ਸਿੰਘ ਵੀ ਕਵਿਤਾ ਬਣਾਉਂਦਾ ਰਿਹਾ ਜਿਸਨੂੰ ਇਹਨਾਂ ਦਾ ਜਥਾ ਗਾਉਂਦਾ ਸੀ। ਹਰੀ ਸਿੰਘ ਨੇ ਵੀ ਆਪ ਕਾਫੀ ਕਵਿਤਾ ਬਣਾਈ ਹੈ, ਜਿਸਨੂੰ ਉਹ ਛਪਾਉਣਾ ਚਾਹੁੰਦਾ ਹੈ। ਪੂਰਨ ਉਸਨੇ ਕਬਿੱਤਾਂ ਵਿਚ ਲਿਖਿਆ ਹੋਇਆ ਹੈ। ਮਹਾਂਭਾਰਤ ਦਾ ਵਿਰਾਟ ਪਰਬ ਕਲੀਆਂ ਅਤੇ ਬੈਂਤਾਂ ਵਿਚ ਹੈ। ਹਰਨਾਮ ਸਿੰਘ ਨੇ ਆਪਣਾ ਪਤਾ ਟਿਕਾਣਾ ਇਸ ਤਰ੍ਹਾਂ ਦੱਸਿਆ ਹੈ:-

- ***ਹੰਢਿਆਇਆ ਤੇ ਬਰਨਾਲਾ ਵੱਡੇ ਪਿੰਡ ਨੇ ਸੰਘੇੜਿਆਂ ਕੋਲੇ,***
  ***ਠੀਕਰੀਵਾਲੇ ਦੇ ਕੋਲ ਅਬਲਾ ਸੂੰ ਵਾਲਾ ਜੀ।***
  ***ਵੱਡੇ ਨੇ ਚੌਹਾਨ ਕੇ, ਵਜੀਦ ਕੇ, ਹਮੀਦੀ ਲੌਂਣੇ,***
  ***ਸਹਿਜੜੇ, ਸਹੌਰ, ਖਿਆਲੀ ਲੌਂਣੇ ਠੁਲੀਵਾਲਾ ਜੀ।***
  ***ਮਾਂਗੇਵਾਲ ਤੇ ਮਨਾਲ, ਬੜੀ, ਟਿੱਬਾ ਲੌਂਣੇ ਗੁੰਮਟੀ ਦੇ,***
  ***ਖੇੜੀ ਤੇ ਨੰਗਲ ਪਿੰਡ ਬ੍ਰਾਹਮਣਾ ਸੂੰ ਵਾਲਾ ਜੀ।***
  ***ਸਭਨਾਂ ਪਿੰਡਾਂ ਵਿਚਾਲੇ ਗੁਰਮੀਂ ਮਕਾਨ ਮੇਰਾ,***
  ***ਹਰਨਾਮ ਸਿੰਘ ਜ਼ਿਲ੍ਹਾ ਬਸੀ, ਸ਼ੇਰਪੁਰ ਠਾਣਾ ਜੀ।***

ਹਰੀ ਸਿੰਘ ਵੀ ਸ਼ਹਿਰਾਂ ਬਾਰੇ ਆਪਣੇ ਵਿਚਾਰ ਇਉਂ ਦਸਦਾ ਹੈ:-

- ***ਝੂਠ ਨੀ ਲਹੌਰ ਜਿਹਾ, ਪੱਤਣ ਫਿਲੌਰ ਜਿਹਾ,***
  ***ਬੇਲੂਆ ਭਦੌੜ ਜਿਹਾ, ਕੌਲ ਜਿਉਂ ਦਿਸਾਂਵਦਾ।***

ਸ਼ਹਿਰ ਅੰਬਾਲੇ ਜਿਹਾ, ਹੁਕਮ ਪਟਿਆਲੇ ਜਿਹਾ,
ਲੁਧਿਆਣੇ ਜੇਡ ਕੋਈ ਵਪਾਰੀ ਨੀ ਦਿਸਾਂਵਦਾ।
ਬੋਲ ਨਹੀਂ ਭਿੰਡੇ ਜਿਹਾ, ਟੇਸ਼ਣ ਬਠਿੰਡੇ ਜਿਹਾ,
ਨਾਭੇ ਵਾਲਾ ਹੀਰਾ ਸਿੰਘ ਅਦਾਲਤੀ ਨੀ ਥਿਆਂਵਦਾ।
ਕਹੇ ਹਰੀ ਸਿੰਘ ਪਾਕੇ ਗਿਣੇ ਸਾਰੇ ਵਿੰਗ,
ਕੋਟਲੇ ਮਲੇਰ ਜਿਹਾ ਰਾਜ ਧਰਮੀਂ ਨੀ ਥਿਆਂਵਦਾ।

ਗੁਰਮਾਂ ਵਾਲੇ ਢਾਡੀਆਂ ਦੀ ਆਵਾਮ ਵਿਚ ਹਰਮਨ ਪਿਆਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਰਾਜ ਘਰਾਣਿਆਂ ਤੱਕ ਵੀ ਇਹਨਾਂ ਦੀ ਕਲਾ ਦਾ ਬੋਲਬਾਲਾ ਸੀ। ਰਿਆਸਤ ਪਟਿਆਲਾ ਦੇ ਨੌਨਿਹਾਲ ਯਾਦਵਿੰਦਰ ਸਿੰਘ ਦੀ ਬਰਾਤ ਵਿੱਚ ਵਿਸ਼ੇਸ਼ ਤੌਰ ਤੇ ਇਹਨਾਂ ਦਾ ਅਖਾੜਾ ਲੁਆਇਆ ਗਿਆ। ਉਹਨਾਂ ਵੇਲਿਆਂ ਵਿਚ ਅਖਾੜੇ ਵਿਚ ਲਗਭਗ ਢਾਈ ਹਜ਼ਾਰ ਰੁਪਏ ਦਾ ਇਨਾਮ ਮਿਲਿਆ। ਰਾਜ ਘਰਾਣੇ ਵੱਲੋਂ ਇੱਕ ਹਜ਼ਾਰ ਰੁਪਏ ਦਾ ਵਿਸ਼ੇਸ਼ ਇਨਾਮ ਅਤੇ ਹੋਰ ਮਾਣ ਸਨਮਾਨ ਦਿੱਤਾ। ਦੋ ਸੌ ਰੁਪਏ ਪ੍ਰਤੀ ਮਹੀਨਾ ਦੀ ਸਪੈਸ਼ਲ ਬਖ਼ਸ਼ੀਸ਼ ਦਿੱਤੀ ਗਈ ਜੋ 1947 ਤੱਕ ਮਿਲਦੀ ਰਹੀ।

ਇਸ ਜਥੇ ਨੇ ਢਾਡੀ ਦੀਦਾਰ ਸਿੰਘ ਰਟੈਂਡਾ, ਨਿਰੰਜਣ ਸਿੰਘ, ਅਮਰ ਸਿੰਘ ਸ਼ੌਂਕੀ ਅਤੇ ਨਾਜ਼ਰ ਸਿੰਘ ਵਾਂਗ ਆਪਣੀ ਆਵਾਜ਼ ਨੂੰ ਕਾਲੇ ਤਵਿਆਂ ਵਿਚ ਨਹੀਂ ਭਰਾਇਆ ਕਿਉਂਕਿ ਇਹਨਾਂ ਨੂੰ ਕਿਸੇ ਨੇ ਵਹਿਮ ਪਾ ਦਿੱਤਾ ਸੀ ਕਿ ਤਵੇ ਭਰਾਉਣ ਨਾਲ ਗਲਾ ਖਰਾਬ ਹੋ ਜਾਂਦਾ ਹੈ ਅਤੇ ਇਹ ਆਵਾਜ਼ ਨੂੰ ਖਿੱਚ ਲੈਂਦੇ ਹਨ। ਦੂਸਰਾ ਕਾਰਨ ਇਹ ਸੀ ਕਿ ਜੇ ਸਾਡੇ ਰਿਕਾਰਡ ਤਵੇ ਲੋਕਾਂ ਨੂੰ ਮਿਲਣ ਲੱਗ ਪਏ ਤਾਂ ਫੇਰ ਸਾਡੇ ਅਖਾੜੇ ਕੌਣ ਲੁਆਊਗਾ? ਸਾਨੂੰ ਕੌਣ ਪੁੱਛੂਗਾ? ਸਾਡੀ ਤਾਂ ਰੋਜ਼ੀ ਹੀ ਮਰ ਜਾਊਗੀ।

ਇਸ ਪਰਵਾਰਿਕ ਜਥੇ ਨੇ 45 ਸਾਲ ਦੇ ਕਰੀਬ ਢਾਡੀ ਕਲਾ ਨਾਲ ਜੁੜਕੇ ਲੋਕ ਸਭਿਆਚਾਰ ਵਿਚ ਨਿੱਗਰ ਵਾਧਾ ਕੀਤਾ। ਨਵੀਂ ਪੀੜ੍ਹੀ ਦੇ ਇਸ ਕਲਾ ਪ੍ਰਤੀ ਰੁਝਾਨ ਦੇ ਘਟਣ ਕਾਰਨ ਅੱਠਵੇਂ ਦਹਾਕੇ ਦੇ ਅੰਤ ਵਿਚ ਗੁਰਮਾਂ ਵਾਲਾ ਜੱਥਾ ਵੀ ਚੁੱਪ ਕਰਕੇ ਘਰ ਬੈਠ ਗਿਆ। ਹਜ਼ੂਰਾ ਸਿੰਘ ਤੇ ਭਾਗ ਸਿੰਘ ਦੀ ਕਰਮਵਾਰ 1979 ਅਤੇ 1984 ਵਿਚ ਮੌਤ ਹੋ ਗਈ।

ਗੁਰਮਾਂ ਵਾਲੇ ਢਾਡੀਆਂ ਦੇ ਬਹੁਤ ਸਾਰੇ ਚੇਲੇ ਹੋਏ ਜਿਹਨਾਂ ਨੇ ਢਾਡੀ ਕਲਾ ਨੂੰ ਸੰਵਾਰਨ ਅਤੇ ਸ਼ਿੰਗਾਰਨ ਵਿਚ ਆਪਣਾ ਪੂਰਾ ਯੋਗਦਾਨ ਪਾਇਆ। ਅੱਸੀਆਂ ਨੂੰ ਟੱਪ ਚੁਕਿਆ ਹਰੀ ਸਿੰਘ ਅੱਜ ਵੀ ਸਾਰੰਗੀ ਦੇ ਸੁਰਾਂ 'ਤੇ ਗਜ਼ ਫੇਰਨ ਦੀ ਸਮਰੱਥਾ ਰੱਖਦਾ ਹੈ

ਅਤੇ ਉਸ ਦੇ ਮੁੰਡੇ ਬਾਦਲ ਤੇ ਖੜਕਾ ਵੀ ਗਾਇਕੀ ਨਾਲ ਜੁੜੇ ਹੋਏ ਹਨ। ਬਖਤੌਰ ਸਿੰਘ ਦਾ ਲੜਕਾ ਸਾਰੰਗੀ ਮਾਸਟਰ ਸੁਰਜੀਤ ਸਿੰਘ ਬਰਨਾਲੇ ਰਹਿ ਕੇ ਲੋਕ ਢਾਡੀ ਕਲਾ ਨੂੰ ਪ੍ਰਫੁੱਲਤ ਕਰਨ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ। ਅੱਜਕੱਲ੍ਹ ਇਹ ਵਲਾਇਤ ਖਾਂ ਗੋਸਲਾਂ ਵਾਲੇ ਨਾਲ ਸਾਰੰਗੀ ਮਾਸਟਰ ਵਜੋਂ ਸਾਥ ਨਿਭਾ ਰਿਹਾ ਹੈ।

ਗੁਰਮਾਂ ਵਾਲੇ ਢਾਡੀਆਂ ਦੀ ਅਖਾੜਾ ਕਾਰਜ ਸ਼ੈਲੀ ਬਹੁਤ ਹੀ ਪ੍ਰਭਾਵਸ਼ਾਲੀ ਸੀ। ਨਿੱਕੇ ਫਰਲਿਆਂ ਤੇ ਟੌਰਿਆਂ ਵਾਲੀਆਂ ਪੱਗਾਂ, ਲਾਜਵਰੀ ਕੁੜਤੇ ਚਾਦਰੇ ਤੇ ਕੱਢਵੀਂਆਂ ਨੋਕਦਾਰ ਜੁੱਤੀਆਂ ਨਾਲ ਉਹਨਾਂ ਦੀ ਸ਼ਾਨ ਦੇਖਿਆਂ ਹੀ ਬਣਦੀ ਸੀ। ਇੱਕੋ ਪਰਿਵਾਰ ਦੇ ਮੈਂਬਰ ਹੋਣ ਕਾਰਨ ਰਿਆਜ਼ ਬਹੁਤ ਜਿਆਦਾ ਸੀ। ਜਿਸ ਸਦਕਾ ਹਰ ਅੰਗ ਦੇ ਕਾਰਜ ਵਿਚ ਇਕਸਾਰਤਾ ਸੀ। ਇਕੱਠਿਆਂ ਹੀ ਪੈਰ ਅੱਗੇ ਪਿਛੇ ਜਾਣਾ, ਇਕੱਠਿਆਂ ਹੀ ਗਰਦਨ ਨੂੰ ਸੱਜੇ ਖੱਬੇ ਉਲਾਰਨਾ, ਤੋੜੇ ਤੇ ਇੱਕ ਦਮ ਅੱਗੇ ਉਲਰਕੇ ਮੋਹ ਲੈਣ ਵਾਲਾ ਐਕਸ਼ਨ ਅਤੇ ਨਾਲ ਹੀ ਆਗੂ ਵੱਲੋਂ 'ਸ਼ਾਵਾ ਗੁਰਮਾਂ ਵਾਲੇ ਮੁੰਡਿਓ' ਦਾ ਕਲਾਮ ਸੋਨੇ ਤੇ ਸੁਹਾਗਾ ਸੀ। ਅਖਾੜੇ ਵਿਚ ਉਹਨਾਂ ਨੂੰ ਕੋਈ ਅਗੰਮੀ ਲੋਰ ਚੜ੍ਹ ਜਾਂਦੀ ਸੀ। ਸਰੋਤੇ ਮਸਤੀ ਵਿਚ ਅਖਾੜੇ ਦਾ ਆਨੰਦ ਮਾਣਦੇ ਹੋਏ ਝੂਮਣ ਲੱਗ ਪੈਂਦੇ ਸਨ। ਇਸ ਤਰ੍ਹਾਂ ਗੁਰਮਾਂ ਵਾਲੇ ਢਾਡੀਆਂ ਦਾ ਨਾਂ ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਹਮੇਸ਼ਾ ਹੀ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ।

# ਪਰਤਾਪ ਸਿੰਘ ਹਸਨਪੁਰੀਆ

ਪਰਤਾਪ ਸਿੰਘ ਹਸਨਪੁਰੀਆ ਆਪਣੇ ਸਮੇਂ ਦਾ ਆਲ੍ਹਾ ਦਰਜੇ ਦਾ ਢਾਡੀ ਹੋਇਆ ਹੈ। ਪਰਤਾਪ ਸਿੰਘ ਵੀ ਰਾਜ ਦਰਬਾਰੀ ਢਾਡੀ ਸੀ। ਇਸ ਨੂੰ ਮਹਾਰਾਜਾ ਫਰੀਦਕੋਟ ਦੀ ਸਰਪ੍ਰਸਤੀ ਪ੍ਰਾਪਤ ਸੀ। ਖਾਸ ਖੁਸ਼ੀ ਦੇ ਮੌਕਿਆਂ 'ਤੇ ਮਹਾਰਾਜਾ ਆਪਣੇ ਦਰਬਾਰ ਵਿਚ ਪਰਤਾਪੇ ਹੁਰਾਂ ਦਾ 'ਗੌਣ' ਸੁਣਿਆ ਕਰਦਾ ਸੀ। ਵਿਸ਼ੇਸ਼ ਮਾਨਾਂ ਸਨਮਾਨਾਂ ਨਾਲ ਇਹਨਾਂ ਨੂੰ ਨਿਵਾਜਦਾ ਸੀ।

ਪਰਤਾਪ ਸਿੰਘ ਦਾ ਜਨਮ ਬੁਡਲਾਢੇ ਦੇ ਨੇੜਲੇ ਪਿੰਡ ਹਸਨਪੁਰ ਵਿਖੇ ਸਿੱਧੂ ਜੱਟ ਪਰਵਾਰ ਵਿਚ ਹੋਇਆ। ਪਰਤਾਪੇ ਨੂੰ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ। ਆਪਣੇ ਇਸ ਅਵੱਲੇ ਸ਼ੌਕ ਨੂੰ ਪੂਰਾ ਕਰਨ ਲਈ ਉਸਨੇ ਉਸ ਸਮੇਂ ਦੇ ਪ੍ਰਸਿੱਧ ਢਾਡੀ ਬਿਸ਼ਨ ਸਿੰਘ ਨੂੰ ਉਸਤਾਦ ਧਾਰ ਲਿਆ ਸੀ। ਬਿਸ਼ਨ ਸਿੰਘ ਮਿਸਤਰੀ ਸਿੱਖ ਸੀ ਜੋ ਹਰੀ ਕਿਆਂ ਪਿੰਡ ਦਾ ਸੀ। ਲੰਮਾਂ ਸਮਾਂ ਉਸਤਾਦ ਦੀ ਸੰਗਤ ਕੀਤੀ ਅਤੇ ਗਾਇਕੀ ਦੀਆਂ ਬਰੀਕੀਆਂ ਨੂੰ ਜਾਣਿਆ। ਹੌਲੀ ਹੌਲੀ ਆਪਣਾ ਜਥਾ ਬਣਾ ਲਿਆ। ਇਸਦਾ ਪਾਛੂ ਬੋੜ੍ਹਵਾਲੀਆ ਸੀ।

ਦੂਰ ਨੇੜੇ ਦੇ ਸਾਰੇ ਮੇਲਿਆਂ 'ਤੇ ਹਰ ਸਾਲ ਹਾਜ਼ਰੀ ਲੁਆਉਂਦੇ ਸਨ। ਸਾਂਝੇ ਪੰਜਾਬ ਦੇ ਕੋਨੇ ਕੋਨੇ ਤੱਕ ਪਰਤਾਪ ਸਿੰਘ ਦੇ ਜਥੇ ਨੇ ਪੈੜਾਂ ਕੀਤੀਆਂ ਅਤੇ ਆਪਣੀ ਭੱਲ ਬਣਾਈ। ਇੱਕ ਇੱਕ ਪਿੰਡ ਵਿਚ ਪੰਜ ਪੰਜ, ਸੱਤ ਸੱਤ ਦਿਨ ਅਖਾੜਾ ਲਗਦਾ ਰਹਿੰਦਾ ਸੀ। ਲੋਕਾਂ ਨੂੰ ਵਿਆਹ ਵਰਗਾ ਚਾਓ ਹੁੰਦਾ ਸੀ। ਨੇੜੇ ਤੇੜੇ ਦੇ ਪਿੰਡਾਂ ਦੇ ਲੋਕ ਹੁੰਮ ਹੁਮਾ ਕੇ ਪਹੁੰਚਦੇ ਸਨ। ਚਰਚਾ ਛਿੜ ਜਾਂਦੀ ਸੀ ਕਿ ਫਲਾਣੇ ਪਿੰਡ ਪਰਤਾਪ ਸੂੰ ਹਸਨਪੁਰੀਏ ਦਾ ਗੌਣ ਚੱਲ ਰਿਹਾ ਹੈ। ਪਿੰਡਾਂ ਵਿਚ ਇਨ੍ਹਾਂ ਦੇ ਅਖਾੜੇ ਚਲਦੇ ਰਹਿੰਦੇ। ਸਰਦੇ ਪੁਜਦੇ ਘਰ ਵਿਆਹਾਂ ਸ਼ਾਦੀਆਂ ਅਤੇ ਹੋਰ ਖੁਸ਼ੀ ਦੇ ਮੌਕਿਆਂ 'ਤੇ ਸਪੈਸ਼ਲ ਵੀ ਅਖਾੜੇ ਲੁਆਉਂਦੇ।

ਪਰਤਾਪ ਸਿੰਘ ਦੇ ਮੁੰਡਿਆਂ ਦਾ ਵੀ ਬਚਪਨ ਤੋਂ ਗਾਇਕੀ ਵੱਲ ਰੁਝਾਨ ਸੀ। ਉਹਨਾਂ ਦੀ ਇਸ ਰੁਚੀ ਨੂੰ ਦੇਖਦੇ ਹੋਏ ਪਰਤਾਪ ਸਿੰਘ ਨੇ ਉਹਨਾਂ ਨੂੰ ਗਾਇਕੀ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ ਅਤੇ ਆਪਣੇ ਨਾਲ ਹੀ ਤੋਰ ਲਿਆ। ਆਪਣੇ ਪਿਓ ਦੇ ਨਕਸ਼ੇ ਕਦਮਾਂ ਤੇ ਚੱਲਦੇ ਹੋਏ ਦੋਵੇਂ ਮੁੰਡੇ ਅਮਰ ਸਿੰਘ ਤੇ ਕਰਮ ਸਿੰਘ ਚੋਟੀ ਦੇ ਗਮੰਤਰੀ ਬਣ ਗਏ। ਇਹਨਾਂ ਦਾ ਪਾਛੂ ਪਿੰਡ ਦਾ ਮੁੰਡਾ ਕਪੂਰ ਸਿੰਘ ਸੀ। ਇਸ ਤਰ੍ਹਾਂ ਪਰਤਾਪ ਸਿੰਘ ਦਾ ਇਹ ਪਰਵਾਰਿਕ ਜਥਾ ਕਾਫੀ ਸਮਾਂ ਲੋਕਾਂ ਨੂੰ ਆਪਣੇ 'ਗੌਣ' ਰਾਹੀਂ ਰੂਹ ਦੀ ਖੁਰਾਕ ਬਖਸ਼ਦਾ ਰਿਹਾ।

ਹੀਰ, ਪੂਰਨ ਅਤੇ ਕੌਲਾਂ ਇਹਨਾਂ ਦੇ ਮੁੱਖ ਗੌਣ ਸਨ। ਇਹਨਾਂ ਤੋਂ ਬਿਨਾਂ ਮਿਰਜ਼ਾ, ਦੁੱਲਾ ਭੱਟੀ, ਮਲਕੀ ਕੀਮਾਂ ਅਤੇ ਹੋਰ ਲੋਕ ਗਾਥਾਵਾਂ ਵੀ ਗਾਉਂਦੇ ਸਨ।

ਹੀਰ ਇਹ ਮਾਲਵੇ ਦੇ ਮਸ਼ਹੂਰ ਕਵੀ ਗੰਗਾ ਸਿੰਘ ਦੀ ਹੀ ਗਾਉਂਦੇ ਸਨ। ਗੰਗਾ ਸਿੰਘ ਇੱਕ ਹੰਢਿਆ ਹੋਇਆ ਅਤੇ ਤਜ਼ਰਬੇਕਾਰ ਲਿਖਾਰੀ ਸੀ। ਬਠਿੰਡੇ ਦੇ ਇਲਾਕੇ ਵਿਚ ਇਸ ਦੀ ਹੀਰ ਬਹੁਤ ਮਕਬੂਲ ਸੀ। ਇਸ ਬਾਰੇ ਕਵੀ ਆਪ ਵੀ ਦਾਅਵਾ ਕਰਦਾ ਹੈ ਕਿ ਉਸਨੇ ਨਵੀਂ ਹੀਰ ਲਿਖੀ ਹੈ:-

- ***ਚਾਰੇ ਵੇਦ ਬਰ੍ਹਮਾਂ ਨੇ ਰਚਲੇ, ਭਵਸਾਗਰ ਸੀ ਤਾਰੀ।***
  ***ਛੀਏ ਸ਼ਸਤਰ ਮੁਨੀਆਂ ਨੇ ਰਚਲੇ, ਆਪੋ ਆਪਣੀ ਮਤ ਅਨੁਸਾਰੀ।***
  ***ਵੇਦ, ਕਤੇਬ, ਕੁਰਾਨਾਂ ਰਚੀਆਂ, ਗੀਤਾ ਰਚਲੀ ਕ੍ਰਿਸ਼ਨ ਮੁਰਾਰੀ।***
  ***ਗੁਰੂ ਗ੍ਰੰਥ ਜਹਾਜ ਰਚ ਲਿਆ, ਉਹ ਤਾਂ ਰਚ ਲਿਆ ਨਾਨਕ ਅਵਤਾਰੀ।***
  ***ਹੋਰ ਸ਼ਾਇਰ ਸ਼ਾਇਰੀਆਂ ਕਰਗੇ, ਨਵੀ ਹੀਰ ਗੰਗਾ ਸਿੰਘ ਨੇ ਉਚਾਰੀ।***

ਇਸ ਹੀਰ ਵਿਚ ਇਸ਼ਕ ਮਜਾਜ਼ੀ ਦੇ ਨਾਲ ਨਾਲ ਇਸ਼ਕ ਹਕੀਕੀ ਦੀ ਵਧੀਆ ਪੇਸ਼ਕਾਰੀ ਹੈ। ਵਿਦਵਾਨ ਕਵੀ ਨੇ ਥਾਂ ਪਰ ਥਾਂ ਸਿਖਿਆਦਾਇਕ ਅਤੇ ਉਪਦੇਸ਼ਾਤਮਕ ਟੂਕਾਂ ਦਿੱਤੀਆਂ ਹਨ, ਜੋ ਸਰੋਤਿਆਂ ਤੇ ਡੂੰਘਾ ਪ੍ਰਭਾਵ ਪਾਉਂਦੀਆਂ ਹਨ।

- ***ਜਨਮ ਦੇ ਲਿਆ ਕਰਮ ਨਾ ਦੇ ਲੇ ਨੇ,***
  ***ਮੇਰੇ ਲੇਖ ਡਾਢੇ ਨੇ ਲਿਖ ਤੇ ਕਵੱਲੇ ।***
  ***ਮਾਂ ਸਿਮ੍ਰਤੀ ਮੇਰੀ ਉਹ ਵੀ ਵੈਰਨ ਬਣਗੀ ਸੀ,***
  ***ਮਾਰੇ ਬੋਲੀਆਂ ਤੇ ਕਲੇਜਾ ਮੇਰਾ ਸੱਲੇ ।***

ਕਹਿੰਦੇ ਨੇ ਜਦੋਂ ਪਰਤਾਪ ਸਿੰਘ ਹੁਰਾਂ ਦਾ ਜਥਾ ਪੂਰਨ ਭਗਤ ਜਾਂ ਕੌਲਾਂ ਭਗਤਣੀ ਦਾ ਪ੍ਰਸੰਗ ਗਾਉਂਦਾ ਸੀ, ਤਾਂ ਕਥਾ ਵਿਚਲੇ ਭਾਵਕ ਤੇ ਪ੍ਰਭਾਵਸ਼ਾਲੀ ਬਿਆਨ ਅਤੇ ਸਰੋਦੀ ਸੁਰ ਦੀ ਗਾਇਕੀ ਨੂੰ ਸੁਣ ਕੇ ਲੋਕਾਂ ਦੀਆਂ ਅੱਖਾਂ ਵਿਚੋਂ ਪਰਲ- ਪਰਲ ਹੰਝੂਆਂ ਦੀਆਂ ਘਰਾਲਾਂ ਵਗਣ ਲੱਗ ਪੈਂਦੀਆਂ ਸਨ। ਇਹ ਸੀ ਗਾਇਕੀ ਜੋ ਲੋਕਾਂ ਦੇ ਧੁਰ ਅੰਦਰ ਜਾ ਸਮਾਉਂਦੀ ਸੀ। ਗਾਇਕ ਤੇ ਸਰੋਤੇ ਇੱਕ ਤਾਰ ਵਿਚ ਬੰਨ੍ਹੇ ਜਾਂਦੇ ਸਨ।

'ਦੁੱਲਾ ਭੱਟੀ' ਵਰਗੀਆਂ ਬੀਰ ਰਸੀ ਕਥਾਵਾਂ ਦੀ ਪੇਸ਼ਕਾਰੀ ਦੀ ਆਪਣੀ ਵਿਲੱਖਣਤਾ ਹੁੰਦੀ ਸੀ ਤੇ ਸਰੋਤਿਆਂ ਨੂੰ ਤਣ ਕੇ ਬੈਠਣ ਲਈ ਮਜਬੂਰ ਕਰ ਦਿੰਦੀ ਸੀ। ਇਹੀ ਉਹਨਾਂ ਗਾਇਕਾਂ ਦੀ ਪ੍ਰਾਪਤੀ ਸੀ :-

- *ਦੁੱਲੇ ਨੇ ਨਾਵਨ ਰਚਾ ਲਿਆ,*
  *ਲਿਆ ਪਾਣੀ ਗਰਮ ਕਰਾ।*
  *ਪੰਜੇ ਪਹਿਨ ਲਏ ਭੱਟੀ ਨੇ ਕੱਪੜੇ,*
  *ਲੈਂਦਾ ਕਾਅਬੇ ਨੂੰ ਸੀਸ ਨਿਵਾ।*

- *ਟਮਕ ਵੱਜਿਆ ਰਾਜਪੂਤ ਦਾ,*
  *ਪੈ ਗਏ ਬੁਰੇ ਭੁਚਾਲ।*
  *ਆਹੰਦੇ ਮੁੜ ਜੋ ਘਰ੍ਹਾਂ ਨੂੰ,*
  *ਜੀਹਨੂੰ ਲਗਦੀ ਪਿਆਰੀ ਜਾਨ।*

ਇਸ ਪ੍ਰਕਾਰ ਪਰਤਾਪ ਸਿੰਘ ਹਸਨਪੁਰੀਆ ਅਤੇ ਉਸਦੇ ਮੁੰਡੇ ਢਾਡੀ ਕਲਾ ਨਾਲ ਪੂਰੀ ਤਰ੍ਹਾਂ ਪਰਨਾਏ ਹੋਏ ਸਨ ਅਤੇ ਆਪਣੀ ਰਿਆਸਤ ਦਾ ਮਾਣ ਸਨ। ਲੋੜ ਹੈ ਇਹਨਾਂ ਬਾਰੇ ਹੋਰ ਵਧ ਜਾਣਕਾਰੀ ਪ੍ਰਾਪਤ ਕਰਨ ਦੀ ਤਾਂ ਕਿ ਵਰਤਮਾਨ ਪੀੜ੍ਹੀ ਇਹਨਾਂ ਦੀ ਸ਼ਖ਼ਸੀਅਤ ਬਾਰੇ ਜਾਣ ਸਕੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਇਹ ਜਾਣਕਾਰੀ ਸਾਂਭੀ ਜਾ ਸਕੇ, ਨਹੀਂ ਤਾਂ ਇਹਨਾਂ ਮਹਾਨ ਗਾਇਕਾਂ ਦੇ ਨਾਂ ਬਜ਼ੁਰਗ ਪੀੜ੍ਹੀ ਦੇ ਨਾਲ ਹੀ ਹੌਲੀ-ਹੌਲੀ 'ਲੋਕ ਚੇਤਿਆਂ'ਚੋਂ ਵਿਸਰ ਜਾਣਗੇ।

## ਮੁਨਸ਼ੀ ਰਾਮ ਜੱਖਲਾਂ ਵਾਲਾ

ਪੰਜਾਬੀ ਭਾਈਚਾਰੇ ਵਿਚ ਮੁਨਸ਼ੀ ਸ਼ਬਦ ਦਾ ਬੜਾ ਮਹੱਤਵ ਰਿਹਾ ਹੈ। ਇਸਦਾ ਅਰਥ ਹੈ ਪੜ੍ਹਿਆ ਲਿਖਿਆ, ਵਿਦਵਾਨ, ਲਿਖਾਰੀ ਆਦਿ। ਲੋਕਗੀਤਾਂ ਵਿਚ ਵੀ ਇਸਦਾ ਜ਼ਿਕਰ ਮਿਲਦਾ ਹੈ ------ ਵੇ ਮੁਨਸ਼ੀ ਖਤ ਲਿਖਦੇ। ਸਿਆਣੇ ਮਾਪੇ ਆਪਣੇ ਪੁੱਤ ਦਾ ਨਾਂ ਏਸੇ ਲਈ ਮੁਨਸ਼ੀ ਰੱਖਦੇ ਸਨ ਕਿ ਉਹ ਵੱਡਾ ਹੋ ਕੇ ਆਪਣੇ ਨਾਂ ਮੁਤਾਬਿਕ ਸਿਆਣਾ ਤੇ ਸੂਝਵਾਨ ਬਣੇ। ਏਸੇ ਤਰ੍ਹਾਂ ਮੁਨਸ਼ੀ ਰਾਮ ਜੱਖਲਾਂ ਵਾਲੇ ਦਾ ਨਾਂ ਵੀ ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਇੱਕ ਸਿਆਣੇ, ਸੂਝਵਾਨ ਤੇ ਵਿਦਵਾਨ ਢਾਡੀ ਵਜੋਂ ਜਾਣਿਆਂ ਜਾਂਦਾ ਹੈ।

ਮੁਨਸ਼ੀ ਰਾਮ ਦਾ ਜਨਮ ਵੀਹਵੀਂ ਸਦੀ ਦੇ ਆਰੰਭ ਵਿਚ ਭਾਵ 1901-02 ਵਿਚ ਧੂਰੀ ਸ਼ਹਿਰ ਦੇ ਨੇੜਲੇ ਪਿੰਡ ਜੱਖਲਾਂ (ਜਖਵਾਲੀ) ਵਿਖੇ ਇੱਕ ਬ੍ਰਾਹਮਣ ਪਰਵਾਰ ਵਿਚ ਹੋਇਆ। ਜਜਮਾਨੀ ਪਰੋਹਤੀ ਲਈ ਲੋੜੀਂਦੀ ਵਿਦਿਆ ਇਸਨੇ ਘਰ ਤੋਂ ਹੀ ਪ੍ਰਾਪਤ ਕੀਤੀ। ਹੱਡਾਂ ਪੈਰਾਂ ਦਾ ਖੁੱਲ੍ਹਾ ਤੇ ਖੁਰਾਕ ਖੁੱਲ੍ਹੀ ਹੋਣ ਕਾਰਨ ਛੋਟੀ ਉਮਰ ਵਿਚ ਹੀ ਭਰਵਾਂ ਜਵਾਨ ਨਿਕਲ ਆਇਆ ਤੇ ਇਸਦਾ ਰੁਝਾਨ ਭਲਵਾਨੀ ਵੱਲ ਹੋ ਗਿਆ। ਜਜਮਾਨੀ ਪਰੋਹਤੀ ਨੂੰ ਛੱਡ ਕੇ ਭਲਵਾਨਾਂ ਦੀ ਸੰਗਤ ਕਰਨ ਲੱਗ ਪਿਆ। ਏਸੇ ਸਮੇਂ ਦੌਰਾਨ ਪ੍ਰਸਿੱਧ ਢਾਡੀ ਪੰਡਤ ਕਾਂਸ਼ੀ ਰਾਮ ਡੇਹਲੋਂ ਦਾ ਗੌਣ ਸੁਣਕੇ ਇਹ ਗਾਇਕੀ ਵੱਲ ਖਿੱਚਿਆ ਗਿਆ। ਪੰਡਤ ਕਾਂਸ਼ੀ ਰਾਮ ਨੂੰ ਉਸਤਾਦ ਧਾਰਕੇ ਢਾਡੀ ਰਾਗ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ। ਕਾਫੀ ਸਮਾਂ ਉਸਤਾਦ ਦੀ ਸੰਗਤ ਵਿਚ ਰਹਿਕੇ ਸਖਤ ਮਿਹਨਤ ਕੀਤੀ ਅਤੇ ਆਪਣੇ ਪੈਰਾਂ ਤੇ ਖੜ੍ਹਾ ਹੋ ਗਿਆ।

ਸ਼ੁਰੂ ਵਿਚ ਮੁਨਸ਼ੀ ਰਾਮ ਦੇ ਜਥੇ ਵਿਚ ਉਸਦਾ ਗੁਰ ਭਾਈ ਖੰਡੂ ਡੇਹਲੋਂ ਵਾਲਾ ਅਤੇ ਡੇਹਲੋਂ ਦੇ ਨੇੜਲੇ ਪਿੰਡ ਰੰਗੀਆਂ ਦੇ ਸਾਜ਼ੀ ਭਰਾ ਛਾਂਗਾ ਤੇ ਨੱਥਾ ਸ਼ਾਮਲ ਸਨ। ਬਾਅਦ ਵਿਚ ਇਸ ਦੇ ਕਈ ਸ਼ਗਿਰਦ ਇਸ ਨਾਲ ਸਮੇਂ ਸਮੇਂ ਤੇ ਗਾਉਂਦੇ ਰਹੇ। ਮੁਨਸ਼ੀ ਰਾਮ ਦੀ ਆਪਣੇ ਇਲਾਕੇ ਵਿਚ ਪੂਰੀ ਧੁੰਮ ਸੀ। ਜਰਗ, ਛਪਾਰ, ਕੁਰਾਲੀ, ਜੈਤੋਂ ਮੰਡੀ, ਜਗਰਾਵਾਂ ਦੀ ਰੌਸ਼ਨੀ, ਨੰਦ ਪੁਰ ਕਲੌੜ, ਸੰਗਰੂਰ ਦੇ ਦੁਸਹਿਰੇ ਆਦਿ ਮੇਲਿਆਂ ਤੋਂ ਇਲਾਵਾ ਨੈਣਾਂ ਦੇਵੀ, ਪਹੋਏ ਅਤੇ ਕਪਾਲ ਮੋਚਨ ਦੇ ਮੇਲਿਆਂ 'ਤੇ ਮੁਨਸ਼ੀ ਰਾਮ ਦਾ ਅਖਾੜਾ ਲਗਦਾ ਸੀ। ਕਹਿੰਦੇ ਨੇ ਮੁਨਸ਼ੀ ਰਾਮ ਦੀ ਆਵਾਜ਼ ਏਨੀ ਬੁਲੰਦ ਅਤੇ ਸੁਰੀਲੀ ਸੀ ਕਿ ਉਸ ਦੇ ਨੇੜੇ ਅਖਾੜਾ ਲਾਉਣ ਦੀ ਕਿਸੇ ਹੋਰ ਦੀ ਹਿੰਮਤ ਨਹੀਂ ਸੀ ਪੈਂਦੀ।

ਆਮ ਰਵਾਇਤੀ ਢਾਡੀਆਂ ਵਾਂਗ ਮੁਨਸ਼ੀ ਹੁਰੀਂ ਵੀ ਹੀਰ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਹੀ ਗਾਉਂਦੇ ਸਨ। ਪੂਰਨ ਕਰਮ ਸਿੰਘ ਟੂਸਿਆਂ ਵਾਲੇ ਦਾ। ਮੂੰਹੋਂ-ਮੂੰਹੀਂ ਤੁਰਿਆ

ਆਉਂਦਾ ਪੀਲੂ ਸ਼ਾਇਰ ਦਾ ਮਿਰਜਾ ਵੀ ਇਹ ਗਾਉਂਦੇ ਸਨ। ਮਲਕੀ ਕੀਮਾ, ਕੌਲਾਂ, ਦਹੂਦ ਬਾਦਸ਼ਾਹ ਆਦਿ ਲੋਕ ਗਾਥਾਵਾਂ ਵੀ ਇਨ੍ਹਾਂ ਦਾ ਜਥਾ ਗਾਉਂਦਾ ਸੀ। ਮੁਨਸ਼ੀ ਰਾਮ ਦੀ ਪਹਾੜੀ ਬੜੀ ਮਸ਼ਹੂਰ ਸੀ। ਉਹ ਪਤਲੀ, ਉਚੀ ਤੇ ਸੁਰੀਲੀ ਆਵਾਜ਼ ਵਿਚ ਮੌਕੇ ਮੁਤਾਬਿਕ ਅਜਿਹੀ ਪਹਾੜੀ ਲਾਉਂਦਾ ਸੀ ਕਿ ਸਰੋਤੇ ਵਾਹ-ਵਾਹ ਕਰ ਉਠਦੇ ਸਨ।

- *ਕਰ ਚਿਤਮਣੀ ਲੱਗੀ ਕਿਸ ਭਰਵਾਸੇ ,*
  *ਜੀਭਿਆ ਅੰਮ੍ਰਿਤ ਭੋਜਨ ਮੰਗਦੀ,*
  *ਕਾਇਆ ਮੈਲ ਮੈਲ ਖਾਸੇ ।*
  *ਮੁਨਸ਼ੀ ਰਾਮਾਂ ਕੀ ਮਹਿਲ ਉਸਾਰੇਂ,*
  *ਤੇਰੇ ਅੰਤ ਖਾਕ ਵਿਚ ਵਾਸੇ ।*
  *ਇਕੋ ਸਾਹਿਬ ਦੇ ਨਾਮ ਬਿਨਾਂ,*
  *ਤੇਰੇ ਵਿਚ ਸਿਵਿਆਂ ਦੇ ਵਾਸੇ ।*

ਮੁਨਸ਼ੀ ਰਾਮ ਹੀਰ ਨੂੰ ਬਹੁਤ ਖੁਭ ਕੇ ਗਾਉਂਦਾ ਸੀ। ਕੁਝ ਕਲੀਆਂ ਨੂੰ ਤਾਂ ਉਸਦੇ ਚੇਲਿਆਂ ਨੇ ਉਸਦੇ ਨਾਂ ਨਾਲ ਹੀ ਜੋੜ ਲਿਆ ਹੈ ਭਾਵੇਂ ਅਸਲ ਵਿਚ ਇਹ ਦੂਜੇ ਸ਼ਾਇਰਾਂ ਦੀਆਂ ਹਨ ਜਿਵੇਂ:-

- *ਤੇਰਾ ਕਹਿਣਾ ਵੇ ਸਹੀ ਸਲਾਮਤ ਮੀਆਂ ਰਾਂਝਣਾ,*
  *ਮੇਰੀ ਸੁਣੀਂ ਕਹਾਣੀ ਤੂੰ ਚਾਕਾ ਕੰਨ ਲਾਕੇ।*
  *ਲੱਖ ਮੁਸੀਬਤ ਤੇ ਸਿਰ ਦੁਖੜੇ ਪੈਂਦੇ ਨੇ ਆਸ਼ਕ ਦੇ,*
  *ਕਿਉਂ ਘਬਰਾਉਨੈ ਜੇ ਜੰਨ ਢੁਕ ਪਈ ਐ ਆਕੇ।*
  *ਇਸ਼ਕ ਸੂਲਾਂ ਦਾ ਵਿਛੌਣਾ ਸੌਣਾ ਮਿਲਦਾ ਨਾ,*
  *ਸੌਂ ਨੀ ਸਕਦਾ ਬਾਂਹ ਸਰ੍ਹਾਣੇ ਹੇਠ ਟਿਕਾਕੇ ।*
  *ਐਨੀ ਸੁਣੀ ਕਹਾਣੀ ਰਾਂਝਾ ਤਾਂ ਚੁੱਪ ਹੋ ਗਿਆ ਹੈ,*
  *ਚਿੱਤ ਓਏ ਗੁਪਤ ਲਿਖਾਰੀ ਮੁਨਸ਼ੀ ਰਾਮ ਦਰਗਾਹ ਕੇ ।*

ਮੁਨਸ਼ੀ ਰਾਮ ਬਹੁਤਾ ਸਮਾਂ ਜਰਗ ਦੇ ਨੇੜਲੇ ਪਿੰਡ ਰੌਣੀ ਵਿਖੇ ਹੀ ਰਿਹਾ। ਇਸ ਪਿੰਡ ਨਾਲ ਉਸਦਾ ਬਹੁਤ ਲਗਾਓ ਸੀ। ਏਥੇ ਪੀਰੂ ਨਾਂ ਦਾ ਬੰਦਾ ਉਸਦਾ ਪੱਗਵੱਟ ਭਰਾ

ਸੀ। ਘਰ ਦੇ ਮੈਂਬਰਾਂ ਵਾਂਗ ਹੀ ਉਹ ਇਸ ਘਰ ਰਹਿੰਦਾ ਸੀ। ਪੀਰੂ ਦਾ ਮੁੰਡਾ ਬੰਤ ਸਿੰਘ ਖਾਲਸਾ ਮੁਨਸ਼ੀ ਰਾਮ ਦਾ ਚੇਲਾ ਬਣ ਗਿਆ ਅਤੇ ਢਾਡੀ ਰਾਗ ਦੀ ਸਿੱਖਿਆ ਪ੍ਰਾਪਤ ਕੀਤੀ। ਮੁਨਸ਼ੀ ਰਾਮ ਦੇ ਹੋਰ ਵੀ ਕਈ ਚੇਲੇ ਹੋਏ ਜਿਨ੍ਹਾਂ ਵਿਚੋਂ ਪੰਡਤ ਦਿਆ ਰਾਮ ਦੰਦਰਾਲੇ ਖਰੌਢ ਵਾਲਾ, ਪੰਡਤ ਵਿਦਿਆ ਸਾਗਰ ਡੇਹਲੋਂ ਵਾਲਾ, ਬਾਬੂ ਸਿੰਘ ਰੌਣੀ ਨੇ ਉਸਦੇ ਨਾਂ ਨੂੰ ਰੋਸ਼ਨ ਕੀਤਾ। ਮੁਨਸ਼ੀ ਰਾਮ ਦਾ ਪੋਤਾ ਚੇਲਾ ਵਲੈਤ ਖਾਂ ਗੋਸਲਾਂ ਵਾਲਾ ਹੈ, ਜੋ ਵਰਤਮਾਨ ਸਮੇਂ ਦੇ ਲੋਕ ਢਾਡੀਆਂ ਵਿਚੋਂ ਮੋਹਰੀ ਹੈ। ਇਹ ਪੰਡਤ ਦਿਆ ਰਾਮ ਦੰਦਰਾਲਾ ਖਰੌਢ ਦਾ ਚੇਲਾ ਹੈ।

ਅਖੀਰ 1962 ਦੇ ਲਗਭਗ ਮੁਨਸ਼ੀ ਰਾਮ ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਆਪਣੇ ਨਾਂ ਦੀ ਗੂੜ੍ਹੀ ਛਾਪ ਛੱਡਕੇ ਇਸ ਜਹਾਨ ਤੋਂ ਸਦਾ ਲਈ ਕੂਚ ਕਰ ਗਿਆ। ਉਸਦੇ ਚੇਲੇ ਬੜੇ ਮਾਣ ਨਾਲ ਉਸਦਾ ਨਾਂ ਲੈਂਦੇ ਹਨ।

# ਰਹਿਮਾ ਗੱਜੂਮਾਜਰੇ ਵਾਲਾ

ਵਿਸਰ ਚੁੱਕੇ ਲੋਕ ਢਾਡੀਆਂ ਵਿਚੋਂ ਹੀ ਇੱਕ ਹੋਰ ਢਾਡੀ ਹੋਇਆ ਹੈ – ਰਹਿਮਦੀਨ ਉਰਫ ਰਹਿਮਾ ਗੱਜੂਮਾਜਰੇ ਵਾਲਾ। ਦੇਸ਼ ਦੀ ਵੰਡ ਤੋਂ ਪਹਿਲਾਂ ਜਿਸਦੀ ਆਪਣੇ ਇਲਾਕੇ ਵਿਚ ਪੂਰੀ ਚੜ੍ਹਾਈ ਹੁੰਦੀ ਸੀ। ਰਹਿਮੇ ਦੇ ਟੋਲੇ ਵਿਚ ਉਸਦੇ ਆਪਣੇ ਸਕੇ ਭਰਾ ਜ਼ਮਾਲਦੀਨ, ਗਨੀ ਮੁਹੰਮਦ ਅਤੇ ਫਜ਼ਲਦੀਨ ਸ਼ਾਮਲ ਸਨ। ਜ਼ਮਾਲਦੀਨ ਆਗੂ ਸੀ ਅਤੇ ਰਹਿਮਾ ਸਾਰੰਗੀ ਮਾਸਟਰ ਸੀ।

ਰਹਿਮੇ ਦਾ ਜਨਮ ਵੀਹਵੀਂ ਸਦੀ ਦੇ ਸ਼ੁਰੂ ਵਿਚ ਭਾਵ 1900 ਈਸਵੀ ਦੇ ਨੇੜੇ ਤੇੜੇ ਪਿਤਾ ਚਾਨਣ ਖਾਂ ਦੇ ਘਰ ਪਟਿਆਲਾ ਸੰਗਰੂਰ ਸੜਕ 'ਤੇ ਪਟਿਆਲਾ ਤੋਂ ਵੀਹ ਕੁ ਕਿਲੋਮੀਟਰ ਪੈਂਦੇ ਪਿੰਡ ਗੱਜੂਮਾਜਰੇ ਵਿਖੇ ਇੱਕ ਮੁਸਲਮਾਨ ਭਿਰਾਈ ਘਰਾਣੇ ਵਿਚ ਹੋਇਆ। ਚਾਨਣ ਖਾਂ ਇਲਾਕੇ ਦਾ ਉੱਘਾ ਢੋਲ ਮਾਸਟਰ ਸੀ, ਜੋ ਕਿ ਪਿੰਡ ਦੇ ਲੋਕਾਂ ਦੇ ਖਾਸ ਮੌਕਿਆ 'ਤੇ ਢੋਲ ਵਜਾਇਆ ਕਰਦਾ ਸੀ। ਪਿੰਡ ਦੇ ਬਜੁਰਗ ਕਰਤਾਰ ਸਿੰਘ ਨੇ ਦੱਸਿਆ ਕਿ ਮੇਰੇ ਬਾਬਾ ਰਾਜਾ ਸਿੰਘ ਦੇ ਬਬਾਨ ਦੇ ਅੱਗੇ ਚਾਨਣ ਖਾਂ ਨੇ ਢੋਲ ਵਜਾਇਆ ਸੀ।

ਵੰਡ ਤੋਂ ਬਾਅਦ ਉਸਨੂੰ ਆਪਣੇ ਪਰਵਾਰ ਸਮੇਤ ਆਪਣੀ ਜਨਮ ਭੂਮੀ ਛੱਡ ਕੇ ਪਾਕਿਸਤਾਨ ਜਾਣਾ ਪਿਆ। ਲੀਡਰਾਂ ਦੇ ਬਣਾਏ ਪਾਕਿਸਤਾਨ ਵਿਚ ਉਸਦਾ ਦਮ ਘੁਟਦਾ ਰਿਹਾ। ਉਸਨੂੰ ਆਪਣੀ ਮਿੱਟੀ, ਆਪਣੇ ਲੋਕ, ਆਪਣੀ ਗਾਇਕੀ ਦੇ ਕਦਰਦਾਨ, ਸਭ ਤੋਂ ਵੱਡੀ ਗੱਲ ਆਪਣੀ ਜਨਮ ਭੂਮੀ ਦੀਆਂ ਯਾਦਾਂ ਸਤਾਉਂਦੀਆਂ ਰਹੀਆਂ। ਕੁਝ ਸਾਲਾਂ ਬਾਅਦ ਉਹ ਏਧਰ ਗੇੜਾ ਮਾਰਨ ਆ ਗਿਆ। ਫੇਰ ਉਸਦਾ ਆਪਣੀ ਜੰਮਣ ਭੋਏਂ ਛੱਡਣ ਨੂੰ ਜੀਅ ਨਾ ਕੀਤਾ। ਪਿੰਡ ਅਤੇ ਨਾਲ ਦੇ ਪਿੰਡਾਂ ਦੇ ਉਸਦੇ ਚਾਹੁਣ ਵਾਲੇ ਵੀ ਉਸਨੂੰ ਛੱਡਣਾ ਨਹੀਂ ਚਾਹੁੰਦੇ ਸਨ। ਦਿਲਾਂ ਦੀਆਂ ਸਾਂਝਾਂ ਸਨ ਜੋ ਲੀਡਰਾਂ ਦੀਆਂ ਵਾਹੀਆਂ ਲਕੀਰਾਂ ਤੋਂ ਕਿਤੇ ਉਪਰ ਸਨ। ਇਹਨੀਂ ਦਿਨੀਂ ਹੀ ਪੰਜਾਬ ਦੇ ਸਵਰਗੀ ਮੁੱਖ ਮੰਤਰੀ ਸ੍ਰ: ਪ੍ਰਤਾਪ ਸਿੰਘ ਕੈਰੋਂ ਪਟਿਆਲਾ ਤੋਂ ਸੰਗਰੂਰ ਜਾਂਦੇ ਹੋਏ ਲੋਕਾਂ ਦੇ ਦੁੱਖ ਤਕਲੀਫਾਂ ਸੁਣਨ ਲਈ ਗੱਜੂਮਾਜਰੇ ਦੇ ਨੇੜਲੇ ਪਿੰਡ ਚੰਨੋਂ ਰੁਕੇ। ਉਥੇ ਜੁੜੇ ਮੋਹਤਬਰਾਂ ਨੇ ਸ੍ਰ: ਕੈਰੋਂ ਨੂੰ ਕਿਹਾ ਕਿ ਅਸੀਂ ਰਹਿਮੇ ਨੂੰ ਵਾਪਿਸ ਪਾਕਿਸਤਾਨ ਨਹੀਂ ਜਾਣ ਦੇਣਾ। ਇੱਕ ਗਾਇਕ ਪ੍ਰਤੀ ਏਨੀ ਸ਼ਰਧਾ ਅਤੇ ਪਿਆਰ ਦੇਖਕੇ ਸ੍ਰ: ਕੈਰੋਂ ਨੇ ਸੜਕ 'ਤੇ ਖੜ੍ਹਕੇ ਉਸਦੇ ਸਾਰੇ ਕਾਗਜਾਤ ਆਪਣੇ ਹੱਥੀਂ ਪਾੜ ਦਿੱਤੇ ਅਤੇ ਉਸ ਨੂੰ ਸਦਾ ਲਈ ਆਪਣਾ ਬਣਾ ਲਿਆ।

ਕੁਝ ਸਮਾਂ ਰਹਿਮਦੀਨ ਆਪਣੇ ਪੁਰਾਣੇ ਸੰਗੀ ਸਾਥੀਆਂ ਨਾਲ ਗਾਉਂਦਾ ਰਿਹਾ। ਏਸੇ ਸਮੇਂ ਦੌਰਾਨ ਉਸਨੂੰ ਅਜਨੌਦੇ ਦੇ ਇੱਕ ਅਖਾੜੇ ਤੋਂ ਬਾਅਦ ਗੁਰਮੇਲ ਖਾਂ ਨਾਂ ਦਾ

ਇੱਕ ਗਾਇਕੀ ਨਾਲ ਸ਼ੌਕ ਰੱਖਣ ਵਾਲਾ ਸ਼ਗਿਰਦ ਮਿਲ ਗਿਆ ਜਿਸਨੇ ਥੋੜੇ ਸਮੇਂ ਵਿਚ ਹੀ ਸਖਤ ਘਾਲਣਾ ਘਾਲਕੇ ਆਪਣੇ ਭਰਾ ਬਲਬੀਰ ਖਾਂ ਸਮੇਤ ਰਹਿਮੇ ਦੀ ਅਗਵਾਈ ਹੇਠ ਆਪਣਾ ਜਥਾ ਬਣਾ ਲਿਆ। ਇਹ ਜਥਾ ਲਗਭਗ ਦਸ ਬਾਰਾਂ ਸਾਲ ਚਲਦਾ ਰਿਹਾ। 1974-75 ਦੇ ਨੇੜੇ ਰਹਿਮਦੀਨ ਦਾ ਭਤੀਜਾ ਅਲੀ ਮੁਹੰਮਦ ਪਾਕਿਸਤਾਨ ਤੋਂ ਆਇਆ ਅਤੇ ਜਿੱਦ ਕਰਕੇ ਉਸਨੂੰ ਆਪਣੇ ਨਾਲ ਪਾਕਿਸਤਾਨ ਲੈ ਗਿਆ।

ਆਪਣੇ ਚਾਹੁਣ ਵਾਲਿਆਂ ਤੋਂ ਟੁੱਟ ਕੇ ਰਹਿਮਦੀਨ ਨੂੰ ਦੁਬਾਰਾ ਵੀ ਪਾਕਿਸਤਾਨ ਫੁੱਟੀ ਅੱਖ ਨਹੀਂ ਭਾਇਆ। ਉਥੇ ਉਸਨੂੰ ਆਪਣਾ ਆਪ ਅਧੂਰਾ ਅਧੂਰਾ ਮਹਿਸੂਸ ਹੁੰਦਾ ਸੀ। ਉਸਨੂੰ ਆਪਣੀ ਜੰਮਣ ਭੋਏਂ ਦਾ ਦਰੇਗ ਮਾਰ ਗਿਆ। ਹੌਲੀ ਹੌਲੀ ਟੁੱਟਦਾ ਟੁੱਟਦਾ ਰਹਿਮਾ ਇੱਕ ਦਿਨ ਸਦਾ ਲਈ ਅੱਲਾ ਨੂੰ ਪਿਆਰਾ ਹੋ ਗਿਆ।

ਰਹਿਮਦੀਨ ਹੁਰੀਂ ਜ਼ਿਆਦਾਤਰ ਪ੍ਰੀਤ ਕਿੱਸੇ ਹੀ ਗਾਇਆ ਕਰਦੇ ਸਨ। ਜਿਨ੍ਹਾਂ ਵਿਚ ਹੀਰ ਅਤੇ ਮਿਰਜ਼ਾ ਸਭ ਤੋਂ ਵੱਧ ਪ੍ਰਚੱਲਤ ਸਨ। ਇਨ੍ਹਾਂ ਤੋਂ ਬਿਨਾਂ ਪੂਰਨ, ਕੌਲਾਂ ਆਦਿ ਭੀ ਉਹ ਗਾਉਂਦੇ ਸਨ। ਪਹੋਏ, ਕਪਾਲ ਮੋਚਨ, ਨੈਣਾਂ ਦੇਵੀ ਦੇ ਮੇਲਿਆਂ ਤੋਂ ਬਿਨਾਂ ਇਲਾਕੇ ਦੇ ਸਥਾਨਕ ਮੇਲਿਆਂ ਨਮਾਦਾ, ਕਾਦਰਪੁਰਾ, ਬਨੇਰਾ, ਅਜਨੌਦਾ, ਥੂਹੀ, ਆਦਿ 'ਤੇ ਇਨ੍ਹਾਂ ਦੇ ਅਖਾੜੇ ਲਗਦੇ। ਪਿੰਡ ਦੇ ਡੇਰੇ 'ਡੇਰਾ ਬਾਬਾ ਸਿਰਜਨਹਾਰ ਦੇ ਮੇਲੇ 'ਤੇ ਤਾਂ ਅਕਸਰ ਹੀ ਇਹਨਾਂ ਦਾ ਅਖਾੜਾ ਲਗਦਾ। ਪਿੰਡ ਵਿਚ ਜਦੋਂ ਕਿਤੇ ਪਸ਼ੂਆਂ ਨੂੰ ਮੂੰਹ ਖੁਰ ਦੀ ਬਿਮਾਰੀ ਪੈ ਜਾਂਦੀ ਤਾਂ ਇਹਨਾਂ ਤੋਂ ਸਪੈਸ਼ਲ 'ਹੀਰ' ਦਾ ਗੌਣ ਗਵਾਇਆ ਜਾਂਦਾ ਸੀ। ਆਮ ਪ੍ਰਚੱਲਤ ਧਾਰਨਾ ਸੀ ਕਿ ਜਿਥੇ 'ਮਾਈ ਹੀਰ' ਦੀ ਕਥਾ ਗਾਈ ਜਾਵੇ ਉਥੋਂ ਦੁੱਖ ਦਲਿੱਦਰ ਨੱਸ ਜਾਂਦੇ ਹਨ ਅਤੇ ਖੁਸ਼ਹਾਲੀ ਆ ਜਾਂਦੀ ਹੈ। ਇਸ ਜਥੇ ਵੱਲੋਂ ਗਾਈਆਂ ਜਾਂਦੀਆਂ ਕੁਝ ਕਲੀਆਂ ਦੇ ਨਮੂਨੇ ਇਸ ਪ੍ਰਕਾਰ ਹਨ:

- *ਹੀਰ ਸਿਆਲ ਆਹਦੀ ਐ ਵੇਲ ਮੈਂ ਮੱਕੇ ਦੀ,*
  *ਆਪ ਹੱਥੀਂ ਸੀ ਗੀ ਕਾਦਰ ਨੇ ਲਾਈ ।*
  *ਚੂਲੀਏਂ ਚੂਲੀਏਂ ਪਾਣੀ ਦਿੱਤਾ ਵੇਲ ਨੂੰ,*
  *ਵੇਲ ਵਧਗੀ ਉਦੋਂ ਦੂਣ ਤੇ ਸਵਾਈ ।*
  *ਸਮਾਂ ਪੈ ਕੇ ਫਲ ਲੱਗਿਆ ਵੇਲ ਨੂੰ,*
  *ਫੇਰ ਮਾਲਣ ਉਹਨੂੰ ਤੋੜ ਕੇ ਲਿਆਈ ।*
  *ਉਹ ਫਲ ਮੂੰਹ ਪਾਇਆ ਜਦੋਂ ਰਿਸ਼ੀਆਂ ਨੇ,*
  *ਤਿੰਨ ਤ੍ਰਿਲੋਕ ਦੀ ਖਬਰ ਸੀ ਆਈ ।*

- ਆਖਾਂ ਗੱਲ ਆਖ ਸੁਣਾ ਦਿਆਂ,
  ਤੈਨੂੰ ਸੱਚ ਦੀ ਧੀਦੋ ਆਖ ਕੇ ਸੁਣਾਈ।
  ਅੱਠ ਦਿਨ ਹੋਗੇ ਅੱਜ ਘਰ ਤੋਂ ਸਾਨੂੰ ਤੁਰਿਆਂ ਨੂੰ,
  ਰਾਹ ਵਿਚ ਮੈਨੂੰ ਕੋਈ ਨਗਰੀ ਨੀ ਆਈ।
  ਰੋਟੀਆਂ ਵਿਚੋਂ ਰੋਟੀ ਦੇ ਦੇ ਜੋਗੀ ਨੂੰ,
  ਵਿਚੋਂ ਚੂਰੀ ਦਿਉਂ ਦੇ ਦਿਓ ਤਿਹਾਈ।
  ਐਨੀ ਗਲ ਜਦੋਂ ਸੁਣੀ ਰਾਂਝੇ ਪੰਛੀ ਨੇ,
  ਚੂਰੀ ਚੱਕ ਉਹਦੀ ਝੋਲੀ 'ਚ ਉਲਟਾਈ। (ਹੀਰ)
- ਮੁੱਖੋਂ ਰਾਜੇ ਨੂੰ ਬੋਲਦਾ, ਮਣਸਾ ਰਾਮ ਦੀਵਾਨ।
  ਪੁੱਤ ਮਾਰਦੈਂ ਅਕਲ ਦਿਆ ਅੰਨ੍ਹਿਆ, ਪੁੱਤ ਖਾਸ ਪਿਤਾ ਦੇ ਪ੍ਰਾਣ।
  ਪੁੱਤ ਵਿਕਦੇ ਨੀ ਵਿਚ ਬਜ਼ਾਰ ਦੇ, ਵੱਗ ਚਰਦੇ ਨੀ ਰੜੇ ਮੈਦਾਨ।
  ਕਿਥੇ ਆਦਮ ਖਾਣੀ ਨਾਰ ਵਾੜਲੀ, ਤੇਰਾ ਕਰਦੂ ਰਾਜ ਵਿਰਾਨ।
  ਤੈਨੂੰ ਸੈਂਕੜੇ ਵਿਆਹ ਦੂੰ ਰਾਣੀਆਂ, ਰਾਣੀ ਇੱਕ ਤੇ ਇੱਕ ਰਕਾਨ।
  (ਪੂਰਨ)

ਸਿਆਣੇ ਗਮੰਤਰੀਆਂ ਦੀ ਇਹ ਪਹਿਚਾਣ ਹੁੰਦੀ ਸੀ ਕਿ ਉਹ ਬਜ਼ੁਰਗਾਂ ਦੇ ਤਜ਼ਰਬਿਆਂ ਤੇ ਆਧਾਰਤ ਜੀਵਨ ਦੀਆਂ ਸਚਾਈਆਂ ਨੂੰ ਲੋਕਾਂ ਸਾਹਮਣੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੇ ਸਨ। ਇਸ ਜਥੇ ਵੱਲੋਂ ਵੀ ਇਸ ਤਰ੍ਹਾਂ ਦੇ ਲੋਕ ਤੱਥ ਆਮ ਸੁਣਾਏ ਜਾਂਦੇ ਸਨ:-

- ਖਾਰੇ ਖੂਹਾਂ ਦੇ ਜਲ ਨਾ ਮਿੱਠੇ ਹੁੰਦੇ,
  ਭਾਵੇਂ ਲਾਖ ਮਣਾਂ ਗੁੜ ਪਾਈਏ।
  ਤੂੰਬਿਆਂ ਤੋਂ ਤਰਬੂਜ਼ ਨੀ ਬਣਦੇ,
  ਭਾਵੇਂ ਲੱਖਾਂ ਪਿਉਂਦ ਚੜ੍ਹਾਈਏ।
  ਸ਼ੇਰਾਂ ਦੇ ਬੱਚੇ ਯਾਰੀ ਨੀ ਲਾਉਂਦੇ,
  ਭਾਵੇਂ ਬੱਕਰੇ ਵੱਢ ਵੱਢ ਪਾਈਏ।
  ਨਾਗਾਂ ਦੇ ਬੱਚੇ ਮਿੱਤ ਨੀ ਹੁੰਦੇ,
  ਭਾਵੇਂ ਚੂਲੀਏਂ ਦੁੱਧ ਪਿਆਈਏ।
  ਜਿੱਥੇ ਗਿਆਂ ਦੀ ਕਦਰ ਨਾ ਹੋਵੇ,
  ਉਥੇ ਭੁੱਲਕੇ ਪੈਰ ਨਾ ਪਾਈਏ।

# ਜੰਗੀਰ ਸਿੰਘ ਮੂੰਗੋ

ਪਹਿਲੀ ਪੀੜ੍ਹੀ ਦੇ ਢਾਡੀਆਂ ਵਿਚੋਂ ਹੀ ਇੱਕ ਹੋਰ ਢਾਡੀ ਹੋਇਆ ਹੈ --ਜੰਗੀਰ ਸਿੰਘ ਮੂੰਗੋ। ਜੰਗੀਰ ਸਿੰਘ ਦਾ ਜਨਮ ਜ਼ਿਲ੍ਹਾ ਪਟਿਆਲਾ ਦੀ ਤਹਿਸੀਲ ਨਾਭਾ ਦੇ ਪਿੰਡ ਮੂੰਗੋ ਵਿਖੇ ਲਗਭਗ ਇੱਕ ਸਦੀ ਪਹਿਲਾਂ ਪਿਤਾ ਗਰਭਾ ਸਿੰਘ ਭੰਦੋਹਲ ਦੇ ਘਰ ਹੋਇਆ। ਉਹਨਾਂ ਦਿਨਾਂ ਵਿਚ ਨੌਜੁਆਨਾਂ ਦੇ ਦੋ ਹੀ ਸ਼ੌਕ ਹੁੰਦੇ ਸਨ ਇੱਕ ਸਰੀਰਕ ਕਸਰਤ ਅਤੇ ਦੂਜਾ ਗੌਣ ਪਾਣੀ, ਭਾਵ ਕੋਈ ਮੱਲ ਬਣ ਜਾਂਦਾ ਸੀ ਅਤੇ ਕੋਈ ਗਾਇਕ। ਜੰਗੀਰ ਸਿੰਘ ਨੇ ਦੂਜੇ ਸ਼ੌਕ ਨੂੰ ਪਾਲ਼ਿਆ। ਬਚਪਨ ਵਿਚ ਹੀ ਉਹ ਆਪਣੇ ਚਚੇਰੇ ਭਰਾ ਕਾਕੂ ਸਮੇਤ ਦੀਦਾਰਗੜ੍ਹ ਵਾਲੇ ਦੀਵਾਨੇ ਸੰਤਾਂ ਦੇ ਡੇਰੇ ਜਾ ਪਹੁੰਚਿਆ। ਏਥੇ ਹੀ ਉਹਨਾਂ ਨੇ ਸੰਤ ਧਰਮ ਦਾਸ ਪਾਸੋਂ ਗੁਰਮੁਖੀ ਸਿੱਖੀ ਅਤੇ ਗਾਇਕੀ ਦੀ ਸਿੱਖਿਆ ਲਈ। ਇਹਨਾਂ ਦਾ ਦਾਦਾ ਗੁਰੂ ਸੰਤ ਬੁੱਧ ਗਿਰ ਸੀ।

ਜੰਗੀਰ ਸਿੰਘ ਬਾਰੇ ਉਸਦੇ ਨੇੜਲੇ ਸਬੰਧੀਆਂ ਸੌਣ ਸਿੰਘ ਅਤੇ ਰਘਬੀਰ ਸਿੰਘ ਨੇ ਦੱਸਿਆ ਕਿ ਉਹ ਇੱਕ ਉਚਾ ਲੰਮਾ, ਕੁੰਢੀਆਂ ਮੁੱਛਾਂ ਵਾਲਾ, ਗੋਰੇ ਨਿਛੋਹ ਰੰਗ ਵਾਲਾ ਦਰਸ਼ਨੀ ਜੁਆਨ ਸੀ। ਕਈ ਸਾਲ ਫੌਜ ਦੀ ਨੌਕਰੀ ਕੀਤੀ। ਜਰਮਨ ਦੀ ਲੜਾਈ ਵੀ ਲੜੀ। ਫੌਜ ਵਿਚ ਵੀ ਆਪਣੇ ਸ਼ੌਕ ਨੂੰ ਪੂਰਦਾ ਰਿਹਾ। ਅਖੀਰ ਨਾਮਾ ਕਟਾ ਕੇ ਆ ਗਿਆ। ਕੁਝ ਸਮਾਂ ਅਮਲੋਹ ਦੇ ਸਿਵਲ ਹਸਪਤਾਲ ਵਿਚ ਵੀ ਲੋਦੇ ਲਾਉਣ ਦੀ ਡਿਉਟੀ ਨਿਭਾਈ। ਅਖੀਰ ਉਸਦਾ ਸ਼ੌਕ ਭਾਰੂ ਹੋ ਗਿਆ ਅਤੇ ਸਭ ਕੁਝ ਛੱਡ-ਛਡਾ ਕੇ ਪੱਕੇ ਤੌਰ ਤੇ ਗਾਇਕੀ ਨੂੰ ਅਪਣਾ ਲਿਆ। ਦਿਆਗੜ੍ਹੀਆ ਬੀਰੂ ਮਰਾਸੀ ਸਾਰੰਗੀ ਵਜਾਉਂਦਾ ਸੀ ਅਤੇ ਕੰਗਣਵਾਲੀਆ ਮੇਹਰ ਅਤੇ ਪਹਾੜਪੁਰੀਆ ਪ੍ਰੀਤਮ ਪਾਛੂ ਸਨ। ਜੰਗੀਰ ਆਪ ਵੀ ਚੋਟੀ ਦਾ ਸਾਰੰਗੀ ਮਾਸਟਰ ਸੀ।

ਜੰਗੀਰ ਸਿੰਘ ਦਾ ਜਥਾ ਪੰਜਾਬ ਦੇ ਲਗਭਗ ਸਾਰੇ ਮੇਲਿਆਂ 'ਤੇ ਆਪਣੀ ਕਲਾ ਦੇ ਜੌਹਰ ਦਿਖਾਉਂਦਾ ਸੀ। ਜਰਗ, ਛਪਾਰ ਦੇ ਮੇਲਿਆਂ ਤੋਂ ਇਲਾਵਾ ਨੈਣਾਂ ਦੇਵੀ, ਪਹੋਏ, ਕਪਾਲਮੋਚਨ ਆਦਿ ਮੇਲਿਆਂ 'ਤੇ ਵੀ ਇਹਨਾਂ ਦੇ ਅਖਾੜੇ ਲਗਦੇ ਸਨ। ਮਿਰਜ਼ਾ, ਹੀਰ, ਪੂਰਨ, ਕੌਲਾਂ, ਦਹੂਦ ਬਾਦਸ਼ਾਹ, ਜਗਦੇਵ ਪਮਾਰ, ਗੋਪੀ ਚੰਦ, ਦੁੱਲਾ ਭੱਟੀ ਆਦਿ ਲੋਕ ਗਾਥਾਵਾਂ ਦੇ ਨਾਲ ਰਮਾਇਣ ਅਤੇ ਮਹਾਂਭਾਰਤ ਵਿਚੋਂ ਵੱਖ-ਵੱਖ ਪ੍ਰਸੰਗ ਗਾਉਂਦੇ ਸਨ। ਆਕਾਸ਼ਬਾਣੀ ਤੋਂ ਵੀ ਜੰਗੀਰ ਸਿੰਘ ਦੇ ਜਥੇ ਦੀ ਆਵਾਜ਼ ਵਿਚ ਕੁਝ ਲੋਕ ਗਾਥਾਵਾਂ ਰਿਕਾਰਡ ਹੋ ਕੇ ਪ੍ਰਸਾਰਿਤ ਹੁੰਦੀਆਂ ਰਹੀਆਂ ਹਨ। ਸੌਣ ਸਿੰਘ ਨੇ ਦੱਸਿਆ ਕਿ ਉਦੋਂ ਸਰਕਾਰ ਵੱਲੋਂ ਪੰਚਾਇਤਾਂ ਨੂੰ ਸਾਂਝੇ ਰੇਡੀਓ ਸੈਟ ਦਿੱਤੇ ਗਏ ਸਨ ਤਾਂ ਅਸੀਂ ਰੇਡੀਓ ਤੋਂ ਇਹਨਾਂ ਦੀਆਂ ਕਲੀਆਂ ਸੁਣਿਆਂ ਕਰਦੇ ਸਾਂ।

ਆਮ ਢਾਡੀਆਂ ਵਾਂਗ ਜੰਗੀਰ ਸਿੰਘ ਵੀ 'ਹੀਰ' ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਗਾਉਂਦਾ ਸੀ, ਹਜ਼ੂਰਾ ਸਿੰਘ ਭਾਵੇਂ ਕੋਰਾ ਅਨਪੜ੍ਹ ਬੰਦਾ ਸੀ ਪਰੰਤੂ ਉਸਨੇ ਉਤਮ ਕਿਸਮ ਦੀ ਕਵਿਤਾ ਲਿਖੀ ਹੈ, ਜੋ ਆਪਣੀ ਮਿਸਾਲ ਆਪ ਹੈ। ਬਾਅਦ ਵਾਲੇ ਬਹੁਤ ਸਾਰੇ ਗੀਤਕਾਰਾਂ ਨੇ ਉਸਦੀਆਂ ਸੈਂਕੜੇ ਕਲੀਆਂ ਨੂੰ ਭੰਨ ਤੋੜ ਕੇ ਆਪਣੇ ਨਾਵਾਂ ਹੇਠ ਗਾਇਕਾਂ ਪਾਸੋਂ ਰਿਕਾਰਡ ਕਰਵਾਇਆ ਹੈ। ਉਸਦੀ ਮਕਬੂਲੀਅਤ ਦੀ ਇਸਤੋਂ ਵੱਧ ਕੀ ਗਵਾਹੀ ਹੋ ਸਕਦੀ ਹੈ?

ਅਖਾੜੇ ਦੀ ਪ੍ਰੰਪਰਾ ਅਨੁਸਾਰ ਸਭ ਤੋਂ ਪਹਿਲਾ ਮੰਗਲਾਚਰਣ ਦੇ ਰੂਪ ਵਿਚ ਇੱਕ ਕਲੀ ਸੁਣਾਈ ਜਾਂਦੀ ਸੀ:-

- ***ਅੱਵਲ ਨਾਮ ਲੈ ਲਈਏ ਧਰਤੀ ਮਾਤਾ ਦਾ,***  
***ਜੀਹਦੇ ਉਤੇ ਵਸਦੀਆਂ ਚਾਰੇ ਜੰਜੀਰਾਂ।***  
***ਫੇਰ ਨਾਮ ਲੈ ਲਈਏ ਆਪਣੇ ਮਾਈ ਬਾਪ ਦਾ,***  
***ਜੀਹਦਾ ਦੁੱਧ ਤਾਂ ਚੁੰਘ ਲਿਆ ਉਏ ਵਤਨ ਸਰੀਰਾ।***  
***ਫੇਰ ਨਾਮ ਲੈ ਲਈਏ ਆਪਣੇ ਉਸਤਾਦ ਦਾ,***  
***ਦਸਦਾ ਵਿਦਿਆ, ਸਿਖਾਉਂਦਾ ਗਾਉਣ ਦੀਆਂ ਤਦਬੀਰਾਂ।***  
***ਨਾਮ ਲਿਆਂ ਤੇ ਪਦਾਰਥ ਪੈਦਾ ਹੁੰਦੇ ਨੇ,***  
***ਜੀਹਨੂੰ ਖਾਧੇ ਬਾਝੋਂ ਮਨ ਨਹੀਂ ਬੰਨ੍ਹਦਾ ਧੀਰਾਂ।***  
***ਹੱਥ ਤੇ ਬੰਨ੍ਹਦਾ, ਪਰ ਮੈਂ ਅਰਜਾਂ ਕਰਦਾ ਤੇਰੀਆਂ,***  
***ਮੇਰੀ ਹੂ ਪਰਦੇਸੀ ਦੀ, ਦਮ ਦਾ ਵਸਾਹ ਕੀ..........।***

ਫੇਰ ਸ਼ੁਰੂ ਹੋ ਜਾਂਦਾ ਮੁੱਖ "ਗੌਣ"। ਕਿੱਸੇ ਵਿਚੋਂ ਵਿਸੇਸ਼ ਥਾਂ ਤੋਂ ਕਲੀ ਚੁੱਕੀ ਜਾਂਦੀ ਹੀਰ ਵਿਚੋਂ ਇੱਕ ਨਮੂਨਾ ਦੇਖੋ:-

- ***ਤਾਹਨੇ ਕੁੜੀਆਂ ਦੇ ਦਿਲ ਘਾਇਲ ਕਰ ਲਿਆ ਹੀਰ ਦਾ,***  
***ਵੱਢੀ ਮੂਨ ਤੜਫਦੀ ਜਿਉਂ ਹੇੜੀ ਦੀ ਮਾਰੀ।***  
***ਨਹੀਂ ਤਾਂ ਕੁੜੀਓ ਮੈਨੂੰ ਮਾਹੀ ਨਾਲ ਮਿਲਾਦੋ ਨੀ,***  
***ਨਹੀਂ ਲਿਆ ਦੋ ਮੈਨੂੰ ਤੇਗ ਤੇ ਕਟਾਰੀ।***  
***ਵਿਚ ਤਾਂ ਕਬਰਾਂ ਦੇ ਜੱਟ ਲੇਖਾ ਤੈਥੋਂ ਲੈ ਲੂ ਗਾ,***  
***ਸੱਚੀ ਝੂਠੀ ਰਕਾਨੇ ਜਾਵੇਂਗੀ ਨਿਤਾਰੀ।***

ਇਸੇ ਪ੍ਰਕਾਰ ਜੰਗੀਰ ਸਿੰਘ ਮਿਰਜ਼ੇ ਦੀਆਂ ਸੱਦਾਂ ਲਾਉਂਦਾ ਲੋਕਾਂ ਨੂੰ ਪੈਰਾਂ ਭਾਰ ਬੈਠਣ ਲਈ ਮਜ਼ਬੂਰ ਕਰ ਦਿੰਦਾ ਸੀ।

- *ਸਿਰ ਵੱਢ ਲਿਆ ਸੁਲਤਾਨ ਦਾ, ਲੈ ਲਿਆ ਰੁਮਾਲ ਦੇ ਵਿਚ ,*
  *ਆਉਂਦਾ ਹੱਸਦਾ, ਖੇਡਦਾ, ਉਹ ਧਰੀਂ ਟਿਕਾਣੇ ਚਿੱਤ ।*
  *ਪੱਲਾ ਤੂੰ ਚੱਕ ਦੇ ਸਾਹਿਬਾਂ ਰੁਮਾਲ ਦਾ, ਦੇਖ ਕੀ ਐ ਇਹਦੇ ਵਿਚ ,*
  *ਦੁਆ ਤੂੰ ਮੰਗਲੈ ਨੀ ਪਾਕ ਰਸੂਲ ਤੋਂ, ਹੋਣ ਜੇ ਲੜਾਈਆਂ ਨਿੱਤ ।*

- *ਸ਼ੇਰ ਤਾਂ ਉਠਿਆ ਧਾਹ ਮਾਰਕੇ, ਭੱਥੇ ਵੱਲ ਨੂੰ ਜਾਹ ,*
  *ਟੁੱਟਿਆ ਭੱਥਾ ਦੇਖ ਕੇ, ਜੱਟ ਨੇ ਮਾਰੀ ਧਾਹ ।*
  *ਉਹ ਵੀ ਮਰਦ ਨਾ ਜਾਣੀਏ, ਜਿਹੜਾ ਰੰਨ ਦਾ ਕਰੇ ਵਿਸਾਹ ,*
  *ਚੋਗਾ ਮੁੱਕ ਗਿਆ ਜੱਟ ਦਾ ਢੇਰ 'ਚੋਂ, ਦਫ਼ਤਰੋਂ ਲਹਿ ਗਿਆ ਨਾ ।*

'ਪੂਰਨ' ਜੀਹਨੂੰ ਸਾਰੇ ਹੀ ਲੋਕ ਢਾਡੀ ਅਕਸਰ ਗਾਉਂਦੇ ਸਨ ਵੀ ਜੰਗੀਰ ਸਿੰਘ ਹੁਰਾਂ ਵੱਲੋਂ ਆਮ ਗਾਇਆ ਜਾਂਦਾ ਸੀ।

- *ਬਾਰਾਂ ਵਰਸ ਭੋਰੇ ਵਿਚ ਕੱਟਲੇ, ਕੱਟ ਲਿਆ ਸੀ ਨੇਰ੍ਹ ਗੁਬਾਰ ,*
  *ਕੱਲ੍ਹ ਦਾ ਮੈਂ ਭੋਰਿਓਂ ਨਿਕਲਿਆ, ਉਤੇ ਖੜਕ ਰਹੀ ਤਲਵਾਰ ।*
  *ਅੱਠ ਵਰਸ ਜਿਹੜਾ ਤਪ ਕਰੂਗਾ, ਡਾਹਢਾ ਕਰੂ ਕੀ ਉਹਨਾਂ ਦਾ ਹਾਲ ,*
  *ਮੈਨੂੰ ਤੋਰਦੇ ਕਿਸੇ ਮੁਹਿੰਮ ਨੂੰ, ਕਰਕੇ ਫੌਜਾਂ ਦਾ ਸਰਦਾਰ ।*

ਆਪਣੇ ਤਜ਼ਰਬਿਆਂ ਦੇ ਆਧਾਰ 'ਤੇ ਸਿਆਣਿਆਂ ਨੇ ਕੁਝ ਅਜਿਹੇ ਸਿੱਟੇ ਕੱਢੇ ਹੁੰਦੇ ਹਨ ਜਿਹੜੇ ਅਟੱਲ ਸਚਾਈ ਦਾ ਰੂਪ ਧਾਰਕੇ ਲੋਕਾਂ ਵਿਚ ਪ੍ਰਚੱਲਿਤ ਹੋ ਜਾਂਦੇ ਹਨ ਅਜਿਹੇ ਵੇਰਵਿਆਂ ਨੂੰ ਜੰਗੀਰ ਸਿੰਘ ਇਉਂ ਦਸਦਾ ਹੈ:-

- *ਤੜਕੇ ਵੇਲੇ ਦੱਭ ਨਾ ਛੇੜੀਏ, ਦੁਪਹਿਰ ਚੜ੍ਹੇ ਸਲਵਾੜ੍ਹ ।*
  *ਨੌਮੀ ਦੇ ਦਿਨ ਨਾ ਮਰਾਸੀ ਛੇੜੀਏ, ਚਾਲੀ ਕੁਲਾਂ ਦਿੰਦਾ ਫਿਟਕਾਰ ।*
  *ਹੱਟੀ 'ਤੇ ਨਾ ਛੇੜੀਏ ਬਾਣੀਆ, ਉਹ ਕਰਦਾ ਵੱਟਿਆਂ ਦੀ ਮਾਰ ।*
  *ਰਾਹ ਜਾਂਦਾ ਚੂੜ੍ਹਾ ਨਾ ਛੇੜੀਏ, ਚੂੜ੍ਹੀ ਹੋਵੇ ਜੇ ਉਹਦੇ ਨਾਲ ।*

- *ਛੈਣੀ ਕਾਹਦੀ ਜਿਹੜੀ ਲੋਹੇ ਨੂੰ ਨਾ ਵੱਢਦੀ ਐ,*
  *ਸਾਬਣ ਕਾਹਦਾ ਜਿਹੜਾ ਮੈਲ ਨਾ ਨਿਖਾਰੇ।*
  *ਧੋਬੀ ਕਾਹਦਾ ਜੀਹਤੋਂ ਬਸਤਰ ਉਜਲੇ ਹੁੰਦੇ ਨੀ,*
  *ਬੇੜਾ ਕਾਹਦਾ ਜਿਹੜਾ ਪੂਰ ਨਾ ਉਤਾਰੇ।*

- *ਲੱਖ ਮਣ ਬਾਲਣ ਨੂੰ ਇੱਕ ਚਿਣਗ ਬਥੇਰੀ ਅੱਗ ਦੀ ਐ,*
  *ਉਹ ਤਾਂ ਜਲ ਕੇ ਹੋਜੇ ਫੁੱਲਾਂ ਦੇ ਭਾਰ ਦਾ।*
  *ਖੋਟਿਓਂ ਖਰਾ ਬਣਾਲੇ ਸੋਨੇ ਵਾਗੂੰ ਸੋਧਕੇ,*
  *ਇਹੀ ਕੰਮ ਹੈ ਵੀਰੋ ਸਤਿਗੁਰ ਤੇ ਸੁਨਿਆਰ ਦਾ।*

ਜੰਗੀਰ ਸਿੰਘ ਨੂੰ ਗਾਇਕੀ ਦਾ ਸ਼ੌਕ ਜਨੂੰਨ ਦੀ ਹੱਦ ਤੱਕ ਸੀ। ਇਸ ਲਈ ਉਸਨੇ ਵਿਆਹ ਨਹੀਂ ਕਰਵਾਇਆ ਅਤੇ ਸਾਰੀ ਉਮਰ ਗਾਇਕੀ ਨੂੰ ਹੀ ਸਮਰਪਿਤ ਕਰ ਦਿੱਤੀ। ਤਕਰੀਬਨ ਪੰਜਾਹ ਕੁ ਸਾਲ ਪਹਿਲਾਂ ਜੰਗੀਰ ਸਿੰਘ 62-63 ਸਾਲ ਦੀ ਉਮਰ ਹੰਢਾ ਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

ਜੰਗੀਰ ਸਿੰਘ ਦੇ ਬਹੁਤ ਸਾਰੇ ਚੇਲੇ ਸਨ ਜਿਨ੍ਹਾਂ ਨੇ ਕਈ ਕਈ ਸਾਲ ਉਸਦੇ ਨਾਲ ਰਹਿ ਕੇ ਢਾਡੀ ਕਲਾ ਦੀ ਸਿੱਖਿਆ ਲਈ। ਇਹਨਾਂ ਵਿਚੋਂ ਇੱਕ ਦੋ ਅੱਜ ਵੀ ਇਸ ਕਲਾ ਨਾਲ ਜੁੜੇ ਹੋਏ ਹਨ। ਪਾਲ੍ਹੀਆ ਖੁਰਦ ਦਾ ਬਾਬੂ ਸਿੰਘ, ਚੰਦਾ ਸਿੰਘ, ਨਿੱਕਾ ਸਿੰਘ ਅਤੇ ਬਨੇਰੇ ਖੁਰਦ ਦਾ ਚੰਦ ਸਿੰਘ। ਚੰਦ ਸਿੰਘ ਅਜੋਕੇ ਸਮੇਂ ਦਾ ਵਧੀਆ ਸਾਰੰਗੀ ਮਾਸਟਰ ਹੈ ਜੋ ਵਲੈਤ ਖਾਂ ਗੋਸਲਾਂ, ਵਿਦਿਆ ਸਾਗਰ ਡੇਹਲੋਂ ਅਤੇ ਗੁਰਮੇਲ ਖਾਂ ਅਜਨੌਦੇ ਵਾਲੇ ਨਾਲ ਸਾਰੰਗੀ ਵਜਾਉਂਦਾ ਹੈ ਅਤੇ ਜੰਗੀਰ ਸਿੰਘ ਦੇ ਨਾਂ ਨੂੰ ਚਾਰ ਚੰਦ ਲਾ ਰਿਹਾ ਹੈ।

## ਗੁੱਜਰ ਸਿੰਘ ਰਾਈਆਂ

ਲੋਕ ਢਾਡੀ ਕਲਾ ਦੇ ਖੇਤਰ ਵਿਚ ਜਿਨ੍ਹਾਂ ਗਮੰਤਰੀਆਂ ਨੇ ਸਮੇਂ-ਸਮੇਂ ਤੇ ਆਪਣੀਆਂ ਪੈੜ੍ਹਾਂ ਦੇ ਨਿਸ਼ਾਨ ਛੱਡੇ ਹਨ, ਉਨ੍ਹਾਂ ਵਿਚੋਂ ਗੁੱਜਰ ਸਿੰਘ ਰਾਈਆਂ ਵੀ ਇੱਕ ਜਿਕਰਯੋਗ ਨਾਂ ਹੈ।

ਗੁੱਜਰ ਸਿੰਘ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਨਾਮਧਾਰੀ ਸੰਪਰਦਾ ਦੇ ਕੇਂਦਰ ਭੈਣੀ ਸਾਹਿਬ ਦੇ ਨੇੜਲੇ ਪਿੰਡ ਰਾਈਆਂ ਵਿਖੇ ਲਗਭਗ 1884-85 ਵਿਚ ਇੱਕ ਸਾਧਾਰਣ ਕਿਸਾਨ ਪਰਵਾਰ ਵਿਚ ਹੋਇਆ। ਆਲੇ ਦੁਆਲੇ ਵਿਚ ਇਹ ਪਿੰਡ ਰਾਈਆਂ ਭੈਣੀ ਕਰਕੇ ਹੀ ਜਾਣਿਆਂ ਜਾਂਦਾ ਹੈ। ਗੁੱਜਰ ਸਿੰਘ ਦੇ ਪਿਤਾ ਦਾ ਨਾਂ ਦੇਵਾ ਸਿੰਘ ਅਤੇ ਮਾਤਾ ਦਾ ਨਾ ਸਹਾਣ ਕੌਰ ਸੀ। ਉਹ ਸਕੂਲੀ ਵਿਦਿਆ ਤੋਂ ਬਿਲਕੁਲ ਕੋਰਾ ਸੀ। ਸੁਰਤ ਸੰਭਾਲਣ ਤੇ ਗੁੱਜਰ ਸਿੰਘ ਆਮ ਪੇਂਡੂ ਮੁੰਡਿਆਂ ਵਾਂਗ ਪਸ਼ੂ ਚਾਰਨ ਅਤੇ ਖੇਤੀਬਾੜੀ ਦੇ ਹੋਰ ਨਿੱਕੇ ਮੋਟੇ ਕੰਮਾਂ ਵਿਚ ਹੱਥ ਵਟਾਉਣ ਲੱਗ ਪਿਆ। ਇਨ੍ਹਾਂ ਸਮਿਆਂ ਵਿਚ ਮੇਲਿਆਂ ਮੁਸਾਹਬਿਆਂ ਤੇ ਪਿੰਡਾਂ ਵਿਚ ਆਮ ਹੀ ਗਮੰਤਰੀਆਂ, ਕਵੀਸ਼ਰਾਂ ਦੇ ਅਖਾੜੇ ਲਗਦੇ ਰਹਿੰਦੇ ਸਨ। ਇਨ੍ਹਾਂ ਅਖਾੜਿਆਂ ਨੂੰ ਸੁਣ ਸੁਣ ਕੇ ਗੁੱਜਰ ਸਿੰਘ ਨੂੰ ਬਚਪਨ ਤੋਂ ਹੀ ਗਾਉਣ ਦੀ ਚੇਟਕ ਲੱਗ ਗਈ। ਉਸ ਦੀ ਯਾਦ ਸ਼ਕਤੀ ਇੰਨੀ ਤੇਜ਼ ਸੀ ਕਿ ਇੱਕ ਵਾਰ ਜੋ ਸੁਣ ਲੈਂਦਾ ਸੀ ਉਹ ਉਸਦੇ ਕੰਠ ਹੋ ਜਾਂਦਾ ਸੀ। ਇਸ ਤਰ੍ਹਾਂ ਖੇਤਾਂ ਵਿਚ ਕੰਮ ਕਾਰ ਕਰਦਾ ਉਹ ਉਚੀਆਂ ਲੰਮੀਆਂ ਹੇਕਾਂ ਲਾਉਂਦਾ ਰਹਿੰਦਾ ਸੀ। ਗੁੱਜਰ ਸਿੰਘ ਦਾ ਚਾਚਾ ਉਸਦੇ ਸ਼ੌਕ ਤੋਂ ਜਾਣੂ ਸੀ ਅਤੇ ਉਹ ਉਸਨੂੰ ਗੌਣ ਸਿਖਾਉਣਾ ਚਾਹੁੰਦਾ ਸੀ।

ਉਸ ਸਮੇਂ ਬਿਸ਼ਨਾ ਚੌਗਾਵਾਂ ਵਾਲਾ ਇੱਕ ਨਾਮੀ ਗਮੰਤਰੀ ਸੀ ਅਤੇ ਇਲਾਕੇ ਵਿਚ ਉਸਦੀ ਪੂਰੀ ਧੁੰਮ ਸੀ। ਉਸਦਾ ਲਿਖਿਆ ਹੋਇਆ ਕੌਲਾਂ ਦਾ ਗੌਣ ਬਹੁਤ ਮਸ਼ਹੂਰ ਸੀ। ਇੱਕ ਵਾਰ ਛੰਦੜਾਂ ਪਿੰਡ ਵਿਖੇ ਬਿਸ਼ਨ ਸਿੰਘ ਦਾ ਅਖਾੜਾ ਲੱਗਿਆ। ਗੁੱਜਰ ਆਪਣੇ ਚਾਚੇ ਤੇ ਹੋਰ ਸਾਥੀ ਬੇਲੀਆਂ ਨਾਲ ਅਖਾੜਾ ਸੁਣਨ ਗਿਆ। ਅਖਾੜੇ ਵਿਚ ਬਿਸ਼ਨੇ ਨੇ ਕੌਲਾਂ ਦਾ ਗੌਣ ਸੁਣਾਇਆ। ਗੁੱਜਰ ਦੇ ਚਾਚੇ ਨੇ ਅਖਾੜੇ ਤੋਂ ਬਾਅਦ ਬਿਸ਼ਨ ਸਿੰਘ ਨੂੰ ਆਪਣੇ ਭਤੀਜੇ ਨੂੰ ਗੌਣ ਸਿਖਾਉਣ ਲਈ ਕਿਹਾ। ਬਿਸ਼ਨ ਸਿੰਘ ਮੰਨ ਗਿਆ। ਅਗਲੇ ਦਿਨ ਗੁੱਜਰ ਦਾ ਚਾਚਾ ਬਿਸ਼ਨ ਸਿੰਘ ਨੂੰ ਸਤਿਕਾਰ ਨਾਲ ਆਪਣੇ ਗੱਡੇ 'ਤੇ ਬਿਠਾ ਕੇ ਘਰ ਲੈ ਆਇਆ। ਗੁੱਜਰ ਨੇ ਬਿਸ਼ਨ ਸਿੰਘ ਨੂੰ ਪੱਗ ਦੇ ਕੇ ਉਸਤਾਦੀ ਸ਼ਗਿਰਦੀ ਦੀ ਰਸਮ ਨਿਭਾਈ। ਬਿਸ਼ਨ ਸਿੰਘ ਨੇ ਗੁੱਜਰ ਨੂੰ ਕੁਝ ਸੁਣਾਉਣ ਲਈ ਕਿਹਾ। ਗੁੱਜਰ ਨੇ ਪਹਿਲੇ ਦਿਨ ਦੇ ਅਖਾੜੇ ਵਿਚੋਂ ਸੁਣੀ ਬਿਸ਼ਨ ਸਿੰਘ ਦੀ ਕੌਲਾਂ ਹੂਬਹੂ ਸੁਣਾ ਦਿੱਤੀ। ਉਸਤਾਦ ਸੁਣਕੇ ਖੁਸ਼ ਹੋ ਗਿਆ। ਇਸ ਤਰ੍ਹਾਂ ਗੁੱਜਰ ਨੇ ਬਿਸ਼ਨ ਸਿੰਘ ਤੋਂ ਢਾਡੀ ਕਲਾ ਦੀ ਸਿਖਿਆ ਲੈਣੀ ਸ਼ੁਰੂ ਕਰ ਦਿੱਤੀ ਅਤੇ ਬਹੁਤ ਸਾਰਾ ਗੌਣ ਯਾਦ ਕੀਤਾ।

ਗੁੱਜਰ ਸਿੰਘ ਨੇ ਨਿੱਕਾ ਸਿੰਘ ਚੂਹੜ ਚੱਕ ਵਾਲੇ ਨੂੰ ਢੱਡ ਤੇ ਅਤੇ ਮੁਸਕਾਬਾਦ ਵਾਲੇ

ਨਗੀਨੇ ਨੂੰ ਸਾਜ਼ੀ ਲਾ ਕੇ ਆਪਣਾ ਜੁੱਟ ਬਣਾ ਲਿਆ। ਪਹਿਲਾ ਅਖਾੜਾ ਤੱਖ਼ਰਾਂ ਦੇ ਮੇਲੇ ਤੇ ਲਾਇਆ। ਬਾਬਾ ਸੁੰਦਰ ਦਾਸ ਬਹੁਤ ਖ਼ੁਸ਼ ਹੋਇਆ ਅਤੇ ਸਦਾ ਕਾਮਯਾਬੀ ਦਾ ਆਸ਼ੀਰਵਾਦ ਦਿੱਤਾ। ਏਥੇ ਹੀ ਜੱਥੇ ਨੂੰ ਕੁਰਾਲੀ ਵਿਖੇ ਪ੍ਰੋਗਰਾਮ ਦੀ ਸਾਈ ਮਿਲ ਗਈ। ਬੱਸ ਫੇਰ ਤਾਂ ਦਿਨਾਂ ਵਿਚ ਹੀ ਇਲਾਕੇ ਵਿਚ ਇਸ ਗਮੰਤਰੀ ਜਥੇ ਦੀ ਧੁੰਮ ਪੈ ਗਈ। ਤਿੰਨੇ ਸਾਥੀ ਲੰਮਾ ਸਮਾਂ ਇਕੱਠੇ ਰਹੇ ਅਤੇ ਦੂਰ-ਦੂਰ ਤੱਕ ਪ੍ਰੋਗਰਾਮ ਕੀਤੇ। ਇਨ੍ਹਾਂ ਤੋਂ ਇਲਾਵਾ ਗੁੱਜਰ ਸਿੰਘ ਨਾਲ ਸਮੇਂ-ਸਮੇਂ ਤੇ ਸੁੰਦਰ ਕਕਰਾਲੇ ਵਾਲਾ ਸਾਜ਼ੀ, ਚੰਨਣ ਸਿੰਘ ਬਖੂਹੇ ਵਾਲਾ ਵੀ ਸਾਥ ਦਿੰਦੇ ਰਹੇ। ਚੰਨਣ ਸਿੰਘ ਨੇ ਉਸਤਾਦ ਤਾਂ ਬਿਸ਼ਨ ਸਿੰਘ ਨੂੰ ਧਾਰਿਆ ਪਰ ਸਿਖਿਆ ਗੁੱਜਰ ਸਿੰਘ ਤੋਂ ਹੀ ਪ੍ਰਾਪਤ ਕੀਤੀ। ਚਮਕੌਰ ਸਾਹਿਬ ਦੇ ਨੇੜਲੇ ਪਿੰਡ ਹਫਸਾਬਾਦ ਦੇ ਜੈਮਲ ਸਿੰਘ ਤੇ ਜਗਤ ਸਿੰਘ ਭਰਾਵਾਂ ਦੀ ਜੋੜੀ ਨੇ ਗੁੱਜਰ ਸਿੰਘ ਰਾਈਆਂ ਨੂੰ ਆਪਣਾ ਉਸਤਾਦ ਧਾਰਿਆ ਅਤੇ ਢਾਡੀ ਕਲਾ ਦੀਆਂ ਬਾਰੀਕੀਆਂ ਬਾਰੇ ਜਾਣਿਆਂ। ਵਰਤਮਾਨ ਪੀੜ੍ਹੀ ਦਾ ਪ੍ਰਸਿੱਧ ਲੋਕ ਢਾਡੀ ਪ੍ਰੀਤਮ ਸਿੰਘ ਉਟਾਲ ਵੀ ਗੁੱਜਰ ਸਿੰਘ ਰਾਈਆਂ ਦਾ ਲਾਡਲਾ ਸ਼ਗਿਰਦ ਹੈ।

ਗੁੱਜਰ ਸਿੰਘ ਰਾਈਆਂ ਦਾ ਵਿਆਹ ਇੰਦ ਕੌਰ ਨਾਲ ਹੋਇਆ ਜਿਸਤੋਂ ਉਸਦੇ ਦੋ ਲੜਕੇ ਮਾਨ ਸਿੰਘ ਤੇ ਭਾਨ ਸਿੰਘ ਪੈਦਾ ਹੋਏ। ਮਾਨ ਸਿੰਘ ਵੱਡਾ ਸੀ ਜਿਸ ਦੀ 1974 ਵਿਚ ਮੌਤ ਹੋ ਗਈ। ਪੁੱਤਰ ਦੀ ਮੌਤ ਤੋਂ ਸੱਤ ਸਾਲ ਬਾਅਦ ਚੌਦਾਂ ਨਵੰਬਰ 1981 ਨੂੰ ਗੁੱਜਰ ਸਿੰਘ ਲਗਭਗ 97 ਸਾਲ ਦੀ ਲੰਮੀ ਉਮਰ ਭੋਗ ਕੇ ਤੁਰਦਾ ਫਿਰਦਾ ਇਸ ਫਾਨੀ ਜਹਾਨ ਤੋਂ ਕੂਚ ਕਰ ਗਿਆ। ਗੁੱਜਰ ਸਿੰਘ ਨੇ ਆਪਣੀ ਮੌਤ ਤੋਂ ਸਿਰਫ਼ ਦਸ ਦਿਨ ਪਹਿਲਾਂ ਗੁਰਨਾਮ ਸਿੰਘ ਗੁਪਾਲਪੁਰ ਦੇ ਸਾਜ਼ ਨਾਲ ਪ੍ਰੀਤਮ ਸਿੰਘ ਉਟਾਲ ਨੂੰ ਪਾਛੂ ਲਾ ਕੇ ਕੁਝ ਕਲੀਆਂ ਘਰ ਦੀ ਟੇਪ ਰਿਕਾਰਡ ਤੇ ਰਿਕਾਰਡ ਕੀਤੀਆਂ ਜੋ ਉਸਦੇ ਪੋਤਰੇ ਕਨ੍ਹਈਆ ਸਿੰਘ ਕੋਲ ਸੰਭਾਲੀਆਂ ਹੋਈਆਂ ਹਨ।

ਆਮ ਲੋਕ ਢਾਡੀਆਂ ਵਾਂਗ ਗੁੱਜਰ ਸਿੰਘ ਹੁਰੀਂ ਵੀ ਹੀਰ, ਸੱਸੀ, ਸੋਹਣੀ, ਮਿਰਜ਼ਾ, ਪੂਰਨ, ਕੌਲਾਂ, ਦੁੱਲਾ ਭੱਟੀ ਆਦਿ ਲੋਕ ਗਾਥਾਵਾਂ ਗਾਉਂਦੇ ਸਨ। ਹੀਰ ਹਜ਼ੂਰਾ ਸਿੰਘ ਬੂਟਾਹਰੀ ਵਾਲੇ ਦੀ, ਪੂਰਨ ਕਰਮ ਸਿੰਘ ਤੂਸਿਆਂ ਵਾਲੇ ਦਾ ਤੇ ਕੌਲਾਂ ਬਿਸ਼ਨ ਸਿੰਘ ਚੌਗਾਵਾਂ ਵਾਲੇ ਦੀ ਗਾਉਂਦੇ ਸਨ। ਆਪਣੀ ਕਲਾ ਦੇ ਸਿਰ 'ਤੇ ਉਨ੍ਹਾਂ ਨੇ ਪੂਰੇ ਪੰਜਾਬ ਖਾਸ ਕਰ ਮਾਲਵਾ, ਪੁਆਧ ਅਤੇ ਦੁਆਬੇ ਦੇ ਇਲਾਕਿਆਂ ਵਿਚ ਪੈੜਾਂ ਕੀਤੀਆਂ। ਲੋਕ ਮੇਲਿਆਂ ਦੇ ਨਾਲ ਨਾਲ ਧਾਰਮਿਕ ਕਿਸਮ ਦੇ ਮੇਲਿਆਂ 'ਤੇ ਵੀ ਲਗਾਤਾਰ ਆਪਣੀ ਹਾਜ਼ਰੀ ਲੁਆਉਂਦੇ ਰਹੇ।

ਗੁੱਜਰ ਸਿੰਘ ਇੱਕ ਧਾਰਮਿਕ ਬਿਰਤੀ ਵਾਲਾ ਬੰਦਾ ਸੀ। ਉਸਨੇ ਇਤਿਹਾਸ ਮਿਥਿਹਾਸ ਬਾਰੇ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਕੀਤੀ ਹੋਈ ਸੀ। ਸਿੱਖ ਗੁਰੂ ਇਤਿਹਾਸ ਅਤੇ ਗੁਰਬਾਣੀ ਵਿਚ ਉਸਦੀ ਅਥਾਹ ਸ਼ਰਧਾ ਸੀ। ਉਸਨੇ ਆਪਣਾ ਸਾਰਾ ਜੀਵਨ ਸੱਚੇ ਸੁੱਚੇ ਸੰਗੀਤ ਨੂੰ ਅਰਪਿਤ ਕੀਤਾ।

## ਵਧਾਵਾ ਮਰਾਸੀ ਢਡਿਆਂ ਵਾਲਾ

ਵਧਾਵੇ ਦਾ ਨਾਂ ਉਹਨਾਂ ਢਾਡੀਆਂ ਵਿਚ ਸ਼ੁਮਾਰ ਹੈ ਜਿਹਨਾਂ ਨੂੰ ਰਾਜੇ ਮਹਾਰਾਜੇ ਦਾਅਵਤਾਂ ਦੇ ਕੇ ਖਾਸ ਮੌਕਿਆਂ 'ਤੇ ਸੁਣਿਆ ਕਰਦੇ ਸਨ, ਜੋ ਰਾਜ ਦਰਬਾਰੀ ਜਸ਼ਨਾਂ ਦੀ ਸ਼ਾਨ ਹੁੰਦੇ ਸਨ, ਜਿਨ੍ਹਾਂ ਨੂੰ ਸ਼ਾਹੀ ਸਰਪ੍ਰਸਤੀ ਪ੍ਰਾਪਤ ਸੀ, ਜੋ ਇਨਾਮਾਂ ਖਨਾਮਾਂ ਅਤੇ ਬਖਸ਼ੀਸ਼ਾਂ ਦੇ ਦਾਅਵੇਦਾਰ ਸਨ। ਭਾਵ ਉਹ ਆਪਣੀ ਰਿਆਸਤ ਦਾ ਮਾਣ ਸੀ, ਸ਼ਿੰਗਾਰ ਸੀ।

ਵਧਾਵੇ ਦਾ ਜਨਮ ਲਗਭਗ ਸਵਾ ਕੁ ਸੌ ਸਾਲ ਪਹਿਲਾਂ ਪਿੰਡ ਢਡਿਆਂ ਵਾਲਾ ਵਿਖੇ ਗਾਇਕੀ ਦੀ ਕੱਸਬੀ ਜਾਤ ਮਰਾਸੀ ਜਾਤ ਵਿਚ ਹੋਇਆ। ਇਸ ਪ੍ਰਕਾਰ ਉਸਨੂੰ ਗੁੜ੍ਹਤੀ ਹੀ ਗਾਇਕੀ ਦੀ ਮਿਲੀ। ਗਾਇਕੀ ਦੀ ਅਲਫ਼, ਬੇ ਪਰਵਾਰਿਕ ਮਦਰੱਸੇ ਵਿਚੋਂ ਪੜ੍ਹਕੇ ਇਸਦੀਆਂ ਪੀਢੀਆਂ ਗੰਢਾਂ ਨੂੰ ਖੋਲ੍ਹਣ ਲਈ ਉਸਨੂੰ ਕਿਸੇ ਕਾਮਲ ਮੁਰਸ਼ਦ ਦੀ ਲੋੜ ਮਹਿਸੂਸ ਹੋਈ। ਸੋ ਆਪਣੀ ਕਲਾ ਨੂੰ ਸੰਪੂਰਨਤਾ ਤੱਕ ਪਹੁੰਚਾਉਣ ਲਈ ਉਹ ਬਰਕਤ ਤਲਵੰਡੀ ਬੁਡਲਾਢੇ ਵਾਲੇ ਦੇ ਚਰਨੀਂ ਜਾ ਪਿਆ। ਉਸਤਾਦ ਦੇ ਅਸ਼ੀਰਵਾਦ ਅਤੇ ਆਪਣੀ ਮਿਹਨਤ ਸਦਕਾ ਵਧਾਵਾ ਥੋੜ੍ਹੇ ਹੀ ਸਮੇਂ ਵਿਚ ਆਪਣੇ ਕੱਸਬ ਵਿਚ ਨਿਪੁੰਨ ਹੋ ਗਿਆ। ਕਾਫੀ ਦੇਰ ਉਸਤਾਦ ਨਾਲ ਸੰਗਤ ਕੀਤੀ ਅਤੇ ਅਖਾੜਿਆਂ ਵਿਚ ਆਪਣੀ ਕਲਾ ਦੇ ਜੌਹਰ ਦਿਖਾਏ।

ਬਾਅਦ ਵਿਚ ਆਪਣੇ ਭਤੀਜੇ ਜੋਰੇ ਅਤੇ ਭਾਣਜੇ ਜੰਗੂ ਨੂੰ ਨਾਲ ਲਾ ਕੇ ਆਪਣਾ ਜਥਾ ਬਣਾ ਲਿਆ। ਆਪਣੀ ਕਲਾ ਦੇ ਜ਼ੋਰ ਲੋਕਾਂ ਵਿਚ ਏਨੀ ਪ੍ਰਸਿੱਧੀ ਪ੍ਰਾਪਤ ਕੀਤੀ ਕਿ ਰਾਜ ਦਰਬਾਰ ਤੱਕ ਚਰਚਾ ਛਿੜ ਪਈ। ਮਹਾਰਾਜਾ ਸੰਗਰੂਰ ਦੁਸਹਿਰੇ ਦੇ ਮੇਲੇ 'ਤੇ ਹਰ ਸਾਲ 'ਸਪੈਸ਼ਲ ਸੱਦਾ' ਦੇ ਕੇ ਅਖਾੜਾ ਲੁਆਉਣ ਲੱਗ ਪਿਆ। ਇਸ ਪ੍ਰਕਾਰ ਸ਼ਾਹੀ ਸਰਪ੍ਰਸਤੀ ਪ੍ਰਾਪਤ ਹੋਈ ਅਤੇ ਵਿਸ਼ੇਸ਼ ਇਨਾਮ ਅਤੇ ਬਖਸ਼ੀਸ਼ਾਂ ਮਿਲਣ ਲੱਗ ਗਈਆਂ।

ਜਦੋਂ ਇੰਗਲੈਂਡ ਦੀ ਮਹਾਰਾਣੀ ਮਲਕਾ ਵਿਕਟੋਰੀਆ ਦੀ ਸ਼ਾਨ ਵਿਚ ਸਰਕਾਰ ਵੱਲੋਂ ਦਿੱਲੀ ਵਿਖੇ ਵਿਸ਼ੇਸ਼ ਸਨਮਾਨ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮੇਂ ਦੇ ਜਸ਼ਨਾਂ ਵਿਚ ਹੋਰ ਪ੍ਰੋਗਰਾਮਾਂ ਦੇ ਨਾਲ ਦੇਸ਼ ਦੇ ਉੱਚ ਕੋਟੀ ਦੇ ਕਲਾਕਾਰਾਂ ਨੂੰ ਵੀ ਸ਼ਾਮਲ ਕੀਤਾ ਗਿਆ। ਵਧਾਵੇ ਦੇ ਜਥੇ ਨੂੰ ਇਸ ਸਮਾਗਮ ਵਿਚ ਬਤੌਰ ਗਾਇਕ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਲਈ ਮਹਾਰਾਜਾ ਸੰਗਰੂਰ ਵੱਲੋਂ ਦਿੱਲੀ ਭੇਜਿਆ ਗਿਆ। ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਉਸਦੀ ਇਹ ਪ੍ਰਾਪਤੀ ਆਪਣੇ ਆਪ ਵਿਚ ਇੱਕ ਮਿਸਾਲ ਹੈ ਜੋ ਹਮੇਸ਼ਾ ਯਾਦ ਰੱਖੀ ਜਾਂਦੀ ਰਹੇਗੀ।

ਵਧਾਵਾ ਵੀ ਹੋਰ ਢਾਡੀਆਂ ਵਾਂਗ ਮੁੱਖ ਤੌਰ ਤੇ ਤਾਂ ਹੀਰ ਹੀ ਗਾਉਂਦਾ ਸੀ,

ਪਰੰਤੂ ਦੂਜੀਆਂ ਲੋਕ ਗਾਥਾਵਾਂ ਖਾਸ ਕਰ ਬੀਰ ਰਸੀ ਜਿਵੇਂ ਜੈਮਲ ਫੱਤਾ, ਦੁੱਲਾ ਭੱਟੀ, ਜਸਮਤ ਆਦਿ ਵੀ ਉਸ ਦੀਆਂ ਮਸ਼ਹੂਰ ਗਾਥਾਵਾਂ ਸਨ। ਪੂਰਨ ਭਗਤ, ਗੋਪੀ ਚੰਦ ਅਤੇ ਕੌਲਾਂ ਭਗਤਣੀ ਗਾਥਾਵਾਂ ਵੀ ਇਸ ਜਥੇ ਵੱਲੋਂ ਗਾਈਆਂ ਜਾਂਦੀਆਂ ਸਨ। ਇੱਕ ਦੋ ਖਾਸ ਨਮੂਨੇ ਇਸ ਪ੍ਰਕਾਰ ਹਨ:-

- ***ਨਾਮ ਫਕੀਰੀ ਧੱਕਾ ਕਹਿਰ ਦਾ,***
***ਮੁਸ਼ਕਲ ਘਾਟ ਫਕੀਰੀ ।***
***ਬਾਰਾਂ ਵਰ੍ਹੇ ਰੋਹੀ ਵਿਚ ਬੈਠੇ ਹੋਗੇ,***
***ਇੱਕ ਦਿਨ ਜਾਕੇ ਨਗਰੀ ਧੀਰੀ ।***

- ***ਫੜ ਕੇ ਚਾਕੂ ਗੋਰਖ ਬੈਠ ਗਿਆ ,***
***ਡੋਲਕੇ, ਕੰਨ ਵਿਚ ਮੁੰਦਰ ਪਾਈ ।***
***ਪੱਕੀ ਸੱਜੇ, ਕੱਚੀ ਖੱਬੇ,***
***ਤੈਨੂੰ ਅੱਧੀ ਫਕੀਰੀ ਥਿਆਈ ।***

ਵਧਾਵੇ ਦੇ ਸਮਕਾਲੀ ਢਾਡੀਆਂ ਵਿਚ ਉਸ ਨਾਲ ਅੜਿੱਕਾ ਲੈਣ ਵਾਲਾ ਕੋਈ ਨਹੀਂ ਸੀ। ਉਸਦੀ ਪੂਰੀ ਝੰਡੀ ਸੀ। ਬੱਸ ਇੱਕ, ਦਿੜ੍ਹਵੇ ਵਾਲਾ ਬਾਰੂ ਸ਼ੇਖ ਸੀ ਜੋ ਉਸ ਨਾਲ ਅੜਿੱਕਦਾ ਸੀ, ਸੰਗਰੂਰ ਦੇ ਦੁਸਹਿਰੇ 'ਤੇ ਇਹਨਾਂ ਦੀ ਟੱਕਰ ਪੈਂਦੀ ਸੀ। ਵਧਾਵੇ ਵਰਗੇ ਢਾਡੀਆਂ 'ਤੇ ਲੋਕ ਢਾਡੀ ਕਲਾ ਨੂੰ ਹਮੇਸ਼ਾ ਮਾਣ ਰਹੇਗਾ।

## ਪੰਜ ਗਰਾਈਆਂ ਵਾਲੇ ਢਾਡੀ

ਢਾਡੀ ਕਲਾ ਦੇ ਇਤਿਹਾਸ ਵਿਚ ਪੰਜ ਗਰਾਈਆਂ ਵਾਲੇ ਢਾਡੀਆਂ ਦਾ ਨਾਂ ਵੀ ਹਮੇਸ਼ਾ ਬੋਲਦਾ ਰਹੇਗਾ। ਆਮ ਲੋਕਾਂ ਵਿਚ ਜਾਣੇ ਤੇ ਪਹਿਚਾਣੇ ਜਾਂਦੇ ਇਹਨਾਂ ਲੋਕ ਢਾਡੀਆਂ ਦਾ ਪਿੰਡ ਪੰਜ ਗਰਾਈਆਂ ਕੋਟਕਪੂਰੇ ਅਤੇ ਮੋਗੇ ਦੇ ਵਿਚਕਾਰ ਜਿਹੇ ਹੈ। ਇਸ ਜਥੇ ਵਿਚ ਚਾਰ ਜਣੇ ਸ਼ਾਮਲ ਸਨ ਦੋ ਸਾਜ਼ੀ ਅਤੇ ਦੋ ਢਾਡੀ। ਭਾਵ ਦੋ ਜਣੇ ਸਾਰੰਗੀਆਂ ਵਜਾਉਂਦੇ ਸਨ ਅਤੇ ਦੋ ਢੱਡਾਂ।

ਇਸ ਜਥੇ ਦਾ ਮੋਢੀ ਕਰਨੈਲ ਸਿੰਘ ਸੀ। ਕਰਨੈਲ ਸਿੰਘ ਅਤੇ ਉਸਦਾ ਸਾਥੀ ਜੁਗਰਾਜ ਸਿੰਘ ਸਾਰੰਗੀਆਂ ਵਜਾਉਂਦੇ ਸਨ ਅਤੇ ਇਹਨਾਂ ਦੇ ਦੋ ਪਾਛੂ ਸਾਥੀ ਢੱਡਾਂ ਵਜਾਉਂਦੇ ਸਨ। ਮਾਲਵੇ ਦੇ ਮਸ਼ਹੂਰ ਮੇਲਿਆਂ ਦੇ ਅਖਾੜਿਆਂ ਤੋਂ ਬਿਨਾਂ ਵੱਖ ਵੱਖ ਪਿੰਡਾਂ ਵਿਚ ਕਈ ਕਈ ਦਿਨ ਇਹਨਾਂ ਦੇ ਅਖਾੜੇ ਚੱਲਦੇ ਰਹਿੰਦੇ ਸਨ। 'ਹੀਰ' ਇਹਨਾਂ ਦਾ ਪ੍ਰਸਿੱਧ ਗੌਣ ਸੀ। 'ਹੀਰ' ਤੋਂ ਇਲਾਵਾ ਦੂਜੀਆਂ ਪ੍ਰਚੱਲਤ ਲੋਕ ਗਾਥਾਵਾਂ ਸੱਸੀ, ਮਿਰਜ਼ਾ, ਪੂਰਨ, ਕੌਲਾਂ, ਦਹੂਦ ਬਾਦਸ਼ਾਹ, ਦੁੱਲਾ ਭੱਟੀ, ਜੈਮਲ ਫੱਤਾ ਵੱਖਰੇ ਵੱਖਰੇ ਕਵੀਆਂ ਦਾ ਲਿਖਿਆ ਹੋਇਆ ਗਾਉਂਦੇ ਸਨ। 'ਹੀਰ' ਇਹ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਗਾਉਂਦੇ ਸਨ। ਜੋ ਲੋਕਾਂ ਵਿਚ ਬਹੁਤ ਹਰਮਨ ਪਿਆਰੀ ਸੀ। ਇਸ ਵਿਚੋਂ ਕੁਝ ਮਸ਼ਹੂਰ ਕਲੀਆਂ ਦੇ ਨਮੂਨੇ ਇਸ ਪ੍ਰਕਾਰ ਹਨ:-

- ***ਮੱਥਾ ਟੇਕ ਚਰਨੀਂ ਸੀਸ ਨਿਵਾ ਲਿਆ ਸਤਿਗੁਰ ਦੇ,***
  ***ਟਿੱਲੇ ਉਤੋਂ ਕਰੀਆਂ ਆਸ਼ਕ ਨੇ ਚੜ੍ਹਾਈਆਂ।***
  ***ਟਿੱਲਿਓਂ ਉਤਰਦੇ ਨੂੰ ਜਲ ਦੀ ਗਾਗਰ ਮਿਲਗੀ ਐ,***
  ***ਸੁਰਮੁਖ ਚੂੜ੍ਹਾ ਮਿਲਿਆ, ਦੇਵੇ ਖੜ੍ਹਾ ਵਧਾਈਆਂ।***

- ***ਜਦ ਪਹਿ ਪਾਟੀ, ਤਾਰਾ ਚੜ੍ਹਿਆ, ਚਿੜੀਆਂ ਚੂਕਦੀਆਂ,***
  ***ਸੁਪਨਾ ਹੀਰ ਜੱਟੀ ਨੂੰ ਹੈ ਰਾਂਝੇ ਦਾ ਆਇਆ।***
  ***ਉਠਕੇ ਬਹਿਗੀ ਬੈਠੀ ਰਾਂਝਾ ਰਾਂਝਾ ਕਰਦੀ ਐ,***
  ***ਰਾਂਝਾ ਨਹੀਂ ਮਿਲਦਾ, ਸੱਚੇ ਸਾਹਿਬ ਦਾ ਮਿਲਾਇਆ।***

ਬਿਰਹੋਂ ਕੁੱਠੀ ਹੀਰ ਦੇ ਇਸ਼ਕ ਦਰਦ ਨੂੰ ਹਜ਼ੂਰਾ ਸਿੰਘ ਨੇ ਜਿਸ ਤਰ੍ਹਾਂ ਸ਼ਬਦਾਂ ਵਿਚ ਬੰਨ੍ਹਿਆਂ ਹੈ ਉਹ ਬ੍ਰਿਹੋਂ ਕਾਵਿ ਦੀ ਉਤਮ ਵੰਨਗੀ ਹੈ। ਬਾਰਾਮਾਹ ਵਿਚੋਂ ਕੁਝ ਬਿਆਨ

ਇਸ ਪ੍ਰਕਾਰ ਹੈ। ਜਿਸਨੂੰ ਪੰਜ ਗਰਾਈਆਂ ਵਾਲੇ ਢਾਡੀ ਗਾਉਂਦੇ ਸਨ:-

- *ਚੇਤਰ ਚੈਨ ਬਈ ਦਿਨ ਰੈਣ ਨਾ ਆਵੇ ਹੀਰ ਨੂੰ,*
  *ਜਦੋਂ ਦੀ ਹੋ ਗੀ ਕਾਗਾ ਮੈਂ ਮਾਹੀ ਤੋਂ ਨਿਆਰੀ।*
  *ਚੜ੍ਹਿਆ ਵਿਸਾਖ ਤੇ ਨਾ ਮਾਹੀ ਮੈਥੋਂ ਵਿਸਰਦਾ,*
  *ਮੈਂ ਕਿਉਂ ਦਿਲ ਤੋਂ ਕਾਵਾਂ ਮਾਹੀ ਨੇ ਵਿਸਾਰੀ।*
  *ਜੇਠ ਜਾਲ ਕੋਲੇ ਕਰਲੀ ਇਸ਼ਕ ਵਿਛੋੜੇ ਨੇ,*
  *ਸੁੱਕ ਕੇ ਪਿੰਜਰਾ ਹੋ ਗੀ ਇਸ਼ਕ ਦਰਦ ਦੀ ਮਾਰੀ।*

ਪੰਜ ਗਰਾਈਆਂ ਵਾਲੇ ਢਾਡੀਆਂ ਦੀ ਲੋਕ ਢਾਡੀ ਕਲਾ ਨੂੰ ਜੋ ਦੇਣ ਹੈ ਉਸਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਬਸ਼ਰਤੇ ਕਿ ਇਹਨਾਂ ਬਾਰੇ ਹੋਰ ਜਾਣਕਾਰੀ ਇਕੱਤਰ ਕੀਤੀ ਜਾਵੇ। ਇਹ ਜ਼ਿੰਮੇਵਾਰੀ ਬਣਦੀ ਹੈ ਪੰਜਾਬ ਸਰਕਾਰ ਦੇ ਸੱਭਿਆਚਾਰਕ ਮਾਮਲੇ ਵਿਭਾਗ ਦੀ, ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਦੀ, ਆਪਣੀ ਮਾਂ ਬੋਲੀ ਅਤੇ ਸੱਭਿਆਚਾਰਕ ਵਿਰਸੇ ਨਾਲ ਮੋਹ ਰੱਖਣ ਵਾਲੇ ਸੁਹਿਰਦ ਵਿਦਵਾਨਾਂ ਦੀ, ਅਤੇ ਯੂਨੀਵਰਸਿਟੀਆਂ ਦੇ ਪੰਜਾਬੀ ਸਾਹਿਤ ਅਤੇ ਹੋਰ ਖੋਜ ਵਿਭਾਗਾਂ ਦੀ। ਨਹੀਂ ਤਾਂ ਲੋਕ ਢਾਡੀ ਕਲਾ ਦੇ ਇਹਨਾਂ ਅਨਮੋਲ ਹੀਰਿਆਂ ਦੀ ਗੱਲ ਬੀਤੇ ਵੇਲੇ ਦੀ ਗੱਲ ਬਣ ਕੇ ਰਹਿ ਜਾਵੇਗੀ ਅਤੇ ਹੌਲੀ ਹੌਲੀ ਇਹ ਨਾਂ ਅਲੋਪ ਹੋ ਜਾਣਗੇ।

## ਡੋਗਰ ਛਪਾਰ ਵਾਲਾ

ਪੰਜਾਬ ਦੇ ਲੋਕ ਮੇਲਿਆਂ ਵਿਚ ਜਿਵੇਂ ਛਪਾਰ ਦਾ ਮੇਲਾ ਮਸ਼ਹੂਰ ਹੈ ਏਸੇ ਤਰ੍ਹਾਂ ਪੁਰਾਣੇ ਲੋਕ ਢਾਡੀਆਂ ਵਿਚ ਛਪਾਰੀਆ ਡੋਗਰ ਪਹਿਲੀ ਕਤਾਰ ਦਾ ਢਾਡੀ ਸੀ। ਉਸਨੇ ਜੀਵਨ ਦਾ ਲੰਮਾ ਸਮਾਂ ਇਸ ਕਲਾ ਨੂੰ ਅਰਪਿਤ ਕੀਤਾ ਅਤੇ ਅੰਤ ਤੱਕ ਢਾਡੀ ਕਲਾ ਨਾਲ ਜੁੜਿਆ ਰਿਹਾ।

ਡੋਗਰ ਦਾ ਜਨਮ 1900 ਦੇ ਲਗਭਗ ਪਿਤਾ ਸਦਰ ਖਾਂ ਦੇ ਘਰ ਛਪਾਰ ਵਿਖੇ ਹੋਇਆ। ਡੋਗਰ ਹੁਰੀਂ ਤਿੰਨ ਭਰਾ ਸਨ। ਅੱਲਾ ਦੱਤਾ ਉਸਤੋਂ ਵੱਡਾ ਸੀ ਤੇ ਰਹਿਮਤ ਖਾਂ ਛੋਟਾ ਸੀ। ਇਨ੍ਹਾਂ ਦੀ ਇੱਕ ਭੈਣ ਸੀ ਜੋ ਲਤਾਲੇ ਵਿਆਹੀ ਹੋਈ ਸੀ ਉਸਦਾ ਮੁੰਡਾ ਬੂਟਾ ਖਾਂ ਵੀ ਡੋਗਰ ਦਾ ਸ਼ਗਿਰਦ ਸੀ। ਡੋਗਰ ਨੇ ਚੌਥੀ ਜਮਾਤ ਤੱਕ ਪੜ੍ਹਾਈ ਕੀਤੀ। ਚੜ੍ਹਦੀ ਉਮਰ ਵਿਚ ਹੀ ਉਹ ਘਰੋਂ ਭੱਜ ਕੇ ਆਪਣੇ ਨਾਨਕੇ ਪਿੰਡ ਚੂਹੜ-ਚੱਕ ਚਲਾ ਗਿਆ। ਉਸਦੇ ਮਾਮੇ ਜੀਵਾ ਖਾਂ ਤੇ ਖੀਵਾ ਖਾਂ ਇਲਾਕੇ ਦੇ ਮਸ਼ਹੂਰ ਗਮੰਤਰੀ ਸਨ। ਡੋਗਰ ਨੇ ਢਾਡੀ ਰਾਗ ਦੀ ਸਿੱਖਿਆ ਉਨ੍ਹਾਂ ਤੋਂ ਹੀ ਪ੍ਰਾਪਤ ਕੀਤੀ। ਭਰ ਜਵਾਨੀ ਵਿਚ ਡੋਗਰ ਉਚੇ ਲੰਮੇ ਕੱਦ ਅਤੇ ਤਕੜੇ ਜੁੱਸੇ ਵਾਲਾ ਦਰਸ਼ਨੀ ਜਵਾਨ ਨਿਕਲਿਆ। ਸੁਰੀਲੀ ਅਤੇ ਬੁਲੰਦ ਆਵਾਜ਼ ਸਦਕਾ ਉਹ ਛੇਤੀ ਹੀ ਲੋਕਾਂ ਦਾ ਚਹੇਤਾ ਬਣ ਗਿਆ। ਉਸਦੇ ਸਾਥੀਆਂ ਵਿਚ ਨਗੀਨਾ ਈਸੜੂ ਵਾਲਾ, ਫੁੰਮਣ ਭਾਈ ਰੂਪੇ ਵਾਲਾ, ਰੌਣਕੀ ਮਰਾਸੀ (ਸਾਰੰਗੀ ਮਾਸਟਰ), ਤਾਰਾ ਅਤੇ ਗੰਗਾ ਮਜ਼ਬੀ ਸ਼ਾਮਲ ਸਨ। ਬਾਅਦ ਵਿਚ ਉਸਦੇ ਮੁੰਡੇ ਵੀ ਉਸਦਾ ਸਾਥ ਦੇਣ ਲੱਗ ਪਏ। ਨਗੀਨੇ ਅਤੇ ਰੌਣਕੀ ਨੇ ਲੰਮਾ ਸਮਾਂ ਉਸਦੀ ਸੰਗਤ ਕੀਤੀ।

ਜਰਗ, ਛਪਾਰ, ਜਗਰਾਵਾਂ ਦੀ ਰੋਸ਼ਨੀ, ਸੰਗਰੂਰ ਦੇ ਦੁਸਹਿਰੇ, ਸੁਨਾਮ ਦੀ ਮੰਡੀ ਆਦਿ ਦੇ ਮੇਲਿਆਂ 'ਤੇ ਇਨ੍ਹਾਂ ਦਾ ਜਥਾ ਆਮ ਖੁੱਲ੍ਹੇ ਅਖਾੜੇ ਲਾਉਂਦਾ ਸੀ। ਇਨ੍ਹਾਂ ਤੋਂ ਬਿਨਾਂ ਪਹੋਏ, ਨੈਣਾਂ ਦੇਵੀ, ਕਪਾਲ ਮੋਚਨ ਵਰਗੇ ਮੇਲਿਆਂ 'ਤੇ ਵੀ ਹਾਜ਼ਰੀ ਲੁਆਉਂਦੇ ਸਨ। ਡੋਗਰ ਹੁਰੀਂ ਵਿਆਹਾਂ ਦੀਆਂ ਸਾਈਆਂ 'ਤੇ ਵੀ ਜਾਂਦੇ ਸਨ। ਉਸ ਸਮੇਂ ਇੱਕ ਸੌ ਰੁਪਈਆ ਸਾਈ ਦਾ ਹੁੰਦਾ ਸੀ। ਕਹਿੰਦੇ ਨੇ ਕਿ ਗੌਣ ਵਿਚ ਇਨ੍ਹਾਂ ਦਾ ਨਾਂ ਏਨਾ ਮਸ਼ਹੂਰ ਸੀ ਕਿ ਇਲਾਕੇ ਦੇ ਧੀਆਂ ਵਾਲੇ ਉਨ੍ਹਾਂ ਦੇ ਸਹੁਰਿਆਂ ਨੂੰ ਕਿਹਾ ਕਰਦੇ ਸਨ ਜੇ ਡੋਗਰ ਨੂੰ ਨਹੀਂ ਲੈ ਕੇ ਆਉਣਾ ਤਾਂ ਜੰਞ ਲੈ ਕੇ ਨਾ ਆਇਓ। ਅਖਾੜੇ ਵਿਚ ਡੋਗਰ ਸਰੋਤੇ ਤੋਂ ਕੇਵਲ ਇਕੋ ਵਾਰੀ ਪੈਸੇ ਲੈਂਦਾ ਸੀ।

ਡੋਗਰ ਦਾ ਮਿਰਜ਼ਾ ਬਹੁਤ ਪ੍ਰਸਿੱਧ ਸੀ। ਪਹਿਲਾਂ-ਪਹਿਲ ਉਹ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਹੀਰ ਹੀ ਗਾਉਂਦਾ ਸੀ। ਬਾਅਦ ਵਿਚ ਉਹ ਆਪ ਵੀ ਕਲੀਆਂ ਬਣਾਉਣ ਲੱਗ ਪਿਆ। ਉਸਦਾ ਛੋਟਾ ਮੁੰਡਾ ਸਫੀ ਮੁਹੰਮਦ ਅਤੇ ਮਿੰਦ੍ਰ ਨਾਈ ਵੀ ਉਸਨੂੰ ਕਲੀਆਂ

ਲਿਖਕੇ ਦਿੰਦੇ ਸਨ। ਉਹ ਸੱਤ ਦਿਨ ਲਗਾਤਾਰ ਹੀਰ ਗਾਉਂਦਾ ਸੀ। ਤਿੰਨ ਦਿਨ ਉਹ 'ਪੂਰਨ' ਗਾ ਸਕਦਾ ਸੀ। ਤਿੰਨ ਦਿਨ ਹੀ ਮਿਰਜ਼ਾ, ਤਿੰਨ ਦਿਨ ਹੀ ਦੁੱਲਾ, ਤਿੰਨ ਦਿਨ ਹੀ ਕੌਲਾਂ, ਜਿਉਣਾ ਮੋੜ ਉਹ ਦੋ ਦਿਨ ਗਾ ਸਕਦਾ ਸੀ।

ਡੋਗਰ ਸ਼ੁਕੀਨ ਦਰਸ਼ਨੀ ਜਵਾਨ ਸੀ। ਛੱਬੀ ਦੀ ਮਲਮਲ ਦੀ ਤੁਰਲੇ ਵਾਲੀ ਪੱਗ, ਚਿੱਟਾ ਕਲੀਆਂ ਵਾਲਾ ਕਮੀਜ਼ ਤੇ ਚਿੱਟਾ ਹੀ ਧੂਹਵਾਂ ਚਾਦਰਾ, ਕਾਲੀ ਜਾਕਟ, ਕੱਢਵੀਂ ਜੁੱਤੀ, ਗਲ ਨੌਂ ਗੱਟਿਆ ਵਾਲਾ ਕੰਠਾ ਉਸਦਾ ਪਹਿਰਾਵਾ ਸੀ। ਇਹੀ ਪਹਿਰਾਵਾ ਉਸਦੇ ਸਾਥੀ ਨਗੀਨੇ ਦਾ ਹੁੰਦਾ ਸੀ। ਡੋਗਰ ਸ਼ਰਾਬ ਦਾ ਸ਼ੁਕੀਨ ਸੀ 'ਗੌਣ' ਸ਼ੁਰੂ ਕਰਨ ਤੋਂ ਪਹਿਲਾਂ ਇਕ ਹਾੜਾ ਜ਼ਰੂਰ ਲਾਉਂਦਾ ਸੀ। ਅਖਾੜੇ ਨੂੰ ਬੰਨ੍ਹਕੇ ਬਿਠਾਉਣ ਦਾ ਉਸਨੂੰ ਹੁਨਰ ਸੀ।

ਡੋਗਰ ਦਾ ਵਿਆਹ ਚੜ੍ਹਦੀ ਉਮਰ ਵਿਚ ਹੀ ਹੋ ਗਿਆ। ਪ੍ਰੰਤੂ ਜਲਦੀ ਹੀ ਤਲਾਕ ਵੀ ਹੋ ਗਿਆ ਕਿਉਂਕਿ ਉਸਦੀ ਘਰ ਵਾਲੀ ਸਿੱਧਰੇ ਦਿਮਾਗ ਦੀ ਸੀ। ਦੂਜੇ ਵਿਆਹ ਦੀ ਉਸਦੀ ਘਰ ਵਾਲੀ ਦਾ ਨਾਂ ਮਾਲੋ (ਮਾਲਣ) ਸੀ। ਉਸਦੇ ਦੋ ਮੁੰਡੇ ਹੋਏ ਵੱਡੇ ਦਾ ਨਾਂ ਖੁਸ਼ੀ ਮੁਹੰਮਦ ਅਤੇ ਛੋਟੇ ਦਾ ਨਾਂ ਸਫੀ ਮੁਹੰਮਦ ਸੀ। ਸੰਤਾਲੀ ਦੀ ਵੰਡ ਦਾ ਸੰਤਾਪ ਡੋਗਰ ਨੂੰ ਵੀ ਝੱਲ੍ਹਣਾ ਪਿਆ। ਉਸਨੂੰ ਨਾ ਚਾਹੁੰਦੇ ਹੋਏ ਵੀ ਆਪਣੀ ਜਨਮ ਭੂਮੀ ਨੂੰ ਛੱਡ ਕੇ ਉਧਰਲੇ ਪੰਜਾਬ ਜਾਣਾ ਪਿਆ। ਉਥੇ ਟੋਭਾ ਟੇਕ ਸਿੰਘ ਨਹਿਰ ਝੰਗ ਬਰਾਂਚ ਜ਼ਿਲ੍ਹਾ ਲਾਇਲਪੁਰ ਵਿਖੇ ਉਸਨੂੰ ਜ਼ਮੀਨ ਅਲਾਟ ਹੋਈ। ਦੋਵੇਂ ਮੁੰਡੇ ਉਧਰ ਫੌਜ ਵਿਚ ਭਰਤੀ ਹੋ ਗਏ। ਕੋਈ ਚੰਗਾ ਸਾਥੀ ਨਾ ਹੋਣ ਕਾਰਨ ਡੋਗਰ ਨੇ ਵੀ ਗਾਉਣਾ ਘੱਟ ਕਰ ਦਿੱਤਾ। ਆਵਾਜ਼ ਵਿਚ ਪਹਿਲਾਂ ਵਾਲੀ ਖਣਕਾਰ ਤੇ ਕਸ਼ਿਸ਼ ਨਾ ਰਹੀ। ਉਧਰਲੇ ਲੋਕਾਂ ਨੇ ਵੀ ਕੋਈ ਬਹੁਤਾ ਹੁੰਗਾਰਾ ਨਾ ਦਿੱਤਾ। ਉਹ ਉਦਾਸ ਰਹਿਣ ਲੱਗ ਪਿਆ। ਉਦਾਸੀ ਭਰੇ ਬਾਰਾਂ ਸਾਲਾਂ ਬਾਅਦ ਭਾਵ 1959 ਵਿਚ ਉਸ ਨੂੰ ਏਧਰ ਆਉਣ ਦਾ ਮੌਕਾ ਮਿਲ ਗਿਆ। ਬੱਸ ਫੇਰ ਕੀ ਸੀ। ਚੇਹਰੇ 'ਤੇ ਨੂਰ ਚੜ੍ਹ ਆਇਆ। ਪੁਰਾਣੇ ਸਾਥੀਆਂ ਨੂੰ ਮਿਲਕੇ ਦੁਬਾਰਾ ਫੇਰ ਟਹਿਕ ਪਿਆ। ਇਕ ਵਾਰ ਫੇਰ ਪੁਰਾਣੇ ਦਿਨਾਂ ਦੀਆਂ ਯਾਦਾਂ ਨੂੰ ਤਾਜ਼ਾ ਕਰ ਦਿੱਤਾ। ਪਰ ਹੁਣ ਉਮਰ ਵੀ ਢਲਣ ਲੱਗ ਪਈ ਸੀ ਸੋ ਹੌਲੀ ਹੌਲੀ ਮੱਠਾ ਪੈਂਦਾ ਗਿਆ। ਉਸਦੇ ਮੁੰਡੇ ਦੁਬਾਰਾ ਏਧਰ ਚੱਕਰ ਮਾਰਨ ਨਹੀਂ ਆਏ। ਪਾਕਿਸਤਾਨ ਵਿਚ ਕਈ ਚੱਕਾਂ 47, 52, 58 ਆਦਿ ਵਿਚ ਡੋਗਰ ਦੇ ਦੁੱਲਾ ਗਾਉਣ 'ਤੇ ਪਾਬੰਦੀ ਲਾ ਦਿੱਤੀ ਸੀ।

ਡੋਗਰ ਨੇ ਕਦੇ ਪੈਸੇ ਦੇ ਲਾਲਚ ਵਿਚ ਆਕੇ ਨਹੀਂ ਗਾਇਆ। ਪੈਸੇ ਤਾਂ ਲੋਕ ਉਸਦੇ ਉਪਰ ਦੀ ਵਰਾਉਂਦੇ ਸਨ, ਪਰ ਉਸਦੇ ਕੁਝ ਇਕ ਵਿਸ਼ਵਾਸੀਆਂ ਨੇ ਹੀ ਉਸ ਨਾਲ ਦਗਾ ਵੀ ਕੀਤਾ। ਪੋਹੀੜ ਦੇ ਇੱਕ ਠੇਕੇਦਾਰ ਨਾਲ ਉਸਦੀ ਬਹੁਤ ਸਾਂਝ ਸੀ। ਵੇਲੇ

ਕੁਵੇਲੇ ਅਖਾੜੇ ਤੋਂ ਮੁੜਦਾ ਉਹ ਵਾਧੂ ਪੈਸੇ ਉਸ ਕੋਲ ਹੀ ਜਮ੍ਹਾਂ ਕਰਵਾ ਦਿੰਦਾ ਸੀ ਪਰ ਪਾਕਿਸਤਾਨ ਜਾਣ ਵੇਲੇ ਡੋਗਰ ਨੇ ਜਦ ਉਸਤੋਂ ਆਪਣੇ ਪੈਸੇ ਮੰਗੇ ਜੋ ਲਗਭਗ ਤੀਹ ਹਜ਼ਾਰ ਚਾਂਦੀ ਦੇ ਰੁਪਈਏ ਸਨ ਤਾਂ ਉਹ ਸਾਫ ਮੁੱਕਰ ਗਿਆ। ਅਖੀਰ ਉਸਨੂੰ ਪਿੰਡ ਦੇ ਹੀ ਇਕ ਜਿਗਰੀ ਦੋਸਤ ਤੋਂ ਅੱਸੀ ਰੁਪਏ ਲੈਣੇ ਪਏ। ਗਾਉਣ ਤੋਂ ਬਿਨਾਂ ਡੋਗਰ ਨੇ ਹੋਰ ਕੋਈ ਕੰਮ ਨਹੀਂ ਕੀਤਾ। ਜਦ ਉਹ ਵਿਹਲਾ ਹੁੰਦਾ ਸੀ ਤਾਂ ਬਾਵੇ ਭਲਵਾਨ ਦੇ ਡੇਰੇ 'ਤੇ ਹੀ ਰਹਿੰਦਾ ਸੀ। ਉਸਦਾ ਇਕ ਭਰਾ ਪਿੰਡ ਦਾ ਵੱਗ ਚਾਰਦਾ ਸੀ ਅਤੇ ਦੂਜਾ ਦੋਧੀ ਦਾ ਕੰਮ ਕਰਦਾ ਸੀ। ਪਿੰਡ ਛਪਾਰ ਵਿਚ ਉਸਦੀ ਇਕ ਮਕਾਨ ਤੋਂ ਬਿਨਾਂ ਹੋਰ ਕੋਈ ਜਾਇਦਾਦ ਨਹੀਂ ਸੀ।

## ਈਦੂ ਖਾਨ ਲਲੌਢਾ

ਪੁਰਾਣੀ ਪੀੜ੍ਹੀ ਦੇ ਲੋਕ ਢਾਡੀਆਂ ਵਿਚ ਜਨਾਬ ਈਦੂ ਖਾਨ ਲਲੌਢੇ ਵਾਲਾ ਵੀ ਇਕ ਨਾਮੀ ਢਾਡੀ ਹੋਇਆ ਹੈ। ਲਗਭਗ ਪੌਣੀ ਸਦੀ ਉਸਨੇ ਇਸ ਕਲਾ ਦੀ ਸੇਵਾ ਕੀਤੀ। ਅੱਜਕੱਲ੍ਹ ਦੇ ਮੂਹਰਲੀ ਕਤਾਰ ਦੇ ਲੋਕ ਢਾਡੀ ਸ਼ਰੀਫ ਈਦੂ ਦਾ ਉਹ ਪਿਓ ਸੀ। ਵਰਤਮਾਨ ਨੌਜਵਾਨ ਕੱਵਾਲ ਨੀਲੇ ਖਾਨ ਦਾ ਦਾਦਾ ਸੀ।

ਈਦੂ ਖਾਨ ਦਾ ਜਨਮ 1883 ਵਿਚ ਜ਼ਿਲ੍ਹਾ ਪਟਿਆਲਾ ਦੀ ਤਹਿਸੀਲ ਨਾਭਾ ਦੇ ਪਿੰਡ ਲਲੌਢੇ ਵਿਖੇ ਹੋਇਆ। ਉਸਦੇ ਪਿਤਾ ਦਾ ਨਾਂ ਦੁੱਲਾ ਖਾਨ ਸੀ ਅਤੇ ਮਾਤਾ ਦਾ ਨਾਂ ਸੱਬੀ ਸੀ। ਉਹ ਉਸ ਸਮੇਂ ਦੀਆਂ ਚਾਰ ਜਮਾਤਾਂ ਵੀ ਪੜ੍ਹਿਆ। ਗਾਉਣ ਵੱਲ ਬਚਪਨ ਤੋਂ ਹੀ ਉਸਦੀ ਰੁਚੀ ਸੀ। ਇਸ ਰੁਚੀ ਦਾ ਕਾਰਨ ਕਾਫੀ ਹੱਦ ਤੱਕ ਉਸਦੀ ਮਾਤਾ ਸੀ ਜੋ ਘੋੜੀਆਂ, ਸੁਹਾਗ, ਸਿੱਠਣੀਆਂ, ਟੱਪਿਆਂ ਅਤੇ ਲੋਕ ਸੰਗੀਤ ਦੇ ਹੋਰ ਰੂਪਾਂ ਵਿਚ ਪੂਰੀ ਮਾਹਰ ਸੀ। ਕੁਝ ਸਮਾਂ ਉਹ ਪਟਵਾਰੀ ਵੀ ਲੱਗਿਆ ਰਿਹਾ ਪ੍ਰੰਤੂ ਗਾਉਣ ਦੀ ਚੇਟਕ ਨੇ ਉਸਦੀ ਇਹ ਨੌਕਰੀ ਛੁਡਾ ਦਿੱਤੀ। ਆਪਣੇ ਅੰਦਰਲੀ ਕਲਾ ਜਿਸਦੀ ਜਾਗ ਉਸਦੀ ਮਾਤਾ ਨੇ ਲਾਈ ਸੀ ਨੂੰ ਮਾਂਜਣ ਸੰਵਾਰਨ ਲਈ ਉਸਨੇ ਇਲਾਕੇ ਦੇ ਮੰਨੇ ਪ੍ਰਮੰਨੇ ਗਮੰਤਰੀ ਦਿੱਤਾ ਖਾਂ ਮਜਾਲੀਆਂ ਵਾਲਾ ਨੂੰ ਉਸਤਾਦ ਧਾਰਨ ਕੀਤਾ। ਉਸਤਾਦ ਦੀ ਸੰਗਤ ਨੇ ਆਪਣਾ ਰੰਗ ਵਿਖਾਇਆ ਅਤੇ ਜਲਦੀ ਹੀ ਈਦੂ ਦਾ ਨਾਂ ਲੋਕਾਂ ਵਿਚ ਜਾਣਿਆਂ ਜਾਣ ਲੱਗ ਪਿਆ।

ਉਸਤਾਦ ਤੋਂ ਸੁਰਾਂ ਦੇ ਭੇਤ ਲੈ ਕੇ ਈਦੂ ਖਾਨ ਨੇ ਆਪਣਾ ਜਥਾ ਬਣਾ ਲਿਆ। ਇਸ ਵਿਚ ਭਾਗਪੁਰੇ ਵਾਲਾ ਫੁੰਮਣ, ਭਮਾਰਸੀ ਵਾਲਾ ਜਮਾਦਾਰ ਉਮਰਦੀਨ ਅਤੇ ਚਲੈਲੇ ਵਾਲਾ ਸੌਂਧੀ ਸ਼ਾਮਲ ਸਨ। ਸੌਂਧੀ ਸਾਰੰਗੀ ਮਾਸਟਰ ਸੀ, ਫੁੰਮਣ ਅਤੇ ਉਮਰਦੀਨ ਢਾਡੀ ਸਨ। ਈਦੂ ਖਾਨ ਨੇ ਆਪਣੇ ਜਥੇ ਨਾਲ ਲੰਮਾ ਸਮਾਂ ਪੰਜਾਬ ਦੇ ਵੱਖ ਵੱਖ ਪਿੰਡਾਂ ਅਤੇ ਮੇਲਿਆਂ 'ਤੇ ਜਾਕੇ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ। ਬਾਅਦ ਵਿਚ ਉਸਨੇ ਆਪਣੇ ਮੁੰਡਿਆਂ ਨੂੰ ਢਾਡੀ ਰਾਗ ਦੀ ਸਿਖਲਾਈ ਦੇ ਕੇ ਆਪਣੇ ਨਾਲ ਲਾ ਲਿਆ। ਉਸਦਾ ਵੱਡਾ ਮੁੰਡਾ ਕਰਮਦੀਨ ਵਧੀਆ ਗਵੱਈਆ ਨਿਕਲਿਆ। ਮੁਹੰਮਦ ਸਦੀਕ ਅਤੇ ਰਫ਼ੀਕ ਮੁਹੰਮਦ ਉਸਤੋਂ ਛੋਟੇ ਸਨ। ਦੇਸ਼ ਦੀ ਵੰਡ ਵੇਲੇ ਇਹ ਭਰ ਜਵਾਨ ਸਨ ਅਤੇ ਇਲਾਕੇ ਦੇ ਚਹੇਤੇ ਢਾਡੀ ਸਨ। ਆਪਣੇ ਚਾਹੁਣ ਵਾਲਿਆਂ ਸਦਕਾ ਹੀ ਇਨ੍ਹਾਂ ਨੇ ਪਾਕਿਸਤਾਨ ਜਾਣ ਦੀ ਥਾਂ ਆਪਣੀ ਜਨਮ ਭੂਮੀ ਤੇ ਰਹਿਣ ਨੂੰ ਤਰਜੀਹ ਦਿੱਤੀ।

ਈਦੂ ਖਾਨ ਨੇ ਆਪਣੇ ਜਥੇ ਨਾਲ ਪੂਰੇ ਪੰਜਾਬ ਨੂੰ ਗਾਹਿਆ। ਇਲਾਕੇ ਦੇ ਸਥਾਨਕ ਮੇਲਿਆਂ ਨਮਾਦੇ, ਬੂਹੀ, ਰੱਖੜਾ, ਘਰਾਚੋਂ, ਝਨੇੜੀ, ਹੀਰੋਂ ਝਾੜੋਂ ਆਦਿ ਅਤੇ ਪੰਜਾਬ ਦੇ

ਪ੍ਰਸਿੱਧ ਮੇਲਿਆਂ ਛਪਾਰ, ਜਰਗ, ਜਗਰਾਵਾਂ ਦੀ ਰੋਸ਼ਨੀ, ਸੰਗਰੂਰ ਦੇ ਦੁਸਹਿਰੇ ਤੋਂ ਇਲਾਵਾ ਨੈਣਾਂ ਦੇਵੀ, ਪਹੋਏ, ਕਪਾਲ ਮੋਚਨ ਜਿਹੇ ਧਾਰਮਿਕ ਮੇਲਿਆਂ 'ਤੇ ਵੀ ਇਹ ਆਪਣੀ ਹਾਜ਼ਰੀ ਲੁਆਉਂਦੇ ਸਨ। 'ਹੀਰ' ਇਹ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਹੀ ਗਾਉਂਦੇ ਸਨ। 'ਪੂਰਨ' ਕਰਮ ਸਿੰਘ ਟੂਸਿਆਂ ਵਾਲੇ ਦਾ ਅਤੇ 'ਸੱਸੀ' ਨੱਥਾ ਸਿੰਘ ਨਰੜੂ ਵਾਲੇ ਦੀ ਗਾਉਂਦੇ ਸਨ। ਇਨ੍ਹਾਂ ਤੋਂ ਬਿਨਾਂ ਕੌਲਾਂ, ਦੁੱਲਾ, ਮਿਰਜ਼ਾ, ਦਹੂਦ ਵੀ ਲੋਕਾਂ ਦੀ ਮੰਗ ਅਨੁਸਾਰ ਗਾਉਂਦੇ ਸਨ। ਇਕ ਦੋ ਨਮੂਨੇ 'ਹੀਰ' ਅਤੇ 'ਪੂਰਨ' ਵਿਚੋਂ ਪੇਸ਼ ਹਨ:-

- *ਸੁਣ ਕੇ ਢੂਲਾਂ ਤੋਂ ਸਾਹ ਸੁੱਕਿਆ ਹੀਰ ਸਿਆਲ ਦਾ,*
  *ਜੇ ਗੱਲ ਸੱਚ ਸਹਿਤੀਏ ਮੈਂ ਡੁੱਬ ਗੀ ਬਿਨ ਪਾਣੀ ।*
  *ਭਰਕੇ ਢਾਬਾਂ ਵਰਗੇ ਨੇਤਰ ਬੈਠੀ ਡੋਲ੍ਹ ਦੀ,*
  *ਸੁਣਕੇ ਕਾਂਬਾ ਚੜ੍ਹ ਗਿਆ ਹਾਲਤ ਰੂਹ ਕੁਮਲਾਣੀ ।*
  *ਬਾਰਾਂ ਵਰ੍ਹੇ ਚਰਾ ਕੇ ਮੇਹੀਂ ਕਾਰਨ ਡੁੱਬਗੀ ਦੀ,*
  *ਹੁਣ ਪੜਵਾ ਲੇ ਕੰਨ ਮੈਂ ਮਰੀ ਨਾ ਖਸਮਾਂ ਖਾਣੀ ।*
  *ਜ਼ਿੰਦੜੀ ਵਾਰ ਮਜੂਰੀ ਦੇ ਦਿਆਂ ਬਾਰਾਂ ਸਾਲਾਂ ਦੀ,*
  *ਉਰੇ ਨਾ ਨਿਬੱੜਿਆ ਅਗੰਤ ਦਿੱਤੀ ਨਾ ਜਾਣੀ ।* (ਹੀਰ)

- *ਦੇਖਕੇ ਰਾਜਾ ਰੱਤ ਨੂੰ ਬਹੁਤ ਹੋ ਗਿਆ ਦਿਲਗੀਰ ,*
  *ਉੱਚੀ ਰੋਂਦਾ ਨੀ ਡਰਦਾ ਡੈਣ ਤੋਂ ਅੱਖੀਓਂ ਨੀ ਸਿੱਟਦਾ ਨੀਰ ।*
  *ਨੇਤਰ ਪੂੰਝਦਾ ਨਾਲ ਰੁਮਾਲ ਦੇ, ਵਰਤ ਗਈ ਤਕਦੀਰ ,*
  *ਆਣ ਦੁੱਖਾਂ ਨੇ ਘੇਰੇ ਘੱਤ ਲਏ, ਸੁੱਖ ਉਡ ਗਏ ਘੱਤ ਵਹੀਰ ।* (ਪੂਰਨ)

ਈਦੂ ਖਾਨ ਨੇ ਦੋ ਵਿਆਹ ਕਰਵਾਏ ਇਨ੍ਹਾਂ ਤੋਂ ਉਸਦੇ ਸੱਤ ਪੁੱਤਰ ਹੋਏ। ਇਹ ਸਾਰੇ ਕਿਸੇ ਨਾ ਕਿਸੇ ਰੂਪ ਵਿਚ ਲੋਕ ਗਾਇਕੀ ਨਾਲ ਜੁੜੇ ਹੋਏ ਹਨ। ਵੱਡਾ ਕਰਮਦੀਨ ਜਿਸਦੀ ਮੌਤ ਕੁਝ ਦੇਰ ਪਹਿਲਾਂ ਹੋ ਗਈ ਸੀ ਲੰਮਾ ਸਮਾਂ ਈਦੂ ਖਾਨ ਨਾਲ ਗਾਉਂਦਾ ਰਿਹਾ। ਸ਼ਰੀਫ ਈਦੂ ਵਰਤਮਾਨ ਲੋਕ ਢਾਡੀਆਂ ਵਿਚ ਮੂਹਰਲੀ ਕਤਾਰ ਦਾ ਢਾਡੀ ਹੈ। ਉਸਦੇ ਪੋਤੇ ਮੁਰਲੀ ਖਾਨ, ਨੀਲੇ ਖਾਨ ਆਦਿ ਵੀ ਏਸੇ ਲਾਈਨ ਤੇ ਚੱਲ ਰਹੇ ਹਨ।

ਅਖੀਰ 11 ਨਵੰਬਰ 1983 ਨੂੰ 100 ਸਾਲਾਂ ਦੀ ਲੰਮੀ ਉਮਰ ਭੋਗਕੇ ਈਦੂ ਖਾਨ ਸਦਾ ਲਈ ਇਸ ਫ਼ਾਨੀ ਜਹਾਨ ਨੂੰ ਅਲਵਿਦਾ ਕਹਿ ਗਿਆ ਅਤੇ ਇਕ ਭਰਿਆ ਪੂਰਾ ਪਰਵਾਰ ਲੋਕ ਗਾਇਕੀ ਦੇ ਭੰਡਾਰ ਨੂੰ ਪ੍ਰਫੁੱਲਤ ਕਰਨ ਲਈ ਛੱਡ ਗਿਆ।

## ਮੁਨਸ਼ੀ ਤੇ ਸੰਤਾ ਸ਼ੇਰੋਂ ਵਾਲੇ

ਪੁਰਾਣੀ ਪੀੜ੍ਹੀ ਦੇ ਢਾਡੀਆਂ ਵਿੱਚੋਂ ਸ਼ੇਰੋਂ ਵਾਲੇ ਮੁਨਸ਼ੀ ਦਾ ਨਾਂ ਵੀ ਮੂਹਰਲੀ ਕਤਾਰ ਦੇ ਢਾਡੀਆਂ ਵਿਚ ਆਉਂਦਾ ਹੈ। ਉਸਦੀਆਂ ਦੋ ਪੀੜ੍ਹੀਆਂ ਇਸ ਕਲਾ ਨਾਲ ਜੁੜੀਆਂ ਰਹੀਆਂ ਹਨ। ਉਸਦੇ ਪਰਵਾਰਕ ਜਥੇ ਨੇ ਵੀ ਗੁਰਮਾਂ ਵਾਲੇ ਢਾਡੀਆਂ ਵਾਂਗ ਖੂਬ ਨਾਂ ਕਮਾਇਆ ਅਤੇ ਲੋਕਾਂ ਦੇ ਦਿਲਾਂ 'ਤੇ ਆਪਣੀ ਕਲਾ ਦੀ ਗਹਿਰੀ ਛਾਪ ਛੱਡੀ।

ਮੁਨਸ਼ੀ ਦਾ ਜਨਮ ਜ਼ਿਲ੍ਹਾ ਸੰਗਰੂਰ ਦੀ ਸੁਨਾਮ ਤਹਿਸੀਲ ਦੇ ਪਿੰਡ ਸ਼ੇਰੋਂ ਵਿਖੇ 1890 ਦੇ ਨੇੜੇ ਤੇੜੇ ਹੋਇਆ। ਇਸ ਦੇ ਪਿਓ ਦਾ ਨਾਂ ਗੋਕਲ ਸੀ। ਇਹ ਜਾਤ ਦਾ ਨਾਈ ਸੀ ਅਤੇ ਗੁਰਮਾਂ ਵਾਲੇ ਢਾਡੀਆਂ ਦਾ ਰਿਸ਼ਤੇਦਾਰ ਸੀ। ਮੁਨਸ਼ੀ ਦੀ ਵੱਡੀ ਭੈਣ ਗੁਰਮਾਂ ਵਾਲੇ ਹਰਨਾਮ ਸਿੰਘ ਨਾਲ ਵਿਆਹੀ ਹੋਈ ਸੀ। ਹਰਨਾਮ ਸਿੰਘ ਇੱਕ ਵਧੀਆ ਕਵੀਸ਼ਰ ਸੀ ਅਤੇ ਖੁਦ ਕਾਵਿ ਰਚਨਾ ਵੀ ਕਰਦਾ ਸੀ। ਮੁਨਸ਼ੀ ਨੂੰ ਵੀ ਏਥੋਂ ਹੀ ਗਾਉਣ ਦੀ ਚੇਟਕ ਲੱਗੀ। ਕਿਉਂਕਿ ਹਰਨਾਮ ਸਿੰਘ ਦਾ ਛੋਟਾ ਭਾਈ ਈਸ਼ਰ ਸਿੰਘ ਢੱਡ ਸਾਰੰਗੀ ਨਾਲ ਗਾਉਂਦਾ ਸੀ। ਇਸ ਲਈ ਮੁਨਸ਼ੀ ਨੇ ਉਸਤੋਂ ਢਾਡੀ ਰਾਗ ਦੀ ਦੀਖਿਆ ਪ੍ਰਾਪਤ ਕੀਤੀ। ਪੰਜ ਸਾਲ ਉਨ੍ਹਾਂ ਦੇ ਜਥੇ ਨਾਲ ਰਿਹਾ ਅਤੇ ਬਾਅਦ ਵਿਚ ਆਪਣਾ ਜਥਾ ਬਣਾ ਲਿਆ।

ਮੁਨਸ਼ੀ ਦੇ ਜਥੇ ਵਿਚ ਉਸਦਾ ਆਪਣਾ ਭਰਾ ਜਬਰਾ ਅਤੇ ਸ਼ੇਰੋਂ ਦਾ ਹੀ ਹੀਰਾ ਸਿੰਘ ਸ਼ਾਮਲ ਸੀ। ਇਸ ਜਥੇ ਨੇ ਲੰਮਾ ਸਮਾਂ ਆਪਣੀ ਕਲਾ ਨਾਲ ਇਲਾਕੇ ਦੇ ਸਰੋਤਿਆਂ ਅਤੇ ਮਾਲਵਾ ਖੇਤਰ ਦੇ ਦੂਜੇ ਇਲਾਕਿਆਂ ਦੇ ਸਰੋਤਿਆਂ ਦੀ ਸੇਵਾ ਕੀਤੀ। ਮੁਨਸ਼ੀ ਹੁਰੀਂ ਆਮਤੌਰ ਤੇ ਪੰਜਾਬ ਦੇ ਲੋਕ ਮੇਲਿਆਂ ਜਿਵੇਂ ਜਰਗ, ਛਪਾਰ, ਜਗਰਾਵਾਂ ਦੀ ਰੋਸ਼ਨੀ, ਜੈਤੋਂ ਦੀ ਮੰਡੀ, ਸੰਗਰੂਰ ਦੇ ਦੁਸਹਿਰੇ ਤੋਂ ਇਲਾਵਾ ਧਾਰਮਿਕ ਮੇਲਿਆਂ ਕਪਾਲ ਮੋਚਨ, ਪਹੋਏ ਅਤੇ ਨੈਣਾਂ ਦੇਵੀ ਦੇ ਮੇਲਿਆਂ 'ਤੇ ਵੀ ਅਖਾੜੇ ਲਾਉਂਦੇ ਸਨ।

ਇਹ ਆਮ ਪ੍ਰਚੱਲਤ ਲੋਕ ਗਾਥਾਵਾਂ ਹੀਰ, ਮਿਰਜ਼ਾ, ਮਲਕੀ ਕੀਮਾ, ਬੇਗੋਨਾਰ, ਪੂਰਨ ਭਗਤ, ਕੌਲਾਂ ਭਗਤਣੀ, ਦੁੱਲਾ ਭੱਟੀ, ਰਾਜਾ ਰਸਾਲੂ ਆਦਿ ਗਾਉਂਦੇ ਸਨ। ਮੇਲਿਆਂ ਤੇ ਬਹੁਤੀ ਵਾਰ ਆਪਣੀ ਮਰਜ਼ੀ ਨਾਲ ਪਰ ਸਾਈ ਦੇ ਅਖਾੜਿਆਂ ਤੇ ਸਰੋਤਿਆਂ ਦੀ ਰਜ਼ਾ ਅਨੁਸਾਰ ਪ੍ਰਸੰਗ ਸੁਣਾਇਆ ਜਾਂਦਾ ਸੀ।

ਮੁਨਸ਼ੀ ਨੇ ਆਪਣੇ ਮੁੰਡਿਆਂ ਨੂੰ ਵੀ ਆਪਣੀ ਹੀ ਲਾਈਨ ਤੇ ਤੋਰਿਆ। ਉਸਦਾ ਵੱਡਾ ਮੁੰਡਾ ਸੰਤਾ ਚੜ੍ਹਦੀ ਉਮਰੇ ਹੀ ਆਪਣੇ ਪਿਓ ਵਾਂਗ ਵਧੀਆ ਗਵੱਈਆ ਬਣ ਗਿਆ। ਉਸਤੋਂ ਛੋਟੇ ਸੇਵਾ ਤੇ ਮਿਸਰਾ ਵੀ ਚੰਗੇ ਢਾਡੀ ਨਿਕਲੇ। ਸੰਤਾ ਆਪ ਸਾਰੰਗੀ ਵਜਾਉਂਦਾ ਸੀ ਅਤੇ ਛੇਤੀ ਹੀ ਆਗੂ ਬਣਕੇ ਆਪਣੇ ਭਰਾਵਾਂ ਦੇ ਜਥੇ ਦੀ ਅਗਵਾਈ ਕਰਨ ਲੱਗ ਪਿਆ।

ਸੰਤੇ ਦਾ ਜਨਮ 1918 ਵਿਚ ਹੋਇਆ। ਉਸਤੋਂ ਛੋਟੇ ਸੇਵਾ ਤੇ ਮਿਸਰਾ 1920 ਅਤੇ 1922 ਵਿਚ ਪੈਦਾ ਹੋਏ। ਪਹਿਲਾਂ ਇਹ ਆਪਣੇ ਪਿਓ ਦੀ ਅਗਵਾਈ ਵਿਚ ਗਾਉਂਦੇ ਰਹੇ। ਜਦੋਂ ਮੁਨਸ਼ੀ ਬੁੱਢਾ ਹੋ ਗਿਆ ਤਾਂ ਅਗਵਾਈ ਸੰਤੇ ਨੇ ਸੰਭਾਲ ਲਈ। ਪੂਰੇ ਤੀਹ ਸਾਲ ਸੰਤੇ ਹੁਰਾਂ ਨੇ ਨਿੱਠ ਕੇ ਗਾਇਆ। ਜਦੋਂ ਅੱਠਵੇਂ ਦਹਾਕੇ ਵਿਚ ਨਵੀਂ ਪੀੜ੍ਹੀ ਇਸ ਗਾਇਣ ਸ਼ੈਲੀ ਤੋਂ ਮੂੰਹ ਮੋੜਨ ਲੱਗ ਪਈ ਤਾਂ ਸੰਤੇ ਹੁਰੀਂ ਵੀ ਗਾਉਣਾ ਛੱਡ ਕੇ ਘਰ ਬੈਠ ਗਏ। ਉਨ੍ਹਾਂ ਦੀ ਔਲਾਦ ਵੀ ਉਹਨਾਂ ਵਾਲੀ ਲੀਹ ਤੇ ਨਾ ਚੱਲੀ ਸਗੋਂ ਰੋਜ਼ੀ ਰੋਟੀ ਲਈ ਉਹ ਦੂਸਰੇ ਧੰਦਿਆਂ ਵਿਚ ਪੈ ਗਏ।

ਅੱਸੀਆਂ ਸਾਲਾਂ ਦਾ ਸੰਤਾ ਸਿੰਘ ਜਿਸਦੀ ਨਿਗਾਹ ਹੁਣ ਜਵਾਬ ਦੇ ਗਈ ਹੈ, ਬੀਤੇ ਵੇਲੇ ਦੀਆਂ ਅਣਗਿਣਤ ਅਭੁੱਲ ਯਾਦਾਂ ਆਪਣੇ ਸੀਨੇ ਵਿਚ ਸਾਂਭੀਂ ਬੈਠਾ ਹੈ। ਉਨ੍ਹਾਂ ਦਿਨਾਂ ਨੂੰ ਯਾਦ ਕਰਕੇ ਅੱਜ ਵੀ ਉਸਨੂੰ ਕੋਈ ਅਗੰਮੀ ਸਰੂਰ ਚੜ੍ਹ ਜਾਂਦਾ ਹੈ।

# ਨਗੀਨਾ ਸਿੰਘ ਈਸੜੂ

ਲੋਕ ਢਾਡੀਆਂ ਦੀ ਸੂਚੀ ਵਿਚ ਈਸੜੂ ਵਾਲਾ ਨਗੀਨਾ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਅੱਜ ਵੀ ਛਪਾਰ ਦੇ ਮੇਲੇ 'ਤੇ ਆਉਣ ਵਾਲੇ ਪੁਰਾਣੇ ਬਜੁਰਗ ਹੁੱਬ ਕੇ ਦਸਦੇ ਹਨ ਕਿ ਨਗੀਨਾ, ਨਗੀਨਾ ਈ ਸੀ। ਉਹ ਲੋਕ ਢਾਡੀ ਕਲਾ ਰੂਪੀ ਮੁੰਦਰੀ ਦਾ ਅਨਮੋਲ ਨਗੀਨਾ ਸੀ।

ਨਗੀਨੇ ਦਾ ਜਨਮ 1920 ਦੇ ਲਗਭਗ ਲੁਧਿਆਣੇ ਜ਼ਿਲ੍ਹੇ ਦੀ ਖੰਨਾ ਤਹਿਸੀਲ ਦੇ ਇਤਿਹਾਸਕ ਪ੍ਰਸਿੱਧੀ ਵਾਲੇ ਪਿੰਡ ਈਸੜੂ ਵਿਖੇ ਹੋਇਆ। ਪਿਤਾ ਦਾ ਨਾਂ ਸੁੱਧਾ ਸਿੰਘ ਸੀ ਜੋ ਖੇਤੀਬਾੜੀ ਕਰਦਾ ਸੀ। ਨਗੀਨੇ ਹੁਰੀਂ ਤਿੰਨ ਭਰਾ ਸਨ ਅਤੇ ਨਗੀਨਾ ਸਭ ਤੋਂ ਛੋਟਾ ਸੀ। ਉਹ ਸਕੂਲੀ ਪੜ੍ਹਾਈ ਦਾ ੳ, ਅ ਵੀ ਨਹੀਂ ਪੜ੍ਹਿਆ। ਬਚਪਨ ਵਿਚ ਹੀ ਉਸਨੂੰ ਅਖਾੜੇ ਸੁਣਨ ਦਾ ਬੇਹੱਦ ਸ਼ੌਕ ਸੀ। ਇਹ ਸ਼ੌਕ ਉਸਨੂੰ ਜਰਗ ਦੇ ਮੇਲੇ 'ਤੇ ਲਗਦੇ ਲੋਕ ਢਾਡੀਆਂ ਦੇ ਅਖਾੜਿਆਂ ਤੋਂ ਲੱਗਿਆ ਜਿਥੇ ਉਹ ਬਚਪਨ ਤੋਂ ਹੀ ਮੇਲਾ ਵੇਖਣ ਜਾਂਦਾ ਸੀ ਕਿਉਂਕਿ ਜਰਗ ਉਸਦਾ ਗੁਆਂਢੀ ਪਿੰਡ ਸੀ।

ਆਪਣੇ ਅੰਦਰਲੀ ਗਾਇਕੀ ਦੀ ਭੁੱਖ ਨੂੰ ਮਿਟਾਉਣ ਲਈ ਉਸਨੇ ਮਸ਼ਹੂਰ ਢਾਡੀ ਛਪਾਰੀਏ ਡੋਗਰ ਨੂੰ ਆਪਣਾ ਉਸਤਾਦ ਬਣਾ ਲਿਆ। ਕਈ ਸਾਲ ਉਸਤਾਦ ਤੋਂ ਢਾਡੀ ਰਾਗ ਦੀ ਸਿੱਖਿਆ ਲਈ। ਉਸਦੇ ਜਥੇ ਵਿਚ ਰਹਿਕੇ ਪੂਰੇ ਪੰਜਾਬ ਵਿਚ ਘੁੰਮਿਆ। ਪੰਜਾਬ ਤੋਂ ਬਾਹਰਲੇ ਧਾਰਮਿਕ ਮੇਲਿਆਂ ਪਹੋਏ, ਨੈਣਾ ਦੇਵੀ ਅਤੇ ਕਪਾਲ ਮੋਚਨ ਤੇ ਹਰ ਸਾਲ ਇਹ ਆਪਣੀ ਹਾਜ਼ਰੀ ਲੁਆਉਂਦੇ ਸਨ। ਜਰਗ ਦੇ ਮੇਲੇ 'ਤੇ ਤਾਂ ਉਹ ਇੱਕ ਤਰ੍ਹਾਂ ਨਾਲ ਮੇਜ਼ਬਾਨ ਹੁੰਦਾ ਸੀ। ਬਹੁਤੇ ਜਥੇ ਉਸਦੇ ਘਰ ਹੀ ਠਹਿਰਦੇ ਸਨ।

ਦੇਸ ਵੰਡ ਤੋਂ ਬਾਅਦ ਡੋਗਰ ਦੇ ਪਾਕਿਸਤਾਨ ਚਲੇ ਜਾਣ ਕਾਰਨ ਨਗੀਨਾ ਸ਼ੇਰ ਸਿੰਘ ਬੋਪਾਰਾਏ ਦੇ ਜਥੇ ਨਾਲ ਗਾਉਣ ਲੱਗ ਪਿਆ। ਇਸ ਜਥੇ ਵਿਚ ਗੰਗਾ ਸਿੰਘ ਸਾਰੰਗੀ ਮਾਸਟਰ ਸੀ। ਕਈ ਸਾਲ ਇਨ੍ਹਾਂ ਨੇ ਇਕੱਠਿਆਂ ਗਾਇਆ। ਨਗੀਨੇ ਦੀ ਆਵਾਜ਼ ਜੋਸ਼ੀਲੀ, ਬੁਲੰਦ ਅਤੇ ਸੁਰੀਲੀ ਸੀ, ਜੋ ਟਿਕੀ ਰਾਤ ਵਿਚ ਦੂਰ-ਦੂਰ ਤੱਕ ਸੁਣਾਈ ਦਿੰਦੀ ਸੀ।

ਦੂਜੇ ਢਾਡੀਆਂ ਵਾਂਗ ਨਗੀਨਾ ਸਿੰਘ ਹੁਰੀਂ ਵੀ ਆਮ ਪ੍ਰਚੱਲਤ ਲੋਕ ਗਾਥਾਵਾਂ ਹੀਰ, ਮਿਰਜ਼ਾ, ਸੱਸੀ, ਬੇਗੋਨਾਰ, ਪੂਰਨ ਭਗਤ, ਸ਼ਾਹਣੀ ਕੌਲਾਂ, ਜਗਦੇਵ ਪਮਾਰ, ਦੁੱਲਾ ਭੱਟੀ ਆਦਿ ਹੀ ਗਾਉਂਦੇ ਸਨ। ਇਹ ਕੁਝ ਰਚਨਾਵਾਂ ਈਸੜੂ ਵਾਲੇ ਕਵੀਸ਼ਰ ਕਰਤਾਰ ਸਿੰਘ ਦੀਆਂ ਵੀ ਗਾਉਂਦੇ ਸਨ।

ਨਗੀਨਾ ਸਿੰਘ ਦਰਮਿਆਨੇ ਕੱਦ ਦਾ, ਭਰਵੇਂ ਜੁੱਸੇ ਵਾਲਾ ਸ਼ੁਕੀਨ ਗੱਭਰੂ ਸੀ। ਗਾਉਣ ਸਮੇਂ ਚਿੱਟਾ ਕੁੜਤਾ ਚਾਦਰਾ ਪਾਉਂਦਾ ਸੀ। ਕੁੜਤੇ ਨੂੰ ਸੋਨੇ ਦੇ ਬਟਨ ਅਤੇ ਗਲ ਕੰਠਾ ਪਾਕੇ ਤੁਰਲੇ ਵਾਲੀ ਪੱਗ ਬੰਨ੍ਹਦਾ ਸੀ। ਪੈਰੀਂ ਕੱਢਵੀਂ ਨੋਕਦਾਰ ਜੁੱਤੀ ਹੁੰਦੀ ਸੀ। ਗਲਾਸੀ ਦਾ ਪੂਰਾ ਸ਼ੁਕੀਨ ਸੀ। ਜਦੋਂ ਨਸ਼ੇ ਦੀ ਲੋਰ ਵਿਚ ਬਾਂਹ ਉਚੀ ਕਰਕੇ ਬੋਲ ਕੱਢਦਾ ਤਾਂ ਸਰੋਤੇ ਅਸ਼ ਅਸ਼ ਕਰ ਉਠਦੇ।

ਚੜ੍ਹਦੀ ਜਵਾਨੀ ਵਿਚ ਨਗੀਨਾ ਸਿੰਘ ਦਾ ਵਿਆਹ ਜਸਵੰਤ ਕੌਰ ਨਾਲ ਹੋਇਆ। ਉਸਦਾ ਲੜਕਾ ਸਾਧੂ ਸਿੰਘ ਰੋਡਵੇਜ਼ ਵਿਚ ਮੁਲਾਜ਼ਮ ਹੈ। ਨਗੀਨਾ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਗੌਣ ਨੂੰ ਸਮਰਪਿਤ ਕਰ ਦਿੱਤੀ। ਉਹ ਮਰਦੇ ਦਮ ਤੱਕ ਇਸ ਕਲਾ ਨਾਲ ਜੁੜਿਆ ਰਿਹਾ। ਗਲਾਸੀ ਦਾ ਉਸਦਾ ਸ਼ੌਂਕ ਵਧਦਾ ਗਿਆ ਅਤੇ ਪਿਛੋਂ ਜਾ ਕੇ ਉਸਦੀ ਕਮਜ਼ੋਰੀ ਬਣ ਗਿਆ। ਜਿਸ ਸਦਕਾ ਉਸਦਾ ਸਰੀਰਕ ਬਲ ਘਟਦਾ ਗਿਆ। ਅੰਤ 1970 ਦੇ ਲਗਭਗ ਢਾਡੀ ਕਲਾ ਦਾ ਇਹ ਅਨਮੋਲ ਨਗੀਨਾ ਆਪਣੀ ਆਖਰੀ ਭਾਹ ਦਿਖਾਕੇ ਸਦਾ ਲਈ ਅਲੋਪ ਹੋ ਗਿਆ, ਪਰੰਤੂ ਪਿਛੇ ਛੱਡ ਗਿਆ ਆਪਣੀਆਂ ਯਾਦਾਂ ਜਿਨ੍ਹਾਂ ਸਦਕਾ ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਹਮੇਸ਼ਾ ਉਸਨੂੰ ਯਾਦ ਕੀਤਾ ਜਾਂਦਾ ਰਹੇਗਾ।

## ਪੂਰਨ ਸਿੰਘ ਫਿੱਡਿਆਂ ਵਾਲਾ

ਪੂਰਨ ਸਿੰਘ ਫਿੱਡਿਆਂ ਵਾਲਾ ਵੀ ਫਰੀਦਕੋਟ ਬਠਿੰਡਾ ਇਲਾਕੇ ਵਿਚ ਮਸ਼ਹੂਰ ਗਵੱਈਆ ਰਿਹਾ ਹੈ। ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਇਹ ਨਾਂ ਵੀ ਦਰਜ ਕਰਨਾ ਬਣਦਾ ਹੈ।

ਪੂਰਨ ਸਿੰਘ ਪਿੰਡ ਫਿੱਡੇ ਖੁਰਦ ਦਾ ਰਹਿਣ ਵਾਲਾ ਸੀ। ਇਹ ਪਿੰਡ ਜ਼ਿਲ੍ਹਾ ਮੁਕਤਸਰ ਵਿਚ ਹੈ ਅਤੇ ਸਰਾਏ ਨਾਗੇ ਦੇ ਨੇੜੇ ਪੈਂਦਾ ਹੈ। ਉਹ ਜਾਤ ਦਾ ਮਜ਼੍ਹਬੀ ਸਿੱਖ ਸੀ। ਉਸਦੇ ਪਿਤਾ ਦਾ ਨਾਂ ਅਤਰ ਸਿੰਘ ਸੀ। ਪੂਰਨ ਨੂੰ ਗਾਇਕੀ ਵਿਰਸੇ ਵਿਚ ਹੀ ਮਿਲੀ ਕਿਉਂਕਿ ਉਸਦਾ ਪਿਓ ਅਤਰ ਸਿੰਘ ਅਤੇ ਤਾਇਆ ਝੱਖੜ ਸਿੰਘ ਦੋਵੇਂ ਜਣੇ ਚੰਗੇ ਗਮੰਤਰੀ ਸਨ। ਇਸ ਇਲਾਕੇ ਵਿਚ ਆਮ ਤੌਰ ਤੇ ਦੋ ਗਮੰਤਰੀਆਂ ਦਾ ਹੀ ਜੁੱਟ ਹੁੰਦਾ ਸੀ। ਇੱਕ ਸਾਜ਼ੀ ਭਾਵ ਸਾਰੰਗੀਵਾਦਕ ਅਤੇ ਦੂਜਾ ਢਾਡੀ ਭਾਵ ਢੱਡ ਵਾਦਕ। ਇਸ ਲਈ ਦੋਵੇਂ ਭਰਾ ਜੁੱਟ ਬਣਾਕੇ ਗਾ ਰਹੇ ਸਨ। ਪੂਰਨ ਨੇ ਘਰ ਵਿਚ ਗੌਣ ਸੁਣਦਿਆਂ ਹੀ ਆਪਣਾ ਬਚਪਨ ਬਿਤਾਇਆ। ਸੁਰਤ ਸੰਭਾਲਦਿਆਂ ਛੋਟੀ ਉਮਰ ਵਿਚ ਹੀ ਉਸਨੇ ਢੱਡ 'ਤੇ ਠੋਲੇ ਲਾਉਣੇ ਅਤੇ ਸਾਰੰਗੀ ਦੀਆਂ ਤਾਰਾਂ 'ਤੇ ਗਜ਼ ਫੇਰਨਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਪਿਓ ਅਤੇ ਤਾਏ ਤੋਂ ਉਸਨੇ ਬਹੁਤ ਸਾਰਾ ਗੌਣ ਕੰਠ ਕਰ ਲਿਆ ਅਤੇ ਸਾਰੰਗੀ ਵੀ ਚੰਗੀ ਵਜਾਉਣ ਲੱਗ ਪਿਆ।

ਭਾਵੇਂ ਪੂਰਨ ਨੇ ਘਰ ਤੋਂ ਹੀ ਗਾਇਕੀ ਵਿਚ ਚੰਗੀ ਮੁਹਾਰਤ ਹਾਸਲ ਕਰ ਲਈ ਸੀ ਪਰੰਤੂ ਉਸ ਦੇ ਪਿਓ ਤੇ ਤਾਏ ਦੀ ਇੱਛਾ ਸੀ ਕਿ ਉਹ ਕਿਸੇ ਨਾਮੀ ਉਸਤਾਦ ਦਾ ਥਾਪੜਾ ਪ੍ਰਾਪਤ ਕਰੇ। ਇਸ ਥਾਪੜੇ ਬਿਨਾ ਪੂਰਨ ਵੀ ਆਪਣੇ ਆਪ ਨੂੰ ਅਪੂਰਨ ਸਮਝਦਾ ਸੀ। ਆਪਣੀ ਅਪੂਰਨਤਾ ਨੂੰ ਪੂਰਾ ਕਰਨ ਲਈ ਉਸਨੇ ਗਿੱਦੜਬਾਹੇ ਦੇ ਨੇੜਲੇ ਪਿੰਡ ਪਿਉਰੀ ਦੇ ਉਸਤਾਦ ਗਮੰਤਰੀ ਚੂਹੇ ਮਰਾਸੀ ਦੇ ਦੁਆਰੇ ਜਾ ਅਲਖ ਜਗਾਈ ਅਤੇ ਗੌਣ ਦੀ ਖੈਰ ਮੰਗੀ। ਉਸਤਾਦ ਨੇ ਆਪਣੀਆਂ ਬਰਕਤਾਂ ਨਾਲ ਉਸਦੀ ਝੋਲੀ ਭਰ ਦਿੱਤੀ। ਉਸਤਾਦ ਦੀ ਸੰਗਤ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਪੂਰਨ ਕੁਝ ਸਮੇਂ ਵਿਚ ਹੀ ਭਰਿਆ ਪੂਰਾ ਪੂਰਨ ਬਣ ਗਿਆ।

ਉਸਤਾਦ ਤੋਂ ਆਗਿਆ ਲੈ ਕੇ ਪੂਰਨ ਨੇ ਆਪ ਆਗੂ ਬਣਕੇ ਗਾਉਣਾ ਸ਼ੁਰੂ ਕਰ ਦਿੱਤਾ। ਬੁਲੰਦ ਆਵਾਜ਼ ਅਤੇ ਸਾਰੰਗੀ ਦਾ ਮਾਹਰ ਹੋਣ ਕਾਰਨ ਪੂਰਨ ਦੀ ਛੇਤੀ ਹੀ ਇਲਾਕੇ ਵਿਚ ਚੰਗੀ ਪੈਂਠ ਪੈ ਗਈ। ਕੁਝ ਸਮਾਂ ਵੱਖ-ਵੱਖ ਗਮੰਤਰੀਆਂ ਨਾਲ ਗਾਉਣ ਤੋਂ ਬਾਅਦ ਉਸਦਾ ਮੇਲ ਮਧੀਰ ਵਾਲੇ ਬੰਤ ਸਿੰਘ ਨਾਲ ਹੋਇਆ। ਬੰਤ ਸਿੰਘ ਵੀ ਇਲਾਕੇ ਦਾ ਮੰਨਿਆ ਹੋਇਆ ਢਾਡੀ ਸੀ। ਦੋਹਾਂ ਦਾ ਵਧੀਆ ਜੁੱਟ ਬਣ ਗਿਆ। ਇਹਨਾਂ ਨਾਲ

ਤੀਜਾ ਸਾਥੀ ਰਲ ਗਿਆ ਮਾਛੀ ਬੁਗਰੇ ਦਾ ਗੱਜਣ ਸਿੰਘ। ਇਸ ਜੁੱਟ ਨੇ ਮਿਲਕੇ ਪੂਰੇ ਅਠਾਰਾਂ ਸਾਲ ਇਕੱਠਿਆਂ ਅਖਾੜੇ ਲਾਏ। ਕਹਿੰਦੇ ਹਨ ਕਿ ਇੱਕ ਸਮੇਂ ਇਨ੍ਹਾਂ ਦੇ ਜੁੱਟ ਦਾ ਗਮੰਤਰੀਆਂ ਵਿਚ ਏਨਾ ਦਬਦਬਾ ਬਣ ਗਿਆ ਸੀ ਕਿ ਆਮ ਗਮੰਤਰੀ ਤਾਂ ਇਨ੍ਹਾਂ ਦੇ ਨੇੜੇ ਅਖਾੜਾ ਲਾਉਣ ਦੀ ਹਿੰਮਤ ਨਹੀਂ ਸੀ ਕਰਦਾ।

ਆਮ ਲੋਕ ਢਾਡੀਆਂ ਵਾਂਗ ਪੂਰਨ ਹੁਰੀਂ ਵੀ ਲੋਕਾਂ ਵਿਚ ਪ੍ਰਚੱਲਿਤ ਲੋਕ ਗਾਥਾਵਾਂ ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂ, ਸੋਹਣੀ ਮਹੀਵਾਲ, ਪੂਰਨ ਭਗਤ, ਸ਼ਾਹਣੀ ਕੌਲਾਂ, ਰਾਜਾ ਰਸਾਲੂ, ਦੁੱਲਾ ਭੱਟੀ, ਜਿਉਣਾ ਮੌੜ ਆਦਿ ਗਾਉਂਦੇ ਸਨ। ਹੀਰ ਦੀਆਂ ਕਲੀਆਂ ਉਹ ਹਜੂਰਾ ਸਿੰਘ ਬੁਟਾਹਰੀ ਵਾਲੇ ਦੀਆਂ, ਪੂਰਨ ਕਰਮ ਸਿੰਘ ਤੂਸਿਆਂ ਵਾਲੇ ਦਾ ਅਤੇ ਕੌਲਾਂ ਮੈਂਗਲ ਸਿੰਘ ਘੰਡੇ ਬੰਨੇ ਵਾਲੇ ਦੀ ਹੀ ਗਾਉਂਦੇ ਸਨ।

ਪੂਰਨ ਅੱਸੀ ਸਾਲ ਦੀ ਉਮਰ ਤੱਕ ਵੀ ਗਾਉਂਦਾ ਰਿਹਾ। ਉਸਦੇ ਦੋ ਮੁੰਡਿਆਂ ਵਿਚੋਂ ਕੋਈ ਵੀ ਉਸ ਵਾਲੀ ਲਾਈਨ ਤੇ ਨਾ ਚੱਲਿਆ। ਉਸਦਾ ਆਖਰੀ ਸਮਾਂ ਤੰਗੀਆਂ ਤੁਰਸ਼ੀਆਂ ਵਿਚ ਹੀ ਬੀਤਿਆ। ਉਹ ਹੀਰੋਂ ਵਾਲੇ ਨਾਥਾਂ ਦਾ ਬਹੁਤ ਉਪਾਸਕ ਸੀ। ਸੰਨ 2000 ਵਿਚ ਇੱਕ ਦਿਨ ਉਹ ਹੀਰੋਂ ਨਾਥਾਂ ਕੋਲ ਚਲਾ ਗਿਆ। ਰਾਤ ਨੂੰ ਉਥੇ ਉਹ ਸੁੱਤਾ ਪਿਆ ਹੀ ਇਸ ਫਾਨੀ ਜਹਾਨ ਤੋਂ ਸਦਾ ਲਈ ਕੂਚ ਕਰ ਗਿਆ। ਨਾਥਾਂ ਨੇ ਉਸਦੀ ਮਿਰਤਕ ਦੇਹ ਨੂੰ ਆਪਣੇ ਸੇਵਕਾਂ ਰਾਹੀਂ ਉਸਦੇ ਪਿੰਡ ਫਿੱਡੇ ਪੁਚਾਇਆ ਜਿਥੇ ਉਸਦਾ ਅੰਤਮ ਸੰਸਕਾਰ ਕੀਤਾ ਗਿਆ। ਇਸ ਤਰ੍ਹਾਂ ਪੂਰਨ ਨੇ ਆਪਣੇ ਅੰਤਮ ਸਵਾਸ ਨਾਥਾਂ ਦੇ ਟੱਲੇ ਤੇ ਹੀ ਪੂਰੇ ਕੀਤੇ।

## ਜੁਗਰਾਜ ਸਿੰਘ ਦੋਦਾ

ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਜੁਗਰਾਜ ਸਿੰਘ ਦੋਦਾ ਦਾ ਨਾਂ ਉਨ੍ਹਾਂ ਲੋਕ ਢਾਡੀਆਂ ਵਿਚ ਸ਼ਾਮਲ ਰਿਹਾ ਹੈ ਜਿਨ੍ਹਾਂ ਦੀ ਕਿਸੇ ਸਮੇਂ ਤੇ ਲੋਕਾਂ ਵਿਚ ਖ਼ੂਬ ਚਰਚਾ ਰਹੀ ਹੈ। ਅੱਜ ਵੀ ਜਾਣੂ ਲੋਕ ਉਨ੍ਹਾਂ ਨੂੰ ਯਾਦ ਕਰਕੇ ਬੀਤੇ ਦੀਆਂ ਬਾਤਾਂ ਪਾਉਣ ਲੱਗ ਜਾਂਦੇ ਹਨ।

ਜੁਗਰਾਜ ਸਿੰਘ ਦਾ ਜਨਮ 1932 ਵਿਚ ਬਠਿੰਡਾ ਮੁਕਤਸਰ ਰੋਡ ਤੇ ਵਸੇ ਪਿੰਡ ਦੋਦਾ ਵਿਖੇ ਪਿਤਾ ਠਾਣਾ ਸਿੰਘ ਦੇ ਘਰ ਮਾਤਾ ਰਾਜ ਕੌਰ ਦੀ ਕੁੱਖੋਂ ਹੋਇਆ। ਇਹ ਸਿੱਧੂ ਬਰਾੜ ਗੋਤ ਦੇ ਹਨ। ਜੁਗਰਾਜ ਹੁਰੀਂ ਪੰਜ ਭਰਾ ਸਨ ਅਤੇ ਜੁਗਰਾਜ ਚੌਥੇ ਸਥਾਨ ਤੇ ਸੀ। ਮੋਹਣ ਸਿੰਘ ਸਾਰਿਆਂ ਤੋਂ ਛੋਟਾ ਹੈ। ਜੁਗਰਾਜ ਨੇ ਸਰਕਾਰੀ ਮਿਡਲ ਸਕੂਲ ਦੋਦਾ ਤੋਂ ਚਾਰ ਜਮਾਤਾਂ ਪਾਸ ਕੀਤੀਆਂ ਪਰ ਉਸਦਾ ਦਿਲ ਪੜ੍ਹਾਈ ਵਿਚ ਨਹੀਂ ਲਗਦਾ ਸੀ। ਉਸਨੂੰ ਜਦੋਂ ਵੀ ਮੌਕਾ ਮਿਲਦਾ ਉਹ ਆਪਣੇ ਪਿੰਡ ਦੇ ਗਮੰਤਰੀ ਝਿੜੀ ਦਾਸ ਕੋਲ ਚਲਾ ਜਾਂਦਾ। ਇਸ ਤਰ੍ਹਾਂ ਗਿਆਰਾਂ ਕੁ ਸਾਲ ਦੀ ਉਮਰ ਵਿਚ ਉਸਨੂੰ ਗਾਉਣ ਦੀ ਚੇਟਕ ਲੱਗ ਗਈ। ਘਰ ਦਿਆਂ ਨੇ ਇਸ ਪਾਸੇ ਤੋਂ ਉਸਨੂੰ ਬਥੇਰਾ ਰੋਕਿਆ, ਵੱਡੇ ਭਰਾ ਅਜੈਬ ਸਿੰਘ ਨੇ ਕਈ ਵਾਰ ਉਸਦੀ ਮਾਰ ਕੁੱਟ ਵੀ ਕੀਤੀ, ਪਰ ਉਹ ਝਿੜੀ ਦਾਸ ਕੋਲ ਜਾਣ ਤੋਂ ਨਾ ਰੁਕਿਆ। ਅਖ਼ੀਰ ਉਸਦੀ ਜ਼ਿੱਦ ਅੱਗੇ ਘਰ ਦੇ ਝੁਕ ਗਏ। ਜੁਗਰਾਜ ਨੇ ਝਿੜੀ ਦਾਸ ਨੂੰ ਬਾਕਾਇਦਾ ਉਸਤਾਦ ਧਾਰ ਕੇ ਉਸਤੋਂ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ। ਬਹੁਤ ਸਾਰਾ 'ਗੌਣ' ਯਾਦ ਕਰਕੇ ਉਸਤਾਦ ਤੋਂ ਗਾਇਕੀ ਦੇ ਨੁਕਤਿਆਂ ਬਾਰੇ ਜਾਣਿਆਂ।

ਲੰਬਾ ਸਮਾਂ ਉਸਤਾਦ ਤੋਂ ਸਿੱਖਿਆ ਲੈ ਕੇ ਜੁਗਰਾਜ ਉਸ ਸਮੇਂ ਦੇ ਮਸ਼ਹੂਰ ਗਮੰਤਰੀ ਸ਼ੇਰੋਂ ਵਾਲੇ ਪਿਓ ਪੁੱਤ ਮੁਣਸ਼ੀ ਅਤੇ ਸੰਤੇ ਦੇ ਨਾਲ ਰਲਕੇ ਅਖਾੜੇ ਲਾਉਣ ਲੱਗ ਪਿਆ। ਸ਼ੇਰੋਂ ਵਾਲੇ ਨਾਈਆਂ ਦੇ ਇਸ ਜੁੱਟ ਨਾਲ ਜੁਗਰਾਜ ਨੇ ਤਿੰਨ ਚਾਰ ਸਾਲ ਗਾਇਆ। ਮੁਣਸ਼ੀ ਦੀ ਅਗਵਾਈ ਵਿਚ ਜੁਗਰਾਜ ਨੇ ਦੂਰ ਦੁਰਾਡੇ ਦੇ ਪਿੰਡਾਂ ਅਤੇ ਮੇਲਿਆਂ 'ਤੇ ਅਖਾੜੇ ਲਾਏ। ਬੁਲੰਦ ਅਤੇ ਸੁਰੀਲੀ ਆਵਾਜ਼ ਦਾ ਮਾਲਕ ਹੋਣ ਕਰਕੇ ਛੇਤੀ ਹੀ ਜੁਗਰਾਜ ਦਾ ਨਾਂ ਇੱਕ ਢਾਡੀ ਵਜੋਂ ਇਲਾਕੇ ਵਿਚ ਚਰਚਿਤ ਹੋ ਗਿਆ। ਇਸ ਤੋਂ ਬਾਅਦ ਉਸਦਾ ਮੇਲ ਖਿਆਲੇ ਵਾਲੇ ਗੁਰਦੇਵ ਨਾਲ ਹੋਇਆ। ਗੁਰਦੇਵ ਇਕ ਵਧੀਆ ਸਾਜ਼ੀ (ਸਾਰੰਗੀ ਵਾਦਕ) ਸੀ। ਇਨ੍ਹਾਂ ਦਾ ਤੀਜਾ ਸਾਥੀ ਖਿਆਲੇ ਪਿੰਡ ਦਾ ਹੀ ਚੜ੍ਹਦੀ ਉਮਰ ਦਾ ਮੁੰਡਾ ਜੱਗਾ ਸੀ। ਇਸ ਜੁੱਟ ਨੇ ਲਗਾਤਾਰ 12/13 ਸਾਲ ਇਕੱਠਿਆਂ ਅਖਾੜਿਆਂ ਵਿਚ ਗਾਇਆ। ਇਸ ਸਮੇਂ ਵਿਚ ਜੁਗਰਾਜ ਸਿੰਘ ਨੇ ਆਪਣੀ ਗਾਇਕੀ ਵਿਚ ਬਹੁਤ ਨਿਖਾਰ ਲਿਆਂਦਾ। ਉਹ ਜਥੇ ਦਾ ਮੋਹਰੀ ਹੋ ਕੇ ਅਗਵਾਈ ਕਰਨ ਲੱਗ ਪਿਆ।

ਇਸ ਤੋਂ ਬਾਅਦ ਜੁਗਰਾਜ ਦਾ ਜੁੱਟ ਪ੍ਰਸਿੱਧ ਸਾਰੰਗੀਵਾਦਕ ਦਲੀਪ ਸਿੰਘ ਜੇਠੂਕੇ ਨਾਲ ਬਣ ਗਿਆ। ਜਿਥੇ ਇਨ੍ਹਾਂ ਦੀਆਂ ਆਵਾਜ਼ਾਂ ਵਧੀਆ ਸਨ ਉਥੇ ਇਨ੍ਹਾਂ ਦੀ ਦਿੱਖ ਤੇ ਪਹਿਰਾਵਾ ਸੋਨੇ ਤੇ ਸੁਹਾਗੇ ਦਾ ਕੰਮ ਕਰਦਾ ਸੀ। ਇਹਨਾਂ ਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਪ੍ਰਸਿੱਧ ਗੀਤਕਾਰ ਬਾਬੂ ਸਿੰਘ ਮਾਨ ਨੇ ਇਨ੍ਹਾਂ ਨੂੰ ਰਿਕਾਰਡਿੰਗ ਲਈ ਪ੍ਰੇਰਿਆ। ਪਹਿਲਾਂ ਤਾਂ ਇਹ ਨਾ ਮੰਨੇ ਪਰ ਜ਼ਿਆਦਾ ਜ਼ੋਰ ਦੇਣ ਤੇ ਇਨ੍ਹਾਂ ਨੇ ਇੱਕ ਤਵਾ ਰਿਕਾਰਡ ਕਰਵਾਇਆ। ਇਹ ਤਵਾ ਐਚ. ਐਮ. ਵੀ ਕੰਪਨੀ ਵੱਲੋਂ 1973 ਵਿਚ ਰਿਕਾਰਡ ਕੀਤਾ ਗਿਆ। ਇਸ ਵਿਚ ਸੋਹਣੀ ਅਤੇ ਮਿਰਜ਼ੇ ਦੀ ਲੋਕ ਗਾਥਾ ਰਿਕਾਰਡ ਹੈ। ਕਈ ਸਾਲ ਇਨ੍ਹਾ ਨੇ ਇਕੱਠਿਆਂ ਗਾਇਆ। ਗੁਆਂਢੀ ਪਿੰਡ ਮਧੀਰ ਦੇ ਬੰਤ ਸਿੰਘ ਨਾਲ ਵੀ ਜੁਗਰਾਜ ਨੇ ਕਈ ਵਾਰੀ ਅਖਾੜੇ ਲਾਏ। 1990/91 ਤੱਕ ਜੁਗਰਾਜ ਸਿੰਘ ਵੱਖ ਵੱਖ ਸਾਥੀਆਂ ਨਾਲ ਅਖਾੜਿਆਂ ਵਿਚ ਗਾਉਂਦਾ ਰਿਹਾ। ਉਸਨੇ ਗ੍ਰਹਿਸਥ ਜੀਵਨ ਵਿਚ ਪ੍ਰਵੇਸ਼ ਹੀ ਨਾ ਕੀਤਾ ਸਗੋਂ ਸਾਰੀ ਉਮਰ 'ਗੌਣ' ਦੇ ਹੀ ਲੇਖੇ ਲਾ ਦਿੱਤੀ। ਪਿਛਲੀ ਉਮਰ ਵਿਚ ਉਸਨੂੰ ਤਪਦਿਕ ਵਰਗੀ ਨਾਮੁਰਾਦ ਬਿਮਾਰੀ ਚਿੰਬੜ ਗਈ ਜਿਸਦਾ ਪਤਾ ਉਸਨੂੰ ਉਦੋਂ ਲੱਗਿਆ ਜਦੋਂ ਪਾਣੀ ਸਿਰ ਤੋਂ ਲੰਘ ਚੁਕਿਆ ਸੀ। ਅਖੀਰ 1992 ਦੇ ਪਹਿਲੇ ਮਹੀਨੇ ਹੀ ਉਹ ਆਪਣੇ ਛੋਟੇ ਭਰਾ ਮੋਹਣ ਸਿੰਘ ਦੇ ਹੱਥਾਂ ਵਿਚ ਅੱਖਾਂ ਮੀਚ ਗਿਆ।

ਆਪਣੀ ਗਾਇਕੀ ਦੇ ਸਿਰ ਤੇ ਜੁਗਰਾਜ ਪੂਰੇ ਪੰਜਾਬ ਵਿਚ ਘੁੰਮਿਆ। ਛਪਾਰ ਦੇ ਮੇਲੇ, ਮੁਕਤਸਰ ਦੇ ਮਾਘੀ ਦੇ ਮੇਲੇ, ਮਾਈਸਰ ਖਾਨੇ ਦੇ ਮੇਲੇ, ਜਗਰਾਵਾਂ ਦੀ ਰੋਸ਼ਨੀ ਦੇ ਮੇਲੇ ਅਤੇ ਇਲਾਕੇ ਦੇ ਹੋਰ ਸਥਾਨਕ ਮੇਲਿਆਂ ਤੋਂ ਇਲਾਵਾ ਇਹ ਪਹੋਏ, ਕਪਾਲ ਮੋਚਨ, ਨੈਣਾਂ ਦੇਵੀ ਦੇ ਪੰਜਾਬ ਤੋਂ ਬਾਹਰ ਲਗਦੇ ਪ੍ਰਸਿੱਧ ਮੇਲਿਆਂ 'ਤੇ ਹਰ ਸਾਲ ਆਪਣੀ ਹਾਜ਼ਰੀ ਲੁਆਉਂਦੇ ਸਨ।

ਆਮ ਲੋਕ ਢਾਡੀਆਂ ਵਾਂਗ ਇਹ ਵੀ ਹੀਰ, ਮਿਰਜ਼ਾ, ਸੋਹਣੀ, ਸੱਸੀ ਪ੍ਰੀਤ ਕਥਾਵਾਂ ਪੂਰਨ, ਕੌਲਾਂ ਭਗਤਣੀ ਭਗਤੀ ਕਥਾਵਾਂ, ਦੁੱਲਾ ਭੱਟੀ, ਰਾਜਾ ਰਸਾਲੂ, ਜਿਉਣਾ ਮੋੜ, ਸੁੱਚਾ ਸੂਰਮਾ ਆਦਿ ਬੀਰ ਗਾਥਾਵਾਂ ਗਾਉਂਦੇ ਸਨ। 'ਹੀਰ' ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ, ਪੂਰਨ ਕਰਮ ਸਿੰਘ ਟੂਸਿਆਂ ਵਾਲੇ ਦਾ, ਕੌਲਾਂ ਮੰਗਲ ਸਿੰਘ ਘੰਡੇ ਬੰਨੇ ਵਾਲੇ ਦੀ ਹੀ ਇਨ੍ਹਾਂ ਦੇ ਕੰਠ ਸੀ। ਜੁਗਰਾਜ ਹੁਰਾਂ ਦਾ ਮਿਰਜ਼ੇ ਤੇ ਪੂਰਾ ਪਹਿਰਾ ਸੀ। ਜਾਣੂ ਸਰੋਤੇ ਜ਼ਿਆਦਾਤਰ ਇਨ੍ਹਾਂ ਨੂੰ ਮਿਰਜ਼ੇ ਦੀ ਹੀ ਫਰਮਾਇਸ਼ ਕਰਦੇ ਸਨ।

## ਬਾਬੂ ਸਿੰਘ ਰੌਣੀ

ਬਾਬੂ ਸਿੰਘ ਰੌਣੀ ਵਾਲਾ ਵੀ ਲੋਕ ਢਾਡੀ ਕਲਾ ਦੇ ਇਤਿਹਾਸ ਦਾ ਇੱਕ ਪੰਨਾ ਹੈ, ਜਿਸ ਨੇ ਰੌਣੀ ਪਿੰਡ ਦਾ ਨਾਂ ਆਪਣੀ ਕਲਾ ਰਾਹੀਂ ਪੰਜਾਬ ਦੇ ਵੱਖ-ਵੱਖ ਪਿੰਡਾਂ ਵਿਚ ਪਹੁੰਚਾਇਆ। ਅੱਜ ਵੀ ਉਹ 'ਰੌਣੀ ਵਾਲਾ ਬਾਬੂ' ਕਰਕੇ ਲੋਕ ਚੇਤਿਆਂ ਵਿਚ ਸਮਾਇਆ ਹੋਇਆ ਹੈ।

ਰੌਣੀ, ਲੁਧਿਆਣਾ ਜਿਲ੍ਹੇ ਦੀ ਖੰਨਾ ਤਹਿਸੀਲ ਦਾ ਮਸ਼ਹੂਰ ਪਿੰਡ ਹੈ। ਇਥੇ ਹੀ 1910 ਦੇ ਨੇੜੇ ਤੇੜੇ ਪਿਤਾ ਨਿਰੰਜਣ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ ਉਸਦਾ ਜਨਮ ਹੋਇਆ। ਬਚਪਨ ਵਿਚ ਗਮੰਤਰੀਆਂ ਦੇ ਅਖਾੜਿਆਂ ਨੂੰ ਸੁਣਕੇ ਉਸਨੂੰ ਵੀ ਗੌਣ ਦਾ ਸ਼ੌਕ ਲੱਗ ਗਿਆ। ਰਾਤ ਨੂੰ ਖੇਤਾਂ ਵਿਚ ਪਾਣੀ ਲਾਉਂਦਿਆਂ ਜਾਂ ਖੰਨੇ ਨੂੰ ਗੱਡਾ ਜੋੜਕੇ ਲਿਜਾਂਦਿਆਂ ਉਚੀ ਹੇਕ ਵਿਚ ਕਲੀਆਂ ਲਾਇਆ ਕਰਦਾ ਸੀ। ਉਸਦੀ ਆਵਾਜ਼ ਮਿੱਠੀ ਅਤੇ ਸੁਰੀਲੀ ਸੀ ਇਸ ਲਈ ਲੋਕਾਂ ਦੇ ਕਹਿਣ ਤੇ ਉਸਨੇ ਇਕੱਠਾਂ ਵਿਚ ਕਲੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਉਸਨੇ ਆਪਣੇ ਸਮੇਂ ਦੇ ਪ੍ਰਸਿੱਧ ਢਾਡੀ ਪੰਡਤ ਮੁਨਸ਼ੀ ਰਾਮ ਨੂੰ ਗੁਰੂ ਧਾਰਕੇ ਉਸਤੋਂ ਬਾਕਾਇਦਾ ਢਾਡੀ ਰਾਗ ਦੀ ਸਿੱਖਿਆ ਪ੍ਰਾਪਤ ਕੀਤੀ। ਮੁਨਸ਼ੀ ਰਾਮ ਡੇਹਲੋਂ ਵਾਲੇ ਪੰਡਤ ਕਾਂਸ਼ੀ ਰਾਮ ਦਾ ਚੇਲਾ ਸੀ।

ਬਾਬੂ ਸਿੰਘ ਦੇ ਚਾਰ ਭਰਾ ਤੇ ਤਿੰਨ ਭੈਣਾਂ ਸਨ ਬਾਬੂ ਸਿੰਘ ਸਭ ਤੋਂ ਵੱਡਾ ਸੀ। ਦੋ ਛੋਟੇ ਭਰਾ ਤੇਜ ਸਿੰਘ ਤੇ ਭਾਗ ਸਿੰਘ ਜਿੰਦਾ ਹਨ। ਬਾਬੂ ਸਿੰਘ ਨੇ ਸਾਰੀ ਉਮਰ ਗੌਣ ਨੂੰ ਅਰਪਿਤ ਕਰ ਦਿੱਤੀ ਉਸਨੇ ਵਿਆਹ ਨਹੀਂ ਕਰਵਾਇਆ। ਉਸਦਾ ਕੱਦ ਦਰਮਿਆਨਾ ਅਤੇ ਰੰਗ ਗੋਰਾ ਸੀ। ਭਰਵੇਂ ਜੁੱਸੇ ਉਤੇ ਸਫੈਦ ਕੁੜਤਾ ਚਾਦਰਾ, ਚਿੱਟੀ ਫਰਲੇ ਵਾਲੀ ਪੱਗ ਅਤੇ ਕੱਢਵੀਂ ਨੋਕਦਾਰ ਜੁੱਤੀ ਬਹੁਤ ਫੱਬਦੇ ਸਨ। ਉਹ ਢੱਡ ਨਾਲ ਰੇਸ਼ਮੀ ਰੁਮਾਲ ਬੰਨ੍ਹਕੇ ਰੱਖਦਾ ਸੀ। ਉਹ ਖਾਧ ਖੁਰਾਕ ਦਾ ਬਹੁਤ ਸ਼ੌਕੀਨ ਸੀ। ਉਸਦਾ ਖੀਸਾ ਬਦਾਮਾਂ, ਕਾਜੂਆਂ ਨਾਲ ਭਰਿਆ ਰਹਿੰਦਾ ਸੀ। ਉਹ ਸ਼ਰਾਬ ਦਾ ਆਦੀ ਨਹੀਂ ਸੀ ਬੱਸ ਕਦੇ ਕਦਾਈਂ ਥੋੜੀ ਬਹੁਤ ਪੀ ਲੈਂਦਾ ਸੀ। ਦਾਲ ਸਬਜੀ ਨੂੰ ਤੜਕਾ ਉਹ ਆਪ ਲਾਉਂਦਾ ਸੀ। ਦੇਸੀ ਘਿਓ ਵਿਚ ਤਲੀ ਹੋਈ ਮੂੰਗੀ ਉਸਨੂੰ ਬਹੁਤ ਪਸੰਦ ਸੀ।

ਬਾਬੂ ਸਿੰਘ ਸਭ ਤੋਂ ਪਹਿਲਾਂ ਹਜ਼ਾਰਾ ਸਿੰਘ ਰਤਨਪਾਲੋਂ ਨਾਲ ਗਾਉਣ ਲੱਗਾ। ਹਜ਼ਾਰਾ ਸਿੰਘ ਪੰਡਤ ਕਾਂਸ਼ੀ ਰਾਮ ਦਾ ਸਾਥੀ ਸੀ। ਸਮੇਂ ਸਮੇਂ ਤੇ ਉਸ ਨਾਲ ਬਖਤੌਰ ਸਿੰਘ, ਜਗੀਰ ਦਾਸ ਪਿੰਡ ਚਣਕੋਈਆਂ, ਫੱਮਣ ਭਰਿਆਈ ਰੌਣੀ, ਦਿਆਲ ਕਰਤਾਰਪੁਰੀਆ ਸਾਰੰਗੀ ਮਾਸਟਰ, ਗੁਰਮੇਜਾ ਦੁਆਬੇ ਵਾਲਾ, ਚੰਨਣ ਸੌਟੀ ਵਾਲਾ, ਗੁਰਨਾਮ ਸਿੰਘ ਗੋਪਾਲਪੁਰ-ਸਾਰੰਗੀ ਮਾਸਟਰ, ਮਹਿੰਦਰ ਸਿੰਘ ਰੋਹਣੋਂ ਆਦਿ ਗਾਉਂਦੇ ਰਹੇ ਹਨ। ਉਸਦੇ ਚੇਲੇ ਮਹਿੰਦਰ ਸਿੰਘ ਰੋਹਣੋ ਨੇ ਉਸ ਨਾਲ ਲੰਮਾ ਸਮਾਂ ਗਾਇਆ। ਅੱਜ ਵੀ ਮਹਿੰਦਰ

ਸਿੰਘ ਪੰਡਤ ਵਿਦਿਆ ਸਾਗਰ ਡੇਹਲੋਂ ਨਾਲ ਬਤੌਰ ਢਾਡੀ ਗਾ ਰਿਹਾ ਹੈ ਤੇ ਆਪਣੇ ਉਸਤਾਦ ਦਾ ਨਾਂ ਚਮਕਾ ਰਿਹਾ ਹੈ।

ਬਾਬੂ ਸਿੰਘ ਹੁਰੀਂ ਵੀ 'ਹੀਰ' ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਹੀ ਗਾਉਂਦੇ ਸਨ। ਪੂਰਨ ਕਰਮ ਸਿੰਘ ਟੂਸਿਆਂ ਵਾਲੇ ਦਾ। ਪੀਲੂ ਦਾ ਮਿਰਜ਼ਾ, ਸੱਸੀ ਨੱਥਾ ਸਿੰਘ ਨਰੜੂ ਵਾਲੇ ਦੀ। ਕੀਮਾ ਮਲਕੀ, ਕੌਲਾਂ, ਦੁੱਲਾ ਭੱਟੀ, ਪ੍ਰਿਥੀ ਸਿੰਘ ਆਦਿ ਲੋਕ ਗਾਥਾਵਾਂ ਗਾਉਂਦੇ ਸਨ।

ਬਾਬੂ ਸਿੰਘ ਦਾ ਜਥਾ ਜਰਗ, ਛਪਾਰ, ਜਗਰਾਵਾਂ ਦੀ ਰੋਸ਼ਨੀ, ਜੈਤੋਂ ਮੰਡੀ ਦੇ ਲੋਕ ਮੇਲਿਆਂ ਤੋਂ ਇਲਾਵਾ ਕਪਾਲ ਮੋਚਨ, ਪਹੋਏ, ਨੈਣਾਂ ਦੇਵੀ ਦੇ ਧਾਰਮਿਕ ਮੇਲਿਆਂ ਤੇ ਆਪਣੇ ਅਖਾੜੇ ਲਾਉਂਦਾ ਸੀ। ਪਿੰਡ ਪੰਚਾਇਤ ਦੇ ਸਾਂਝੇ ਪ੍ਰੋਗਰਾਮਾਂ ਦੇ ਨਾਲ ਨਾਲ ਵਿਆਹਾਂ ਸ਼ਾਦੀਆਂ ਅਤੇ ਹੋਰ ਖੁਸ਼ੀ ਦੇ ਮੌਕਿਆਂ ਤੇ ਨਿੱਜੀ ਪ੍ਰੋਗਰਾਮਾਂ ਤੇ ਵੀ ਅਖਾੜੇ ਲਾਏ ਜਾਂਦੇ ਸਨ। ਨੇੜੇ ਤੇੜੇ ਦੇ ਪਿੰਡਾਂ ਦੀਆਂ ਬਰਾਤਾਂ ਤਾਂ ਬਾਬੂ ਸਿੰਘ ਹੋਰਾਂ ਬਿਨਾਂ ਢੁਕਦੀਆਂ ਹੀ ਨਹੀਂ ਸਨ।

ਆਪਣੇ ਅੰਤ ਸਮੇਂ ਬਾਬੂ ਸਿੰਘ, ਟੋਡਰਪੁਰੀਏ ਟਹਿਲ ਭਗਤ ਕੋਲ ਰਹਿੰਦਾ ਸੀ। ਉਸਦੀ ਕੱਲਰੀ ਉਸ ਨੂੰ ਆਪਣੇ ਪਿੰਡ ਰੌਣੀ ਖਿੱਚ ਲਿਆਈ। ਏਥੇ ਆਪਣੇ ਭਰਾ ਤੇਜ ਸਿੰਘ ਕੋਲ ਆਏ ਨੂੰ ਉਸਨੂੰ ਥੋੜੇ ਦਿਨ ਹੀ ਹੋਏ ਸਨ, ਕਿ ਉਹ ਬਿਮਾਰ ਪੈ ਗਿਆ। ਮੌਤ ਅਤੇ ਜ਼ਿੰਦਗੀ ਵਿਚ ਸੰਘਰਸ਼ ਸ਼ੁਰੂ ਹੋ ਗਿਆ ਅਤੇ ਅਖੀਰ ਮੌਤ ਜਿੱਤ ਗਈ। ਅਣਖੀ ਅਤੇ ਫੱਕਰ ਸੁਭਾਅ ਦਾ ਇਹ ਢਾਡੀ ਸਦਾ ਲਈ ਸੌਂ ਗਿਆ ਅਤੇ ਛੱਡ ਗਿਆ ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਆਪਣਾ ਨਾਂ।

# ਬੀਰੂ ਅਤੇ ਘੀਚਰ ਢਾਡੀ

ਲੋਕ ਢਾਡੀ ਕਲਾ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਨ ਵਾਲੇ ਢਾਡੀ ਪਰਵਾਰਾਂ ਵਿਚ ਗੁਰਮਾਂ ਵਾਲੇ ਢਾਡੀ, ਪੰਜ ਗਰਾਈਆਂ ਵਾਲੇ ਢਾਡੀ, ਗੋਸਲਾਂ ਵਾਲੇ ਢਾਡੀ, ਲਲੌਢੇ ਵਾਲੇ ਢਾਡੀਆਂ ਵਾਂਗ ਹੀ ਦਿਆਗੜ੍ਹੀਏ ਢਾਡੀ ਆਪਣਾ ਵਿਸ਼ੇਸ਼ ਥਾਂ ਰੱਖਦੇ ਹਨ ਜੋ ਸੱਤ ਪੀੜ੍ਹੀਆਂ ਤੋਂ ਇਸ ਰਾਗ ਨਾਲ ਜੁੜੇ ਹੋਏ ਹਨ। ਮੀਰ ਆਲਮਾਂ ਦੇ ਇਸ ਪਰਵਾਰ ਦੀ ਪੰਜਵੀਂ ਪੀੜ੍ਹੀ ਵਿਚੋਂ ਬੀਰੂ ਤੇ ਘੀਚਰ ਨਾਮੀਂ ਢਾਡੀ ਹੋਏ ਹਨ ਜਿਨ੍ਹਾਂ ਨੇ ਲੋਕ ਮਨਾਂ ਉਤੇ ਆਪਣੀ ਗਹਿਰੀ ਛਾਪ ਛੱਡੀ ਹੈ।

ਬੀਰੂ ਅਤੇ ਘੀਚਰ ਦਾ ਜਨਮ ਪਟਿਆਲਾ ਜਿਲ੍ਹੇ ਦੇ ਡਾਕਖਾਨਾ ਡਕੌਂਦਾ ਅਧੀਨ ਪੈਂਦੇ ਪਿੰਡ ਦਿਆਗੜ੍ਹ ਵਿਖੇ ਪਿਤਾ ਆਤੂ ਦੇ ਘਰ ਕਰਮਵਾਰ 1906 ਅਤੇ 1908 ਦੇ ਲਗਭਗ ਹੋਇਆ। ਢਾਡੀ ਰਾਗ ਦੀ ਸਿਖਿਆ ਇਨ੍ਹਾਂ ਨੂੰ ਘਰ ਵਿਚੋਂ ਹੀ ਮਿਲੀ ਕਿਉਂਕਿ ਪਿਤਾ ਆਤੂ, ਬਾਬਾ ਦਾਰਾ ਅਤੇ ਪੜਦਾਦਾ ਬਗੀਚਾ ਇਸੇ ਕਲਾ ਨਾਲ ਜੁੜੇ ਰਹੇ ਸਨ। ਬਚਪਨ ਤੋਂ ਜਵਾਨੀ ਤੱਕ ਪਹੁੰਚਦਿਆਂ ਇਹਨਾਂ ਦੀ ਕਲਾ ਪਰਪੱਕ ਹੋ ਗਈ ਅਤੇ ਇਹ ਆਪਣਿਆਂ ਪੈਰਾਂ 'ਤੇ ਖੜ੍ਹੇ ਹੋ ਗਏ। ਇਨ੍ਹਾਂ ਦੇ ਚਾਚੇ ਧੂਤਾ ਅਤੇ ਮੁਨਸ਼ੀ, ਪਿਤਾ ਆਤੂ ਨਾਲ ਆਪਣੇ ਪਰਵਾਰਕ ਜਥੇ ਵਿਚ ਹੀ ਗਾਉਂਦੇ ਆ ਰਹੇ ਸਨ। ਇਸੇ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਬੀਰੂ ਅਤੇ ਘੀਚਰ ਨੇ ਵੀ ਆਪਣੇ ਚਾਚੇ ਦੇ ਪੁੱਤਾਂ ਸਰਵਨ ਅਤੇ ਪਾਲੇ ਨੂੰ ਨਾਲ ਰਲਾ ਕੇ ਆਪਣਾ ਜਥਾ ਬਣਾ ਲਿਆ। ਬੀਰੂ ਸਾਜ਼ੀ ਭਾਵ ਸਾਰੰਗੀ ਵਾਦਕ ਸੀ ਘੀਚਰ ਹੁਰੀਂ ਢੱਡਾਂ ਤੇ ਸਾਥ ਦਿੰਦੇ ਸਨ। ਲੰਮਾ ਸਮਾਂ ਇਹ ਜਥਾ ਆਪਣੀ ਕਲਾ ਰਾਹੀਂ ਲੋਕਾਂ ਦਾ ਮਨੋਰੰਜਨ ਕਰਦਾ ਰਿਹਾ। ਸ਼ਾਇਦ ਅੱਲਾ ਤਾਲਾ ਦੀ ਰਜ਼ਾ ਕੁਝ ਹੋਰ ਹੀ ਸੀ। 1942 ਵਿਚ ਬੀਰੂ 36 ਕੁ ਸਾਲ ਦੀ ਭਰ ਜਵਾਨੀ ਦੀ ਉਮਰ ਵਿਚ ਇਸ ਫਾਨੀ ਜਹਾਨ ਤੋਂ ਕੂਚ ਕਰ ਗਿਆ। ਬੀਰੂ ਦੇ ਕੁਝ ਚੇਲੇ ਵੀ ਹੋਏ ਜਿਨ੍ਹਾਂ ਨੇ ਉਸਤੋਂ ਇਸ ਕਲਾ ਦੀ ਸਿਖਿਆ ਲਈ ਇਨ੍ਹਾਂ ਵਿਚ ਪ੍ਰੀਤਮ ਸਿੰਘ ਤੇ ਬੰਤ ਸਿੰਘ ਦੇ ਨਾਂ ਲਏ ਜਾ ਸਕਦੇ ਹਨ।

ਘੀਚਰ ਨੂੰ ਭਰਾ ਦੀ ਮੌਤ ਦਾ ਗਹਿਰਾ ਸਦਮਾ ਪਹੁੰਚਿਆ। ਪਰੰਤੂ ਅੱਲਾ ਦੀ ਇਸ ਰਜ਼ਾ ਨੂੰ ਕਬੂਲ ਕਰਕੇ ਆਪਣੇ ਸਫਰ ਤੇ ਚੱਲ ਪਿਆ ਕਿਉਂਕਿ ਆਪਣੇ ਅਤੇ ਭਰਾ ਦੇ ਬੱਚਿਆਂ ਦੀ ਪਾਲਣਾ ਕਰਨੀ ਉਸਦੀ ਜ਼ਿੰਮੇਵਾਰੀ ਸੀ। ਭਤੀਜੇ ਦਿਲਬਾਗ ਨੇ ਤਾਂ ਅਜੇ ਮਸਾਂ ਹੋਸ਼ ਹੀ ਸੰਭਾਲੀ ਸੀ।

ਘੀਚਰ ਨੇ ਆਪਣੇ ਚਾਚੇ ਦੇ ਪੁੱਤਾਂ ਨਾਲ ਪੂਰੇ ਪੰਜਾਬ ਨੂੰ ਗਾਹਿਆ। ਜਰਗ, ਛਪਾਰ, ਸੰਗਰੂਰ ਦੇ ਦੁਸਹਿਰੇ, ਜਗਰਾਵਾਂ ਦੀ ਰੋਸ਼ਨੀ, ਘੜਾਮ ਦੇ ਉਰਸ, ਨੰਦਪੁਰ ਕਲੌੜ ਦੇ ਲੋਕ ਮੇਲਿਆਂ ਤੋਂ ਇਲਾਵਾ ਉਹ ਨੈਣਾਂ ਦੇਵੀ, ਪਹੋਏ, ਅਤੇ ਕਪਾਲ ਮੋਚਨ ਦੇ ਮੇਲਿਆਂ

'ਤੇ ਆਪਣੇ ਅਖਾੜੇ ਲਾਉਂਦੇ। ਹੀਰ ਉਹ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਗਾਉਂਦੇ ਸਨ। ਪੂਰਨ ਕਰਮ ਸਿੰਘ ਟੂਸਿਆਂ ਵਾਲੇ ਦਾ। ਸੱਸੀ ਨੱਥਾ ਸਿੰਘ ਨਰੜੂ ਵਾਲੇ ਦੀ। ਮਿਰਜ਼ਾ ਪੀਲੂ ਸ਼ਾਇਰ ਦਾ। ਇਨ੍ਹਾਂ ਤੋਂ ਬਿਨਾਂ ਕੌਲਾਂ, ਰਾਜਾ ਰਸਾਲੂ, ਗੋਪੀ ਚੰਦ, ਦੁੱਲਾ ਭੱਟੀ, ਜੈਮਲ ਫੱਤਾ ਆਦਿ ਲੋਕ ਗਾਥਾਵਾਂ ਵੀ ਉਹ ਗਾਉਂਦੇ ਸਨ।

ਬਾਅਦ ਵਿਚ ਘੀਚਰ ਖਾਂ ਨਾਲ ਉਸਦੇ ਆਪਣੇ ਪੁੱਤ, ਭਤੀਜੇ ਗਾਉਣ ਲੱਗ ਪਏ। ਉਸਦੀ ਸਾਲੀ ਦਾ ਮੁੰਡਾ ਤਾਜ ਮੁਹੰਮਦ ਉਰਫ ਦੇਸ ਰਾਜ ਲਚਕਾਣੀ ਵਾਲਾ 1958 ਵਿਚ ਉਸਦਾ ਸ਼ਾਗਿਰਦ ਬਣਿਆਂ ਅਤੇ ਪੰਜ ਛੇ ਸਾਲ ਨਾਲ ਹੀ ਰਿਹਾ। ਅੱਜ ਦੇਸ ਰਾਜ ਵਰਤਮਾਨ ਲੋਕ ਢਾਡੀਆਂ ਵਿਚ ਸਿਰਕੱਢ ਢਾਡੀ ਹੈ। ਘੀਚਰ ਦਾ ਭਤੀਜਾ ਦਿਲਬਾਗ ਮਾਨ ਵਧੀਆ ਸਾਰੰਗੀਵਾਦਕ ਸੀ ਅਤੇ ਪੁੱਤਰ ਰਾਜ ਮਾਨ ਵਰਤਮਾਨ ਢਾਡੀ ਆਗੂਆਂ ਵਿਚ ਮੂਹਰਲੀ ਕਤਾਰ ਦਾ ਢਾਡੀ ਹੈ ਜਿਸਨੇ ਢਾਡੀ ਕਲਾ ਵਿਚ ਸਿਰਫ ਆਪਣੇ ਪਰਵਾਰਕ ਨਾਂ ਕਰਕੇ ਨਹੀਂ ਸਗੋਂ ਆਪਣੀ ਕਲਾ ਦੇ ਸਿਰ ਤੇ ਵਿਸ਼ੇਸ਼ ਥਾਂ ਬਣਾਈ ਹੈ।

ਅੰਤ ਮਈ 1999 ਵਿਚ ਘੀਚਰ ਖਾਂ ਲਗਭਗ 90 ਸਿਆਲ ਹੁਨਾਲ ਹੰਢਾ ਕੇ ਅੱਲਾ ਨੂੰ ਪਿਆਰਾ ਹੋ ਗਿਆ ਅਤੇ ਪਿਛੇ ਛੱਡ ਗਿਆ ਢਾਡੀ ਰਾਗ ਨਾਲ ਜੁੜੀ ਪੁੱਤ ਪੋਤਿਆਂ ਦੀ ਮਹਿਕਦੀ ਹੋਈ ਫੁਲਵਾੜੀ।

# ਨਿਰੰਜਣ ਸਿੰਘ ਘਨੌਰ

ਲੋਕ ਢਾਡੀ ਕਲਾ ਦੇ ਇਤਿਹਾਸ ਦਾ ਢਾਡੀ ਨਿਰੰਜਣ ਸਿੰਘ ਘਨੌਰ ਵੀ ਇੱਕ ਪੰਨਾ ਸੀ। ਲਗਭਗ ਅੱਸੀਆਂ ਨੂੰ ਢੁੱਕੇ ਨਿਰੰਜਣ ਸਿੰਘ ਦਾ ਸੁਮਾਰ ਪਹਿਲੀ ਪੀੜ੍ਹੀ ਦੇ ਢਾਡੀਆਂ ਵਿਚ ਕੀਤਾ ਜਾ ਸਕਦਾ ਹੈ।

ਨਿਰੰਜਣ ਸਿੰਘ ਦਾ ਜਨਮ ਜ਼ਿਲ੍ਹਾ ਸੰਗਰੂਰ ਦੀ ਤਹਿਸੀਲ ਧੂਰੀ ਦੇ ਨੇੜਲੇ ਪਿੰਡ ਘਨੌਰ ਵਿਖੇ ਸ੍ਰ: ਨਰੈਣ ਸਿੰਘ ਦੇ ਘਰ ਸੰਤ ਕੌਰ ਦੀ ਕੁੱਖੋਂ ਹੋਇਆ। ਪਿੰਡ ਦੇ ਡੇਰੇ ਤੋਂ ਤਪੇ ਵਾਲੇ ਸੰਤਾਂ ਕੋਲੋਂ ਉਸਨੇ ਅੱਖਰ ਉਠਾਉਣੇ ਸਿੱਖੇ। ਇਸ ਤਰ੍ਹਾਂ ਉਹ ਗੁਰਮੁਖੀ ਪੜ੍ਹਨ ਦੇ ਕਾਬਲ ਬਣਿਆ।

ਬੱਲ੍ਹਰਿਆਂ ਦਾ ਰਤਨ ਸਿੰਘ ਆਪਣੀ ਭੂਆ ਕੋਲ ਘਨੌਰ ਆਉਂਦਾ ਹੁੰਦਾ ਸੀ ਜੋ ਕਾਫੀ ਕਾਫੀ ਸਮਾਂ ਇੱਥੇ ਰਹਿ ਜਾਂਦਾ ਸੀ। ਉਸਨੂੰ ਗਾਉਂਦਿਆਂ ਦੇਖ ਕੇ ਨਿਰੰਜਣ ਸਿੰਘ ਨੂੰ ਵੀ ਸ਼ੌਕ ਪੈਦਾ ਹੋ ਗਿਆ ਅਤੇ ਉਸਦੀ ਸੰਗਤ ਕਰਨ ਲੱਗ ਪਿਆ। ਇਸ ਕੰਮ ਵਿਚ ਨਿਰੰਜਣ ਸਿੰਘ ਦੇ ਮਾਮੇ ਨੇ ਵੀ ਉਸਦਾ ਉਤਸ਼ਾਹ ਵਧਾਇਆ, ਭਾਵੇਂ ਮਾਮਾ ਉਸਨੂੰ ਪਹਿਲਵਾਨ ਬਣਾਉਣਾ ਚਾਹੁੰਦਾ ਸੀ, ਕਿਉਂਕਿ ਚੜ੍ਹਦੀ ਉਮਰ ਵਿਚ ਉਹ ਹੱਡਾਂ ਪੈਰਾਂ ਦਾ ਖੁੱਲ੍ਹਾ, ਉਚੇ ਲੰਮੇ ਕੱਦ ਦਾ ਅਤੇ ਗੋਰੇ ਨਿਛੋਹ ਰੰਗ ਵਾਲਾ ਇੱਕ ਦਰਸ਼ਨੀ ਜਵਾਨ ਸੀ। ਰਤਨ ਸਿੰਘ ਦੀ ਅਗਵਾਈ ਅਤੇ ਆਪਣੀ ਜੀਅ ਤੋੜ ਮਿਹਨਤ ਸਦਕਾ ਉਸਨੇ ਥੋੜੇ ਸਮੇਂ ਵਿਚ ਆਪਣੇ ਆਪ ਨੂੰ ਗਾਇਕੀ ਦੇ ਖੇਤਰ ਵਿਚ ਸ਼ਾਮਲ ਕਰ ਲਿਆ। ਲਗਭਗ ਵੀਹ ਸਾਲ ਦੀ ਉਮਰ ਵਿਚ ਉਸਨੇ ਆਪਣੇ ਹੀ ਪਿੰਡ ਵਿਚ ਪਹਿਲਾ ਅਖਾੜਾ ਲਾਇਆ ਜਿਸ ਵਿਚ ਪੂਰਨ ਭਗਤ ਗਾਇਆ।

ਸ਼ੁਰੂ ਵਿਚ ਨਿਰੰਜਣ ਸਿੰਘ ਦੇ ਗਰੁੱਪ ਵਿਚ ਬੁਰਜ ਦਾ ਖੁਸ਼ੀਆ ਸਾਰੰਗੀ ਮਾਸਟਰ ਅਤੇ ਹਥਨ ਦਾ ਮੈਂਗਲ ਢੱਡ ਤੇ ਸੀ। ਕਈ ਸਾਲ ਇਸ ਗਰੁੱਪ ਨੇ ਆਪਣੀ ਕਲਾ ਰਾਹੀਂ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ। ਸਮੇਂ ਸਮੇਂ ਤੇ ਇਸ ਗਰੁੱਪ ਵਿਚ ਕੋਈ ਸ਼ਾਮਲ ਹੁੰਦਾ ਤੇ ਕੋਈ ਨਿਕਲਦਾ ਰਿਹਾ। ਬਾਅਦ ਵਿਚ ਭਜਨ ਸਿੰਘ ਬਾਲਦ ਇਸ ਗਰੁੱਪ ਵਿਚ ਲੰਮਾ ਸਮਾਂ ਰਿਹਾ। ਆਮ ਰਵਾਇਤੀ ਢਾਡੀਆਂ ਵਾਂਗ ਇਸ ਗਰੁੱਪ ਨੇ ਵੀ ਮੁੱਖ ਰੂਪ ਵਿਚ ਪੂਰਨ, ਕੌਲਾਂ, ਹੀਰ ਅਤੇ ਮਿਰਜ਼ਾ ਦੀਆਂ ਲੋਕ ਗਾਥਾਵਾਂ ਗਾਈਆਂ, ਇਸ ਤੋਂ ਇਲਾਵਾ ਸੱਸੀ, ਰਸਾਲੂ, ਦੁੱਲਾ ਭੱਟੀ, ਦਹੂਦ ਬਾਦਸ਼ਾਹ ਆਦਿ ਵੀ ਲੋਕਾਂ ਦੀ ਫਰਮਾਇਸ਼ ਤੇ ਇਹ ਗਰੁੱਪ ਗਾਉਂਦਾ ਰਿਹਾ ਹੈ।

ਸਥਾਨਿਕ ਮੇਲਿਆਂ ਤੋਂ ਇਲਾਵਾ ਕਪਾਲ ਮੋਚਨ, ਪਹੋਏ, ਨੈਣਾਂ ਦੇਵੀ ਆਦਿ ਧਾਰਮਿਕ ਮੇਲਿਆਂ 'ਤੇ ਹਰ ਸਾਲ ਇਹਨਾਂ ਦਾ ਜਥਾ ਪਹੁੰਚਦਾ ਸੀ। ਮੇਲਿਆਂ ਤੋਂ

ਬਿਨਾਂ ਵੀ ਪਿੰਡਾਂ ਵਿਚ ਆਮ ਅਖਾੜੇ ਚਲਦੇ ਰਹਿੰਦੇ ਸਨ। ਜਿਹੜੇ ਪਿੰਡ ਦੇ ਕੋਲ ਦੀ ਇਹ ਤੁਰਕੇ ਲੰਘ ਰਹੇ ਹੁੰਦੇ ਸੱਥ 'ਚ ਬੈਠੇ ਨੌਜਵਾਨ ਆਪਣੇ ਪਿੰਡ ਵਿਚ ਇਹਨਾਂ ਨੂੰ ਅਖਾੜਾ ਲਾਉਣ ਦੀ ਬੇਨਤੀ ਕਰਦੇ। ਇਸ ਤਰ੍ਹਾਂ ਇੱਕ-ਇੱਕ ਪਿੰਡ ਵਿਚ ਕਈ-ਕਈ ਦਿਨ ਅਖਾੜਾ ਚਲਦਾ ਰਹਿੰਦਾ ਅਤੇ ਫਿਰ ਅਗਲੇ ਪਿੰਡ ਅਤੇ ਉਸਤੋਂ ਅਗਲੇ ਪਿੰਡ ਚਲਦੇ ਰਹਿੰਦੇ ਅਤੇ ਦੋ ਦੋ ਮਹੀਨੇ ਬਾਅਦ ਘਰ ਮੁੜਦੇ।

ਪੂਰੀ ਅੱਧੀ ਸਦੀ ਨਿਰੰਜਣ ਸਿੰਘ ਨੇ ਢਾਡੀ ਰਾਗ ਰਾਹੀਂ ਪੰਜਾਬੀ ਸਭਿਆਚਾਰ ਦੀ ਸੇਵਾ ਕੀਤੀ। ਦੂਰ-ਦੂਰ ਤੱਕ ਨਿਰੰਜਣ ਘਨੌਰੀਆ ਨਾਂ ਨਾਲ ਮਸ਼ਹੂਰ ਹੋਇਆ। 1986-87 ਤੋਂ ਉਸਨੇ ਗਾਉਣਾ ਬੰਦ ਕਰ ਦਿੱਤਾ ਸੀ। ਉਸਦੇ ਆਪਣੇ ਪੁੱਤਰਾਂ ਵਿਚੋਂ ਕੋਈ ਵੀ ਉਸ ਦੇ ਪਦ ਚਿੰਨ੍ਹਾਂ ਉਪਰ ਨਹੀਂ ਚੱਲਿਆ ਪਰੰਤੂ ਉਨ੍ਹਾਂ ਨੇ ਉਸਨੂੰ ਕਦੇ ਟੋਕਿਆ ਵੀ ਨਹੀਂ।

ਗਾਉਣਾ ਛੱਡਣ ਤੇ ਉਸਨੂੰ ਆਪਣੇ ਅੰਦਰੋਂ ਕੁਝ ਗੁਆਚ ਗਿਆ ਮਹਿਸੂਸ ਹੁੰਦਾ ਰਿਹਾ। ਜਬਰਦਸਤੀ ਉਹ ਆਪਣੇ ਜਜ਼ਬਿਆਂ ਨੂੰ ਦਬਾ ਕੇ ਰੱਖਦਾ ਰਿਹਾ। ਪਰੰਤੂ 1997 ਵਿਚ ਉਸਦੇ ਅੰਦਰਲਾ ਲਾਵਾ ਜਵਾਲਾ ਮੁਖੀ ਬਣ ਕੇ ਫੁੱਟ ਪਿਆ। ਉਸਨੇ ਆਪਣੀ ਅਲਮਾਰੀ ਵਿਚ ਰੱਖੀ ਸਾਰੰਗੀ ਕੱਢ ਲਈ ਜਿਸਨੂੰ ਉਹ ਚੋਰੀ ਛਿਪੇ ਦੇਖਦਾ ਰਹਿੰਦਾ ਸੀ। ਇਸਦੇ ਟੁੱਟੇ ਤਾਰਾਂ ਨੂੰ ਸੰਵਾਰਿਆ, ਗਜ਼ ਤੇ ਬਰੋਜ਼ਾ ਫੇਰਿਆ ਅਤੇ ਇਹਨੂੰ ਆਪਣੀ ਛਾਤੀ ਨਾਲ ਲਾ ਲਿਆ। ਉਹ ਅੰਦਰੋਂ ਬਾਹਰੋਂ ਟਹਿਕ ਪਿਆ। ਆਪਣੇ ਪਿੰਡ ਦੇ ਗੁਰਦੁਆਰੇ ਮਨਾਏ ਜਾਂਦੇ ਸਾਲਾਨਾ ਸਮਾਗਮ 'ਤੇ ਉਸਨੇ ਕਈ ਸਾਲਾਂ ਬਾਅਦ ਆਪਣੀ ਹਾਜ਼ਰੀ ਲੁਆਈ।

ਲਗਭਗ ਸੱਤ ਫੁੱਟੇ, ਅੱਸੀਆਂ ਨੂੰ ਢੁੱਕੇ ਨਿਰੰਜਣ ਸਿੰਘ ਦੇ ਗੋਰੇ ਨਿਛੋਹ ਚਿਹਰੇ ਉਤੇ ਕਿਸੇ ਅਗੰਮੀ ਖੁਸ਼ੀ ਦੀ ਲਾਲੀ ਟਪਕਦੀ ਸੀ। ਉਸਨੂੰ ਦੁਬਾਰਾ ਆਪਣਾ ਆਪਾ ਭਰਿਆ ਪੂਰਿਆ ਮਹਿਸੂਸ ਹੁੰਦਾ ਸੀ। ਪੁਸਤਕ ਦੇ ਪਹਿਲੇ ਸੰਸਕਰਣ ਸਮੇਂ ਉਹ ਪੂਰੀ ਚੜ੍ਹਾਈ ਵਿਚ ਸੀ। ਮੇਲਿਆਂ ਦੇ ਅਖਾੜਿਆਂ ਵਿਚ ਪਹੁੰਚਦਾ ਸੀ, ਪ੍ਰੰਤੂ ਇਸ ਸੰਸਕਰਣ ਦੀ ਛਪਾਈ ਸਮੇਂ ਤੱਕ ਉਹ ਇਸ ਜਹਾਨ ਤੋਂ ਕੂਚ ਕਰ ਚੁੱਕਾ ਹੈ। ਉਸ ਦੀਆਂ ਯਾਦਾਂ ਲੰਮਾ ਸਮਾਂ ਲੋਕ ਮਨਾਂ ਵਿਚ ਸਮਾਈਆਂ ਰਹਿਣਗੀਆਂ।

## ਬੰਤ ਸਿੰਘ ਮਧੀਰ

ਲੋਕ ਢਾਡੀਆਂ ਵਿਚ ਬੰਤ ਸਿੰਘ ਮਧੀਰ ਵੀ ਇੱਕ ਜਾਣਿਆਂ ਪਛਾਣਿਆਂ ਨਾਂ ਹੈ। ਕਿਸੇ ਸਮੇਂ ਬੰਤ ਸਿੰਘ ਮਾਲਵੇ ਦੇ ਨਾਮੀ ਗਮੰਤਰੀਆਂ ਨਾਲ ਮੜ੍ਹਿਕਦਾ ਰਿਹਾ ਹੈ। ਲੋਕ ਢਾਡੀ ਕਲਾ ਦੇ ਇਤਿਹਾਸ ਵਿਚ ਉਸਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ।

ਬੰਤ ਸਿੰਘ ਦਾ ਜਨਮ ਬਠਿੰਡਾ ਜ਼ਿਲ੍ਹੇ ਦੇ ਗਿੱਦੜਬਾਹਾ ਨੇੜਲੇ ਪਿੰਡ ਮਧੀਰ ਵਿਖੇ ਪਿਤਾ ਸ੍ਰ: ਕੁੰਢਾ ਸਿੰਘ ਦੇ ਘਰ ਮਾਤਾ ਸ੍ਰੀਮਤੀ ਜਿੰਦ ਕੌਰ ਦੀ ਕੁੱਖੋਂ 1933 ਦੇ ਲਗਭਗ ਹੋਇਆ। ਵਰਤਮਾਨ ਸਮੇਂ ਇਹ ਪਿੰਡ ਮੁਕਤਸਰ ਜ਼ਿਲ੍ਹੇ ਵਿਚ ਪੈਂਦਾ ਹੈ। ਰਾਮਗੜ੍ਹੀਆ ਪਰਵਾਰ ਨਾਲ ਸਬੰਧਤ ਹੋਣ ਕਾਰਨ ਪਿਤਾ ਪਿੰਡ ਦਾ ਲੁਹਾਰਾ ਤਰਖਾਣਾ ਕੰਮ ਕਰਿਆ ਕਰਦਾ ਸੀ। ਬੰਤ ਸਿੰਘ ਆਪਣੇ ਮਾਪਿਆਂ ਦੇ ਛੇ ਪੁੱਤਰਾਂ ਵਿਚੋਂ ਚੌਥੇ ਸਥਾਨ ਤੇ ਹੈ, ਤਿੰਨ ਉਸਤੋਂ ਵੱਡੇ ਅਤੇ ਦੋ ਛੋਟੇ ਹਨ। ਬਚਪਨ ਵਿਚ ਸਕੂਲ ਜਾਣਾ ਸ਼ੁਰੂ ਤਾਂ ਕੀਤਾ ਪਰ ਪੜ੍ਹਾਈ ਵਿਚ ਦਿਲ ਨਾ ਲੱਗਣ ਕਾਰਨ ਛੇਤੀ ਹੀ ਸਕੂਲ ਛੱਡ ਦਿੱਤਾ। ਆਮ ਪੇਂਡੂ ਮੁੰਡਿਆਂ ਵਾਂਗ ਡੰਗਰ ਚਾਰੇ, ਰੋਹੀਆਂ, ਟਿੱਬੇ ਗਾਹੇ। ਜਦੋਂ ਉਮਰ ਥੋੜੀ ਜਿਹੀ ਵੱਡੀ ਹੋਈ ਤਾਂ ਮਹਿਸੂਸ ਹੋਇਆ ਕਿ ਪੜ੍ਹਾਈ ਤਾਂ ਜ਼ਰੂਰੀ ਹੈ ਸੋ ਪਿੰਡ ਦੇ ਡੇਰੇ ਸੰਤ ਪੂਰਨ ਦਾਸ ਕੋਲ ਜਾ ਪਹੁੰਚਿਆ ਜਿਥੋਂ ਗੁਰਮੁੱਖੀ ਦੇ ਅੱਖਰ ਉਠਾਲਣੇ ਸਿੱਖੇ। ਗੁਜ਼ਾਰੇ ਜੋਗਾ ਪੜ੍ਹਨ ਲਿਖਣ ਲੱਗ ਪਿਆ।

ਬਾਰਾਂ ਤੇਰਾਂ ਸਾਲ ਦੀ ਉਮਰ ਵਿਚ ਪਿੰਡ ਦੇ ਇੱਕ ਆਦਮੀ ਹਾਕਮ ਤੇਲੀ ਨੂੰ ਗਾਉਂਦਿਆਂ ਸੁਣ ਸੁਣ ਕੇ ਬੰਤ ਅਤੇ ਉਸਦੇ ਛੋਟੇ ਭਰਾ ਨੂੰ ਵੀ ਗਾਉਣ ਦੀ ਚੇਟਕ ਲੱਗ ਗਈ। ਹਾਕਮ ਕੋਈ ਕਸਬੀ ਗਵੱਈਆ ਨਹੀਂ ਸੀ ਬਸ ਸ਼ੌਕੀਆ ਤੌਰ ਤੇ ਖੁੱਲ੍ਹੀਆਂ ਕਲੀਆਂ ਲਾਇਆ ਕਰਦਾ ਸੀ। ਸੋ ਬੰਤ ਹੁਰੀਂ ਵੀ ਉਸਦੀ ਸੰਗਤ ਕਰਨ ਲੱਗੇ ਕਲੀਆਂ ਯਾਦ ਕਰਕੇ ਖੁੱਲ੍ਹੇ ਰੂਪ ਵਿਚ ਹੀ ਗਾਉਣ ਦਾ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ। ਪਰ ਇਹ ਸਾਥ ਬਹੁਤਾ ਨਾ ਨਿਭ ਸਕਿਆ ਕਿਉਂਕਿ ਸੰਤਾਲੀ ਦੇ ਹੱਲਿਆਂ ਵੇਲੇ ਹਾਕਮ ਹੁਰਾਂ ਦਾ ਪਰਵਾਰ ਪਾਕਿਸਤਾਨ ਚਲਾ ਗਿਆ।

ਹੁਣ ਬੰਤ ਸਿੰਘ ਨੂੰ ਆਪਣੇ ਸ਼ੌਕ ਦੇ ਇਸ ਰਾਹ ਤੇ ਅੱਗੇ ਵਧਣ ਲਈ ਕਿਸੇ ਸਹਾਰੇ ਦੀ ਲੋੜ ਸੀ। ਪਿੰਡ ਦਾ ਗਮੰਤਰੀ ਹਰੀ ਸਿੰਘ ਮਜ਼ਬੀ ਇਲਾਕੇ ਦਾ ਵਧੀਆ ਗਵੱਈਆ ਰਿਹਾ ਸੀ ਅਤੇ ਹੁਣ ਉਮਰ ਵਡੇਰੀ ਹੋਣ ਕਾਰਨ ਘਰ ਹੀ ਰਹਿੰਦਾ ਸੀ। ਇਸ ਲਈ ਬੰਤ ਸਿੰਘ ਵਿਧੀਵਤ 'ਗੌਣ' ਸਿੱਖਣ ਲਈ ਉਸਤਾਦ ਦੇ ਚਰਨੀਂ ਜਾ ਪਿਆ। ਬੰਤ ਸਿੰਘ ਦੇ 'ਗੌਣ' ਪ੍ਰਤੀ ਸ਼ੌਕ ਦੀ ਚਰਚਾ ਪਿੰਡ ਵਿਚ ਚਲ ਪਈ ਸੀ। ਭਲਵਾਨਾਂ ਅਤੇ ਗਵੱਈਆਂ ਦੀ ਮਾਲਵੇ ਦੇ ਹਰ ਪਿੰਡ ਵਿਚ ਹੀ ਚੰਗੀ ਕਦਰ ਹੁੰਦੀ

ਸੀ। ਪਿੰਡ ਦੀ ਪੰਚਾਇਤ ਨੇ ਹਰੀ ਸਿੰਘ ਨੂੰ ਬੰਤ ਨੂੰ ਚੇਲਾ ਬਣਾ ਕੇ 'ਗੌਣ' ਸਿਖਾਉਣ ਦੀ ਸਿਫਾਰਸ਼ ਕੀਤੀ। ਇਸ ਤਰ੍ਹਾਂ ਗੁਰੂ ਦੀਖਿਆ ਦੀ ਰਸਮ ਤੋਂ ਬਾਅਦ ਬੰਤ ਸਿੰਘ ਨੇ ਬਾਕਾਇਦਾ 'ਗੌਣ' ਦੀ ਸਿਖਿਆ ਲੈਣੀ ਸ਼ੁਰੂ ਕਰ ਦਿੱਤੀ। ਲੰਬਾ ਅਰਸਾ ਉਸਤਾਦ ਦੀ ਸੰਗਤ ਵਿਚ ਰਹਿਕੇ 'ਗਾਇਕੀ' ਦੀਆਂ ਬਰੀਕੀਆਂ ਬਾਰੇ ਜਾਣਿਆ।

ਮੌੜ ਮੰਡੀ ਦੇ ਨੇੜਲੇ ਪਿੰਡ ਕਲੋ ਕੋਟਲੀ ਵਾਲੇ ਚੰਦ ਸਿੰਘ ਨਾਲ ਪਿੰਡ ਤਖਾਣ ਵਾਲੇ ਬਾਸੜੀਏ ਦੇ ਮੇਲੇ ਤੇ ਅਖਾੜੇ ਵਿਚ ਕਲੀਆਂ ਲਵਾਈਆਂ। ਇਸ ਤੋਂ ਬਾਅਦ ਉਸ ਨਾਲ ਜੁੱਟ ਬਣਾਕੇ ਅਖਾੜੇ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਸਾਲਾਂ ਬੱਧੀ ਉਸ ਨਾਲ ਗਾਇਆ। 1980 ਵਿਚ ਅਚਾਨਕ ਚੰਦ ਸਿੰਘ ਦੀ ਮੌਤ ਹੋ ਗਈ ਅਤੇ ਬੰਤ ਸਿੰਘ ਇਕੱਲਾ ਰਹਿ ਗਿਆ। ਏਸੇ ਸਮੇਂ ਦੌਰਾਨ ਉਸਦਾ ਮੇਲ ਪਿੰਡ ਫਿੱਡਾ ਖੁਰਦ ਦੇ ਪ੍ਰਸਿੱਧ ਗਮੰਤਰੀ ਪੂਰਨ ਸਿੰਘ ਨਾਲ ਹੋਇਆ। ਦੋਵਾਂ ਨੇ ਮਿਲਕੇ ਅਖਾੜੇ ਲਾਉਣੇ ਸ਼ੁਰੂ ਕਰ ਦਿੱਤੇ। ਪੂਰੇ ਅਠਾਰਾਂ ਸਾਲ ਦੋਵੇਂ ਜਣੇ ਇਕੱਠੇ ਗਾਉਂਦੇ ਰਹੇ। ਪੂਰਨ ਸਾਜ਼ੀ ਵੀ ਆਪ ਹੀ ਸੀ। ਉਹ ਸਾਰੰਗੀ ਦਾ ਉਸਤਾਦ ਸੀ। ਪੂਰਨ ਤੋਂ ਬਾਅਦ ਬੰਤ ਸਿੰਘ ਨੇ ਦਲੀਪ ਸਿੰਘ ਜੇਠੂਕੇ ਵਾਲੇ, ਬਲੌਰ ਸਿੰਘ ਤੇ ਜੰਗੀਰ ਸਿੰਘ ਹਿੰਮਤਪੁਰੇ ਵਾਲਿਆਂ ਨਾਲ ਵੀ ਕੁਝ ਸਮਾਂ ਗਾਇਆ ਪਰ ਪੱਕੇ ਤੌਰ ਤੇ ਲੰਬੇ ਸਮੇਂ ਲਈ ਇਹਨਾਂ ਦਾ ਗਰੁੱਪ ਨਾ ਬਣ ਸਕਿਆ। ਸਮੇਂ ਸਮੇਂ ਤੇ ਉਹ ਇਨ੍ਹਾਂ ਵਿਚੋਂ ਕਦੇ ਕਿਸੇ ਨਾਲ ਤੇ ਕਦੇ ਕਿਸੇ ਨਾਲ ਗਾਉਂਦਾ ਰਿਹਾ। ਮਈ 2006 ਵਿਚ ਮੈ ਉਸਨੂੰ ਮੁਕਤਸਰ ਜ਼ਿਲ੍ਹੇ ਦੇ ਪਿੰਡ ਦੋਦਾ ਵਿਖੇ ਡੇਰਾ ਬਾਬਾ ਧਿਆਨ ਦਾਸ ਦੇ ਸਾਲਾਨਾ ਭੰਡਾਰੇ ਸਮੇਂ ਜੰਗੀਰ ਸਿੰਘ ਤੇ ਬਲੌਰ ਸਿੰਘ ਨਾਲ ਗਾਉਂਦਿਆਂ ਸੁਣਿਆ। ਕੁਝ ਤਾਂ ਢਲਦੀ ਉਮਰ ਕਾਰਨ ਅਤੇ ਦੂਜੇ ਪੱਕਾ ਗਰੁੱਪ ਨਾ ਹੋਣ ਕਾਰਨ ਉਹ ਗੱਲ ਨਹੀਂ ਬਣੀ। ਕਹਿੰਦੇ ਹਨ ਕਿ ਕੋਈ ਸਮਾਂ ਸੀ ਜਦੋਂ ਚੰਗੇ ਚੰਗੇ ਢਾਡੀ ਗਮੰਤਰੀ ਵੀ ਬੰਤ ਸਿੰਘ ਦੇ ਬਰਾਬਰ ਅਖਾੜਾ ਲਾਉਣ ਤੋਂ ਝਿਜਕਦੇ ਸਨ। ਏਧਰ ਲੁਧਿਆਣੇ, ਛਪਾਰ ਵੱਲ ਇਨ੍ਹਾਂ ਨੂੰ 'ਜਾਂਗਲੀ' ਹੀ ਕਿਹਾ ਜਾਂਦਾ ਸੀ।

ਬੰਤ ਸਿੰਘ ਹੁਰੀਂ ਵੀ ਆਮ ਲੋਕ ਢਾਡੀਆਂ ਵਾਂਗ 'ਹੀਰ' ਪ੍ਰਸਿੱਧ ਕਵੀ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਹੀ ਗਾਉਂਦੇ ਰਹੇ ਹਨ। 'ਪੂਰਨ' ਕਰਮ ਸਿੰਘ ਟੂਸਿਆਂ ਵਾਲੇ ਦਾ, 'ਕੌਲਾਂ' ਮੈਂਗਲ ਸਿੰਘ ਘੰਡੇ ਬੰਨੇ ਵਾਲੇ ਦੀ ਅਤੇ 'ਸੱਸੀ' ਨੱਥਾ ਸਿੰਘ ਨਰੜੂ ਵਾਲੇ ਦੀ ਗਾਉਂਦੇ ਰਹੇ ਹਨ। ਇਨ੍ਹਾਂ ਤੋਂ ਇਲਾਵਾ ਉਹ ਸੋਹਣੀ, ਮਿਰਜ਼ਾ, ਬੇਗੋ ਪ੍ਰੀਤ ਕਥਾਵਾਂ, ਦੁੱਲਾ ਭੱਟੀ, ਜਿਉਣਾ ਮੌੜ, ਸੁੱਚਾ ਸੂਰਮਾ ਬੀਰ ਕਥਾਵਾਂ ਵੱਖ ਵੱਖ ਕਵੀਆਂ ਦੀਆਂ ਲਿਖੀਆਂ ਹੋਈਆਂ ਗਾਉਂਦੇ ਰਹੇ। ਬੰਤ ਸਿੰਘ ਹੁਰੀਂ ਪੰਜਾਬ ਦੇ ਵੱਡੇ ਵੱਡੇ ਲੋਕ ਮੇਲਿਆਂ ਤੋਂ ਇਲਾਵਾ ਸਥਾਨਕ ਧਾਰਮਿਕ ਮੇਲਿਆਂ 'ਤੇ ਤਾਂ ਆਮ ਹੀ ਅਖਾੜੇ ਲਾਉਂਦੇ

ਰਹੇ ਹਨ ਪਰ ਕਪਾਲ ਮੋਚਨ ਜਾਂ ਪਹੋਏ ਵਰਗੇ ਮੇਲਿਆਂ 'ਤੇ ਉਹ ਕਦੇ ਨਹੀਂ ਗਿਆ।

ਬੰਤ ਸਿੰਘ ਦਾ ਛੋਟਾ ਭਰਾ ਕਰਨੈਲ ਸਿੰਘ ਵੀ ਸ਼ੌਕੀਆ ਗਾ ਲੈਂਦਾ ਹੈ ਪਰ ਉਹ ਕਸਬੀ ਗਵੱਈਆ ਨਹੀਂ ਬਣਿਆ। ਉਹ ਸਾਜ਼ੀ ਹੈ ਅਤੇ ਸਾਰੰਗੀ ਵਧੀਆ ਵਜਾ ਲੈਂਦਾ ਹੈ। ਪੱਕੇ ਤੌਰ 'ਤੇ ਉਹ ਆਪਣਾ ਪਿਤਾ ਪੁਰਖੀ ਕਿੱਤਾ ਹੀ ਕਰਦਾ ਹੈ। ਬੰਤ ਸਿੰਘ ਵੀ ਗਾਉਣ ਦੇ ਨਾਲ ਨਾਲ ਆਪਦਾ ਪਿਤਾ ਪੁਰਖੀ ਕਿੱਤਾ ਕਰਦਾ ਰਿਹਾ ਹੈ। ਉਹ ਪਿੱਤਲ ਦੇ ਕੋਕਿਆਂ ਅਤੇ ਸੰਬਾਂ ਵਾਲੇ ਖੂੰਡੇ ਬਣਾਉਣ ਦਾ ਮਾਹਰ ਸੀ। ਉਸਦੇ ਬਣਾਏ ਹੋਏ ਖੂੰਡੇ ਦੂਰ ਦੂਰ ਤੱਕ ਪ੍ਰਸਿੱਧ ਸਨ। ਸ਼ੁਕੀਨ ਪੰਜਾਬੀ ਲੋਕ ਦੂਰੋਂ ਦੂਰੋਂ ਆ ਕੇ ਆਪਣੀ ਪਸੰਦ ਦੇ ਖੂੰਡੇ ਉਸਤੋਂ ਬਣਵਾ ਕੇ ਲੈ ਜਾਂਦੇ ਸਨ।

ਬੰਤ ਸਿੰਘ ਨੇ ਵਿਆਹ ਨਹੀਂ ਕਰਵਾਇਆ ਅਤੇ ਸਾਰੀ ਉਮਰ ਗੌਣ ਦੇ ਲੇਖੇ ਹੀ ਲਾ ਦਿੱਤੀ। ਉਹ ਆਪਣੇ ਗੋਦ ਲਏ ਭਤੀਜੇ ਨਾਲ ਪਿੰਡ ਮਧੀਰ ਵਿਖੇ ਹੀ ਰਹਿ ਰਿਹਾ ਸੀ। ਕਦੇ ਕਦਾਈਂ ਆਪਣੇ ਪੁਰਾਣੇ ਸਾਥੀਆਂ ਦੇ ਸੱਦੇ ਤੇ ਉਹ ਕਿਸੇ ਪ੍ਰੋਗਰਾਮ 'ਤੇ ਆਪਣੀ ਢੱਡ ਚੁੱਕ ਕੇ ਪਹੁੰਚ ਜਾਂਦਾ ਸੀ ਅਤੇ ਆਪਣਾ ਗਾਉਣ ਦਾ ਝੱਸ ਪੂਰਾ ਕਰ ਲੈਂਦਾ ਸੀ।

13 ਫਰਵਰੀ 2007 ਨੂੰ ਬੰਤ ਸਿੰਘ ਇਸ ਫਾਨੀ ਜਹਾਨ ਤੋਂ ਸਦਾ ਲਈ ਕੂਚ ਕਰ ਗਿਆ। ਜਦੋਂ ਵੀ ਲੋਕ ਢਾਡੀ ਕਲਾ ਦੀ ਗੱਲ ਚੱਲਿਆ ਕਰੇਗੀ, ਮਧੀਰ ਵਾਲੇ ਬੰਤ ਸਿੰਘ ਦਾ ਨਾਂ ਵੀ ਜ਼ਰੂਰ ਯਾਦ ਕੀਤਾ ਜਾਇਆ ਕਰੇਗਾ।

# ਜਾਗਰ ਸਿੰਘ ਭਮੱਦੀ

ਲੋਕ ਢਾਡੀਆਂ ਵਿਚ ਜਾਗਰ ਸਿੰਘ ਭਮੱਦੀ ਵਾਲਾ ਵੀ ਇਕ ਨਾਮੀ ਢਾਡੀ ਹੋਇਆ ਹੈ, ਜੋ ਅਚੇਤ ਜਾਂ ਸੁਚੇਤ ਰੂਪ ਵਿਚ ਪੰਜਾਬ ਦੀ ਇਸ ਵੱਡਮੁੱਲੀ ਵਿਰਾਸਤ ਨੂੰ ਸਾਂਭਣ ਅਤੇ ਅੱਗੇ ਤੋਰਨ ਵਿਚ ਜੁਟਿਆ ਹੋਇਆ ਰਿਹਾ ਹੈ।

ਜਾਗਰ ਸਿੰਘ ਦਾ ਜਨਮ 1932 ਵਿਚ ਖੰਨੇ ਦੇ ਨੇੜਲੇ ਪਿੰਡ ਭਮੱਦੀ ਵਿਖੇ ਹੋਇਆ। ਪਿਤਾ ਦਾ ਨਾਂ ਰਾਮ ਦਿੱਤਾ ਅਤੇ ਮਾਤਾ ਦਾ ਨਾਂ ਸਿਆਮ ਕੌਰ ਸੀ। ਬਚਪਨ ਵਿਚ ਉਹ ਆਪਣੇ ਦਾਦੇ ਮਹਿਮਾ ਸਿੰਘ ਨੂੰ ਸਾਰੰਗੀ ਵਜਾਉਂਦਾ ਅਤੇ ਕਲੀਆਂ ਲਾਉਂਦਾ ਵੇਖਦਾ ਸੀ। ਉਸਦਾ ਦਾਦਾ ਕੋਈ ਕਸਬੀ ਗਵੱਈਆ ਨਹੀਂ ਸੀ। ਉਹ ਤਾਂ ਸਿਰਫ ਜਦੋਂ ਕਦੇ ਹੌਲ ਉਠਦਾ ਆਪਦਾ ਝੱਸ ਪੂਰਾ ਕਰ ਲੈਂਦਾ ਸੀ। ਗੌਣ ਵਾਲਿਆਂ ਦੇ ਅਖਾੜਿਆਂ ਵਿਚ ਉਹ ਦੂਰ ਦੂਰ ਤੱਕ ਪਹੁੰਚਦਾ ਸੀ। ਜਰਗ, ਛਪਾਰ ਦੇ ਮੇਲਿਆਂ ਤੇ ਉਹ ਜਾਗਰ ਨੂੰ ਘਨੇੜੇ ਚੁੱਕ ਕੇ ਲੈ ਜਾਂਦਾ ਸੀ। ਇਹਨਾਂ ਅਖਾੜਿਆਂ ਵਿਚ ਛਪਾਰੀਏ ਡੋਗਰ, ਈਸੜੂ ਵਾਲੇ ਨਗੀਨੇ ਅਤੇ ਡੇਹਲੋਂ ਵਾਲੇ ਖੰਡੂ ਦੇ 'ਗੌਣ' ਸੁਣਕੇ ਜਾਗਰ ਨੂੰ ਵੀ ਗੌਣ ਦੀ ਚੇਟਕ ਲੱਗ ਗਈ। ਉਸਦਾ ਇਹ ਸ਼ੌਕ ਜਨੂੰਨ ਦੀ ਹੱਦ ਤੱਕ ਵਧ ਗਿਆ ਸਿੱਟੇ ਵਜੋਂ ਚੌਦਾਂ ਪੰਦਰਾਂ ਸਾਲ ਦੀ ਚੜ੍ਹਦੀ ਉਮਰ ਵਿਚ ਉਹ ਖੰਡੂ ਡੇਹਲੋਂ ਵਾਲੇ ਦਾ ਸ਼ਗਿਰਦ ਬਣ ਗਿਆ। ਪੂਰੇ ਸੱਤ ਸਾਲ ਉਸਤਾਦ ਦੀ ਸੰਗਤ ਵਿਚ ਰਿਹਾ। ਨਾਲ ਗੁਰਨਾਮ ਸਿੰਘ ਗੁਪਾਲਪੁਰ ਵਾਲਾ ਸਾਰੰਗੀ ਵਾਦਕ ਸੀ। ਸਖ਼ਤ ਮਿਹਨਤ ਕਰਕੇ ਢਾਡੀ ਰਾਗ ਦੀਆਂ ਗੁੱਝੀਆਂ ਰਮਜਾਂ ਬਾਰੇ ਜਾਣਿਆਂ। ਬਾਅਦ ਵਿਚ ਉਸਤਾਦ ਦੇ ਅਸ਼ੀਰਵਾਦ ਨਾਲ ਆਪਣੇ ਗੁਰਭਾਈ ਸ਼ੇਰੇ ਬੱਲੋਵਾਲੀਏ ਨਾਲ ਗਰੁੱਪ ਬਣਾਕੇ ਪੂਰੇ ਛੇ ਸਾਲ ਅਖਾੜਿਆਂ ਵਿਚ ਗਾਇਆ। ਸੁੱਚਾ ਸਿੰਘ ਕਮਾਲਪੁਰ ਵਾਲਾ ਸਾਰੰਗੀ ਮਾਸਟਰ ਸੀ। ਘਨੌਰੀਏ ਨਿਰੰਜਣ ਨਾਲ ਵੀ ਚਾਰ ਕੁ ਸਾਲ ਲਾਏ। ਇਸ ਤਰ੍ਹਾਂ ਘਸ-ਘਸ ਕੇ ਚਮਕ ਵਧਦੀ ਗਈ। ਅਖੀਰ ਚੂਹੜਚੱਕ ਦੇ ਜੀਤ ਨੂੰ ਢੱਡ ਤੇ ਅਤੇ ਗਾਲਬ ਵਾਲੇ ਚੰਦ ਨੂੰ ਸਾਜ਼ (ਸਾਰੰਗੀ) 'ਤੇ ਲਾਕੇ ਆਪਣਾ ਗਰੁਪ ਬਣਾਕੇ ਆਗੂ ਵਜੋਂ ਆਪਣੀ ਪਛਾਣ ਬਣਾਈ। ਸਮੇਂ ਸਮੇਂ ਤੇ ਜਥੇ ਵਿਚ ਕਈ ਸਾਥੀ ਆਉਂਦੇ ਤੇ ਜਾਂਦੇ ਰਹੇ। ਮਹਿੰਦਰ ਰੋਹਣੋਂ ਵਾਲਾ ਵੀ ਕੁਝ ਸਮਾਂ ਨਾਲ ਰਿਹਾ। ਅੱਜ ਕੱਲ੍ਹ ਜਥੇ ਵਿਚ ਬਚਨਾ ਚੀਮਿਆਂ ਵਾਲਾ ਢਾਡੀ ਅਤੇ ਸੁਰਜੀਤ ਸਿੰਘ ਗੁਰਮ ਬਰਨਾਲੇ ਵਾਲਾ ਸਾਜ਼ੀ (ਸਾਰੰਗੀ ਮਾਸਟਰ) ਸ਼ਾਮਲ ਹਨ।

ਜਾਗਰ ਸਿੰਘ ਹੁਰੀਂ ਮਾਲਵਾ ਖੇਤਰ ਦੇ ਪ੍ਰਮੁੱਖ ਮੇਲਿਆਂ ਜਰਗ, ਛਪਾਰ, ਜੈਤੋ ਮੰਡੀ, ਸੰਗਰੂਰ ਦੇ ਦੁਸਹਿਰੇ, ਸੁਨਾਮ ਦੀ ਮੰਡੀ, ਜਗਰਾਵਾਂ ਦੀ ਰੋਸ਼ਨੀ ਤੋਂ ਇਲਾਵਾ

ਸਥਾਨਕ ਮੇਲਿਆਂ ਘਰਾਚੋਂ, ਕੁਰਾਲੀ, ਹੀਰੋਂ ਝਾੜੋਂ, ਸਲਾਣੇ ਦੀ ਛਿੰਝ ਆਦਿ 'ਤੇ ਲਗਾਤਾਰ ਅਖਾੜੇ ਲਾਉਂਦੇ ਰਹੇ ਹਨ। ਪੰਜਾਬੋਂ ਬਾਹਰ ਲਗਦੇ ਧਾਰਮਿਕ ਮੇਲਿਆਂ ਨੈਣਾਂ ਦੇਵੀ, ਪਹੋਏ, ਕਪਾਲ ਮੋਚਨ ਤੇ ਵੀ ਹਰ ਸਾਲ ਹਾਜਰੀ ਲੁਆਉਣੀ ਆਪਣਾ ਧਰਮ ਸਮਝਦੇ ਸਨ। ਇਹਨਾਂ ਮੇਲਿਆਂ ਦੇ ਅਖਾੜਿਆਂ ਤੋਂ ਬਿਨਾਂ ਉਹ ਵਿਆਹਾਂ ਸ਼ਾਦੀਆਂ ਅਤੇ ਹੋਰ ਖੁਸ਼ੀ ਦੇ ਮੌਕਿਆਂ ਤੇ ਸਾਈ ਦੇ ਅਖਾੜੇ ਵੀ ਲਾਉਂਦੇ ਸਨ।

ਆਮ ਰਵਾਇਤੀ ਢਾਡੀਆਂ ਵਾਂਗ ਜਾਗਰ ਸਿੰਘ ਹੁਰੀਂ ਵੀ ਪ੍ਰਚੱਲਤ ਲੋਕ ਗਾਥਾਵਾਂ ਹੀ ਗਾਉਂਦੇ ਸਨ। ਹੀਰ, ਤੇ ਪੂਰਨ ਉਹਨਾਂ ਦੇ ਮੁੱਖ ਗੌਣ ਸਨ। ਇਹਨਾਂ ਤੋਂ ਇਲਾਵਾ ਸੱਸੀ, ਬੇਗੋਨਾਰ, ਦਹੂਦ ਬਾਦਸ਼ਾਹ, ਰਾਜਾ ਜਗਦੇਵ ਪਮਾਰ, ਦੁੱਲਾ ਭੱਟੀ, ਜੈਮਲ ਫੱਤਾ, ਕੌਲਾਂ, ਰਾਜਾ ਰਸਾਲੂ ਆਦਿ ਦੇ ਪ੍ਰਸੰਗ ਵੀ ਉਹ ਗਾਉਂਦੇ ਸਨ। ਹੀਰ ਉਹ ਹਜੂਰਾ ਸਿੰਘ ਬੁਟਾਹਰੀ ਵਾਲੇ ਦੀ, ਪੂਰਨ ਕਰਮ ਸਿੰਘ ਟੂਸਿਆਂ ਵਾਲੇ ਦਾ, ਸੱਸੀ ਨੱਥਾ ਸਿੰਘ ਨਰੜੂ ਵਾਲੇ ਦੀ ਗਾਉਂਦੇ ਸਨ।

ਜਾਗਰ ਸਿੰਘ ਇੱਕ ਹੰਢਿਆ ਹੋਇਆ ਅਤੇ ਤਜ਼ਰਬੇਕਾਰ ਢਾਡੀ ਸੀ। ਉਹ ਸਰੋਤਿਆਂ ਦੀ ਨਬਜ਼ ਨੂੰ ਖੂਬ ਚੰਗੀ ਤਰ੍ਹਾਂ ਪਛਾਣਦਾ ਸੀ। ਉਹਨਾਂ ਦੇ ਰੁਖ ਅਨੁਸਾਰ ਹੀ ਆਪਣੇ ਅਖਾੜੇ ਦੀ ਤੋਰ ਰੱਖਦਾ ਸੀ। ਗੌਣ ਦੇ ਬੋਲ ਉਸਦੇ ਧੁਰ ਅੰਦਰੋਂ ਨਿਕਲਦੇ ਪ੍ਰਤੀਤ ਹੁੰਦੇ ਸਨ। ਸਮੇਂ-ਸਮੇਂ ਦੀ ਤਸਵੀਰ ਨੂੰ ਉਹ ਸਰੋਤਿਆਂ ਦੇ ਸਾਹਮਣੇ ਹੂ-ਬ-ਹੂ ਪੇਸ਼ ਕਰ ਦਿੰਦਾ ਸੀ। ਸੈਦੇ ਅਤੇ ਹੀਰ ਦੇ ਕੰਗਣਾਂ ਖੇਡਣ ਨੂੰ ਉਹ ਇਓਂ ਬਿਆਨ ਕਰਦਾ ਸੀ :-

- ***ਸੈਦੇ ਹੀਰ ਨੂੰ ਖਿਲਾਉਣ ਲੱਗੇ ਕੰਗਣਾ,***
  ***ਵਿਚ ਦਲਾਨ ਦੇ ਸਤਰੰਜੀ ਲਿਆਣ ਵਛਾਈ।***
  ***ਵਿਚ ਵਿਚਾਲੇ ਕੁੜੀਆਂ ਲੈ ਕੇ ਬੈਠਣ ਹੀਰ ਨੂੰ,***
  ***ਲੱਸੀ ਲਿਆਕੇ ਵਿਚ ਪਰਾਤ ਦੇ ਪਵਾਈ।***
  ***ਆਣ ਬੈਠਾ ਸੈਦਾ ਜਦ ਹੀਰ ਦੇ ਸਾਹਮਣੇ,***
  ***ਦੇਖ ਨਰਾਜੀ ਜੈਹਰ ਦਿੰਦਾ ਹੈ ਦਖਾਈ।***

ਨੱਥਾ ਸਿੰਘ ਨਰੜੂ ਦੀ ਲਿਖੀ ਸੱਸੀ ਨੂੰ ਜਾਗਰ ਸਿੰਘ ਹੁਰਾਂ ਦਾ ਜਥਾ ਬੜੇ ਵਧੀਆ ਢੰਗ ਨਾਲ ਗਾਉਂਦਾ ਸੀ। ਨੱਥਾ ਸਿੰਘ ਨੇ ਸੱਸੀ ਨੂੰ ਕਲੀਆਂ ਵਿਚ ਲਿਖਿਆ ਹੈ। ਬਾਰਾਂਮਾਹ ਦਾ ਇਕ ਨਮੂਨਾ ਪੇਸ਼ ਹੈ :-

• *ਚੇਤਰ ਚੱਲਣੋਂ ਮੇਰੇ ਨੈਣ ਪਰਾਣ ਰੈਹਗੇ ਨੇ,*
*ਮੌਤ ਨਮਾਣੀ ਫਿਰਦੀ ਚੰਦਰੀ ਦੇ ਦਵਾਲੇ।*
*ਚੜ੍ਹੇ ਵਿਸਾਖ ਮੇਰੇ ਵਸ ਦੀ ਗੱਲ ਨਾ ਰੈਹਗੀ ਐ,*
*ਛੱਡ ਕੇ ਉਠ ਗਿਆ ਮੈਨੂੰ ਧਾਰ ਦੇ ਵਿਚਾਲੇ।*
*ਜੇਠ ਜਬਾਨ ਮੇਰੀ ਬੋਲਣ ਤੋਂ ਰੈਹਗੀ ਐ,*
*ਸੁੱਕ ਕੇ ਲਗ ਗੀ ਜੇਹੜੀ ਤਾਲੂਏ ਦੇ ਨਾਲੇ।*
*ਹਾੜ੍ਹ ਹੋਸ਼ ਨਾ ਟਿਕਾਣੇ ਰੈਹਗੀ ਸੱਸੀ ਦੀ,*
*ਝੱਲੇ ਜਾਣ ਨਾ ਵਿਛੋੜੇ ਦਿਲਬਰ ਵਾਲੇ।*

ਪੂਰੀ ਜ਼ਿੰਦਗੀ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਜਾਗਰ ਸਿੰਘ ਨੂੰ ਪਿਛਲੀ ਉਮਰੇ ਬਿਮਾਰੀ ਨੇ ਘੇਰ ਲਿਆ। ਕੁੱਝ ਸਮਾਂ ਬਿਮਾਰ ਰਹਿਣ ਤੋਂ ਬਾਅਦ ਅਖੀਰ 2007 ਦੇ ਸ਼ੁਰੂ ਵਿਚ ਉਸਦਾ ਭੌਰ ਉਡਾਰੀ ਮਾਰ ਗਿਆ। ਜਦੋਂ ਕਿਤੇ ਢਾਡੀ ਕਲਾ ਦੀ ਗੱਲ ਚੱਲੇਗੀ ਤਾਂ ਜਾਗਰ ਸਿੰਘ ਦਾ ਜ਼ਿਕਰ ਵੀ ਜ਼ਰੂਰ ਹੋਵੇਗਾ।

## ਰਾਮ ਸਿੰਘ ਸਲਾਣਾ

ਲੋਕ ਢਾਡੀ ਕਲਾ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੁਝ ਨੌਜਵਾਨ ਵੀ ਇਸ ਕਲਾ ਨਾਲ ਜੁੜੇ ਰਹੇ ਹਨ ਤੇ ਆਪਣਾ ਸ਼ੌਕ ਪਾਲਦੇ ਰਹੇ ਹਨ। ਇਨ੍ਹਾਂ ਨੌਜਵਾਨ ਢਾਡੀਆਂ ਵਿਚੋਂ ਹੀ ਇੱਕ ਸੀ-- ਰਾਮ ਸਿੰਘ ਸਲਾਣੇ ਵਾਲਾ ਜਿਸ ਨੇ ਬੀ.ਏ., ਡੀ.ਪੀ.ਈ. ਕੀਤੀ ਹੋਈ ਸੀ। ਉਸਦਾ ਸਾਥੀ ਰਿਹਾ ਨਵਜੋਤ ਸਿੰਘ ਜਰਗ ਵਾਲਾ ਜੋ ਐਮ.ਏ ਪਾਸ ਹੈ ਪੱਚੀਆਂ ਕੁ ਸਾਲਾਂ ਦਾ ਹੋਣਹਾਰ ਸਾਰੰਗੀ ਮਾਸਟਰ ਹੈ।

ਰਾਮ ਸਿੰਘ ਦਾ ਜਨਮ ਬਾਰਾਂ ਜਨਵਰੀ ਉਨੀ ਸੌ ਇਕਵੰਜਾ ਨੂੰ ਸ੍ਰ: ਕਾਕਾ ਸਿੰਘ ਦੇ ਘਰ ਮਾਤਾ ਗੁਰਬਚਨ ਕੌਰ ਦੀ ਕੁੱਖੋਂ ਅਜੋਕੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਤਹਿਸੀਲ ਅਮਲੋਹ ਦੇ ਪਿੰਡ ਸਲਾਣਾ ਜੀਵਨ ਸਿੰਘ ਵਾਲਾ ਵਿਖੇ ਹੋਇਆ। ਮੁਢਲੀ ਵਿੱਦਿਆ ਉਸਨੇ ਆਪਣੇ ਪਿੰਡ ਵਿਖੇ ਹੀ ਪ੍ਰਾਪਤ ਕੀਤੀ। ਉਸ ਦੇ ਤਾਏ ਦਾ ਪੁੱਤ ਨਛੱਤਰ ਖੇਤਾਂ ਵਿਚ ਹਲ ਵਾਹੁੰਦੇ ਸਮੇਂ ਜਾਂ ਹੋਰ ਕੰਮ ਕਰਦੇ ਸਮੇਂ ਖੁੱਲ੍ਹੀਆਂ ਕਲੀਆਂ ਗਾਉਂਦਾ ਹੁੰਦਾ ਸੀ। ਰਾਮ ਸਿੰਘ ਵੀ ਉਸਦੀ ਰੀਸ ਵਿਚ ਬੋਲ ਕੱਢਣ ਲੱਗ ਪਿਆ ਅਤੇ ਨਛੱਤਰ ਨੇ ਉਸਨੂੰ ਹੱਲਾਸ਼ੇਰੀ ਦਿੱਤੀ।

ਸਲਾਣੇ ਦੀ ਛਿੰਝ ਇਲਾਕੇ ਭਰ ਵਿਚ ਮਸ਼ਹੂਰ ਹੈ ਜੋ ਪਿਛਲੇ ਸੱਤਰ-ਪੰਝੱਤਰ ਸਾਲਾਂ ਤੋਂ ਹਰ ਤੀਜੇ ਸਾਲ ਪੁਆਈ ਜਾਂਦੀ ਹੈ। ਇਸ ਦਾ ਆਰੰਭ ਇੱਕ ਪਹੁੰਚੇ ਹੋਏ ਮਹਾਤਮਾ ਸੰਤ ਬਾਬਾ ਅੜਦਾਸ ਜੀ ਦੇ ਬਚਨਾਂ ਤੋਂ ਹੋਇਆ। ਇਥੇ ਤਿੰਨ ਅਖਾੜੇ ਪੂਰਨ ਦਾ 'ਗੌਣ' ਗਵਾਇਆ ਜਾਂਦਾ ਹੈ। ਇਹ ਕਿਸੇ ਹਾਰੀ ਸਾਰੀ ਗਮੰਤਰੀ ਦੇ ਵਸ ਦੀ ਗੱਲ ਨਹੀਂ ਸਗੋਂ ਪੂਰੇ ਪੱਲੇ ਵਾਲਾ ਹੀ ਇਹ ਅਖਾੜੇ ਲਾ ਸਕਦਾ ਹੈ। ਕੁਝ ਗਿਣਤੀ ਦੇ ਲੋਕ ਢਾਡੀ ਹੋਏ ਹਨ ਜਿਨ੍ਹਾਂ ਨੇ ਏਥੇ ਆਪਣੀ ਹਾਜ਼ਰੀ ਲੁਆਈ ਹੈ। ਆਪਣੇ ਵੇਲੇ ਦਾ ਨਾਮੀਂ ਢਾਡੀ ਖੰਡੂ ਡੋਹਲੋਂ ਵਾਲਾ, ਪੰਡਿਤ ਕਾਂਸ਼ੀ ਰਾਮ ਦਾ ਚੇਲਾ ਇਸ ਛਿੰਝ 'ਤੇ ਅਖਾੜਾ ਲਾਇਆ ਕਰਦਾ ਸੀ। ਉਸਨੂੰ ਦੇਖ ਕੇ ਰਾਮ ਸਿੰਘ ਅੰਦਰ ਲੋਕ ਢਾਡੀ ਕਲਾ ਦਾ ਜੋ ਬੀਜ ਬੀਜਿਆ ਗਿਆ ਸੀ ਉਹ ਪੁੰਗਰਨ ਲੱਗ ਪਿਆ।

ਕਾਲਜ ਦੀ ਪੜ੍ਹਾਈ ਦੇ ਦੌਰਾਨ ਹੀ ਉਸਦੀ ਮੁਲਾਕਾਤ ਮਸ਼ਹੂਰ ਢਾਡੀ ਪ੍ਰੀਤਮ ਸਿੰਘ ਉਟਾਲ ਨਾਲ ਹੋਈ। ਪ੍ਰੀਤਮ ਸਿੰਘ ਤੋਂ ਉਸਨੇ ਕਾਫੀ ਕੁਝ ਸਿੱਖਿਆ। ਬਹੁਤ ਸਾਰੀਆਂ ਕਲੀਆਂ ਲਿਖੀਆਂ ਅਤੇ ਯਾਦ ਕੀਤੀਆਂ। ਬੀ.ਏ. ਕਰਕੇ ਕੁਝ ਸਾਲ ਨੌਕਰੀ ਲਈ ਜੱਦੋ ਜਹਿਦ ਕਰਦਾ ਰਿਹਾ। 1975-76 ਵਿਚ ਨਾਗਪੁਰ ਯੂਨੀਵਰਸਿਟੀ ਤੋਂ ਡੀ.ਪੀ.ਈ. ਦਾ ਡਿਪਲੋਮਾ ਕੀਤਾ। ਉਥੇ ਵੀ ਗਾਉਣ ਦਾ ਸ਼ੌਕ ਪਾਲਦਾ ਰਿਹਾ। ਢੱਡ ਹਮੇਸ਼ਾ ਆਪਣੇ ਕੋਲ ਰੱਖਦਾ ਸੀ। ਪੰਜਾਬ ਦੇ ਮੁੰਡਿਆਂ ਨੂੰ ਕਲੀਆਂ ਸੁਣਾਇਆ ਕਰਦਾ

ਸੀ। ਡਿਪਲੋਮਾ ਕਰਨ ਤੋਂ ਬਾਅਦ ਪੰਜਾਬ ਆ ਕੇ ਫੇਰ ਪ੍ਰੀਤਮ ਸਿੰਘ ਉਟਾਲ ਨਾਲ ਗਾਉਂਦਾ ਰਿਹਾ। ਪਰ ਘਰ ਦੀਆਂ ਮਜਬੂਰੀਆਂ ਕਰਕੇ ਬਹੁਤਾ ਚਿਰ ਨਾਲ ਨਾ ਰਹਿ ਸਕਿਆ। ਫੇਰ 1988 ਵਿਚ ਭਜਨ ਸਿੰਘ ਬਾਲਦ ਵਾਲੇ ਨੂੰ ਪੱਗ ਦੇ ਕੇ ਰਸਮੀ ਤੌਰ ਤੇ ਗੁਰੂ ਧਾਰਿਆ। ਉਸਤੋਂ ਢਾਡੀ ਰਾਗ ਬਾਰੇ ਬਹੁਤ ਕੁਝ ਜਾਣਿਆਂ ਭਾਵੇਂ ਉਸ ਨਾਲ ਵੀ ਕੋਈ ਬਹੁਤਾ ਲੰਮਾ ਸਮਾਂ ਸੰਗਤ ਨਹੀਂ ਕਰ ਸਕਿਆ। ਪਿਛਲੇ ਕੁਝ ਸਾਲਾਂ ਤੋਂ ਆਪ ਆਗੂ ਬਣ ਕੇ ਅਖਾੜੇ ਲਾ ਰਿਹਾ ਸੀ। ਉਸ ਦੇ ਸਾਥੀਆਂ ਵਿਚ ਮੱਲ ਸਿੰਘ ਰਾਮਗੜ੍ਹ ਢਾਡੀ ਅਤੇ ਨਵਜੋਤ ਸਿੰਘ ਜਰਗ ਵਾਲਾ ਸਾਜ਼ੀ ਸਨ। ਜੋਤੀ ਜਰਗ ਦੇ ਸਰੰਪਚ ਹਰਦੇ ਵ ਸਿੰਘ ਦਾ ਹੋਣਹਾਰ ਪੁੱਤਰ ਹੈ ਜੋ ਵਰਤਮਾਨ ਸਮੇਂ ਦੇ ਉਚ ਕੋਟੀ ਦੇ ਸਾਰੰਗੀ ਮਾਸਟਰ ਗੁਰਨਾਮ ਸਿੰਘ ਗੁਪਾਲਪੁਰ ਦਾ ਚੇਲਾ ਹੈ।

ਆਮ ਢਾਡੀਆਂ ਵਾਂਗ ਹੀ 'ਹੀਰ' ਉਹ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਹੀ ਗਾਉਂਦਾ ਸੀ। ਪੂਰਨ ਕਰਮ ਸਿੰਘ ਟੂਸਿਆਂ ਵਾਲੇ ਦਾ ਤੇ ਮੂੰਹੋਂ ਮੂੰਹੀਂ ਤੁਰਿਆ ਆਉਂਦਾ ਮਿਰਜ਼ਾ। 'ਹੀਰ' ਉਸਨੂੰ ਦੋ ਅਖਾੜਿਆਂ ਜੋਗੀ ਯਾਦ ਸੀ। ਪੂਰਨ ਲਗਭਗ ਸਾਰਾ ਯਾਦ ਸੀ। ਮਿਰਜ਼ਾ, ਦੁੱਲਾ ਅਤੇ ਸੱਸੀ ਦੀਆਂ ਕਲੀਆਂ ਵੀ ਮੇਲਿਆਂ ਤੇ ਲਾਉਣ ਜੋਗੀਆਂ ਯਾਦ ਸਨ। ਹੀਰ ਦੀ ਪਹਿਲੀ ਕਲੀ ਜੋ ਉਸਨੇ ਯਾਦ ਕੀਤੀ ਸੀ ਉਸਦੇ ਬੋਲ ਹਨ :-

- ***ਸਹਿਤੀ ਮਕਰ ਫਰੇਬਣ ਕਿਹਾ ਬਤੋਲਾ ਲੱਭਦੀ ਹੈ,***
  ***ਮਾਈ ਬਾਪ ਠੱਗਿਆ ਸੈਦੇ ਨੂੰ ਭਰਮਾ ਕੇ ।***

ਜਰਗ, ਛਪਾਰ ਦੇ ਲੋਕ ਮੇਲਿਆਂ ਤੋਂ ਇਲਾਵਾ ਉਹ ਨੈਣਾ ਦੇਵੀ, ਪਹੋਏ ਅਤੇ ਕਪਾਲ ਮੋਚਨ ਜਿਹੇ ਧਾਰਮਿਕ ਮੇਲਿਆਂ 'ਤੇ ਵੀ ਹਾਜ਼ਰੀ ਲੁਆਉਂਦੇ ਸਨ। ਪ੍ਰੋ: ਮੋਹਣ ਸਿੰਘ ਸੱਭਿਆਚਾਰਕ ਮੇਲੇ 'ਤੇ ਲੁਧਿਆਣੇ ਵੀ ਉਹ ਦੂਸਰੇ ਲੋਕ ਢਾਡੀਆਂ ਨਾਲ ਸ਼ਾਮਲ ਹੁੰਦੇ ਸਨ। ਪਿੰਡ ਦੀ ਛਿੰਝ 'ਤੇ ਪੂਰਨ ਦਾ 'ਗੌਣ' ਗਾਉਣ ਦੀ ਉਸ ਦੀ ਦਿਲੀ ਤਮੰਨਾ ਸੀ। ਇਸ ਲਈ ਮਿਹਨਤ ਦੇ ਨਾਲ ਨਾਲ ਉਹ ਪਰਮਾਤਮਾ ਦੀ ਬਖਸ਼ਿਸ਼ ਵੀ ਚਾਹੁੰਦਾ ਸੀ।

9 ਅਗਸਤ 2005 ਨੂੰ ਢਾਡੀ ਕਲਾ ਦਾ ਇਹ ਅਨਮੋਲ ਹੀਰਾ ਆਖਰੀ ਭਾਹ ਦਿਖਾ ਕੇ ਅਲੋਪ ਹੋ ਗਿਆ। ਢਾਡੀ ਜਗਤ ਲਈ ਇਹ ਇਕ ਸਦਮੇ ਵਾਲੀ ਗੱਲ ਸੀ

ਰਾਮ ਸਿੰਘ ਆਪਣੇ ਪਿੰਡ ਦੀ ਖੇਤੀਬਾੜੀ ਸਹਿਕਾਰੀ ਸਭਾ ਦਾ ਦੋ ਵਾਰ ਪ੍ਰਧਾਨ

ਰਿਹਾ। ਏਸੇ ਤਰ੍ਹਾਂ ਦੁੱਧ ਸਹਿਕਾਰੀ ਸਭਾ ਦਾ ਪ੍ਰਧਾਨ ਰਿਹਾ। ਪਿੰਡ ਦੀ ਛਿੰਝ ਸਮੇਂ ਉਹ ਮੋਹਰੀ ਹੋ ਕੇ ਸਾਰੇ ਪ੍ਰਬੰਧ ਕਰਦਾ ਸੀ ਅਤੇ ਘੋਲ ਹਮੇਸ਼ਾ ਸਾਂਝੇ ਰੂਪ ਵਿਚ ਇਕੋ ਥਾਂ ਹੁੰਦੇ ਸਨ, ਪ੍ਰੰਤੂ ਹੁਣ ਦੋ ਵਾਰ ਘੋਲ ਹੁੰਦੇ ਹਨ।

ਢਾਡੀ ਕਲਾ ਦੀ ਵਰਤਮਾਨ ਸਥਿਤੀ ਤੇ ਉਹ ਬੜਾ ਫਿਕਰਮੰਦ ਹੈ। ਉਸਦਾ ਕਹਿਣਾ ਹੈ ਕਿ ਪੰਜਾਬੀ ਸਭਿਆਚਾਰ ਦੇ ਇਸ ਮਹੱਤਵ ਪੂਰਨ ਪੱਖ ਨੂੰ ਸਾਂਭਣ ਲਈ ਸਰਕਾਰ ਅਤੇ ਸਭਿਆਚਾਰਕ ਸੰਸਥਾਵਾਂ ਨੂੰ ਕੋਈ ਠੋਸ ਉਪਰਾਲਾ ਕਰਨਾ ਚਾਹੀਦਾ ਹੈ ਨਹੀਂ ਤਾਂ ਆਉਣ ਵਾਲੀਆਂ ਨਸਲਾਂ ਲਈ ਇਹ ਸਿਰਫ 'ਬੀਤੇ ਦੀ ਕਹਾਣੀ' ਬਣਕੇ ਰਹਿ ਜਾਵੇਗੀ। ਸਰਕਾਰ ਦੇ ਸਭਿਆਚਾਰਕ ਮਾਮਲੇ ਵਿਭਾਗ ਨੂੰ ਵਰਤਮਾਨ ਲੋਕ ਢਾਡੀਆਂ ਅਤੇ ਪਿਛਲੇ ਸਮੇਂ ਵਿਚ ਇਸ ਲੋਕ ਢਾਡੀ ਕਲਾ ਰੂਪੀ ਮਸ਼ਾਲ ਨੂੰ ਜਗਾਈ ਰੱਖਣ ਵਾਲੇ ਨਾਮੀਂ ਪਰ ਹੁਣ ਗੁੰਮਨਾਮ ਢਾਡੀਆਂ ਦੀ ਪੁੱਛ ਪ੍ਰਤੀਤ ਕਰਨੀ ਚਾਹੀਂਦੀ ਹੈ, ਜਿਹੜੇ ਅੱਜ ਰੋਟੀ ਤੋਂ ਵੀ ਆਤੁਰ ਹਨ।

## ਰੰਗੀਆਂ ਵਾਲੇ ਸਾਜ਼ੀ

ਜ਼ਿਲ੍ਹਾ ਲੁਧਿਆਣਾ ਦੇ ਪ੍ਰਸਿੱਧ ਕਸਬੇ ਡੇਹਲੋਂ ਦੇ ਨੇੜੇ ਹੀ ਪੈਂਦਾ ਹੈ ਪਿੰਡ ਰੰਗੀਆਂ, ਜੋ ਨੇੜਲੇ ਪਿੰਡ ਗੁਪਾਲ ਪੁਰ ਨਾਲ ਜੁੜਕੇ ਲੋਕਾਂ ਦੇ ਮੂੰਹ ਚੜ੍ਹਿਆ ਹੋਇਆ ਹੈ। ਆਮ ਲੋਕ ਇਹਨਾਂ ਨੂੰ 'ਗੁਪਾਲਪੁਰ ਰੰਗੀਆਂ' ਕਰਕੇ ਹੀ ਸੱਦਦੇ ਹਨ। ਏਥੋਂ ਦੇ ਹੀ ਹੋਏ ਹਨ ਮਸ਼ਹੂਰ ਸਾਜ਼ੀ ਭਰਾ ਛਾਂਗਾ ਤੇ ਨੱਥਾ। ਬਹੁਤ ਸਾਰੇ ਕਾਲੇ ਤਵਿਆਂ ਵਿਚ ਇਨ੍ਹਾਂ ਨੇ ਆਪਣੀਆਂ ਸਾਰੰਗੀਆਂ ਦੇ ਸੁਰ ਟੁਣਕਾਏ ਹਨ। ਪ੍ਰਸਿੱਧ ਢਾਡੀ ਦੀਦਾਰ ਸਿੰਘ ਰਟੈਂਡਾ ਸਮੇਤ ਕਈ ਲੋਕ ਢਾਡੀਆਂ ਨਾਲ ਇਨ੍ਹਾਂ ਨੇ ਰਿਕਾਰਡਿੰਗ ਵਿਚ ਸਾਥ ਨਿਭਾਇਆ ਹੋਇਆ ਹੈ। ਦੀਦਾਰ ਸਿੰਘ ਦੀ ਜ਼ੁਬਾਨੀ ਸੁਣੋ:-

"ਪੂਰਨ ਭਗਤ ਨੂੰ ਕੜਾਹੇ ਦੇ ਕੋਲ ਖੜ੍ਹਾ ਲਿਆ ਔਰ ਤੇਲ ਤੜਾ ਤੜ ਰਿੱਝਦੈ। ਪੂਰਨ ਭਗਤ ਪਰਮਾਤਮਾ ਨੂੰ ਯਾਦ ਕਰਦੈ ਕਿ ਅੱਜ ਲੱਜਿਆ ਰੱਖ। ਭਾਈ ਨੱਥੇ ਖਾਂ ਵਜਾ ਸਾਰੰਗੀ ਭਲਾ ਕੈਸੇ ਕਹਿੰਦੇ।"

ਨੱਥੇ ਹੁਰਾਂ ਦਾ ਪੂਰਾ ਪਰਵਾਰ ਹੀ ਇਸ ਕਲਾ ਨਾਲ ਜੁੜਿਆ ਹੋਇਆ ਸੀ। ਵੱਡਾ ਭਰਾ ਮਸਤ ਹਰ ਸਮੇਂ ਸਾਰੰਗੀ ਨਾਲ ਰੱਖਦਾ ਸੀ। ਕਹਿੰਦੇ ਨੇ ਕਿ ਉਹ ਤੜਕੇ ਹੀ ਟਾਂਗੇ ਉਤੇ ਚੜ੍ਹਕੇ ਲੁਧਿਆਣੇ ਸਟੇਸ਼ਨ ਤੇ ਪਹੁੰਚ ਜਾਂਦਾ ਸੀ। ਸਾਰਾ ਦਿਨ ਸਟੇਸ਼ਨ ਉਤੇ ਬੈਠਾ ਦਿਵਾਨਿਆਂ ਵਾਂਗ ਸਾਰੰਗੀ ਵਜਾਉਂਦਾ ਰਹਿੰਦਾ ਸੀ। ਲੋਕ ਖੁਸ਼ੀ ਨਾਲ ਦੁਆਨੀ ਚੁਆਨੀ ਉਸਨੂੰ ਇਨਾਮ ਦੇ ਦਿੰਦੇ ਸਨ। ਏਥੇ ਹੀ ਉਹ ਚਾਹ ਪਾਣੀ ਪੀਂਦਾ ਅਤੇ ਆਥਣ ਨੂੰ ਟਾਂਗੇ ਤੇ ਚੜ੍ਹਕੇ ਪਿੰਡ ਆ ਜਾਂਦਾ ਸੀ। ਇਹ ਉਸਦਾ ਨਿਤਕ੍ਰਮ ਸੀ। ਸ਼ਾਇਦ ਏਸੇ ਕਰਕੇ ਲੋਕ ਉਸਨੂੰ ਮਸਤ ਕਹਿੰਦੇ ਸਨ।

ਨੱਥੇ ਖਾਂ ਦਾ ਜਨਮ ਲਗਭਗ 1885 ਦੇ ਕਰੀਬ ਹੋਇਆ ਹੋਵੇਗਾ ਕਿਉਂਕਿ ਜਦੋਂ 1943 ਦੇ ਵਿਚ ਉਸਦੀ ਮੌਤ ਹੋਈ ਉਸ ਸਮੇਂ ਉਹ ਸੱਠਾਂ ਕੁ ਵਰ੍ਹਿਆਂ ਦਾ ਸੀ। ਇਹ ਗੱਲ ਬਜ਼ੁਰਗ ਸਾਜ਼ੀ ਗੁਰਨਾਮ ਸਿੰਘ ਗੁਪਾਲਪੁਰ ਨੇ ਦੱਸੀ ਜਿਸਨੇ ਉਨ੍ਹਾਂ ਨੂੰ ਕਾਫੀ ਨੇੜਿਓਂ ਵੇਖਿਆ। ਛਾਂਗਾ, ਨੱਥੇ ਤੋਂ ਲਗਭਗ ਦਸ ਸਾਲ ਛੋਟਾ ਸੀ। ਹੱਲਿਆਂ ਵੇਲੇ ਉਹ ਰੰਗੀਆਂ ਛੱਡ ਕੇ ਘੁਡਾਣੀ ਚਲਾ ਗਿਆ ਜਿਥੇ ਬੇਰਹਿਮ ਕਾਤਲਾਂ ਨੇ ਉਸਨੂੰ ਵੱਢ ਸੁਟਿਆ ਅਤੇ ਇਕ ਸੁਰ ਸਦਾ ਲਈ ਅਲੋਪ ਹੋ ਗਈ। ਛਾਂਗੇ ਦਾ ਮੁੰਡਾ ਰੁਕਨਾ ਵੀ ਬਹੁਤ ਵਧੀਆ ਸਾਰੰਗੀਵਾਦਕ ਸੀ ਉਹ ਕਿਸੇ ਤਰ੍ਹਾਂ ਪਾਕਿਸਤਾਨ ਪਹੁੰਚ ਗਿਆ। ਇਸ ਪਰਵਾਰ ਵਿਚੋਂ ਕੁਝ ਲੋਕ ਏਧਰ ਵੀ ਰਹਿ ਗਏ। ਇਨ੍ਹਾਂ ਵਿਚੋਂ ਜਿਉਣ ਖਾਂ, ਮੇਹਰੂ ਖਾਂ ਅਤੇ ਚੰਦ ਭਾਨ ਨਾਮੀ ਸਾਰੰਗੀ ਵਾਦਕ ਹੋਏ ਹਨ। ਜਿਨ੍ਹਾਂ ਨੇ ਰੰਗੀਆਂ ਵਾਲੇ ਸਾਜ਼ੀਆਂ ਦੀ ਲੀਹ ਨੂੰ ਲੰਮਾ ਸਮਾਂ ਚਲਾਈ ਰੱਖਿਆ।

ਨੱਥੇ ਖਾਂ ਤੇ ਛਾਂਗਾ ਬਹੁਤਾ ਸਮਾਂ ਪੰਡਤ ਕਾਂਸ਼ੀ ਰਾਮ ਡੇਹਲੋਂ ਵਾਲੇ ਦੇ ਗਰੁੱਪ ਵਿਚ ਹੀ ਰਹੇ। ਬਾਅਦ ਵਿਚ ਪੰਡਤ ਕਾਂਸ਼ੀ ਰਾਮ ਦੇ ਸ਼ਗਿਰਦਾਂ ਖੰਡੂ ਡੇਹਲੋਂ ਵਾਲਾ ਅਤੇ ਮੁਨਸ਼ੀ ਰਾਮ ਜੱਖਲਾਂ ਵਾਲਾ ਦੇ ਗਰੁੱਪਾਂ ਵਿਚ ਸਾਰੰਗੀ ਵਜਾਉਂਦੇ ਰਹੇ। ਆਮ ਮੇਲਿਆਂ ਅਤੇ ਹੋਰ ਪ੍ਰੋਗਰਾਮਾਂ ਵਿਚ ਇਹ ਇਹਨਾਂ ਨਾਲ ਹੀ ਪੱਕੇ ਸਾਜ਼ੀ ਸਨ। ਪ੍ਰੰਤੂ ਕਦੇ ਕਦਾਈਂ ਦੀਦਾਰ ਸਿੰਘ ਰਟੈਂਡਾ, ਨਰੰਜਣ ਸਿਘ ਤੇ ਨਾਜਰ ਸਿੰਘ ਇਹਨਾਂ ਨੂੰ ਰਿਕਾਰਡਿੰਗ ਲਈ ਲੈ ਜਾਂਦੇ ਸਨ। ਦੀਦਾਰ ਸਿੰਘ ਦੀ ਦੂਜੀ ਰਿਕਾਰਡਿੰਗ ਜੋ 1930 ਵਿਚ ਹੋਈ ਵਿਚ ਛਾਂਗੇ ਨੇ ਆਪਣੀ ਸਾਰੰਗੀ ਦੇ ਜੌਹਰ ਦਿਖਾਏ ਹੋਏ ਹਨ। ਤੀਜੀ ਰਿਕਾਰਡਿੰਗ ਵਿਚ ਦੀਦਾਰ ਹੁਰਾਂ ਨਾਲ ਨੱਥੇ ਖਾਂ ਦੀ ਸਾਰੰਗੀ ਗੂੰਜੀ ਹੋਈ ਹੈ। ਇਹਨਾਂ ਰਿਕਾਰਡਾਂ ਨੂੰ ਸੁਣਕੇ ਹੀ ਸਾਜ਼ ਦੀਆਂ ਉਤਰਾਈਆਂ ਚੜ੍ਹਾਈਆਂ ਬਾਰੇ ਜਾਣਿਆ ਜਾ ਸਕਦਾ ਹੈ। ਸਰੋਤਾ ਵਜਦ ਵਿਚ ਆਕੇ ਝੂਮ ਉਠਦਾ ਹੈ। ਪਰੰਤੂ ਦੁੱਖ ਦੀ ਗੱਲ ਤਾਂ ਇਹ ਹੈ ਕਿ ਇਹਨਾਂ ਨੂੰ ਸੁਣਨਾ ਹਾਰੀ ਸਾਰੀ ਦੇ ਨਸੀਬਾਂ ਵਿਚ ਨਹੀਂ ਕਿਉਂਕਿ ਕੁਝ ਗਿਣਤੀ ਦੇ ਬੰਦਿਆਂ ਕੋਲ ਹੀ ਇਹ ਰਿਕਾਰਡਿੰਗ ਸੁਰੱਖਿਅਤ ਹੈ ਉਹ ਵੀ ਪੂਰੀ ਨਹੀਂ। ਲੋੜ ਹੈ ਇਹਨਾਂ ਰਿਕਾਰਡਾਂ ਨੂੰ ਇਕੱਠਾ ਕਰਕੇ ਸਾਂਭਣ ਦੀ ਤਾਂ ਕਿ ਵਰਤਮਾਨ ਤੇ ਭਵਿੱਖ ਦੀਆਂ ਪੀੜ੍ਹੀਆਂ ਵੀ ਆਪਣੀ ਸਭਿਆਚਾਰਕ ਵਿਰਾਸਤ ਬਾਰੇ ਜਾਣ ਸਕਣ। ਇਸ ਰਿਕਾਰਡਿੰਗ ਸਦਕਾ ਜਿਥੇ ਦੀਦਾਰ ਸਿੰਘ ਹੁਰੀਂ ਅਮਰ ਹਨ ਉਥੇ ਨੱਥੇ ਤੇ ਛਾਂਗੇ ਵਰਗੇ ਸਾਜ਼ੀ ਵੀ ਅਮਰ ਹਨ।

# ਵਰਤਮਾਨ ਲੋਕ ਢਾਡੀ

ਸੱਤਵੇਂ ਦਹਾਕੇ ਤੱਕ ਇਹ ਵਿਧਾ ਕਾਫੀ ਪ੍ਰਚੱਲਿਤ ਰਹੀ ਹੈ। ਇਸ ਤੋਂ ਬਾਅਦ ਸਭਿਆਚਾਰ ਦੇ ਦੂਜੇ ਪੱਖਾਂ ਵਾਂਗ ਆਧੁਨਿਕਤਾ ਦੀ ਦੌੜ ਅਤੇ ਪੱਛਮੀ ਸਭਿਆਚਾਰ ਨੇ ਇਸ ਕਲਾ ਨੂੰ ਵੀ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ। ਹੌਲੀ ਹੌਲੀ ਇਸ ਦੇ ਸਰੋਤਿਆਂ ਦੀ ਗਿਣਤੀ ਘਟਦੀ ਗਈ। ਨੌਜਵਾਨ ਪੀੜ੍ਹੀ ਤਾਂ ਇਸ ਤੋਂ ਪੂਰੀ ਤਰ੍ਹਾਂ ਕਿਨਾਰਾ ਕਰ ਗਈ। ਸਿਰਫ ਪੁਰਾਣੀ ਪੀੜ੍ਹੀ ਦੇ ਬਜ਼ੁਰਗ ਹੀ ਇਸ ਕਲਾ ਨਾਲ ਆਪਣਾ ਮੋਹ ਭੰਗ ਨਾ ਕਰ ਸਕੇ। ਆਧੁਨਿਕਤਾ ਭਾਵੇਂ ਕਿੰਨੀ ਵੀ ਹਾਵੀ ਹੋ ਜਾਵੇ ਪਰੰਤੂ ਪੁਰਾਤਨਤਾ ਨੂੰ ਪੂਰੀ ਤਰ੍ਹਾਂ ਮਿਟਾ ਨਹੀਂ ਸਕਦੀ। ਇਸ ਲਈ ਇਹਨਾਂ ਸਭ ਹਾਲਾਤਾਂ ਦੇ ਬਾਵਜੂਦ ਅਜੇ ਤੱਕ ਵੀ ਇਸ ਕਲਾ ਦੀ ਚਿਣਗ ਬਾਕੀ ਹੈ। ਅੱਜ ਵੀ ਕੁਝ ਅਜਿਹੇ ਸ਼ਖ਼ਸ ਹਨ ਜੋ ਆਪਣੀ ਵਿਰਾਸਤ ਨਾਲ ਜੁੜੇ ਹੋਏ ਹਨ ਅਤੇ ਇਸ ਨੂੰ ਜੀਵਿਤ ਰੱਖ ਰਹੇ ਹਨ। ਭਾਵੇਂ ਇਹਨਾਂ ਦੀ ਗਿਣਤੀ ਉਂਗਲਾਂ ਤੇ ਕੀਤੀ ਜਾ ਸਕਦੀ ਹੈ। ਢਾਡੀ ਕਲਾ ਰੂਪੀ ਇਸ 'ਸ਼ਮਾਂ' ਦੁਆਲੇ ਜਿਹੜੇ ਪਰਵਾਨੇ ਘੁੰਮ ਰਹੇ ਹਨ ਉਹਨਾਂ ਵਿਚ ਵਲਾਇਤ ਖਾਂ ਗੋਸਲਾਂ, ਵਿਦਿਆ ਸਾਗਰ ਡੇਹਲੋਂ, ਰਾਜ ਮਾਨ ਦਿਆਗੜ੍ਹ, ਗੁਰਮੇਲ ਪੰਧੇਰ ਅਜਨੌਦਾ, ਸ਼ਰੀਫ ਈਦੂ ਲਲੌਢਾ, ਦੇਸ ਰਾਜ ਲਚਕਾਣੀ, ਉਜਾਗਰ ਸਿੰਘ ਭਮੱਦੀ ਚਕੋਹੀ, ਪ੍ਰੀਤਮ ਸਿੰਘ ਉਟਾਲ, ਨਿਰੰਜਣ ਸਿੰਘ ਘਨੌਰ, ਬੰਤ ਸਿੰਘ ਮਧੀਰ, ਦਲੀਪ ਸਿੰਘ ਜੇਠੂਕੇ, ਅਰਜਨ ਸਿੰਘ ਗੁਆਰਾ, ਭਗਵਾਨ ਸਿੰਘ ਪਾਇਲ, ਸੁਦਾਗਰ ਸਿੰਘ ਗਾਲਬ, ਪੰਡਤ ਜਗਤ ਰਾਮ ਸੰਗੋਥੇ ਵਾਲੇ, ਨਾਜਰ ਪੰਧੇਰ ਅਜਨੌਦਾ, ਸੁਰਜੀਤ ਸਿੰਘ ਗੁਰਮਾਂ ਆਦਿ ਸ਼ਾਮਲ ਹਨ।

ਜਦੋਂ ਅਸੀਂ ਇਸ ਕਲਾ ਦੇ ਇਤਿਹਾਸਕ ਵਿਕਾਸ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਇੱਕ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ, ਕਿ ਇਹ ਜਿਥੋਂ ਤੁਰੀ ਸੀ ਸਿਰਫ ਕੁਝ ਕਦਮ ਪੁੱਟ ਕੇ ਉਥੇ ਹੀ ਖੜ੍ਹੀ ਹੈ। ਪੂਰੀ ਸਦੀ ਜਾਂ ਪੌਣੀ ਸਦੀ ਪਹਿਲਾਂ ਗਾਈਆਂ ਜਾਣ ਵਾਲੀਆਂ ਰਚਨਾਵਾਂ ਉਸੇ ਰੂਪ ਵਿਚ ਗਾਈਆਂ ਜਾਂਦੀਆਂ ਰਹੀਆਂ ਅਤੇ ਹੁਣ ਵੀ ਗਾਈਆਂ ਜਾ ਰਹੀਆਂ ਹਨ। ਉਹੀ ਹਜੂਰਾ ਸਿੰਘ ਬੁਟਾਹਰੀ ਵਾਲੇ ਦੀ 'ਹੀਰ', ਕਰਮ ਸਿੰਘ ਟੂਸਿਆਂ ਵਾਲੇ ਦਾ 'ਪੂਰਨ', ਬਿਸ਼ਨੇ ਚੁਗਾਵਾਂ ਵਾਲੇ ਦੀ 'ਕੌਲਾਂ', ਘੁਢਾਣੀ

ਘਲੋਟੀ ਵਾਲੇ ਅਲੀਸ਼ਾਹ ਦਾ ਢੋਲ ਸੰਮੀ, ਮੂੰਹੋਂ ਮੂੰਹੀਂ ਤੁਰਿਆ ਆਉਂਦਾ ਮਿਰਜ਼ਾ ਆਦਿ ਜੋ ਮੁਢਲੇ ਢਾਡੀ ਗਾਉਂਦੇ ਸਨ ਅੱਜ ਵਾਲੇ ਵੀ ਗਾ ਰਹੇ ਹਨ। ਹਾਂ ਕੁਝ ਕੁ ਨੇ ਸਮੇਂ ਸਮੇਂ 'ਤੇ ਲੀਹ ਪਾੜੀ ਹੈ ਅਤੇ ਗਾਡੀ ਰਾਹ ਨੂੰ ਛੱਡ ਕੇ ਕੁਝ ਨਿਵੇਕਲਾ ਕੰਮ ਕੀਤਾ ਹੈ। ਇਹਨਾਂ ਵਿਚ ਅਮਰ ਸਿੰਘ ਸ਼ੌਂਕੀ ਸਭ ਤੋਂ ਮੋਹਰੀ ਰਿਹਾ ਹੈ। ਉਸਨੇ ਪ੍ਰਚੱਲਤ ਰਚਨਾਵਾਂ ਦੀ ਥਾਂ ਆਪਣੀਆਂ ਮੌਲਿਕ ਰਚਨਾਵਾਂ ਦੀ ਪੇਸ਼ਕਾਰੀ ਕੀਤੀ ਹੈ। ਜਿਸ ਸਦਕਾ ਇਹ ਲੋਕ ਢਾਡੀ ਕਲਾ ਦੇ ਇਤਿਹਾਸ ਦਾ ਮੀਲ ਪੱਥਰ ਸਾਬਤ ਹੋਇਆ। ਇਸ ਤੋਂ ਬਿਨਾਂ ਗਿਆਨੀ ਉਦੇ ਸਿੰਘ, ਦਲੀਪ ਸਿੰਘ, ਨਾਜ਼ਰ ਸਿੰਘ ਦੁਆਬੇ ਵਾਲਾ ਵੀ ਇਸ ਵਿਧਾ 'ਤੇ ਆਪਣੀ ਮੌਲਿਕ ਛਾਪ ਛੱਡ ਸਕੇ ਹਨ। ਵਰਤਮਾਨ ਲੋਕ ਢਾਡੀਆਂ ਵਿੱਚੋਂ ਗੁਰਮੇਲ ਪੰਧੇਰ ਅਜਨੌਦੇ ਵਾਲਾ ਹੀ ਅਜਿਹਾ ਢਾਡੀ ਹੈ ਜੋ ਪ੍ਰਚੱਲਤ ਰਚਨਾਵਾਂ ਦੇ ਨਾਲ ਨਾਲ ਆਪਣੀਆਂ ਮੌਲਿਕ ਰਚਨਾਵਾਂ ਵੀ ਗਾਉਂਦਾ ਹੈ।

ਦੇਸ਼ ਦੀ ਵੰਡ ਤੋਂ ਪਹਿਲਾਂ ਇਸ ਕਲਾ ਦੇ ਪ੍ਰਫੁੱਲਤ ਹੋਣ ਵਿਚ ਇੱਕ ਵੱਡਾ ਸਹਾਇਕ ਤੱਤ ਸੀ ਸ਼ਾਹੀ ਸਰਪ੍ਰਸਤੀ। ਰਾਜ ਦਰਬਾਰਾਂ ਵਿਚ ਗਮੰਤਰੀਆਂ ਦੀ ਖਾਸ ਕਦਰ ਕੀਤੀ ਜਾਂਦੀ ਸੀ। ਖਾਸ ਮੌਕਿਆਂ 'ਤੇ ਇਹਨਾਂ ਨੂੰ ਇਨਾਮਾਂ ਖਨਾਮਾਂ ਅਤੇ ਬਖਸ਼ੀਸ਼ਾਂ ਨਾਲ ਨਿਵਾਜਿਆ ਜਾਂਦਾ ਸੀ। ਮਾਹਵਾਰ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਸਨ। ਮਹਾਰਾਜਾ ਪਟਿਆਲਾ, ਮਹਾਰਾਜਾ ਨਾਭਾ, ਮਹਾਰਾਜਾ ਸੰਗਰੂਰ ਅਤੇ ਮਹਾਰਾਜਾ ਫਰੀਦਕੋਟ ਵੱਲੋਂ ਆਪਣੀ ਰਿਆਸਤ ਦੇ ਗਮੰਤਰੀਆਂ ਨੂੰ ਪੂਰਨ ਸਰਪ੍ਰਸਤੀ ਮਿਲਦੀ ਰਹੀ। ਪਰੰਤੂ ਰਿਆਸਤੀ ਰਾਜ ਦੀ ਸਮਾਪਤੀ ਤੋਂ ਪਿਛੋਂ ਇਹ ਢਾਡੀ ਨਿਆਸਰੇ ਹੋ ਗਏ। ਇਸ ਕਾਰਨ ਵੀ ਇਸ ਵਿਧਾ ਨੂੰ ਢਾਹ ਲੱਗੀ। ਅੱਜ ਕੱਲ੍ਹ ਸਰਕਾਰ ਵੱਲੋਂ ਇਹਨਾਂ ਢਾਡੀਆਂ ਨੂੰ ਕੋਈ ਸਰਪ੍ਰਸਤੀ ਨਹੀਂ ਮਿਲ ਰਹੀ। ਪਰੰਤੂ ਪੰਜਾਬ ਵਿਚ ਕੁਝ ਇੱਕ ਅਜਿਹੇ ਡੇਰੇ ਜ਼ਰੂਰ ਹਨ ਜਿਥੋਂ ਦੇ ਸੰਤ ਮਹਾਤਮਾ ਇਹਨਾਂ ਦੇ ਕਦਰਦਾਨ ਹਨ। ਇਹਨਾਂ ਵਿਚ ਸੰਤ ਅਮਰਨਾਥ ਹੀਰੋਂ ਝਾੜੋਂ ਵਾਲੇ, ਸੰਤ ਅਮਰਦਾਸ ਭੀਟੀ ਵਾਲੇ (ਅਬੋਹਰ ਨੇੜੇ) ਸੰਤ ਬਲਦੇਵ ਮੁਨੀ ਜਰਗ ਰੋਡ 'ਤੇ ਖੰਨੇ ਨੇੜੇ , ਮਹੰਤ ਮਾਧੋ ਦਾਸ ਦੋਦਾ (ਮੁਕਤਸਰ) ਵਾਲੇ। ਏਸੇ ਤਰ੍ਹਾਂ ਸੰਤ ਪੂਰਨ ਗਿਰ ਦੀ ਯਾਦ ਵਿਚ ਸਲਾਣੇ ਦੀ ਛਿੰਝ 'ਤੇ ਵੀ ਇਹਨਾਂ ਢਾਡੀਆਂ ਦਾ ਵਿਸ਼ੇਸ਼ ਅਖਾੜਾ ਲਗਦਾ ਹੈ ਤੇ ਸਨਮਾਨ ਕੀਤਾ ਜਾਂਦਾ ਹੈ। ਏਥੇ ਤਿੰਨ ਦਿਨ 'ਪੂਰਨ' ਹੀ ਗਾਇਆ ਜਾਂਦਾ ਹੈ। ਏਸੇ ਤਰ੍ਹਾਂ ਪੰਜਾਬ ਸਰਕਾਰ ਦਾ ਇੱਕ ਅਦਾਰਾ ਪੰਜਾਬ ਸੰਗੀਤ ਨਾਟਕ ਅਕਾਦਮੀ ਵੀ ਇਸ ਖੇਤਰ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ। ਇਸ ਵੱਲੋਂ ਸਮੇਂ ਸਮੇਂ ਤੇ ਲੋਕ ਸੰਗੀਤ ਮੇਲੇ ਕਰਵਾਏ ਜਾਂਦੇ ਹਨ। ਜਿਨ੍ਹਾਂ ਵਿਚ ਇਨ੍ਹਾਂ ਢਾਡੀਆਂ ਨੂੰ ਲੋਕਾਂ ਦੇ ਰੂਬਰੂ ਹੋਣ ਦਾ ਮੌਕਾ ਮਿਲਦਾ ਹੈ। ਪਿਛਲੇ ਸਮੇਂ ਦੌਰਾਨ ਅਕਾਦਮੀ ਵੱਲੋਂ ਪਾਲੀਆ, ਦੰਦਰਾਲਾ ਖਰੌਢ,

ਥੂਹੀ ਆਦਿ ਪਿੰਡਾਂ ਵਿਚ ਲਗਾਤਾਰ ਮੇਲਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਲੋਕ ਸਾਹਿਤ ਤੇ ਸੱਭਿਆਚਾਰ ਮੰਚ ਰਜਿ: ਨਾਭਾ ਅਤੇ ਲੋਕ ਸੁਰਾਂ ਮੰਚ, ਪੰਜਾਬ ਪਟਿਆਲਾ ਵੱਲੋਂ ਪਿਛਲੇ ਛੇ ਸਾਲਾਂ ਤੋਂ ਲੋਕ ਸੰਗੀਤ ਮੇਲਿਆਂ ਦਾ ਆਯੋਜਨ ਕਰਕੇ ਇਨ੍ਹਾਂ ਢਾਡੀਆਂ ਦੀ ਹੌਸਲਾ ਅਫਜਾਈ ਕੀਤੀ ਜਾਂਦੀ ਹੈ। ਪਰੰਤੂ ਇਹ ਬੜੇ ਸੀਮਤ ਯਤਨ ਹਨ।

ਇਸ ਪ੍ਰਕਾਰ ਲੋਕ ਢਾਡੀ ਕਲਾ ਦੀ ਵਰਤਮਾਨ ਸਥਿਤੀ ਨੂੰ ਦੇਖਦੇ ਹੋਏ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਦੀ ਹਾਲਤ ਤਰਸਯੋਗ ਹੈ। ਨਵੀਂ ਪੀੜ੍ਹੀ ਦੇ ਸਰੋਤੇ ਇਸ ਤੋਂ ਬੇਮੁੱਖ ਹੋ ਗਏ ਹਨ। ਪੁਰਾਣੀ ਪੀੜ੍ਹੀ ਦੇ ਬਜੁਰਗ ਜ਼ਰੂਰ ਇਹਨਾਂ ਪ੍ਰਤੀ ਸ਼ਰਧਾ ਭਾਵਨਾ ਰੱਖਦੇ ਹਨ। ਦੂਜੀ ਗੱਲ ਇਹ ਹੈ ਕਿ ਇਹਨਾਂ ਢਾਡੀਆਂ ਵਿਚ ਕੁਝ ਇਕ ਉਹ ਢਾਡੀ ਸ਼ਾਮਲ ਹਨ ਜਿਨ੍ਹਾਂ ਦਾ ਇਹ ਜੱਦੀ ਪੁਸ਼ਤੀ ਕਿੱਤਾ ਹੈ ਅਤੇ ਉਹ ਇਸਨੂੰ ਚਾਹੁੰਦੇ ਹੋਏ ਵੀ ਛੱਡ ਨਹੀਂ ਸਕਦੇ। ਤੀਜੇ, ਕਹਿੰਦੇ ਹਨ ਕਿ ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਕੁਝ ਕੁ ਉਹ ਵੀ ਹਨ ਜੋ ਆਪਣੇ ਸ਼ੌਕ ਦੀ ਪੂਰਤੀ ਲਈ ਇਸ ਕਲਾ ਨਾਲ ਜੁੜੇ ਹੋਏ ਹਨ। ਇਹ ਕੁਝ ਕੁ ਕਾਰਨ ਹਨ ਜਿਨ੍ਹਾਂ ਸਦਕਾ ਪ੍ਰਤੀਕੂਲ ਸਥਿਤੀਆਂ ਦੇ ਬਾਵਜੂਦ ਵੀ ਲੋਕ ਢਾਡੀ ਕਲਾ ਜੀਵਿਤ ਹੈ। ਭਾਵੇਂ ਸਾਹ ਹੁਬਕੀਂ ਹੀ ਲੈ ਰਹੀ ਹੈ।

## ਵਲਾਇਤ ਖਾਂ ਗੋਸਲਾਂ

ਜਿਹੜੇ ਲੋਕ ਢਾਡੀ ਅੱਜ ਵੀ ਆਪਣੀ ਵਿਰਾਸਤ ਨੂੰ ਸਾਂਭਣ ਤੇ ਅੱਗੇ ਤੋਰਨ ਵਿਚ ਜੁਟੇ ਹੋਏ ਹਨ ਉਹਨਾਂ ਵਿਚ ਵਲਾਇਤ ਖਾਂ ਗੋਸਲਾਂ ਦਾ ਨਾਂ ਵਰਨਣਯੋਗ ਹੈ ਜੋ ਆਪਣੀ ਜੱਦੀ ਪੁਸ਼ਤੀ ਪਰੰਪਰਾ ਨੂੰ ਚਲਾ ਰਿਹਾ ਹੈ। ਉਸਦਾ ਪੜਦਾਦਾ ਹੁਸੈਨ ਬਖਸ਼, ਦਾਦਾ ਖੈਰ ਦੀਨ ਅਤੇ ਪਿਤਾ ਰਾਜ ਮੁਹੰਮਦ ਇਸ ਕਲਾ ਨੂੰ ਹੀ ਸਮਰਪਿਤ ਰਹੇ ਹਨ।

ਵਲਾਇਤ ਖਾਂ ਦਾ ਜਨਮ ਲਗਭਗ 1918-1919 ਵਿਚ ਪਿਤਾ ਰਾਜ ਮੁਹੰਮਦ ਦੇ ਘਰ ਗੋਸਲਾਂ ਵਿਖੇ ਹੋਇਆ। ਜੰਮਦਿਆਂ ਹੀ ਸਾਰੰਗੀ ਦੇ ਸੁਰ ਅਤੇ ਢੱਡ ਦੀਆਂ ਤਾਲਾਂ ਉਸਦੇ ਕੰਨੀਂ ਪਈਆਂ। ਉਸ ਨੂੰ ਗੁੜ੍ਹਤੀ ਹੀ ਸੰਗੀਤ ਦੀ ਮਿਲੀ। ਸੁਰਤ ਸੰਭਲਦੇ ਹੀ ਭਾਵ ਦਸ ਗਿਆਰਾਂ ਸਾਲ ਦੀ ਉਮਰ ਵਿਚ ਹੀ ਉਹ ਜੱਦੀ ਪੁਸ਼ਤੀ ਲੀਹ ਤੇ ਚੱਲ ਪਿਆ। ਭਾਵੇਂ ਗਾਉਣ ਦੀ ਚੇਟਕ ਅਤੇ ਪ੍ਰੇਰਨਾ ਉਸਨੂੰ ਘਰ ਵਿਚੋਂ ਹੀ ਮਿਲੀ ਪਰੰਤੂ ਗੁਰੂ ਦੀ ਸਿੱਖਿਆ ਬਿਨਾਂ ਉਹ ਆਪਣੇ ਆਪ ਨੂੰ ਅਧੂਰਾ ਸਮਝਦਾ ਸੀ। ਇਸ ਲਈ ਉਹ ਪ੍ਰਸਿੱਧ ਢਾਡੀ ਪੰਡਤ ਦਿਆ ਰਾਮ ਦੇ ਪੈਰੀਂ ਜਾ ਪਿਆ ਜਿਥੇ ਉਸਨੇ ਲਗਾਤਾਰ ਤੇਰਾਂ ਸਾਲ ਸਖਤ ਘਾਲਣਾ ਘਾਲੀ। ਆਪਣੀ ਗੁਰ ਪ੍ਰਣਾਲੀ ਦੱਸਦੇ ਹੋਏ ਉਸਨੇ ਦੱਸਿਆ ਕਿ ਮੇਰਾ ਕੁਰਸੀਨਾਮਾ ਪੰਡਤ ਦਿਆ ਰਾਮ ਤੋਂ ਚੱਲ ਕੇ ਮੁਨਸ਼ੀ ਰਾਮ ਜੱਖਲਾਂ, ਕਾਂਸ਼ੀ ਰਾਮ ਡੇਹਲੋਂ ਰਾਹੀਂ ਭੈਣੀ ਬੜਿੰਗਾਂ ਵਾਲੇ ਪਰਮੇਸ਼ਰੀ ਨਾਲ ਜੁੜਦਾ ਹੈ ਜੋ ਮੇਰੇ ਨੱਕੜ ਦਾਦਾ ਗੁਰੂ ਸਨ।

ਵਲਾਇਤ ਖਾਂ ਨੇ ਭਾਵੇਂ ਕੋਈ ਸਕੂਲੀ ਵਿਦਿਆ ਪ੍ਰਾਪਤ ਨਹੀਂ ਕੀਤੀ ਪਰੰਤੂ ਉਸ 'ਤੇ ਸਰਸਵਤੀ ਦੀ ਏਨੀ ਬਖਸ਼ਿਸ਼ ਹੈ ਕਿ ਅਨੇਕਾਂ ਰਚਨਾਵਾਂ ਉਸਨੂੰ ਜ਼ੁਬਾਨੀ ਯਾਦ ਹਨ। ਮੇਲੇ ਮੁਸਾਹਬਿਆਂ ਦੇ ਅਖਾੜਿਆਂ ਤੋਂ ਇਲਾਵਾ ਉਸਨੇ ਆਪਣੇ ਜੀਵਨ ਵਿਚ ਅਣਗਿਣਤ ਵਿਆਹਾਂ ਸ਼ਾਦੀਆਂ, ਪਿੰਡਾਂ ਦੇ ਸਾਂਝੇ ਇਕੱਠਾਂ, ਤਿੱਥ ਤਿਉਹਾਰਾਂ ਉਤੇ ਅਖਾੜੇ ਲਾਏ ਹਨ। ਉਹ ਲਗਾਤਾਰ ਤਿੰਨ ਦਿਨ 'ਪੂਰਨ' ਗਾ ਸਕਦਾ ਹੈ। ਸਲਾਣੇ ਦੀ 'ਛਿੰਞ' ਜਿਸਦਾ ਆਯੋਜਨ ਉਥੋਂ ਦੇ ਸੰਤ ਮਹਾਂਪੁਰਸ਼ਾਂ ਵੱਲੋਂ ਕੀਤਾ ਜਾਂਦਾ ਹੈ। ਜਿਥੇ ਸਿਰਫ 'ਪੂਰਨ' ਹੀ ਗਾਇਆ ਜਾਂਦਾ ਹੈ ਅਤੇ ਉਥੇ ਇੱਕ ਨਹੀਂ ਅਨੇਕਾਂ ਵਾਰ ਵਲਾਇਤ ਖਾਂ ਹਾਜ਼ਰੀ ਲੁਆ ਚੁੱਕਾ ਹੈ। ਉਸਦੇ ਗਰੁੱਪ ਵਿਚ ਸਮੇਂ ਸਮੇਂ ਤੇ ਕਈ ਸਾਥੀ ਜੁੜਦੇ ਤੇ ਨਿਖੜਦੇ ਰਹੇ ਹਨ ਅੱਜ ਕੱਲ੍ਹ ਇਸ ਵਿਚ ਉਸਦਾ ਭਰਾ ਨਵਾਬ ਅਤੇ ਸੁਰਜੀਤ ਸਿੰਘ ਗੁਰਮ (ਸਾਰੰਗੀ ਮਾਸਟਰ) ਸ਼ਾਮਲ ਹਨ।

ਪੰਜਾਬ ਸਰਕਾਰ ਦੇ ਸੱਭਿਆਚਾਰਕ ਮਾਮਲੇ ਵਿਭਾਗ ਰਾਹੀਂ ਉੱਤਰੀ ਖੇਤਰੀ

ਸੱਭਿਆਚਾਰਕ ਕੇਂਦਰ ਦੇ ਸਹਿਯੋਗ ਨਾਲ ਉਹ ਸਮੁੱਚੇ ਭਾਰਤ ਦਾ ਚੱਕਰ ਲਾ ਚੁੱਕਾ ਹੈ। ਦੂਰਦਰਸ਼ਨ ਤੋਂ ਵੀ ਦੋ ਵਾਰ ਦਰਸ਼ਕਾਂ ਦੇ ਨੇੜੇ ਹੋ ਚੁੱਕਿਆ ਹੈ।

'ਪੂਰਨ' ਉਹ ਕਰਮ ਸਿੰਘ ਟੂਸਿਆਂ ਵਾਲੇ ਦਾ ਗਾਉਂਦਾ ਹੈ। 'ਹੀਰ' ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਤੇ ਬੰਸੀ ਰਾਮ ਨੌਹਰੇ ਵਾਲੇ ਦੀ, 'ਕੌਲਾਂ' ਬਿਸ਼ਨ ਸਿੰਘ ਚੁਗਾਵਾਂ ਵਾਲੇ ਦੀ, 'ਰਾਜਾ ਰਸਾਲੂ' ਪੂਰਨ ਚੰਦ ਦਾ, 'ਢੋਲ ਸੰਮੀ' ਅਲੀਸ਼ਾਹ ਘੁਢਾਣੀ ਘਲੋਟੀ ਵਾਲੇ ਦਾ, ਅਤੇ 'ਸੱਸੀ' ਨੱਥਾ ਸਿੰਘ ਨਰੜੂ ਵਾਲੇ ਦੀ ਗਾਉਂਦਾ ਹੈ। ਉਸਦਾ ਪ੍ਰਸੰਗ ਪੇਸ਼ ਕਰਨ ਦਾ ਢੰਗ, ਲਹਿਜਾ ਅਤੇ ਅੰਦਾਜ਼ ਕਮਾਲ ਦਾ ਹੈ। ਮੌਕੇ ਦੀ ਹੂ-ਬ-ਹੂ ਤਸਵੀਰ ਪੇਸ਼ ਕਰ ਦਿੰਦਾ ਹੈ। ਸਿੱਖਿਆ ਦਾਇਕ ਅਤੇ ਪ੍ਰੇਰਨਾਤਮਕ ਅਖਾਉਤਾਂ ਅਤੇ ਢੁਕਵੀਂ ਸ਼ਬਦਾਬਲੀ ਉਸਦੇ ਬਿਆਨ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ। ਸਰੋਤਿਆਂ ਨੂੰ ਕੀਲਣ ਅਤੇ ਬੰਨ੍ਹ ਕੇ ਬਿਠਾਉਣ ਦੇ ਉਹ ਸਮਰੱਥ ਹੈ। ਅਡੰਬਰਾਂ ਅਤੇ ਪਖੰਡਾਂ ਨੂੰ ਇਸ ਪ੍ਰਕਾਰ ਭੰਡਦਾ ਹੈ :-

- *'ਜੋਗ ਨੀ ਜਟਾਂ ਦੇ ਧਾਰਨੇ,*
  *ਦਿਵ ਤਿਆਗੇ ਤੋਂ ਨਹੀਂ ਵੈਰਾਗ ।*
  *ਧੂਣੀ ਤਾਪੀ ਤੇ ਨਹੀਂ ਤਪੱਸਿਆ,*
  *ਭਮਾ ਲਾ ਲੈ ਚੁਤਰਫੇ ਆਗ ।*

ਸਗੋਂ ਉਹ ਸੱਚੇ ਦਿਲੋਂ ਰੱਬ ਦੀ ਯਾਦ ਵਿਚ ਲੀਨ ਹੋਣ ਦੀ ਸਿੱਖਿਆ ਇਸ ਪ੍ਰਕਾਰ ਦਿੰਦਾ ਹੈ :-

- *ਇੱਕ ਵਾਰ ਜ਼ੁਬਾਨ 'ਚੋਂ ਰਾਮ ਆਖੇਂ,*
  *ਤੇਰੇ ਸੈਂਕੜੇ ਪਾਪਾਂ ਦਾ ਨਾਸ ਹੋਵੇ ।*
  *ਜਿਹੜੀ ਚਿੱਤ ਚਾਹੇ ਸੋਈ ਖੇਲ੍ਹ ਬਾਜ਼ੀ,*
  *ਹੱਥ ਰਾਮ ਦੇ ਨਾਮ ਦੀ ਤਾਸ਼ ਹੋਵੇ ।*
  *ਰ, ਮ ਜੇ ਰਾਮ ਜੀ ਯਾਦ ਤੇਰੇ,*
  *ਫੇਰ ਕੰਮ ਕੀ ਚਿਹਰਾ ਉਦਾਸ ਹੋਵੇ ।*

'ਹੀਰ' ਗਾਉਂਦਾ ਜਦ ਉਹ ਕਹਾਣੀ ਨੂੰ ਅੱਗੇ ਤੋਰਨ ਲਈ ਵੱਖ ਵੱਖ ਪਾਤਰਾਂ

ਦਾ ਸੰਵਾਦ ਸੁਣਾਉਂਦਾ ਹੈ ਤਾਂ ਸਰੋਤੇ ਕਹਾਣੀ ਰਸ ਨਾਲ ਸ਼ਰਸ਼ਾਰ ਹੋ ਜਾਂਦੇ ਹਨ। ਹੀਰ ਤੇ ਰਾਂਝੇ ਦੀ ਵਾਰਤਾਲਾਪ, ਰਾਂਝੇ ਤੇ ਸਹਿਤੀ ਦੀ ਬਹਿਸ, ਹੀਰ ਤੇ ਸਹਿਤੀ ਦੀ ਗੱਲਬਾਤ ਆਦਿ ਬਹੁਤ ਰੌਚਿਕ ਲਗਦੀਆਂ ਹਨ। ਗੁਰੂ ਬਾਲ ਨਾਥ ਦੇ ਟਿੱਲੇ 'ਤੇ ਨਾਥ ਰਾਂਝੇ ਨੂੰ ਜੋਗੀ ਬਣਨ ਤੋਂ ਹਟਕਦਾ ਹੋਇਆ ਇਸ ਤਰ੍ਹਾਂ ਸਮਝਾਉਂਦਾ ਹੈ :-

- *ਕਹਿਣੀ ਸੌਖੀ ਤੇ ਕਮਾਉਣੀ ਗੱਲ ਔਖੀ ਐ,*
  *ਜੋਗ ਜੁਗਤਾਂ ਨੂੰ ਕੋਈ ਪੂਰਾ ਸੂਰਾ ਜਾਣੇ।*
  *ਕਰ ਕਰ ਗੱਲਾਂ ਕੁੰਡੇ ਮੇਲੇਂ ਜਿਵੇਂ ਅਸਮਾਨ ਦੇ,*
  *ਤੇਰੀ ਹੈ ਨਾ ਕਾਕਾ ਅਕਲ ਟਿਕਾਣੇ।*
  *ਇਹ ਨਾਰਾਂ ਨਾਥਾਂ ਤੋਂ ਵਧੀਤ ਨੇ ਕੰਨ ਪਾਟੀਆਂ,*
  *ਮੁੰਨਿਆਂ ਨਾਰਾਂ ਦਾ ਕੀ ਨਾਥਾਂ ਨੂੰ ਪਛਾਣੇ।*
  *ਚੰਗੀ ਚਾਹੁੰਨੈ ਦਰਸ਼ਨ ਕਰਕੇ ਵਗ ਜਾ ਘਰਾਂ ਨੂੰ,*
  *ਸੌ ਸੌ ਇੱਲਤਾਂ ਕਰਦੇ ਤੇਰੇ ਵਰਗੇ ਨਿਆਣੇ।*

ਰਾਂਝੇ ਦੇ ਅੜੀ ਕਰਨ ਤੇ ਅਖੀਰ ਉਸ ਨੂੰ ਜੋਗ ਦੇਣਾ ਮੰਨ ਜਾਂਦਾ ਹੈ ਅਤੇ ਜੋਗ ਸਿਧਾਂਤ ਅਨੁਸਾਰ ਸਿੱਖਿਆ ਦਿੰਦਾ ਹੈ :-

- *ਸਿੱਖਿਆ ਜੋਗ ਦੀ ਕੰਨ ਕਰਕੇ ਸੁਣੀਂ ਬਾਲਕਿਆ,*
  *ਜੋ ਕੁਝ ਸਾਨੂੰ ਸਾਡੇ ਸਤਗੁਰ ਨੇ ਸਮਝਾਨੀ।*
  *ਇੰਦਰੀ, ਸੁਰਤੀ, ਜ਼ਬਾਂ ਜਿਤਣਾ ਧਰਮ ਫਕੀਰਾਂ ਦਾ,*
  *ਹਰਦਮ ਅਲਖ ਪੁਰਖ ਵਿਚ ਸਿਮਰਨ ਉਮਰ ਵਿਹਾਨੀ।*
  *ਲੰਗੜਾ, ਲੂੰਝਾ, ਰੂਪ ਕਰੂਪ ਦੇਖ ਕੇ ਹੱਸੀਏ ਨਾ,*
  *ਜੇ ਰੱਬ ਸੁਣਲੇ ਏਦੂੰ ਭੈੜੀ ਕਰੇ ਪਰਾਣੀ।*

ਵਾਰਸ ਸ਼ਾਹ ਵਾਂਗ ਹੀ ਬੰਸੀ ਰਾਮ ਨੇ ਹੀਰ ਦੀ ਸ਼ੁਰੂਆਤ ਇਸ਼ਕ ਮਜਾਜ਼ੀ ਤੋਂ ਕਰਕੇ ਅੰਤ ਇਸ਼ਕ ਹਕੀਕੀ ਨਾਲ ਕੀਤਾ ਹੈ। ਹੀਰ ਰਾਂਝੇ ਨੂੰ ਰੂਹ ਤੇ ਬੁੱਤ ਦੇ ਚਿੰਨ੍ਹਾਂ ਵਜੋਂ ਚਿਤਰਿਆ ਹੈ। ਵਲਾਇਤੀ ਹੁਰੀਂ ਬੜੇ ਮਾਣ ਨਾਲ ਇਸਦਾ ਬਿਆਨ ਕਰਦੇ ਹਨ :-

- *ਰੂਹ ਤੇ ਬੁੱਤ ਦਾ ਝੇੜਾ ਬੰਸੀ ਰਾਮ ਨੇ ਕਰ ਲਿਆ,*
  *ਮੂਹਰੇ ਧਰਕੇ ਰਾਂਝੇ ਹੀਰ ਦਾ ਨਿਸ਼ਾਨਾ।*

ਸਤਾਸੀਆਂ ਸਾਲਾਂ ਨੂੰ ਢੁਕਿਆ ਵਲਾਇਤ ਖਾਂ ਅੱਜ ਵੀ ਨੌਜਵਾਨਾਂ ਵਾਲਾ ਦਮ ਖ਼ਮ ਰੱਖਦਾ ਹੈ। ਅੱਜ ਵੀ ਉਹ ਹਰ ਮੇਲੇ 'ਤੇ ਹਾਜ਼ਰੀ ਲੁਆਉਂਦਾ ਹੈ। ਉਸਨੂੰ ਪੰਜਾਬ ਸਰਕਾਰ ਦੇ ਸੱਭਿਆਚਾਰਕ ਮਾਮਲੇ ਵਿਭਾਗ, ਸੱਭਿਆਚਾਰਕ ਸੰਸਥਾਵਾਂ ਨਾਲ ਇਸ ਗੱਲ ਦਾ ਬਹੁਤ ਗਿਲਾ ਹੈ ਕਿ ਉਹ ਫੋਕੇ ਨਾਅਰੇ ਤਾਂ ਮਾਰਦੀਆਂ ਹਨ, ਪਰ ਲੋਕ ਢਾਡੀ ਕਲਾ ਦੀ ਸੰਭਾਲ ਲਈ ਕੋਈ ਠੋਸ ਯਤਨ ਨਹੀਂ ਕਰ ਰਹੀਆਂ। ਸਰਕਾਰ ਨੂੰ ਲੋਕ ਢਾਡੀਆਂ ਨੂੰ ਸਰਪ੍ਰਸਤੀ ਦੇਣੀ ਚਾਹੀਦੀ ਹੈ ਅਤੇ ਮਾਇਕ ਤੌਰ ਤੇ ਉਹਨਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਤਾਂ ਕਿ ਉਹਨਾਂ ਦਾ ਰੋਜ਼ੀ ਰੋਟੀ ਦਾ ਮਸਲਾ ਹੱਲ ਹੋ ਸਕੇ।

## ਮੋਦਨ ਸਿੰਘ ਮਰ੍ਹਾਜ

ਵਰਤਮਾਨ ਪੀੜ੍ਹੀ ਦੇ ਬਜ਼ੁਰਗ ਢਾਡੀਆਂ ਵਿੱਚ ਇੱਕ ਹੋਰ ਨਾਂ ਸ਼ਾਮਲ ਹੈ -- ਮੋਦਨ ਮਰ੍ਹਾਜ ਵਾਲਾ। ਸੰਗੀਤ ਵਾਂਗ ਜੇ ਢਾਡੀ ਰਾਗ ਦੇ ਘਰਾਣਿਆਂ ਦੀ ਗੱਲ ਕਰੀਏ ਤਾਂ ਮੋਦਨ ਦਾ ਕੁਰਸੀਨਾਮਾ ਮਾਲਵੇ ਦੇ ਤਾਨਸੈਨ ਮੋਦਨ ਸਿੰਘ ਲੋਹਾਖੇੜਾ ਨਾਲ ਜਾ ਜੁੜਦਾ ਹੈ। ਇਹ ਉਸਦਾ ਪੜੋਤਾ ਚੇਲਾ ਹੈ। ਮੋਦਨ ਸਿੰਘ ਲੋਹਾਖੇੜਾ ਦੇ ਸੰਗਰੂਰ ਅਤੇ ਬਠਿੰਡੇ ਜ਼ਿਲ੍ਹਿਆਂ ਵਿਚ ਅਨੇਕਾਂ ਚੇਲੇ ਹੋਏ ਹਨ ਜਿਨ੍ਹਾਂ ਨੇ ਢਾਡੀ ਰਾਗ ਵਿਚ ਉਸਦਾ ਨਾਂ ਰੋਸ਼ਨ ਕੀਤਾ ਹੈ।

ਮੋਦਨ ਮਰ੍ਹਾਜੀਏ ਦਾ ਜਨਮ 1920 ਦੇ ਨੇੜੇ ਤੇੜੇ ਜ਼ਿਲ੍ਹਾ ਬਠਿੰਡਾ ਦੀ ਫੂਲ ਤਹਿਸੀਲ ਦੇ ਮਸ਼ਹੂਰ ਅਤੇ ਵੱਡੇ ਪਿੰਡ ਮਹਿਰਾਜ ਵਿਖੇ ਪਿਤਾ ਪਾਲਾ ਸਿੰਘ ਅਤੇ ਮਾਤਾ ਦਿਆ ਕੁਰ ਦੇ ਘਰ ਹੋਇਆ। ਗੌਣ ਉਸਨੂੰ ਵਿਰਸੇ ਵਿਚ ਹੀ ਮਿਲਿਆ। ਪਿਤਾ ਪਾਲਾ ਸਿੰਘ ਅਤੇ ਦਾਦਾ ਗੱਟੂ ਇਲਾਕੇ ਦੇ ਉਘੇ ਗਮੰਤਰੀ ਸਨ। ਅੱਜ ਵੀ ਉਸ ਕੋਲ ਆਪਣੇ ਦਾਦੇ ਵਾਲੀ ਸਵਾ ਕੁ ਸੌ ਸਾਲ ਪੁਰਾਣੀ ਸਾਰੰਗੀ ਹੈ ਜੋ ਉਸਦੀ ਪਰਵਾਰਿਕ ਵਿਰਾਸਤ ਹੈ। ਭਾਵੇਂ ਬਚਪਨ ਤੋਂ ਹੀ ਮੋਦਨ ਸਿੰਘ ਆਪਣੇ ਪੁਰਖਿਆਂ ਦੀ ਲੀਹ ਤੇ ਚੱਲ ਪਿਆ ਸੀ ਅਤੇ ਢਾਡੀ ਰਾਗ ਨਾਲ ਜੁੜ ਗਿਆ ਸੀ। ਪਰੰਤੂ ਇਸ ਰਾਗ ਦੀ ਬਾਕਾਇਦਾ ਸਿੱਖਿਆ ਉਸਨੇ ਬਸੰਤ ਝਿਊਰ ਧਨੌਲੇ ਵਾਲੇ ਤੋਂ ਲਈ ਜੋ ਆਪਣੇ ਸਮੇਂ ਦਾ ਉਘਾ ਢਾਡੀ ਸੀ ਅਤੇ ਜਿਸਦਾ ਪਿਛੋਕੜ ਪੂਰਨ ਝਿਊਰ ਧਨੌਲੇ ਵਾਲੇ ਨਾਲ ਜਾ ਜੁੜਦਾ ਹੈ।

ਚੜ੍ਹਦੀ ਜਵਾਨੀ ਵਿਚ ਮੋਦਨ ਫੌਜ ਵਿਚ ਭਰਤੀ ਹੋ ਗਿਆ ਅਤੇ ਦੂਜੀ ਵਿਸ਼ਵਜੰਗ ਵਿਚ ਕਈ ਥਾਵਾਂ ਤੇ ਲੜਿਆ। ਅਜ਼ਾਦੀ ਤੋਂ ਬਾਅਦ ਨੌਕਰੀ ਛੱਡ ਕੇ ਘਰ ਆ ਗਿਆ ਅਤੇ ਸਾਰੰਗੀ ਚੁੱਕ ਲਈ। ਉਸਤਾਦ ਨਾਲ ਲੰਮਾ ਸਮਾਂ ਸੰਗਤ ਕੀਤੀ ਅਤੇ ਬਾਅਦ ਵਿਚ ਆਗੂ ਬਣ ਕੇ ਆਪਣੇ ਹੀ ਪਿੰਡ ਦੇ ਕਿਰਪਾ ਸਿੰਘ ਚੌਕੀਦਾਰ ਅਤੇ ਸੌਣ ਸਿੰਘ ਨੂੰ ਪਾਛੂ ਲਾ ਲਿਆ। ਸਾਲਾਂ ਬੱਧੀ ਲਗਾਤਾਰ ਉਹ ਆਪਣੇ ਸਾਥੀਆਂ ਨਾਲ ਗਾਉਂਦਾ ਰਿਹਾ।

ਵਿਆਹਾਂ ਸ਼ਾਦੀਆਂ ਅਤੇ ਪਿੰਡ ਦੇ ਸਾਂਝੇ ਅਖਾੜਿਆਂ ਤੋਂ ਬਿਨਾਂ ਇਹ ਪੰਜਾਬ ਦੇ ਮਸ਼ਹੂਰ ਮੇਲਿਆਂ ਛਪਾਰ, ਸੁਨਾਮ ਦੀ ਮੰਡੀ, ਸੰਗਰੂਰ ਦੇ ਦੁਸਹਿਰੇ, ਜਰਗ ਦੇ ਮੇਲੇ, ਕੁਰਾਲੀ, ਸਲਾਣੇ ਦੀ ਛਿੰਝ ਆਦਿ ਤੇ ਹਰ ਸਾਲ ਹਾਜ਼ਰੀ ਲੁਆਉਂਦੇ। ਨੈਣਾਂ ਦੇਵੀ ,ਕਪਾਲ ਮੋਚਨ, ਪਹੋਏ ਆਦਿ ਧਾਰਮਿਕ ਮੇਲਿਆਂ ਤੇ ਵੀ ਨੇਮਬੱਧ ਮੋਦਨ ਹੁਰੀਂ ਜਾਂਦੇ ਸਨ। ਕਈ ਵਾਰ ਤਾਂ ਲਗਾਤਾਰ ਮਹੀਨਾ ਮਹੀਨਾ ਘਰੋਂ ਬਾਹਰ ਹੀ ਰਹਿਣਾ ਪੈਂਦਾ ਸੀ।

'ਲੋਹਾਖੇੜਾ' ਘਰਾਣੇ ਵਿਚ ਜ਼ਿਆਦਾਤਰ ਗੰਗਾ ਸਿੰਘ ਦੀ 'ਹੀਰ' ਹੀ ਗਾਈ

ਜਾਂਦੀ ਸੀ, ਪਰੰਤੂ ਮੋਦਨ ਹੁਰੀਂ ਇਸ ਦੇ ਨਾਲ ਨਾਲ ਦੀਵਾਨ ਸਿੰਘ ਸ਼ਹਿਣੇ ਵਾਲੇ ਦੀ 'ਹੀਰ' ਵੀ ਗਾਉਂਦੇ ਸਨ। 'ਪੂਰਨ' ਵੀ ਉਹ ਭਗਵਾਨ ਸਿੰਘ ਧਨੌਲੇ ਵਾਲੇ ਦਾ ਗਾਉਂਦੇ ਸਨ। ਬਾਕੀ ਲੋਕ ਗਾਥਾਵਾਂ ਪ੍ਰਚੱਲਤ ਕਵੀਆਂ ਦੀਆਂ ਹੀ ਗਾਈਆਂ ਜਾਂਦੀਆਂ ਸਨ। ਦੀਵਾਨ ਸਿੰਘ ਦੀ 'ਹੀਰ' ਵਿਚੋਂ ਇੱਕ ਕਲੀ ਵੇਖੋ ਜਦੋਂ ਰਾਂਝਾ ਰੰਗਪੁਰ ਖੇੜੀਂ ਜਾਂਦਾ ਹੈ ਤਾਂ ਉਹ ਖੇੜਿਆਂ ਦੇ ਘਰ ਨੂੰ ਕਿਸ ਤਰ੍ਹਾਂ ਪਛਾਣਦਾ ਹੈ :-

- *ਡਿਊਢੀ ਖੇੜਿਆਂ ਦੀ ਜੱਟ ਖੜ੍ਹਾ ਤਰੀਫਾਂ ਕਰਦਾ ਹੈ,*
  *ਘਰ ਤਾਂ ਦੀਂਹਦੈ ਕਿਸੇ ਵੱਡਿਆਂ ਸਰਦਾਰਾਂ।*
  *ਤਖਤੇ ਪਿੱਤਲ ਦੇ, ਚੁਗਾਠਾਂ ਲਾਈਆਂ ਚੰਦਨ ਦੀਆਂ,*
  *ਮੇਖਾਂ ਵਿਚ ਤਾਂ ਲਾਈਆਂ ਜੇ ਉਏ ਪਾਲੋ ਪਾਲਾਂ।*
  *ਦੇ ਕੇ ਪੋਚਾ ਤਾਂ ਰੰਗ ਕਰ ਦਿੱਤਾ ਹੈ ਖੇੜਿਆਂ ਨੇ,*
  *ਉਤੇ ਲਿਖੀਆਂ ਨੇ ਬਈ ਘੁੱਗੀਆਂ ਗੁਟਾਰਾਂ।*
  *ਵਿਚ ਦੀ ਮੋਰੀ ਦੇ ਤਾਂ ਗੂੰਜ ਸੁਣਦੀ ਚਰਖੇ ਦੀ,*
  *ਬੈਠੀਆਂ ਕੱਤਦੀਆਂ ਨੇ ਬਈ ਸਹਿਤੀ ਵਰਗੀਆਂ ਨਾਰਾਂ।*
  *ਉਤੇ ਚੁਬਾਰੇ ਦੇ ਤਾਂ ਪਲੰਘ ਡਹਾ ਲਿਆ ਹੀਰ ਨੇ,*
  *ਹੂੰਗਰ ਪੈਂਦੀ ਜੱਟੀ ਦੀ ਬਈ ਵਾਂਗ ਬੀਮਾਰਾਂ।*
  *ਜੇ ਕੋਈ ਸੁਣਦਾ ਗਿਣਦਾ ਹੋਵੇ ਆਸ਼ਕ ਲੋਕ ਜੀ,*
  *ਮੇਲ ਕਰਾਦੇ ਸਾਡੇ ਬਈ ਜਾਂਦੀ ਇੱਕ ਵਾਰਾਂ।*

'ਪੂਰਨ' ਦੇ ਕਿੱਸੇ ਵਿਚੋਂ ਜਦੋਂ ਸਲਵਾਨ ਲੂਣਾ ਦੇ ਆਖੇ ਲੱਗ ਕੇ ਪੂਰਨ ਨੂੰ ਹੱਥ ਪੈਰ ਵੱਢ ਕੇ ਕਤਲ ਕਰਨ ਦੀ ਸਜ਼ਾ ਸੁਣਾਉਂਦਾ ਹੈ ਤਾਂ ਦੀਵਾਨ ਮਣਸਾ ਰਾਮ ਇਉਂ ਸਮਝਾਉਂਦਾ ਹੈ :-

- *ਰਾਜਿਆ ਤੈਨੂੰ ਧਰਮੀ ਧਰਮੀ ਆਖਦੇ,*
  *ਅੱਜ ਹੋ ਗਿਆ ਪਾਪ ਨੂੰ ਤਿਆਰ।*
  *ਚਾਰ ਸੌ ਚਾਰ ਐ ਚਲਿੱਤਰ ਵਿਚ ਨਾਰ ਦੇ,*
  *ਵਿਚ ਹੈਣ ਮਰਦ ਦੇ ਚਾਰ।*
  *ਸੌ ਸੌ ਨੂੰ ਇੱਕ ਰੋਕਦਾ,*

*ਬਾਕੀ ਰਹਿ ਜਾਂਦੇ ਨੇ ਚਾਰ।*
*ਚਹੁੰ ਤੇ ਬਾਜ਼ੀ ਬੀਤ ਗਈ,*
*ਲੈਂਦੀਆਂ ਮਰਦ ਨੂੰ ਮਾਰ।*
*ਦਾਹੜਾ ਮੁੰਨਤਾ ਪਰੀਸ਼ਟ ਪੰਡਤ ਦਾ,*
*ਕੁਟਿਆ ਛਿੱਤਰਾਂ ਦੀ ਮਾਰ।*
*ਰਾਜੇ ਭੋਜ ਦੇ ਮੁੱਖ ਨੂੰ,*
*ਲਿਆ ਕੰਡਿਆਲਾ ਚਾੜ੍ਹ।*
*ਦੂੱਧ ਦੇ ਪਾਲੇ ਅੰਬ ਵੱਢਦੈਂ,*
*ਅੱਜ ਅੱਕਾਂ ਨੂੰ ਕਰਦੈਂ ਵਾੜ।*
*ਜੇ ਨੇਰ੍ਹੇ 'ਚ ਖੜ੍ਹਾ ਦੀਏ ਪੁੱਤ ਨੂੰ,*
*ਚਾਨਣ ਹੋ ਜੇ ਡਿਊਢੀ ਦੇ ਬਾਰ੍ਹ।*
*ਪੂਰਨ ਵਰਗੀਆਂ ਸੂਰਤਾਂ,*
*ਜੰਮਣੀਆਂ ਨੀ ਵਾਰੋ ਵਾਰ।*

ਪਿਛਲੇ ਕੁਝ ਸਾਲਾਂ ਤੋਂ ਭਾਵੇਂ ਇਹਨਾਂ ਲੋਕ ਢਾਡੀਆਂ ਦੇ ਸਰੋਤਿਆਂ ਦਾ ਘੇਰਾ ਸੀਮਿਤ ਹੋ ਗਿਆ ਸੀ ਪਰੰਤੂ ਫਿਰ ਵੀ ਮੋਦਨ ਆਪਣੇ ਸਾਥੀਆਂ ਨਾਲ ਮੇਲਿਆਂ 'ਤੇ ਜ਼ਰੂਰ ਪਹੁੰਚਦਾ ਸੀ। ਕਈ ਸਭਿਆਚਾਰਕ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਸਭਿਆਚਾਰਕ ਮੇਲਿਆਂ 'ਤੇ ਵੀ ਇਹਨਾਂ ਨੂੰ ਸੱਦਿਆ ਜਾਂਦਾ ਸੀ। ਭਾਵੇਂ ਖਾਨਾ ਪੂਰਤੀ ਹੀ ਹੁੰਦੀ ਸੀ। ਲੁਧਿਆਣੇ ਮੋਹਨ ਸਿੰਘ ਮੇਲੇ 'ਤੇ ਵੀ ਉਹ ਇਸ ਤਰ੍ਹਾਂ ਦੀ ਹਾਜਰੀ ਲੁਆ ਚੁੱਕਾ ਹੈ। 1996 ਵਿਚ ਉਸਦਾ ਸਾਥੀ ਕਿਰਪਾ ਸਿੰਘ ਚੌਕੀਦਾਰ ਇਸ ਜਹਾਨ ਤੋਂ ਕੂਚ ਕਰ ਗਿਆ ਅਤੇ ਸੌਣ ਸਿੰਘ ਚੱਲਣ ਫਿਰਨ ਤੋਂ ਅਸਮਰੱਥ ਹੋ ਗਿਆ। ਹੁਣ ਮੋਦਨ ਸਿੰਘ ਇਕੱਲਾ ਹੀ ਆਪਣੀ ਸਾਰੰਗੀ ਮੋਢੇ ਟੰਗ ਕੇ ਛਪਾਰ, ਜਰਗ ਆਦਿ ਮੇਲਿਆਂ 'ਤੇ ਪਹੁੰਚ ਜਾਂਦਾ ਹੈ ਅਤੇ ਇੱਕ ਅੱਧ ਕਲੀ ਸਰੋਤਿਆਂ ਨੂੰ ਸੁਣਾ ਦਿੰਦਾ ਹੈ। ਉਹ ਆਸ਼ਾਵਾਦੀ ਹੈ ਜ਼ਿੰਦਗੀ ਪ੍ਰਤੀ ਨਿਰਾਸ਼ ਨਹੀਂ ਹੋਇਆ। ਕਹਿੰਦਾ ਹੈ, ਮੈਂ ਪੂਰੇ ਸੌ ਸਾਲ ਦਾ ਹੋ ਕੇ ਮਰੂੰ। ਉਸਦੇ ਲੜਕਿਆਂ ਵਿਚੋਂ ਕੋਈ ਵੀ ਉਸ ਦੀ ਲੀਹ 'ਤੇ ਨਹੀਂ ਚੱਲਿਆ ਸਗੋਂ ਉਹ ਆਪਣੀ ਕਬੀਲਦਾਰੀ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਦੂਸਰੇ ਕੰਮਾਂ ਧੰਦਿਆਂ ਵਿਚ ਪਏ ਹੋਏ ਹਨ। ਪ੍ਰਮਾਤਮਾ ਉਸਦੀਆਂ ਆਸ਼ਾਵਾਂ ਪੂਰੀਆਂ ਕਰੇ।

## ਵਿਦਿਆ ਸਾਗਰ ਡੇਹਲੋਂ

ਪੰਡਤ ਵਿਦਿਆ ਸਾਗਰ ਡੇਹਲੋਂ ਲੋਕ ਢਾਡੀ ਕਲਾ ਨੂੰ ਪਰਨਾਇਆ ਹੋਇਆ ਹੈ। ਪੰਡਤ ਕਾਂਸ਼ੀ ਰਾਮ ਡੇਹਲੋਂ ਦਾ ਪੋਤਾ ਅਤੇ ਪੰਡਤ ਮੁਨਸ਼ੀ ਰਾਮ ਜੱਖਲਾਂ ਦਾ ਸ਼ਗਿਰਦ ਇੱਕ ਮਹਾਨ ਵਿਰਾਸਤ ਦਾ ਵਾਰਸ ਹੈ।

ਲੋਕ ਢਾਡੀ ਕਲਾ ਦੇ ਇਸ ਵਾਰਸ ਦਾ ਜਨਮ ਜ਼ਿਲਾ ਲੁਧਿਆਣਾ ਦੇ ਮਸ਼ਹੂਰ ਪਿੰਡ ਡੇਹਲੋਂ ਵਿਖੇ 1933-34 ਦੇ ਲਗਭਗ ਪਿਤਾ ਖੁਸ਼ੀ ਰਾਮ ਦੇ ਘਰ ਮਾਤਾ ਬਚਨੀ ਦੇਵੀ ਦੀ ਕੁੱਖੋਂ ਹੋਇਆ। ਸਕੂਲੀ ਪੜ੍ਹਾਈ ਵਿਚ ਓ, ਅ ਤੋਂ ਅੱਗੇ ਨਹੀਂ ਜਾ ਸਕਿਆ। ਬਚਪਨ ਤੋਂ ਹੀ ਗਾਇਕੀ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ। ਰਸਮੀ ਤੌਰ ਤੇ ਆਪਣੇ ਦਾਦਾ ਦੇ ਸ਼ਗਿਰਦ ਮੁਨਸ਼ੀ ਰਾਮ ਜੱਖਲਾਂ ਨੂੰ ਆਪਣਾ ਗੁਰੂ ਧਾਰਿਆ ਅਤੇ ਲਗਾਤਾਰ ਪੰਦਰਾਂ ਸਾਲ ਵਿਦਿਆ ਪ੍ਰਾਪਤ ਕੀਤੀ। ਦ੍ਰਿੜ ਇਰਾਦੇ, ਸਖਤ ਮਿਹਨਤ, ਗੁਰੂ ਦੇ ਅਸ਼ੀਰਵਾਦ ਅਤੇ ਦਾਦਾ ਜੀ ਦੇ ਥਾਪੜੇ ਸਦਕਾ ਆਪਣੇ ਪੈਰਾਂ 'ਤੇ ਖੜ੍ਹਾ ਹੋ ਗਿਆ। ਗੋਸਲਾਂ ਦੇ ਸੁਬੀਆ ਮਰਾਸੀ ਅਤੇ ਜੱਸੋਵਾਲ ਦੇ ਪੰਡਤ ਹਰੀ ਰਾਮ ਨੂੰ ਨਾਲ ਰਲਾ ਕੇ ਅਖਾੜੇ ਲਾਉਣੇ ਸ਼ੁਰੂ ਕਰ ਦਿੱਤੇ। ਜਰਗ, ਛਪਾਰ ਦੇ ਮੇਲਿਆਂ, ਨੈਣਾਂ ਦੇਵੀ, ਪਹੋਏ ਅਤੇ ਕਪਾਲਮੋਚਨ ਦੇ ਮੇਲਿਆਂ ਅਤੇ ਹੋਰ ਸਥਾਨਕ ਮੇਲਿਆਂ ਦੇ ਅਖਾੜਿਆਂ ਵਿਚ ਆਪਣੀ ਕਲਾ ਨੂੰ ਪਰਪੱਕ ਕਰਕੇ ਲੋਕਾਂ ਵਿਚ ਆਪਣੇ ਆਪ ਨੂੰ ਸਥਾਪਤ ਕੀਤਾ।

ਪੰਡਤ ਵਿਦਿਆ ਸਾਗਰ ਦੇ ਗਰੁੱਪ ਵਿਚ ਸਮੇਂ ਸਮੇਂ ਤੇ ਰਮਜਾਨ ਭਰਾਈ ਜਲਾਲਾਬਾਦ, ਦਸੌਂਧੀ ਭਰਾਈ ਚਲੈਲਾ, ਮਿਲਖੀ ਟੋਡਰਪੁਰ, ਗੁਰਨਾਮ ਸਿੰਘ ਗੁਪਾਲਪੁਰ, ਜੀਤ ਸਿੰਘ ਅਤੇ ਪੂਰਨ ਸਿੰਘ ਚੂਹੜ ਚੱਕ ਸ਼ਾਮਿਲ ਹੁੰਦੇ ਤੇ ਨਿਕਲਦੇ ਰਹੇ। ਗੁਰਨਾਮ ਸਿੰਘ ਗੁਪਾਲਪੁਰ ਉਸ ਨਾਲ ਸਭ ਤੋਂ ਵੱਧ ਸਮਾਂ ਰਿਹਾ। ਅੱਜ ਕੱਲ੍ਹ ਇਸ ਗਰੁੱਪ ਵਿਚ ਚੰਦ ਸਿੰਘ ਬਨੇਰਾ ਖੁਰਦ ਸਾਰੰਗੀ ਮਾਸਟਰ ਅਤੇ ਮਹਿੰਦਰ ਸਿੰਘ ਰੋਹਣੋਂ ਢਾਡੀ ਹਨ।

ਵਿਦਿਆ ਸਾਗਰ ਕੋਲ ਵਿਦਿਆ ਦਾ ਅਥਾਹ ਭੰਡਾਰ ਹੈ। ਉਹ ਇੱਕ ਗਿਆਨਵਾਨ, ਗੁਣੀ ਵਿਦਵਾਨ ਅਤੇ ਹੰਢਿਆ ਹੋਇਆ ਤਜਰਬੇਕਾਰ ਢਾਡੀ (ਇਨਸਾਨ) ਹੈ। ਉਹ ਸਿਰਫ ਨਾਂ ਦਾ ਹੀ ਪੰਡਤ ਨਹੀਂ ਸਗੋਂ ਸੱਚੀਂ-ਮੁੱਚੀਂ ਦਾ ਪੰਡਤ (ਗਿਆਨੀ) ਹੈ। 'ਹੀਰ', 'ਮਿਰਜ਼ਾ', 'ਸੱਸੀ', 'ਮਲਕੀ' ਪਿਆਰ ਕਥਾਵਾਂ, ਪੂਰਨ, 'ਕੌਲਾਂ', ਪ੍ਰਿਥੀ ਸਿੰਘ, ਜਗਦੇਵ ਪਮਾਰ, ਰਮਾਇਣ ਅਤੇ ਮਹਾਂਭਾਰਤ ਵਿਚੋਂ ਮਿਥਿਹਾਸਕ ਪ੍ਰਸੰਗ ਅਤੇ ਰਾਜਾ ਰਸਾਲੂ ਤੇ ਦੁੱਲਾ ਭੱਟੀ ਆਦਿ ਲੋਕ ਨਾਇਕਾਂ ਦੀਆਂ ਕਥਾਵਾਂ ਅਤੇ ਕਿੱਸੇ ਸਭ ਉਸਦੇ ਜ਼ੁਬਾਨੀ ਯਾਦ ਹਨ। ਉਹ ਘੰਟਿਆਂ ਬੱਧੀ ਕਿਸੇ ਵੀ ਵਿਸ਼ੇ 'ਤੇ ਪ੍ਰਮਾਣਾਂ ਸਹਿਤ ਬੋਲ ਅਤੇ ਗਾ ਸਕਦਾ ਹੈ। ਨਸੀਹਤ ਭਰਪੂਰ ਕਾਵਿ ਟਿੱਪਣੀਆਂ ਅਤੇ ਸਿੱਖਿਆਦਾਇਕ ਸ਼ਬਦਾਵਲੀ ਨਾਲ ਆਪਣੇ

ਬਿਆਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨਾ ਉਸਨੂੰ ਬਾਖ਼ੂਬੀ ਆਉਂਦਾ ਹੈ। ਉਸ ਵੱਲੋਂ ਗਾਏ ਜਾਂਦੇ ਵੱਖ ਵੱਖ ਪ੍ਰਸੰਗਾਂ ਵਿਚੋਂ ਕੁਝ ਕੁ ਲੋਕ ਤੱਥਾਂ ਵਾਲੀਆਂ ਪੰਕਤੀਆਂ ਇਹ ਹਨ:-

ਬੀਜਾ ਮੱਲ ਸੇਠ ਕੌਲਾਂ ਦੇ ਜਤ ਬਾਰੇ ਉਸਦੇ ਪਿਤਾ ਨੂੰ ਇਸ ਤਰ੍ਹਾਂ ਕਹਿੰਦਾ ਹੈ:-

- ***ਅੱਕ ਦੀ ਨਾ ਖਾਈਏ ਕੁੱਕੜੀ, ਸੱਪ ਦਾ ਨਾ ਖਾਈਏ ਮਾਸ।***  
***ਨਾਰ ਨਾ ਰੱਖੀਏ ਲਾਡਲੀ, ਉਲਟਾ ਕਰੇ ਵਿਨਾਸ।***  
***ਨਾਰਾਂ ਜਤੀ ਨਾ ਹੋਈਆਂ ਕਹਿਗੇ ਵੇਦ ਵਿਆਸ।***  
***ਭੇਡਾਂ ਨੂੰ ਮਲੀਦਾ ਕੀ ਕਹੇ, ਕੀ ਸ਼ੇਰਾਂ ਨੂੰ ਮਾਸ।***  
***ਕਾਣੀ ਨੂੰ ਕੱਜਲ ਕੀ ਕਹੇ, ਦੂਜੀ ਕੋਲ ਉਦਾਸ।***  
***ਧਿਰਗ ਉਹਨਾਂ ਦੀ ਮੱਤ ਨੂੰ ਜਿਹੜੇ ਨਾਰ ਦਾ ਕਰਨ ਵਿਸ਼ਵਾਸ।***

'ਪੂਰਨ' ਦੀ ਕਥਾ ਵਿਚੋਂ ਹੱਥ ਪੈਰ ਵੱਢ ਕੇ ਖੂਹ ਵਿਚ ਸੁੱਟੇ ਪੂਰਨ ਕੋਲ ਰਾਣੀ ਇੱਛਰਾਂ ਕਿਸ ਤਰ੍ਹਾਂ ਵਿਰਲਾਪ ਕਰਦੀ ਹੈ:-

- ***'ਪੂਰਨਾ ਵੇ ਪੁੱਤਾ ਸਰਵਣਾ, ਵਿਚ ਖੂਹ ਦੇ ਲੁਕਿਆ ਆ।***  
***ਤੇਰੀ ਅੰਮੜੀ ਮੈਂ ਵਾਜਾਂ ਮਾਰਦੀ, ਮੁੱਖੋਂ ਬੋਲਕੇ ਧੀਰ ਬੰਨ੍ਹਾ।***  
***ਅੱਖਾਂ ਹੁੰਦੀਆਂ ਸੂਰਤ ਦੇਖਦੀ, ਸਭ ਦੇਖਦੀ ਬਣਤ ਬਣਾ।***  
***ਕਰਮਾਂ ਤੋਂ ਹੀਣੀ ਚੰਦਰੀ, ਮਾੜੇ ਆਈਆਂ ਲੇਖ ਲਿਖਾ।***

ਖੂਹ ਵਿਚ ਸੁੱਟੇ ਹੋਏ ਪੂਰਨ ਬਾਰੇ ਜਦੋਂ ਆਪਣੇ ਚੇਲਿਆਂ ਕੋਲੋਂ ਗੁਰੂ ਗੋਰਖ ਨਾਥ ਸੁਣਦਾ ਹੈ ਤਾਂ ਆਪ ਆ ਕੇ ਉਸ ਨੂੰ ਕੁਝ ਸਵਾਲ ਕਰਕੇ ਉਹਨਾਂ ਦਾ ਜਵਾਬ ਮੰਗਦਾ ਹੈ ਜਿਸ ਵਿਚ ਕਰਮ ਸਿੰਘ ਟੂਸਿਆਂ ਵਾਲੇ ਦੀਆਂ ਕਹੀਆਂ ਹੋਈਆਂ ਗਿਆਨ ਭਰਪੂਰ ਗੱਲਾਂ ਵਿਦਿਆ ਸਾਗਰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ:-

ਗੋਰਖ ਨਾਥ ***ਕੀ ਉਜਲੈ ਵਿਚ ਜਹਾਨ ਦੇ, ਮਿੱਠਾ ਮਿੱਠਿਆਂ ਦੇ ਗੁਣ ਵਿਚਾਰ।***  
***ਮੇਵਾ ਕੱਚਾ ਕੌਣ ਮਿਠਾਸ ਦੇਹ, ਪੱਕਾ ਕੌੜਾ ਹੋ ਜਾਏ ਇੱਕ ਵਾਰ।***  
***ਕੌਣ ਮਰਦਾ ਨੀ ਮਾਰਿਆ ਮੌਤ ਦਾ, ਕੌਣ ਮਾਨਸ ਨੀ ਚਾਹੁੰਦੀ ਨਾਰ।***  
***ਕੌਣ ਕਰਦਾ ਰੋਜ਼ ਮੁਸਾਫਰੀ, ਕੌਣ ਤਪਿਆ ਖੜ੍ਹਾ ਜੁਗ ਚਾਰ।***

ਪੂਰਨ *ਗਿਆਨ ਉਜਲੈ ਵਿਚ ਜਹਾਨ ਦੇ, ਵੇਦ ਲਿਖਗੇ ਰਿਸ਼ੀ ਵਿਆਸ।*
*ਸਭਨਾਂ ਮਿਠਿਆਂ 'ਚੋਂ ਮਿੱਠੀ ਜ਼ਿੰਦਗੀ, ਮਰਨਾ ਮੰਗਦਾ ਨੀ ਨਾਲ ਹੁਲਾਸ।*
*ਬਾਲਕ ਅਵਸਥਾ ਮੇਵਾ ਮਿੱਠੜਾ, ਬਿਰਧ ਕੌੜਾ ਹੋ ਜਾਏ ਖਾਸ।*
*ਬ੍ਰਹਮਾ ਮਰਦਾ ਨੀ ਮਾਰਿਆ ਮੌਤ ਦਾ, ਹੋਣੀ ਨਹੀਂ ਚਾਹੁੰਦੀ ਘਰਵਾਸ।*
*ਚੰਦ ਸੂਰਜ ਨੂੰ ਰੋਜ਼ ਮੁਸਾਫਰੀ, ਧਰੂੰ ਖੜਾ ਪ੍ਰਭੂ ਦੇ ਪਾਸ।*

ਵਿਦਿਆ ਸਾਗਰ ਨੂੰ ਗਿਲਾ ਹੈ ਪੰਜਾਬ ਸਰਕਾਰ ਦੇ ਸੱਭਿਆਚਾਰਕ ਮਾਮਲੇ ਵਿਭਾਗ ਨਾਲ ਕਿ ਇਹ ਲੋਕ ਢਾਡੀ ਪਰੰਪਰਾ ਨੂੰ ਬਚਾਉਣ ਅਤੇ ਇਸ ਦੇ ਵਿਰਸੇ ਨੂੰ ਸਾਂਭਣ ਪ੍ਰਤੀ ਕੋਈ ਸਾਰਥਕ ਉਪਰਾਲਾ ਨਹੀਂ ਕਰ ਰਿਹਾ। ਉਸਦਾ ਕਹਿਣਾ ਹੈ ਕਿ ਇਸ ਕਲਾ ਨੂੰ ਜੀਵਿਤ ਰੱਖਣ ਲਈ ਸਰਕਾਰ ਨੂੰ ਲੋਕ ਢਾਡੀਆਂ ਦੀ ਆਰਥਿਕ ਮੱਦਦ ਕਰਨੀ ਚਾਹੀਦੀ ਹੈ। ਉਸਦਾ ਇਹ ਵੀ ਕਹਿਣਾ ਹੈ ਕਿ ਸਭਿਆਚਾਰਕ ਸੰਸਥਾਵਾਂ ਨੂੰ ਵੀ ਆਪਣੇ ਸੱਭਿਆਚਾਰਕ ਵਿਰਸੇ ਪ੍ਰਤੀ ਉਸਾਰੂ ਸੋਚ ਅਪਣਾਉਣੀ ਚਾਹੀਂਦੀ ਹੈ। ਕੇਵਲ ਸਭਿਆਚਾਰਕ ਮੇਲਿਆਂ ਦੇ ਨਾਂ ਤੇ ਰੌਲ਼ਾ ਰੱਪਾ ਹੀ ਨਹੀਂ ਹੋਣਾ ਚਾਹੀਦਾ। ਪੰਜਾਬੀਆਂ ਨੂੰ ਵੀ ਆਪਣੇ ਸੱਭਿਆਚਾਰਕ ਵਿਰਸੇ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ।

## ਭਗਵਾਨ ਸਿੰਘ ਪਾਇਲ

ਵਰਤਮਾਨ ਲੋਕ ਢਾਡੀਆਂ ਦੀ ਬਜ਼ੁਰਗ ਪੀੜ੍ਹੀ ਵਿਚ ਭਗਵਾਨ ਸਿੰਘ ਪਾਇਲ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਆਪਣੀ ਸੁਰੀਲੀ ਤੇ ਬੁਲੰਦ ਆਵਾਜ਼ ਸਦਕਾ ਉਸਨੇ ਲੋਕ ਢਾਡੀ ਕਲਾ ਦੇ ਖੇਤਰ ਵਿਚ ਚੰਗਾ ਨਾਂ ਕਮਾਇਆ ਹੈ। ਆਪਣੇ ਨਾਂ ਦੇ ਨਾਲ ਨਾਲ ਆਪਣੇ ਪਿੰਡ ਪਾਇਲ ਦਾ ਨਾਂ ਵੀ ਪੰਜਾਬ ਦੇ ਕੋਨੇ ਕੋਨੇ ਤੱਕ ਪਹੁੰਚਾਇਆ ਹੈ।

ਭਗਵਾਨ ਸਿੰਘ ਦਾ ਜਨਮ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਤੋਂ ਸਾਲ ਕੁ ਪਿਛੋਂ ਪਿਤਾ ਜਿਉਣ ਸਿੰਘ ਦੇ ਘਰ ਮਾਤਾ ਅਤਰ ਕੌਰ ਦੀ ਕੁੱਖੋਂ ਪੱਛਮੀ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਦੀ ਸਮੁੰਦਰੀ ਤਹਿਸੀਲ ਦੇ ਪਿੰਡ ਚੱਕ ਨੰ: 529 ਹਾਂਸ ਵਿਖੇ ਹੋਇਆ। ਭਗਵਾਨ ਸਿੰਘ ਦਾ ਜੱਦੀ ਪਿੰਡ ਪੂਰਬੀ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੀ ਸਮਰਾਲਾ ਤਹਿਸੀਲ ਦਾ ਪਿੰਡ ਬਿਜਲੀਪੁਰ ਸੀ ਜਿਥੋਂ ਉਸ ਦੇ ਬਜ਼ੁਰਗ ਕਾਫੀ ਦੇਰ ਪਹਿਲਾਂ ਲਾਇਲਪੁਰ ਚਲੇ ਗਏ ਸਨ। ਵੰਡ ਤੋਂ ਬਾਅਦ ਭਗਵਾਨ ਸਿੰਘ ਨੂੰ ਏਧਰ ਆਉਣਾ ਪਿਆ ਅਤੇ ਅਮਲੋਹ ਦੇ ਨੇੜੇ ਕਾਨ੍ਹਪੁਰ ਵਿਖੇ ਕੱਚੀ ਅਲਾਟਮੈਂਟ ਹੋਈ। ਬਾਅਦ ਵਿਚ ਪਾਇਲ ਵਿਖੇ ਪੱਕੀ ਅਲਾਟਮੈਂਟ ਹੋ ਗਈ ਜੋ ਮਲੇਰਕੋਟਲਾ-ਖੰਨਾ ਸੜਕ ਤੇ ਜਰਗ ਦੇ ਨੇੜੇ ਪੈਂਦਾ ਹੈ।

ਭਗਵਾਨ ਸਿੰਘ ਨੂੰ 'ਗੌਣ' ਦੀ ਚੇਟਕ ਵੰਡ ਤੋਂ ਬਾਅਦ ਏਧਰ ਆ ਕੇ ਹੀ ਲੱਗੀ। ਕੱਚੀ ਅਲਾਟਮੈਂਟ ਸਮੇਂ ਕਾਨ੍ਹਪੁਰ ਵਿਖੇ ਭਾਵੇਂ ਉਹ ਥੋੜਾ ਸਮਾਂ ਹੀ ਰਿਹਾ ਪਰ ਏਥੋਂ ਉਸਨੂੰ ਉਹ ਰਾਸ ਮਿਲੀ ਜੋ ਉਸਨੇ ਪੂਰਾ ਜੀਵਨ ਸਰੋਤਿਆਂ ਨੂੰ ਵੰਡੀ ਤੇ ਹੁਣ ਵੀ ਵੰਡ ਰਿਹਾ ਹੈ। ਏਥੋਂ ਦੇ ਉਸਤਾਦ ਢਾਡੀ ਗੇਂਦਾ ਭਰਾਈ ਜਿਸਨੂੰ ਗਾਉਂਦਾ ਸੁਣਕੇ ਉਹ ਗੌਣ ਵੱਲ ਪ੍ਰੇਰਿਆ ਗਿਆ ਸੀ ਨੂੰ ਹੀ ਆਪਣਾ ਉਸਤਾਦ ਧਾਰ ਲਿਆ। ਉਸਤਾਦ ਦੀ ਲਗਾਤਾਰ ਸੰਗਤ ਅਤੇ ਜੀਅ-ਤੋੜ ਮਿਹਨਤ ਸਦਕਾ ਉਹ ਇੱਕ ਚੰਗਾ ਢਾਡੀ ਬਣ ਗਿਆ। ਦਿਨ ਰਾਤ ਮਿਹਨਤ ਕਰਕੇ ਉਸਨੇ ਅਨੇਕਾਂ ਕਲੀਆਂ ਕੰਠ ਕੀਤੀਆਂ ਤੇ ਉਸਤਾਦ ਤੋਂ ਨੀਤੀ, ਰਾਗ ਦੀਆਂ ਬਰੀਕੀਆਂ ਅਤੇ ਅਖਾੜਿਆਂ ਸਬੰਧੀ ਬਾਖ਼ੂਬੀ ਸਿੱਖਿਆ ਹਾਸਲ ਕੀਤੀ। ਛੇਤੀ ਹੀ ਉਸਨੇ ਮੋਗੇ ਦੇ ਨੇੜਲੇ ਪਿੰਡ ਜਿੱਤਵਾਲ ਦੇ ਨਿਧਾਨੇ ਸਾਰੰਗੀ ਮਾਸਟਰ ਤੇ ਚੂਹੜਚੱਕ ਦੇ ਪੂਰਨ ਨੂੰ ਢੱਡ ਤੇ ਲਾਕੇ ਆਪ ਆਗੂ ਬਣਕੇ ਗਾਉਣਾ ਸ਼ੁਰੂ ਕਰ ਦਿੱਤਾ ਅਤੇ ਪਿਛਾਂਹ ਮੁੜਕੇ ਨਹੀਂ ਦੇਖਿਆ। ਇਸ ਤੋਂ ਬਾਅਦ ਸਮੇਂ ਸਮੇਂ ਤੇ ਭਗਵਾਨ ਸਿੰਘ ਨਾਲ ਸਾਥੀ ਆਉਂਦੇ ਤੇ ਜਾਂਦੇ ਰਹੇ। ਪੰਡਤ ਗਿਰਧਾਰੀ ਰਾਮ ਕੱਕੜਵਾਲੀਆ, ਗੁਰਨਾਮ ਸਿੰਘ ਗੁਪਾਲਪੁਰ ਸਾਜ਼ੀ, ਚੰਨਣ ਸਿੰਘ ਸ਼ੌਂਟੀ, ਲੱਖਾ ਸਿੰਘ ਚੋਮੋ ਸਾਜ਼ੀ, ਚੰਦ ਸਿੰਘ ਗਾਲਬ ਵਾਲਾ ਸਾਜ਼ੀ ਆਦਿ ਭਗਵਾਨ ਸਿੰਘ ਦੇ ਪਾਛੂ ਰਹੇ। ਚੰਦ ਸਿੰਘ ਗਾਲਬ ਤੇ

ਚੰਨਣ ਸਿੰਘ ਸ਼ੌਂਟੀ ਨੇ ਉਸਦੇ ਨਾਲ ਬਾਰਾਂ ਸਾਲ ਲਗਾਤਾਰ ਗਾਇਆ ਤੇ ਇਸ ਜੁੱਟ ਨੇ ਲੋਕਾਂ ਵਿਚ ਵਧੀਆ ਨਾਂ ਕਮਾਇਆ।

ਭਗਵਾਨ ਸਿੰਘ ਜਵਾਨੀ ਸਮੇਂ ਉਚਾ ਲੰਮਾ ਭਰ ਜਵਾਨ ਗੱਭਰੂ ਸੀ। ਜਦੋਂ ਚਿੱਟੇ ਕੁੜਤੇ ਚਾਦਰੇ ਤੇ ਫ਼ਰਲੇ ਵਾਲੀ ਪੱਗ, ਪੈਰੀਂ ਕੱਢਵੀਂ ਨੋਕਦਾਰ ਜੁੱਤੀ ਤੇ ਗਲ ਕੰਠਾ ਪਾ ਕੇ ਉਹ ਅਖਾੜੇ ਵਿਚ ਖੜ੍ਹਦਾ ਤਾਂ ਸਰੋਤੇ ਅਸ਼ ਅਸ਼ ਕਰ ਉਠਦੇ। ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਹੀਰ ਨੂੰ ਉਹ ਬੜਾ ਖੁਭ ਕੇ ਗਾਉਂਦਾ ਸੀ। ਉਹ ਕਹਿੰਦਾ ਹੈ ਕਿ ਹੀਰ ਗਾਉਣ ਸਮੇਂ ਮੈਨੂੰ ਇੱਕ ਅਗੰਮੀ ਖ਼ੁਸ਼ੀ ਮਿਲਦੀ ਸੀ। ਹੀਰ ਤੋਂ ਇਲਾਵਾ ਪੂਰਨ ਉਸਦਾ ਦੂਜਾ ਮੁੱਖ ਗੌਣ ਸੀ। ਕਰਮ ਸਿੰਘ ਟੂਸਿਆਂ ਵਾਲੇ ਦਾ ਲਿਖਿਆ ਪੂਰਨ ਜਿਸਨੂੰ ਸਾਰੇ ਹੀ ਢਾਡੀ ਗਾਉਂਦੇ ਸਨ ਨੂੰ ਭਗਵਾਨ ਹੁਰੀਂ ਵੀ ਗਾਉਂਦੇ ਰਹੇ ਹਨ। ਸੱਸੀ ਉਹ ਨੱਥਾ ਸਿੰਘ ਨਰੜੂ ਵਾਲੇ ਦੀ ਗਾਉਂਦੇ ਸਨ। ਇਸ ਤੋਂ ਇਲਾਵਾ ਦੁੱਲਾ ਭੱਟੀ, ਰਾਜਾ ਰਸਾਲੂ, ਮਿਰਜ਼ਾ, ਬੇਗੋਨਾਰ ਆਦਿ ਲੋਕ ਗਾਥਾਵਾਂ ਸਰੋਤਿਆਂ ਦੀ ਮੰਗ ਤੇ ਪੇਸ਼ ਕਰਦੇ ਰਹੇ ਹਨ।

ਭਗਵਾਨ ਸਿੰਘ ਹੁਰੀਂ ਜਰਗ ਦੇ ਮੇਲੇ, ਛਪਾਰ ਦੇ ਮੇਲੇ, ਜਗਰਾਵਾਂ ਦੀ ਰੋਸ਼ਨੀ, ਜੈਤੋਂ ਮੰਡੀ, ਸੰਗਰੂਰ ਦੇ ਦੁਸਹਿਰੇ ਤੇ ਹੋਰ ਸਥਾਨਕ ਮੇਲਿਆਂ ਤੋਂ ਇਲਾਵਾ ਨੈਣਾਂ ਦੇਵੀ, ਪਹੋਏ, ਕਪਾਲ ਮੋਚਨ ਆਦਿ ਧਾਰਮਿਕ ਮੇਲਿਆਂ ਤੇ ਹਰ ਸਾਲ ਨਿਯਮ ਨਾਲ ਪਹੁੰਚਦੇ ਸਨ। ਮੇਲਿਆਂ ਤੋਂ ਬਿਨਾਂ ਵਿਆਹਾਂ, ਮੰਗਣਿਆਂ ਤੇ ਹੋਰ ਖ਼ੁਸ਼ੀ ਦੇ ਮੌਕਿਆਂ ਜਾਂ ਫਿਰ ਪਿੰਡ ਪੰਚਾਇਤਾਂ ਦੇ ਸਾਂਝੇ ਪ੍ਰੋਗਰਾਮਾਂ 'ਤੇ ਵੀ ਸਾਈ ਦੇ ਅਖਾੜੇ ਲਾਉਂਦੇ ਸਨ। 1995 ਤੱਕ ਉਹ ਲਗਾਤਾਰ ਆਪਣੇ ਜਥੇ ਨਾਲ ਅਖਾੜਿਆਂ ਦੀ ਹਾਜ਼ਰੀ ਭਰਦਾ ਰਿਹਾ। ਫਿਰ ਕੁਝ ਘਰੇਲੂ ਮਜਬੂਰੀਆਂ ਅਤੇ ਸਿਹਤ ਪੱਖੋਂ ਢਿੱਲਾ ਰਹਿਣ ਕਾਰਨ ਘਰ ਬੈਠ ਗਿਆ। ਇਹਨਾਂ ਸਾਲਾਂ ਵਿਚ ਉਸਨੂੰ ਆਪਣੇ ਅੰਦਰੋਂ ਕੁਝ ਖੁਸਿਆ ਖੁਸਿਆ ਮਹਿਸੂਸ ਹੁੰਦਾ ਰਿਹਾ। ਇਸ ਲਈ ਉਹ ਆਪਣੇ ਅੰਦਰਲੀ ਭੁੱਖ ਨੂੰ ਬਹੁਤਾ ਚਿਰ ਮਾਰਕੇ ਨਾ ਰੱਖ ਸਕਿਆ। ਇਸ ਵਾਰ ਛਪਾਰ ਦੇ ਮੇਲੇ ਤੇ ਉਹ ਫਿਰ ਅਖਾੜੇ ਵਿਚ ਪਹੁੰਚ ਗਿਆ। ਹਜ਼ੂਰਾ ਸਿੰਘ ਵੱਲੋਂ ਕੀਤੀ ਹੀਰ ਦੀ ਤਾਰੀਫ਼ ਨੂੰ ਗਾਉਂਦਾ ਉਹ ਪੂਰੀ ਤਸਵੀਰ ਖਿੱਚ ਕੇ ਰੱਖ ਦਿੰਦਾ ਹੈ:

- ***ਮੇਰੇ ਮੂੰਹੋਂ ਸਿਫਤ ਨਾ ਸਜਦੀ ਹੀਰ ਸਿਆਲ ਦੀ,***
  ***ਏਸ ਕਰਕੇ ਮੈਨੂੰ ਲੱਗੇ ਜਾਨ ਤੋਂ ਪਿਆਰੀ।***
  ***ਲੰਮੀ ਪਤਲੀ ਨੌਂ ਨੌਂ ਝੂਟੇ ਖਾਕੇ ਤੁਰਦੀ ਐ,***
  ***ਮੁਸ਼ਕੀ ਰੰਗ ਬਰੋਬਰ ਬਿਜਲੀ ਦੇ ਝੰਮਘਾਰੀ।***
  ***ਸੀਸ ਲੰਮੇਰਾ ਗਰਦਨ ਕੂੰਜ ਕਲੈਹਰੀ ਮੋਰ ਦੀ,***
  ***ਮਿਰਗ ਮਮੋਲੇ ਨੈਣੀ ਸਾਰ ਦੀ ਕਟਾਰੀ।***

*ਦੰਦ ਨੇ ਸੁੱਚੇ ਮੋਤੀ ਲੜੀ ਪਰੋਈ ਹਾਰ ਦੀ,*

*ਜੀਭ ਨਿਆਣੀ ਨਾਗਣ ਦੁੱਧ ਪੇੜੇ ਰੁਖ਼ਸਾਰੀ ।*

ਡੋਲੀ ਵਿਚ ਬੈਠੀ ਹੀਰ ਨੂੰ ਕੁੜੀਆਂ ਵੱਲੋਂ ਦਿੱਤੇ ਤਾਹਨੇ ਮਿਹਣੇ ਕਿਸ ਤਰ੍ਹਾਂ ਦੁਖੀ ਕਰਦੇ ਹਨ।

- *ਤਾਹਨੇ ਕੁੜੀਆਂ ਦੇ ਮਨ ਘਾਇਲ ਕਰ ਗਏ ਹੀਰ ਦਾ,*
  *ਫੱਟੀ ਮੂਨ ਤੜਫਦੀ ਜਿਉਂ ਹੇੜੀ ਦੀ ਮਾਰੀ ।*
  *ਮੇਰੇ ਰਾਂਝੇ ਨੂੰ ਮਿਲਾ ਦਿਓ ਮੇਰੇ ਹਾਣ ਦੀਓ,*
  *ਨਹੀਂ ਲਿਆ ਦਿਓ ਮੈਨੂੰ ਤਿੱਖੀ ਤੇਜ ਕਟਾਰੀ ।*
  *ਮਾਰ ਕਟਾਰੀ ਨੀ ਮੈਂ ਵਿਚ ਡੋਲੀ ਦੇ ਮਰਜੂੰ ਗੀ ,*
  *ਦੇ ਦਿਆਂ ਲੜੀ ਸੁਹਾਗ ਦੀ ਸੈਦੇ ਨੂੰ ਸਾਰੀ ।*
  *ਵਿਚ ਤਾਂ ਕਬਰਾਂ ਦੇ ਜੱਟ ਲੇਖਾ ਤੈਥੋਂ ਲੈ ਲੂਗਾ,*
  *ਸੱਚੀ ਝੂਠੀ ਰਕਾਨੇ ਜਾਵੇਂਗੀ ਨਿਤਾਰੀ ।*

ਉਮਰ ਦੇ ਇਸ ਦੌਰ ਵਿਚ ਵੀ ਭਗਵਾਨ ਸਿੰਘ ਆਪਣੇ ਸ਼ੌਕ ਨੂੰ ਜਿਉਂਦਾ ਰੱਖਣਾ ਚਾਹੁੰਦਾ ਹੈ। ਸਿਹਤ ਪੱਖੋਂ ਕੁਝ ਢਿੱਲਾ ਰਹਿਣ ਕਾਰਨ ਉਸਨੂੰ ਆਪਣੀ ਆਵਾਜ਼ ਤੇ ਭਰੋਸਾ ਜਿਆ ਨਹੀਂ ਰਿਹਾ ਸੀ। ਪਰ ਜਦੋਂ ਉਸਨੇ ਆਪਣੀ ਉਮਰ ਦੇ ਦੂਜੇ ਸਾਥੀਆਂ ਨੂੰ ਪੂਰੇ ਰੌਂਅ ਵਿਚ ਦੇਖਿਆ ਤਾਂ ਉਸਦੇ ਅੰਦਰੋਂ ਵੀ ਆਪ ਮੁਹਾਰੇ ਅਜਿਹਾ ਉਛਾਲਾ ਉਠਿਆ ਕਿ ਉਹ ਅਖਾੜੇ ਵਿਚ ਆ ਗਿਆ। ਉਸਦੀ ਇਛਾ ਹੈ ਕਿ ਉਹ ਆਖਰੀ ਸਾਹ ਤੱਕ ਏਸੇ ਤਰ੍ਹਾਂ ਸਰੋਤਿਆਂ ਨਾਲ ਜੁੜਿਆ ਰਹੇ।

## ਗੁਰਮੇਲ ਪੰਧੇਰ ਅਜਨੌਂਦਾ

ਵਰਤਮਾਨ ਲੋਕ ਢਾਡੀਆਂ ਵਿਚੋਂ ਇੱਕ ਜਾਣਿਆ ਪਛਾਣਿਆ ਨਾਂ ਹੈ -- ਗੁਰਮੇਲ ਪੰਧੇਰ ਅਜਨੌਂਦੇ ਵਾਲਾ। ਉਸਨੂੰ ਆਪਣੀ ਕਲਾ ਦਾ ਹੰਕਾਰ ਨਹੀਂ ਪਰੰਤੂ ਮਾਣ ਜ਼ਰੂਰ ਹੈ ਜਿਸ ਸਦਕਾ ਉਸਨੇ ਪ੍ਰੋਗਰਾਮ ਲਈ ਨਾ ਕਦੇ ਕਿਸੇ ਸਭਿਆਚਾਰਕ ਮਹਿਕਮੇ ਦੇ ਅਧਿਕਾਰੀ ਅੱਗੇ ਲੇਲ੍ਹੜੀਆਂ ਕੱਢੀਆਂ ਹਨ ਅਤੇ ਨਾ ਹੀ ਕਦੇ ਰੇਡੀਓ, ਟੀ. ਵੀ. ਦੇ ਕਰਮਚਾਰੀਆਂ ਮੂਹਰੇ ਵਾਸਤੇ ਪਾਏ ਹਨ। ਉਹ ਇੱਕ ਸਵੈਮਾਨੀ ਢਾਡੀ ਹੈ।

ਗੁਰਮੇਲ ਦਾ ਜਨਮ ਪਿਤਾ ਚੰਦ ਪੰਧੇਰ ਅਤੇ ਮਾਤਾ ਸ਼ੇਰੋ ਦੇ ਘਰ 1949-50 ਦੇ ਦਰਮਿਆਨ ਨਾਭਾ ਤਹਿਸੀਲ ਦੇ ਪਿੰਡ ਅਜਨੌਂਦੇ ਵਿਖੇ ਹੋਇਆ। ਚਾਰ ਭਰਾਵਾਂ ਅਤੇ ਤਿੰਨ ਭੈਣਾਂ ਦਾ ਉਹ ਸਭ ਤੋਂ ਵੱਡਾ ਵੀਰ ਹੈ। ਸਕੂਲੀ ਪੜ੍ਹਾਈ ਤਾਂ ਸਿਰਫ ੳ, ਅ ਤੱਕ ਹੀ ਕਰ ਸਕਿਆ। ਗਾਉਣਾ ਉਸਨੂੰ ਬਚਪਨ ਤੋਂ ਹੀ ਚੰਗਾ ਲਗਦਾ ਸੀ। ਉਦੋਂ ਉਸਦੀ ਬਾਰਾਂ ਕੁ ਸਾਲ ਦੀ ਉਮਰ ਸੀ ਜਦੋਂ ਇਹਨਾਂ ਦੇ ਪਿੰਡ ਰਹਿਮਦੀਨ ਗੱਜੂਮਾਜਰੇ ਵਾਲੇ ਦਾ ਅਖਾੜਾ ਲੱਗਿਆ। ਬੱਸ ਏਥੋਂ ਹੀ ਉਹ ਰਹਿਮਦੀਨ ਦਾ ਦੀਵਾਨਾ ਹੋ ਗਿਆ ਅਤੇ ਉਸਦੇ ਲੜ ਲੱਗ ਗਿਆ। ਗਾਉਣ ਜਨੂੰਨ ਦੀ ਹੱਦ ਤੱਕ ਉਸਦੇ ਸਿਰ ਚੜ੍ਹ ਗਿਆ। ਜਿਸ ਸਦਕਾ ਉਹ ਇੱਕ ਸਾਲ ਦੇ ਅੰਦਰ ਹੀ ਆਗੂ ਹੋ ਕੇ ਗਾਉਣ ਲੱਗ ਪਿਆ। ਆਪਣੇ ਛੋਟੇ ਭਰਾ ਬਲਬੀਰ ਨੂੰ ਨਾਲ ਰਲਾ ਕੇ ਉਸਤਾਦ ਦੀ ਛਤਰ ਛਾਇਆ ਹੇਠ ਲਗਭਗ ਦਸ ਸਾਲ ਲਗਾਤਾਰ ਗਾਇਆ। ਉਸਤਾਦ ਦੀ ਮੌਤ ਤੋਂ ਬਾਅਦ ਚੰਦ ਸਿੰਘ ਬਨੇਰਾ ਸਾਰੰਗੀ ਮਾਸਟਰ ਨੂੰ ਆਪਣੇ ਜਥੇ ਵਿਚ ਰਲਾ ਲਿਆ।

ਸ਼ੁਰੂ ਸ਼ੁਰੂ ਵਿਚ ਉਹ ਵੀ ਹੋਰਨਾਂ ਢਾਡੀਆਂ ਵਾਂਗ ਹਜ਼ੂਰਾ ਸਿੰਘ ਦੀ ਹੀਰ, ਕਰਮ ਸਿੰਘ ਟੂਸਿਆਂ ਵਾਲੇ ਦਾ ਪੂਰਨ, ਰਵਾਇਤੀ ਮਿਰਜ਼ਾ ਅਤੇ ਕੌਲਾਂ ਆਦਿ ਹੀ ਗਾਉਂਦੇ ਸਨ। ਇਸਦੇ ਨਾਲ ਨਾਲ ਮੁਕਬਲ ਦੀ ਹੀਰ ਵੀ ਗਾਉਂਦੇ ਸਨ। ਇੱਕ ਵਾਰ ਛਾਜਲੀ ਗਾਉਣ ਗਏ ਗੁਰਮੇਲ ਦਾ ਮੇਲ ਸ਼ੇਖੇ ਵਾਲੇ ਸੰਤ ਸੰਤੋਖ ਦਾਸ ਹੁਰਾਂ ਨਾਲ ਹੋ ਗਿਆ। ਸੰਤਾਂ ਨੇ ਇਸ ਨੂੰ ਆਪਣੇ ਕੋਲ ਬੁਲਾ ਲਿਆ। ਏਥੇ ਹੀ ਸੰਤਾਂ ਕੋਲੋਂ ਗੁਰਮੇਲ ਨੇ ਗੁਰਮੁੱਖੀ ਦੇ ਅੱਖਰ ਉਠਾਲਣੇ ਸਿੱਖੇ ਅਤੇ ਪਿੰਗਲ ਦੀ ਸਿੱਖਿਆ ਪ੍ਰਾਪਤ ਕੀਤੀ। ਫੇਰ ਉਹ ਆਪ ਕਵਿਤਾ ਲਿਖਣ ਲੱਗ ਪਿਆ।

ਗੁਰਮੇਲ ਨੇ ਬਹੁਤ ਸਾਰੇ ਪੌਰਾਣਿਕ ਅਤੇ ਮਿਥਿਹਾਸਕ ਪ੍ਰਸੰਗ ਆਪ ਲਿਖੇ ਹਨ, ਜੋ ਮਹਾਂਭਾਰਤ ਅਤੇ ਰਮਾਇਣ ਤੋਂ ਇਲਾਵਾ ਲੌਕਿਕ ਕਥਾਵਾਂ ਤੇ ਵੀ ਆਧਾਰਤ ਹਨ, ਜਿਵੇਂ ਚੰਦਰ ਹਾਸ, ਹੰਸ ਦਾਮਨੀ, ਰਾਜਾ ਜਗਦੇਵ, ਦਊਦ ਬਾਦਸ਼ਾਹ, ਜੈਦਰਥ ਨਾਲ ਯੁੱਧ, ਦਰੋਪਤਾਂ ਸਵੰਬਰ, ਆਦਿ। ਉਸਨੇ ਕੁਝ ਇਤਿਹਾਸਕ ਪ੍ਰਸੰਗ ਵੀ ਲਿਖੇ ਹਨ, ਜਿਨ੍ਹਾਂ

ਵਿਚ ਸਾਹਿਬਜ਼ਾਦਿਆਂ ਬਾਰੇ, ਬੰਦਾ ਬਹਾਦਰ, ਊਧਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਸ਼ਾਮਲ ਹਨ।

ਸੱਸੀ ਉਹ ਪਾਕਿਸਤਾਨੀ ਕਵੀ ਮਜੀਦ ਦੀ ਲਿਖੀ ਹੋਈ ਗਾਉਂਦਾ ਹੈ, ਜੋ ਉਸਨੇ ਪਾਕਿਸਤਾਨ ਜਾਣ ਵਾਲੇ ਕਿਸੇ ਜਾਣੂੰ ਤੋਂ ਮੰਗਵਾਈ ਸੀ। ਇਹ ਕਿੱਸਾ ਉਰਦੂ ਵਿਚ ਸੀ। ਜਿਸਦਾ ਉਲੱਥਾ ਗੁਰਮੇਲ ਨੇ ਆਪਣੇ ਪਿੰਡ ਦੇ ਕਿਸੇ ਉਰਦੂ ਪੜ੍ਹੇ ਬੰਦੇ ਤੋਂ ਪੰਜਾਬੀ ਵਿਚ ਕਰਵਾਇਆ।

ਗੁਰਮੇਲ ਜਰਗ, ਛਪਾਰ ਦੇ ਲੋਕ ਮੇਲਿਆਂ ਤੋਂ ਲਾ ਕੇ ਨੰਦਪੁਰ ਕਲੌੜ, ਕੁਰਾਲੀ, ਗੁਰੂ ਕਾ ਕੋਠਾ, ਨੈਣਾਂ ਦੇਵੀ, ਪਹੋਆ ਅਤੇ ਕਪਾਲ ਮੋਚਨ ਜਿਹੇ ਧਾਰਮਿਕ ਮੇਲਿਆਂ 'ਤੇ ਹਰ ਸਾਲ ਆਪਣੀ ਹਾਜ਼ਰੀ ਲੁਆਉਂਦਾ ਹੈ। ਪਿੰਡ ਸਾਂਝੇ ਧਾਰਮਿਕ ਅਤੇ ਸਮਾਜਿਕ ਇਕੱਠਾਂ 'ਤੇ ਉਸਦੇ ਜਥੇ ਨੂੰ ਦੂਰੋਂ ਦੂਰੋਂ ਬੁਲਾਇਆ ਜਾਂਦਾ ਹੈ। ਉਸਨੂੰ ਗੱਲ ਬਣਾਉਣੀ ਆਉਂਦੀ ਹੈ। ਉਹ ਸਰੋਤਿਆਂ ਦੀ ਨਬਜ਼ ਨੂੰ ਪਛਾਣ ਕੇ ਉਹਨਾਂ ਦੀ ਮਰਜ਼ ਅਨੁਸਾਰ ਦਵਾ ਦੇਣੀ ਚੰਗੀ ਤਰ੍ਹਾਂ ਜਾਣਦਾ ਹੈ। ਗੱਲਾਂ-ਗੱਲਾਂ ਵਿਚ ਹੀ ਉਹ ਬਹੁਤ ਸਾਰੀਆਂ ਨਸੀਹਤਾਂ ਦੇ ਜਾਂਦਾ ਹੈ। ਉਸਦਾ ਕਹਿਣਾ ਹੈ ਕਿ ਕਲਾਕਾਰ ਨੂੰ ਉਸਦੀ ਕਲਾ ਨੂੰ ਸੁਣ ਕੇ ਹੀ ਪਰਖਿਆ ਜਾ ਸਕਦਾ ਹੈ। ਜਦੋਂ ਉਹ ਪ੍ਰਸੰਗ ਦਾ ਵਿਖਿਆਨ ਕਰਦਾ ਹੈ ਤਾਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਸਾਹਮਣੇ ਘਟਨਾ ਵਾਪਰ ਰਹੀ ਹੋਵੇ। ਇਹੀ ਉਸਦੀ ਪ੍ਰਾਪਤੀ ਹੈ। ਢਾਡੀ ਰਾਗ 'ਤੇ ਉਸਦੀ ਪਕੜ ਪੀਢੀ ਹੈ। ਉਹ ਢੱਡ ਦੀਆਂ ਤਣੀਆਂ ਕੱਸਕੇ ਅਤੇ ਢਿੱਲੀਆਂ ਕਰਕੇ ਠੋਲੇ ਵੀ ਲਾ ਸਕਦਾ ਹੈ, ਉਹ ਸੱਜੇ ਹੱਥ ਵਿਚ ਗਜ਼ ਫੜ ਕੇ ਖੱਬੇ ਨਾਲ ਸਾਰੰਗੀ ਦੇ ਸੁਰਾਂ 'ਤੇ ਉਂਗਲੀਆਂ ਵੀ ਫੇਰ ਸਕਦਾ ਹੈ। ਉਹ ਪ੍ਰਭਾਵਸ਼ਾਲੀ ਵਿਆਖਿਆਕਾਰ ਹੈ। ਸਭ ਤੋਂ ਵੱਡੀ ਗੱਲ ਉਹ ਇੱਕ ਵਧੀਆ ਕਵੀ ਹੈ। ਉਸਦੀ ਗਾਇਕੀ ਦੇ ਕੁਝ ਕੁ ਨਮੂਨੇ ਇਸ ਤਰ੍ਹਾਂ ਹਨ:-

- *ਨਾਲ ਕਰੇ ਜੋ ਕਿਸੇ ਦੇ, ਉਹਦੇ ਪਾਉਂਦੇ ਪੇਸ਼ ਖੁਦਾ ,*
  *ਟੋਏ ਪੱਟੇ ਜੋ ਦੂਏ ਨੂੰ, ਆਪ ਡਿੱਗੇ ਟੋਏ ਵਿਚ ਜਾ ।*
  *ਜਿਹਨਾਂ ਨਾਲ ਕਰੀ ਸੀ ਤੁਸਾਂ ਦੇ, ਦਿੱਤੀ ਪੇਸ਼ ਉਹਨਾਂ ਦੇ ਪਾ ,*
  *ਤੂੰ ਕਿਉਂ ਮਰਦੈਂ ਮੇਰੇ ਲਾਡਲੇ, ਐਵੇਂ ਰਿਹਾ ਏਂ ਜਾਨ ਗਵਾ ।*

  (ਚੰਦਰ ਹਾਂਸ)

- *ਉਹ ਮਾਰਿਆ ਮਰ ਗਿਆ ਭੁੱਖ ਦਾ, ਉਹ ਦੀ ਕੂਕ ਸੁਣੀ ਦਰਬਾਰ,*
  *ਉਹਦਾ ਪਾਪ ਤੇਰੇ ਸਿਰ ਪੈ ਗਿਆ, ਸਜਾ ਲਿਖ ਲੀ ਪਰਵਰਦਗਾਰ ।*

*ਇਹ ਦਸੌਂਟਾ ਸੀ ਚੌਵੀ ਸਾਲ ਦਾ, ਜਿਹੜਾ ਕੱਟ ਲਿਐ ਇੱਕ ਵਾਰ,*
*ਤੇਰਾ ਖੂਹ ਦੇ ਵਿਚ ਵਿਯੋਗ ਸੀ, ਗਏ ਬਚਨ ਸ਼ਿਵਾਂ ਦੇ ਤਾਰ ।*

(ਪੂਰਨ)

ਪੁਰਾਣੇ ਸਮਿਆਂ ਮੁਤਾਬਿਕ ਛੋਟੀ ਉਮਰ ਵਿਚ ਹੀ ਗੁਰਮੇਲ ਦਾ ਵਿਆਹ ਹੋ ਗਿਆ ਸੀ। ਆਪਣੇ ਚਾਰ ਲੜਕਿਆਂ ਵਿਚੋਂ ਤਿੰਨਾਂ ਨੂੰ ਉਸਨੇ ਗਾਇਕੀ ਦੀ ਸਿਖਿਆ ਹੀ ਦਿੱਤੀ ਹੈ। ਵੱਡੇ ਤੋਂ ਛੋਟਾ ਨਾਜ਼ਰ ਪੰਧੇਰ ਵਧੀਆ ਢਾਡੀ ਹੈ। ਸਭ ਤੋਂ ਛੋਟਾ ਜਗਤਾਰ ਵੀ ਹੋਣਹਾਰ ਕਲਾਕਾਰ ਹੈ। ਇਹ ਉਸਦੇ ਜਥੇ ਦੇ ਮੈਂਬਰ ਹਨ। ਚੰਦ ਸਿੰਘ ਬਨੇਰੇ ਵਾਲਾ ਸਾਰੰਗੀ ਮਾਸਟਰ ਵੀ ਇਸ ਜਥੇ ਵਿਚ ਸ਼ਾਮਲ ਰਿਹਾ ਹੈ। ਅੱਜ ਕੱਲ੍ਹ ਇਸਦੇ ਜਥੇ ਵਿਚ ਗੁਰਦਿਆਲ ਸਿੰਘ ਲੱਡੇ ਵਾਲਾ ਤੇ ਬਾਬੂ ਗੋਸਲਾਂ ਵਾਲਾ ਢਾਡੀ ਅਤੇ ਗੁਰਨਾਮ ਸਿੰਘ ਗੁਪਾਲਪੁਰ ਵਾਲਾ ਸਾਜ਼ੀ ਭਾਵ ਸਾਰੰਗੀ ਮਾਸਟਰ ਸ਼ਾਮਲ ਹਨ।

## ਪ੍ਰੀਤਮ ਸਿੰਘ ਉਟਾਲ

ਲੋਕ ਢਾਡੀ ਕਲਾ ਦਾ ਇੱਕ ਹੋਰ ਵਾਰਸ ਹੈ - - - ਪ੍ਰੀਤਮ ਸਿੰਘ ਉਟਾਲ। ਪ੍ਰੀਤਮ ਸਿੰਘ ਦਾ ਜਨਮ ਸਮਰਾਲਾ ਤਹਿਸੀਲ ਦੇ ਪਿੰਡ ਉਟਾਲ ਵਿਖੇ ਪਿਤਾ ਇੰਦਰ ਸਿੰਘ ਦੇ ਘਰ ਹੋਇਆ। ਸਕੂਲੀ ਪੜ੍ਹਾਈ ਤੋਂ ਉਹ ਬਿਲਕੁੱਲ ਕੋਰਾ ਹੈ, ਪਰੰਤੂ ਆਪਣੇ ਸਮੇਂ ਦੀ ਪ੍ਰਚੱਲਤ ਵਿਦਿਆ ਪ੍ਰਣਾਲੀ ਜੋ ਡੇਰਿਆਂ, ਗੁਰਦੁਆਰਿਆਂ ਅਤੇ ਮੰਦਰਾਂ ਵਿਚ ਚਲਦੀ ਸੀ ਰਾਹੀਂ ਗੁਰਮੁਖੀ ਅਤੇ ਦੇਵਨਾਗਰੀ ਦਾ ਗਿਆਨ ਪ੍ਰਾਪਤ ਕਰ ਗਿਆ। ਭਾਵ ਪੰਡਤ ਰਾਮ ਕਿਸ਼ਨ ਪਾਸੋਂ ਪਿੰਡ ਦੇ ਮੰਦਰ ਵਿਚੋਂ ਹੀ ਉਸਨੇ ਵਿਦਿਆ ਗ੍ਰਹਿਣ ਕੀਤੀ।

ਗਾਉਣ ਦਾ ਸ਼ੌਕ ਉਸਨੂੰ ਬਚਪਨ ਤੋਂ ਹੀ ਸੀ। ਇਸ ਲਈ ਸੁਰਤ ਸੰਭਾਲਦੇ ਹੀ ਆਪਣੇ ਇਸ ਸ਼ੌਕ ਦੀ ਪੂਰਤੀ ਲਈ ਉਹ ਕਿਸੇ ਕਾਮਲ ਮੁਰਸ਼ਦ ਦੀ ਭਾਲ ਕਰਦਾ ਹੋਇਆ 'ਰਾਈਆਂ ਭੈਣੀ' ਵਾਲੇ ਗੁੱਜਰ ਸਿੰਘ ਦੇ ਚਰਨੀਂ ਜਾ ਲੱਗਾ। ਉਸਤਾਦ ਦੀ ਯੋਗ ਅਗਵਾਈ ਅਤੇ ਆਪਣੀ ਲਗਨ ਤੇ ਮਿਹਨਤ ਸਦਕਾ ਉਹ ਆਪਣੇ ਸਮੇਂ ਦੇ ਲੋਕ ਢਾਡੀਆਂ ਦੀ ਮੂਹਰਲੀ ਕਤਾਰ ਵਿਚ ਖੜ੍ਹਾ ਹੋ ਗਿਆ।

ਪ੍ਰੀਤਮ ਸਿੰਘ ਦੇ ਗਰੁੱਪ ਵਿਚ ਚਰਨ ਸਿੰਘ ਰੌਣੀ ਸਾਜ਼ੀ (ਸਾਰੰਗੀ ਮਾਸਟਰ) ਅਤੇ ਗੁਰਨਾਮ ਸਿੰਘ ਢਿੱਲਵਾਂ ਢਾਡੀ ਸ਼ਾਮਲ ਹਨ। ਪ੍ਰੀਤਮ ਸਿੰਘ ਦਾ ਵਿਖਿਆਨ ਭਾਵ ਪ੍ਰਸੰਗ ਨੂੰ ਬਿਆਨ ਕਰਨ ਦਾ ਢੰਗ ਬਹੁਤ ਹੀ ਪ੍ਰਭਾਵਸ਼ਾਲੀ ਹੈ। ਇਸ ਦਾ ਕਾਰਨ ਉਸਦਾ ਵਿਸ਼ਾਲ ਗਿਆਨ ਹੈ, ਜੋ ਉਸਨੇ ਪੁਰਾਤਨ ਇਤਿਹਾਸਕ ਤੇ ਮਿਥਿਹਾਸਕ ਗ੍ਰੰਥਾਂ ਦਾ ਅਧਿਐਨ ਕਰਕੇ ਪ੍ਰਾਪਤ ਕੀਤਾ ਹੈ। ਹਰ ਗੱਲ ਨੂੰ ਪ੍ਰਮਾਣਾਂ ਸਹਿਤ ਪੇਸ਼ ਕਰਨਾ ਉਸਨੂੰ ਬਾਖ਼ੂਬੀ ਆਉਂਦਾ ਹੈ।

ਛਪਾਰ ਅਤੇ ਜਰਗ ਦੇ ਮੇਲਿਆਂ ਤੋਂ ਇਲਾਵਾ ਪੁਆਧ ਦੇ ਪਿੰਡਾਂ ਵਿਚ ਲਗਦੇ ਅਖਾੜਿਆਂ ਅਤੇ ਵੱਖ-ਵੱਖ ਛਿੰਝਾਂ 'ਤੇ ਲੱਗਣ ਵਾਲੇ ਅਖਾੜਿਆਂ ਵਿਚ ਉਹ ਆਪਣੀ ਹਾਜ਼ਰੀ ਲੁਆਉਣੀ ਨਹੀਂ ਭੁੱਲਦਾ। ਹਰ ਸਾਲ ਇਹਨਾਂ ਮੇਲਿਆਂ 'ਤੇ ਲੋਕਾਂ ਨੂੰ ਉਸਦੀ ਉਡੀਕ ਰਹਿੰਦੀ ਹੈ। ਪਹੋਏ, ਕਪਾਲ ਮੋਚਨ ਅਤੇ ਨੈਣਾਂ ਦੇਵੀ ਦੇ ਮੇਲਿਆਂ ਵਿਚ ਵੀ ਇਹ ਹਰ ਸਾਲ ਹਾਜ਼ਰੀ ਲੁਆਉਂਦੇ ਹਨ।

ਹੋਰਨਾਂ ਲੋਕ ਢਾਡੀਆਂ ਵਾਂਗ ਹੀ ਪ੍ਰੀਤਮ ਸਿੰਘ ਆਮ ਪ੍ਰਚੱਲਤ ਲੋਕ ਗਾਥਾਵਾਂ ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੱਸੀ, ਪੂਰਨ ਭਗਤ, ਰਾਜਾ ਰਸਾਲੂ, ਕੌਲਾਂ ਭਗਤਣੀ ਆਦਿ ਗਾਉਂਦਾ ਹੈ। 'ਹੀਰ' ਉਹ ਵੀ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਹੀ ਗਾਉਂਦਾ ਹੈ, 'ਪੂਰਨ' ਕਰਮ ਸਿੰਘ ਟੂਸਿਆਂ ਵਾਲੇ ਦਾ ਅਤੇ ਸੱਸੀ ਨੱਥਾ ਸਿੰਘ ਦੀ ਗਾਉਂਦਾ ਹੈ।

ਉਪਰੋਕਤ ਸਭ ਕਿੱਸੇ ਉਸਦੇ ਜੁਬਾਨੀ ਰਟੇ ਪਏ ਹਨ ਅਤੇ ਉਹ ਸੈਂਕੜੇ ਵਾਰ ਇਹਨਾਂ ਨੂੰ ਗਾ ਚੁੱਕਿਆ ਹੈ।

ਉਪਰੋਕਤ ਲੋਕ ਗਾਥਾਵਾਂ ਵਿਚੋਂ ਕਵੀਆਂ ਦੀਆਂ ਲਿਖੀਆਂ ਨਸੀਹਤਾਂ ਭਰੀਆਂ ਟਿੱਪਣੀਆਂ ਨੂੰ ਉਹ ਵਿਸ਼ੇ ਦੀ ਲੋੜ ਅਨੁਸਾਰ ਜਜ਼ਬਿਆਂ ਵਿਚ ਗੁੰਨ੍ਹ ਕੇ ਸਰੋਤਿਆਂ ਅੱਗੇ ਪੇਸ਼ ਕਰਦਾ ਹੈ। ਪੂਰਨ ਦੇ ਕਿੱਸੇ ਵਿਚ ਪੂਰਨ ਅਤੇ ਇੱਛਰਾਂ ਦੇ ਸਵਾਲ ਜਵਾਬ, ਪੂਰਨ ਅਤੇ ਲੂਣਾਂ ਦੇ ਸਵਾਲ ਜਵਾਬ, ਪੂਰਨ ਤੇ ਗੋਰਖ ਨਾਥ ਦੀ ਵਾਰਤਾਲਾਪ, 'ਕੌਲਾਂ' ਵਿਚ ਕੌਲਾਂ ਤੇ ਬੀਜੇ ਦੇ ਸਵਾਲ ਜਵਾਬ, ਕੌਲਾਂ ਤੇ ਉਸਦੇ ਪਿਓ ਦੀ ਵਾਰਤਾਲਾਪ ਅਤੇ 'ਹੀਰ' ਦੀ ਕਥਾ ਵਿਚ ਹੀਰ ਤੇ ਰਾਂਝੇ ਦੇ ਸਵਾਲ ਜਵਾਬ, ਰਾਂਝੇ ਅਤੇ ਸਹਿਤੀ ਦੀ ਬਹਿਸ ਰਾਂਝੇ ਨੂੰ ਗੋਰਖ ਨਾਥ ਦੀ ਸਿੱਖਿਆ ਆਦਿ ਨੂੰ ਉਹ ਇਸ ਢੰਗ ਨਾਲ ਪੇਸ਼ ਕਰਦਾ ਹੈ ਕਿ ਸਰੋਤਿਆਂ ਨੂੰ ਪਾਤਰ ਹੂ-ਬ-ਹੂ ਵਾਰਤਾਲਾਪ ਕਰਦੇ ਮਹਿਸੂਸ ਹੁੰਦੇ ਹਨ। ਰਾਂਝੇ ਨੂੰ ਗੋਰਖ ਨਾਥ ਵੱਲੋਂ ਦਿੱਤੀ ਸਿੱਖਿਆ ਨੂੰ ਇੰਝ ਬਿਆਨ ਕਰਦਾ ਹੈ:-

- *ਚੋਰੀ, ਯਾਰੀ, ਠੱਗੀ ਮਿਹਣਾ ਕਰਨ ਫਕੀਰਾਂ ਨੂੰ,*
  *ਨਿੰਦਿਆ, ਚੁਗਲੀ ਕਰਨੀ, ਸੁਣਨੀ, ਮੌਤ ਨਿਸ਼ਾਨੀ।*
  *ਝੂਠ ਬੋਲਣਾ ਅਤੇ ਸੰਗ ਕੁਸੰਗੀ ਬੈਠਣਾ,*
  *ਵੈਰ ਵਿਰੋਧੀ ਦੇਣਦਾਰੀ ਦੋਹੀਂ ਜਹਾਨੀਂ।*
  *ਬੇਇਨਸਾਫੀ, ਧੱਕਾ, ਦੁਖਾਈਏ ਨਾ ਪਰ ਆਤਮਾ,*
  *ਨੀਵੇਂ ਹੋ ਕੇ ਚੱਲੀਏ ਜੋਗਲ ਹੈ ਜ਼ਿੰਦਗਾਨੀ।*

ਏਸੇ ਤਰ੍ਹਾਂ ਦੂਸਰੀਆਂ ਹੋਰ ਵਾਰਤਾਲਾਪਾਂ ਵਿਚ ਵੀ ਉਹ ਸਿੱਖਿਆ ਦਾਇਕ ਟਿਪਣੀਆਂ ਨੂੰ ਵਿਲੱਖਣ ਅੰਦਾਜ਼ ਵਿਚ ਪੇਸ਼ ਕਰਦਾ ਹੈ।

ਕਿੱਤੇ ਵਜੋਂ ਉਹ ਇੱਕ ਖੇਤੀਬਾੜੀ ਕਰਨ ਵਾਲਾ ਆਮ ਪੇਂਡੂ ਕਿਸਾਨ ਹੈ। ਗਾਇਕੀ ਨੂੰ ਉਸਨੇ ਸ਼ੌਕ ਵਜੋਂ ਅਪਣਾਇਆ ਅਤੇ ਜ਼ਿੰਦਗੀ ਭਰ ਰੱਜ ਕੇ ਆਪਣੇ ਇਸ ਸ਼ੌਕ ਨੂੰ ਪੂਰਿਆ ਹੈ। ਅਚੇਤ ਰੂਪ ਵਿਚ ਹੀ ਉਸਨੇ ਆਪਣੀ ਮਹਾਨ ਵਿਰਾਸਤ ਦੇ ਇੱਕ ਮਹੱਤਵਪੂਰਨ ਅੰਗ (ਲੋਕ ਢਾਡੀ ਕਲਾ) ਨੂੰ ਸਾਂਭਣ, ਸ਼ਿੰਗਾਰਨ ਅਤੇ ਅੱਗੇ ਤੋਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਉਹਨੇ ਆਪਣੀ ਇਸ ਮਹਾਨ ਵਿਰਾਸਤ ਦੇ ਕੁਝ ਵਾਰਸ ਵੀ ਪੈਦਾ ਕੀਤੇ ਹਨ ਜਿਹਨਾਂ ਵਿਚੋਂ ਮਹਿੰਦਰ ਸਿੰਘ ਤੇ ਅਮਰੀਕ ਸਿੰਘ ਹਰਿਓਂ ਕਲਾਂ ਆਪਣੇ ਉਸਤਾਦ ਦੇ ਪਦ ਚਿੰਨ੍ਹਾਂ ਤੇ ਚੱਲ ਰਹੇ ਹਨ।

## ਅਰਜਨ ਸਿੰਘ ਗੁਆਰਾ

ਅਰਜਨ ਸਿੰਘ ਗੁਆਰਾ ਵਰਤਮਾਨ ਲੋਕ ਢਾਡੀਆਂ ਵਿਚੋਂ ਇੱਕ ਨਾਮੀ ਢਾਡੀ ਹੈ। ਉਸ ਦਾ ਆਪਣਾ ਜੱਦੀ ਪਿੰਡ ਸਰੌਦ ਹੈ। ਗੁਆਰਾ ਉਸਦਾ ਸਹੁਰਾ ਪਿੰਡ ਹੈ ਜਿਥੇ ਆਪਣੇ ਵਿਆਹ ਤੋਂ ਬਾਅਦ ਉਸਨੂੰ ਰਹਿਣਾ ਪਿਆ। ਹੌਲੀ ਹੌਲੀ 'ਗੁਆਰਾ' ਉਸਦੇ ਨਾਂ ਨਾਲ ਜੁੜ ਗਿਆ। ਆਪਣੇ ਸਰੋਤਿਆਂ ਅਤੇ ਸਾਥੀ ਲੋਕ ਢਾਡੀਆਂ ਵਿਚ ਉਹ ਅਰਜਨ ਸਿੰਘ ਗੁਆਰੇ ਵਾਲਾ ਨਾਲ ਜਾਣਿਆਂ ਜਾਣ ਲੱਗ ਪਿਆ।

ਅਰਜਨ ਸਿੰਘ ਦਾ ਜਨਮ ਅੱਜ ਤੋਂ 65 ਕੁ ਸਾਲ ਪਹਿਲਾਂ ਸੰਗਰੂਰ ਜ਼ਿਲ੍ਹੇ ਦੀ ਮਲੇਰਕੋਟਲਾ ਤਹਿਸੀਲ ਦੇ ਪਿੰਡ ਸਰੌਦ ਵਿਖੇ ਪਿਤਾ ਬਾਲਾ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਇੱਕ ਸਾਧਾਰਣ ਜ਼ਿਮੀਂਦਾਰ ਪਰਵਾਰ ਵਿਚ ਹੋਇਆ। ਸਕੂਲੀ ਪੜ੍ਹਾਈ ਤੋਂ ਬਿਲਕੁਲ ਕੋਰਾ ਹੈ। 'ਗੌਣ' ਦਾ ਸ਼ੌਕ ਉਸਨੂੰ ਦਸ ਕੁ ਸਾਲ ਦੀ ਉਮਰ ਤੋਂ ਹੀ ਆਪਣੇ ਪਿੰਡ ਦੇ ਉਘੇ ਗਮੰਤਰੀ ਬਖਸ਼ੀ ਸ਼ੇਖ ਨੂੰ ਸੁਣ ਕੇ ਪਿਆ। ਬਖਸ਼ੀ ਸ਼ੇਖ ਨੂੰ ਹੀ ਉਸਨੇ ਉਸਤਾਦ ਧਾਰ ਲਿਆ ਅਤੇ ਢਾਡੀ ਰਾਗ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ। ਆਪਣੀ ਲਗਨ ਅਤੇ ਮਿਹਨਤ ਸਦਕਾ ਉਸਤਾਦ ਦਾ ਮਨ ਜਿੱਤ ਲਿਆ ਅਤੇ ਉਸਦਾ ਚਹੇਤਾ ਸ਼ਗਿਰਦ ਬਣਕੇ ਅਸ਼ੀਰਵਾਦ ਪ੍ਰਾਪਤ ਕੀਤਾ। ਲਗਭਗ ਵੀਹ ਸਾਲ ਉਸਤਾਦ ਨਾਲ ਗਾਇਆ ਇਸ ਸਮੇਂ ਦੌਰਾਨ ਪੰਜਾਬ ਦੇ ਕੋਨੇ ਕੋਨੇ ਉਸਤਾਦ ਨਾਲ ਅਰਜਨ ਦਾ ਨਾਂ ਵੀ ਚਮਕਿਆ।

ਬਾਅਦ ਵਿਚ ਅਰਜਨ ਸਿੰਘ ਨੇ ਲੱਡੇ ਵਾਲੇ ਗੁਰਦਿਆਲ ਸਿੰਘ ਅਤੇ ਰੌਣੀ ਵਾਲੇ ਚਰਨ ਸਿੰਘ ਨੂੰ ਪਾਛੂ ਲਾ ਕੇ ਗਰੁੱਪ ਬਣਾ ਲਿਆ। ਚਰਨ ਸਿੰਘ ਰੌਣੀ ਨੌਜਵਾਨ ਢਾਡੀਆਂ ਵਿਚੋਂ ਸਿਰਕੱਢ ਸਾਰੰਗੀ ਮਾਸਟਰ ਹੈ। ਗੁਰਦਿਆਲ ਅਤੇ ਚਰਨ ਵਧੀਆ ਸੁਰੀਲੀਆਂ ਆਵਾਜ਼ਾਂ ਦੇ ਮਾਲਕ ਹਨ। ਲੰਮੇ ਸਮੇਂ ਦੇ ਸਾਥ ਕਾਰਨ ਉਹਨਾਂ ਵਿਚ ਭਰਪੂਰ ਤਾਲਮੇਲ ਹੈ। ਜਿਸਦੇ ਸਦਕਾ ਸਰੋਤਿਆਂ ਵਿਚ ਉਹਨਾਂ ਦੀ ਚੰਗੀ ਛਾਪ ਹੈ।

ਪੰਜਾਬ ਦੇ ਮਸ਼ਹੂਰ ਮੇਲਿਆਂ ਜਿਵੇਂ ਜਰਗ, ਛਪਾਰ, ਜਗਰਾਵਾਂ ਦੀ ਰੋਸ਼ਨੀ, ਸਲਾਣੇ ਦੀ ਛਿੰਝ ਆਦਿ ਤੋਂ ਇਲਾਵਾ ਪੰਜਾਬੋਂ ਬਾਹਰ ਲਗਦੇ ਧਾਰਮਿਕ ਮੇਲਿਆਂ ਨੈਣਾਂ ਦੇਵੀ, ਪਹੋਏ, ਕਪਾਲਮੋਚਨ ਆਦਿ 'ਤੇ ਹਰ ਸਾਲ ਉਹ ਆਪਣੀ ਹਾਜ਼ਰੀ ਲੁਆਉਂਦੇ ਆ ਰਹੇ ਹਨ। ਇਹਨਾਂ ਦੇ ਸਰੋਤਿਆਂ ਦੀ ਗਿਣਤੀ ਨਿਸ਼ਚਿਤ ਹੈ। ਉਹਨਾਂ ਨੂੰ ਹਰ ਮੇਲੇ ਉਤੇ ਪਤਾ ਹੁੰਦਾ ਹੈ, ਕਿ ਇਹਨਾਂ ਦੇ 'ਅਖਾੜੇ' ਕਿਹੜੀ ਥਾਂ ਲਗਦੇ ਹਨ। ਛਪਾਰ ਦੇ ਮੇਲੇ ਤੋਂ ਦੂਸਰੇ ਦਿਨ ਮੰਡੀ ਅਹਿਮਦਗੜ੍ਹ ਦੇ ਸਟੇਸ਼ਨ 'ਤੇ ਲਗਣ ਵਾਲੇ ਅਖਾੜਿਆਂ ਵਿਚ ਦੂਸਰੇ ਲੋਕ ਢਾਡੀਆਂ ਨਾਲ ਅਰਜਨ ਸਿੰਘ ਹੁਰੀਂ ਵੀ ਸ਼ਾਮਲ ਹੁੰਦੇ ਹਨ। ਇਹਨਾਂ ਮੇਲਿਆਂ ਤੋਂ ਇਲਾਵਾ ਪਿੰਡ ਸਾਂਝੇ ਇਕੱਠਾਂ ਉਤੇ ਵੀ ਲੋਕ ਇਹਨਾਂ ਦੇ ਅਖਾੜੇ ਲੁਆ ਲੈਂਦੇ ਹਨ।

ਆਮ ਰਵਾਇਤੀ ਲੋਕ ਢਾਡੀਆਂ ਵਾਂਗ ਅਰਜਨ ਸਿੰਘ ਹੁਰੀਂ ਵੀ 'ਹੀਰ' ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਅਣਛਪੀ ਹੀ ਗਾਉਂਦੇ ਹਨ। 'ਪੂਰਨ' ਕਰਮ ਸਿੰਘ ਟੂਸਿਆਂ ਵਾਲੇ ਦਾ, 'ਸੱਸੀ' ਨੱਥਾ ਸਿੰਘ ਨਰੜੂ ਵਾਲੇ ਦੀ, ਮੂੰਹੋਂ ਮੂੰਹੀਂ ਤੁਰਿਆ ਆਉਂਦਾ ਪੀਲੂ ਦਾ ਮਿਰਜ਼ਾ ਅਤੇ 'ਬੇਗੋ' ਦਿਲਾ ਰਾਮ ਭੂਦਨ ਵਾਲੇ ਦੀ ਜੋ 'ਕਲੀਆਂ' ਵਿਚ ਹੈ ਤੇ ਅਣਛਪੀ ਹੈ, ਹੀ ਗਾਉਂਦੇ ਹਨ। ਇਹ ਸਭ ਉਹਨਾਂ ਦੇ ਜ਼ੁਬਾਨੀ ਕੰਠ ਹਨ।

ਹਜ਼ੂਰਾ ਸਿੰਘ ਇੱਕ ਆਮ ਅਨਪੜ੍ਹ ਆਦਮੀ ਸੀ ਪਰੰਤੂ ਉਸ ਵੱਲੋਂ ਸੈਂਕੜਿਆਂ ਦੀ ਗਿਣਤੀ ਵਿਚ ਲਿਖੀਆਂ 'ਹੀਰ' ਦੀਆਂ ਕਲੀਆਂ ਨੇ ਉਸਨੂੰ ਅਮਰ ਕਰ ਦਿੱਤਾ ਹੈ। ਕੁਝ ਉਦਾਹਰਨਾਂ ਇਸ ਪ੍ਰਕਾਰ ਹਨ:-

- *ਖੇੜੀਂ ਮੰਗਣ ਚੜ੍ਹ ਗਿਆ ਗੋਰਖ ਦਾ ਲਾਡਲਾ,*
  *ਪੰਜ ਸੱਤ ਘਰ ਛੱਡ ਕੇ ਬੂਹੇ ਅਲਖ ਜਗਾਈ ।*
  *ਅੰਦਰ ਭੋਗਾ ਧਾਰ ਕੱਢਦਾ ਖੱਟਰ ਢਾਂਡੀ ਦੀ,*
  *ਧੂ ਧੂ ਕਰਿਆ ਨਾਦ ਵਜਾਇਆ ਰੌਲੀ ਪਾਈ ।*
  *ਡਰਦੀ ਸਾਧ ਤੋਂ ਬਈ ਢਾਂਡੀ ਚੜ੍ਹ ਗਈ ਛੱਤਣਾਂ ਨੂੰ,*
  *ਦੁੱਧ ਤਾਂ ਡੁੱਲ੍ਹਿਆ ਦੋਝੀ ਭੋਗੇ ਦੀ ਭੰਨਾਈ ।*
  *ਲੜਨੇ ਭਿੜਨੇ ਯੋਗ ਹਜ਼ੂਰਾ ਸਿੰਘ ਨਾ ਛਡਦੇ ਨੇ,*
  *ਜੀਹਦੇ ਗੈਲ ਪੈਂਦੇ ਸਾਧ ਕੁਫਰ ਕਸਾਈ ।*
- *ਜਦ ਪਹੁ ਫੁੱਟੀ ਤਾਰਾ ਚੜ੍ਹਿਆ, ਚਿੜੀਆਂ ਚੂਕੀਆਂ,*
  *ਉਦੋਂ ਡਾਚੀ ਸੀ ਮੁਰਾਦ ਵਾਲੀ ਆਈ ।*
  *ਦੇਖ ਡਾਚੀ ਤਾਈਂ ਲਾਲੀਆਂ ਚੜ੍ਹੀਆਂ ਸਹਿਤੀ ਨੂੰ,*
  *ਕੇਸਰ ਕਿਉੜਾ ਮੁਹਾਰ ਭਿਉਂ ਘੁਮਾਈ।*
  *ਪਹਿਲਾਂ ਲੈ ਕੇ ਸਹਿਤੀ ਬਲੋਚ ਵਿਦਾ ਹੋ ਗੇ,*
  *ਮਗਰੋਂ ਹੀਰ ਰਾਂਝੇ ਨੇ ਝੱਲ ਦੇ ਰਸਤੇ ਪਾਈ ।*

'ਇੰਦਰ ਬੇਗੋ' ਦੀ ਲੋਕ ਗਾਥਾ ਨੂੰ ਦਿਲਾਰਾਮ ਭੂਦਨ ਵਾਲੇ ਨੇ ਕਲੀਆਂ ਵਿਚ ਲਿਖਿਆ ਹੈ, ਜਿਨ੍ਹਾਂ ਦੀ ਗਿਣਤੀ ਪੈਂਹਠ ਦੇ ਕਰੀਬ ਹੈ। ਇਹ ਇੱਕ ਉਤਮ ਕਾਵਿ ਕ੍ਰਿਤ ਹੈ। ਅਰਜਨ ਹੁਰੀਂ ਇਹਨਾਂ ਕਲੀਆਂ ਨੂੰ ਹੀ ਗਾਉਂਦੇ ਹਨ। ਬੇਗੋ, ਇੰਦਰ ਬਾਣੀਏਂ ਨੂੰ ਇਸ਼ਕ ਬਾਰੇ ਇਉਂ ਸਮਝਾਉਂਦੀ ਹੈ:-

- *ਬੇਗੋ ਹੱਸ ਕੇ ਬੋਲੀ ਸੁਣ ਮੇਰੀ ਗੱਲ ਲਾਲਾ ਜੀ,*
  *ਔਖਾ ਹੋਵੇਂਗਾ ਤੂੰ ਸੁੱਤਾ ਸ਼ੇਰ ਜਗਾ ਕੇ ।*

ਇਸ਼ਕ ਸੂਲਾਂ ਦਾ ਵਿਛੌਣਾ ਸਾਰੇ ਜਾਣਦੇ,
ਧਾਹੀਂ ਰੋਂਦੇ ਜਿਹੜੇ ਸੌਂ ਗਏ ਹੇਠ ਵਿਛਾਕੇ।
ਬਰ੍ਹਮਾਂ, ਸ਼ਿਵਜੀ, ਨਾਰਦ ਵਰਗੇ ਪੱਟ ਤੇ ਇਸ਼ਕ ਨੇ,
ਨਾਰਦ ਸ਼ਕਲ ਵਿਗਾੜੀ ਮੂੰਹ ਬਾਂਦਰ ਦਾ ਲਾ ਕੇ।
ਇੰਦਰ ਰਾਜੇ ਵਰਗੇ ਕਰੇ ਸ਼ੁਦਾਈ ਇਸ਼ਕ ਨੇ,
ਚੰਦ ਵਿਚੋਲਾ ਬਾਂਗਾਂ ਦੇਵੇ ਦੇਹ ਬਦਲਾਕੇ।
ਰੋਡਾ ਇਸ਼ਕ ਨੇ ਤਾਂ ਜਾਨੋਂ ਮਾਰ ਮੁਕਾਤਾ ਹੈ,
ਮਰਕੇ ਮਿਲੀ ਜਲਾਲੀ ਪੁੱਠੀ ਖੱਲ ਲੁਹਾ ਕੇ।
ਲਗਿਆ ਇਸ਼ਕ ਰਾਂਝਾ ਚਾਕਰ ਬਣਿਆ ਹੀਰ ਦਾ,
ਰੱਖਿਆ ਸੁੱਕਾ ਮੱਝੀਆਂ ਬਾਰਾਂ ਸਾਲ ਚਰਾਕੇ।
ਇਸ਼ਕ ਬੁਰੈ ਸੇਠ ਜੀ ਪਾਉਂਦੈ ਵਖ਼ਤ ਅਮੀਰਾਂ 'ਤੇ,
ਤੂੰ ਕਿਉਂ ਜਾਣ ਬੁੱਝ ਕੇ ਫਸਦੈਂ ਲਾਲਾ ਆ ਕੇ।

ਬੇਗੋ ਦੇ ਹੁਸਨ ਦੀ ਸਿਫ਼ਤ ਉਹ ਇਉਂ ਕਰਦੇ ਹਨ:-

- ਗਰਦਨ ਬੇਗੋ ਦੀ ਹੈ ਜਿਉਂ ਚੀਨੇ ਕਲਬੂਤਰ ਦੀ,
  ਹੋ ਜੇ ਖੀਵਾ ਦੇਖਕੇ ਚੜ੍ਹ ਜਾਣ ਇਸ਼ਕ ਖੁਮਾਰੀਆਂ।
  ਬੁੱਲ੍ਹ ਤਾਂ ਪਿੱਪਲ ਦੀ ਪਪੀਸੀ ਨਾਲੋਂ ਪਤਲੇ ਨੇ,
  ਚੱਬਦੀ ਪਾਨ ਹਮੇਸ਼ਾ ਪਾਕੇ ਵਿਚ ਸੁਪਾਰੀਆਂ।
  ਮੱਥਾ ਲਾਲ ਸਮਾਨ ਦਮਕਦਾ ਓਸ ਰਕਾਨ ਦਾ,
  ਜ਼ੁਲਫਾਂ ਖ਼ੂਨ ਗੁਜ਼ਾਰਨ ਹਨ ਗਜਬਾਂ ਦੀਆਂ ਮਾਰੀਆਂ।
  ਸਿਰ ਤੇ ਆਸ਼ਕ ਲੁੱਡਾ ਲਟਕੇ ਜਿਵੇਂ ਸਪੋਲੀਆ,
  ਜੀਹਨੂੰ ਡੰਗ ਚਲਾਵੇ ਪਲ ਵਿਚ ਕਰੇ ਲਚਾਰੀਆਂ।
  ਤੁਰਦੀ ਬੇਗੋ ਦਾ ਲੱਕ ਝੀਂਜਣ ਵਾਂਗੂੰ ਝੂਲਦਾ,
  ਸਿਫਤਾਂ ਦਿਲਾ ਰਾਮ ਨੇ ਬੇਗੋ ਦੀਆਂ ਉਚਾਰੀਆਂ।

ਲੋਕ ਢਾਡੀ ਕਲਾ ਦੀ ਵਰਤਮਾਨ ਸਥਿਤੀ ਤੋਂ ਅਰਜਨ ਸਿੰਘ ਕਾਫੀ ਚਿੰਤਤ ਹੈ। ਉਸਦਾ ਕਹਿਣਾ ਹੈ ਕਿ ਨਵੀਂ ਪੀੜ੍ਹੀ ਨੂੰ ਇਸ ਰਾਗ ਨਾਲ ਕੋਈ ਲਗਾਓ ਨਹੀਂ ਰਿਹਾ। ਇਹ ਆਪਣੇ ਵਿਰਸੇ ਨੂੰ ਭੁਲਾ ਚੁੱਕੀ ਹੈ। ਸਰਕਾਰ ਵੀ ਇਸ ਪ੍ਰਤੀ ਕੋਈ ਠੋਸ ਉਪਰਾਲਾ ਨਹੀਂ ਕਰ ਰਹੀ। ਜੇ ਹਾਲਾਤ ਇਸੇ ਤਰ੍ਹਾਂ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹ ਕਲਾ ਇੱਕ ਸੁਪਨਾ ਬਣਕੇ ਰਹਿ ਜਾਵੇਗੀ।

## ਰਾਜ ਮਾਨ ਦਿਆਗੜ੍ਹੀਆ

ਵਰਤਮਾਨ ਲੋਕ ਢਾਡੀਆਂ ਵਿਚ ਦਿਆਗੜ੍ਹੀਏ ਢਾਡੀਆਂ ਦਾ ਨਾਂ ਮੂਹਰਲੀ ਕਤਾਰ ਦੇ ਢਾਡੀਆਂ ਵਿਚ ਗਿਣਿਆਂ ਜਾਂਦਾ ਹੈ। ਮੀਰ ਆਲਮਾਂ ਦਾ ਇਹ ਪਰਿਵਾਰ ਕਈ ਪੀੜ੍ਹੀਆਂ ਤੋਂ ਲੋਕ ਢਾਡੀ ਕਲਾ ਨਾਲ ਜੁੜਿਆ ਹੋਇਆ ਹੈ। ਇਸ ਘਰਾਣੇ ਦਾ ਨੱਕੜਦਾਦਾ ਬਾਬਾ ਬਗੀਚਾ ਸਨਿਆਸੀ ਘਰਾਣੇ ਦੇ ਬਾਬਾ ਹੰਸ ਗਿਰ ਦਾ ਸ਼ਗਿਰਦ ਸੀ। ਬਾਬੇ ਬਗੀਚੇ ਵੀ ਵਿਰਾਸਤ ਬਾਬੇ ਦਾਰੇ, ਬਾਬੇ ਆਤੂ, ਬਾਬੇ ਧੂਤੇ ਅਤੇ ਪਿਤਾ ਘੀਚਰ ਰਾਹੀਂ ਰਾਜ ਹੁਰਾਂ ਨੂੰ ਪ੍ਰਾਪਤ ਹੋਈ ਜਿਸਨੂੰ ਅੱਗੇ ਇਹਨਾਂ ਦੇ ਪੁੱਤਰਾਂ ਨੇ ਵੀ ਸੰਭਾਲ ਲਿਆ ਹੈ।

ਰਾਜ ਮਾਨ ਦਾ ਜਨਮ ਛਪੰਜਾ ਕੁ ਸਾਲ ਪਹਿਲਾਂ ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਦੇ ਡਾਕਖਾਨਾ ਡਕੌਂਦਾ ਅਧੀਨ ਪੈਂਦੇ ਪਿੰਡ ਦਿਆਗੜ੍ਹ ਵਿਚ ਪਿਤਾ ਘੀਚਰ ਦੇ ਘਰ ਹੋਇਆ। ਸੰਗੀਤ ਦੀਆਂ ਲੋਰੀਆਂ ਨਾਲ ਹੀ ਉਸ ਨੇ ਸੁਰਤ ਸੰਭਾਲੀ। ਸੰਗੀਤ ਦੀ ਮਹਾਨ ਵਿਰਾਸਤ ਸਦਕਾ ਉਸਨੂੰ ਇਸ ਦੀ ਪ੍ਰਾਪਤੀ ਲਈ ਕੋਈ ਉਚੇਚੇ ਯਤਨ ਨਹੀਂ ਕਰਨੇ ਪਏ ਸਗੋਂ ਸਹਿਜ ਸੁਭਾਅ ਹੀ ਇਹ ਉਸਦੇ ਜੀਵਨ ਦਾ ਅਟੁੱਟ ਅੰਗ ਬਣ ਗਿਆ ਅਤੇ ਉਹ ਅਡੋਲ ਆਪਣੇ ਪੁਰਖਿਆਂ ਦੇ ਗਾਡੀ ਰਾਹ ਉਤੇ ਤੁਰ ਪਿਆ। ਪਰ 'ਗੁਰੂ ਬਿਨਾਂ ਗਤ ਨਹੀਂ' ਦੇ ਅਖਾਣ ਅਨੁਸਾਰ ਉਸਨੇ ਢਾਡੀ ਕਲਾ ਦੀ ਰਸਮੀ ਸਿੱਖਿਆ ਆਪਣੇ ਕੁਲ ਗੁਰੂ ਬਾਬਾ ਹੰਸ ਗਿਰ ਦੇ ਦੋਹਤੇ ਅਤੇ ਆਪਣੇ ਸਮੇਂ ਦੇ ਮਸ਼ਹੂਰ ਲੋਕ ਢਾਡੀ ਬਾਬਾ ਹੰਸ ਰਾਜ ਭਾਨਰੇ ਵਾਲੇ ਤੋਂ ਆਪਣੇ ਭਰਾਵਾਂ ਦਿਲਬਾਗ ਮਾਨ ਅਤੇ ਲਾਲ ਮਾਨ ਸਮੇਤ ਲਈ। ਤਿੰਨਾਂ ਭਰਾਵਾਂ ਨੇ ਲਗਭਗ ਬਾਰਾਂ ਸਾਲ ਆਪਣੇ ਗੁਰੂ ਦੀ ਸੰਗਤ ਕੀਤੀ ਅਤੇ ਸੰਗੀਤ ਦੀਆਂ ਬਰੀਕੀਆਂ ਬਾਰੇ ਜਾਣਿਆਂ। ਬਾਅਦ ਵਿਚ ਰਾਜ ਨੇ ਆਗੂ ਬਣਕੇ ਦਿਲਬਾਗ ਨੂੰ ਸਾਰੰਗੀ ਅਤੇ ਲਾਲ ਨੂੰ ਢੱਡ 'ਤੇ ਲਾ ਕੇ ਆਪਣਾ ਜਥਾ ਬਣਾ ਲਿਆ ਅਤੇ ਪ੍ਰੋਗਰਾਮਾਂ ਦੀ ਲੜੀ ਨੂੰ ਜਾਰੀ ਰੱਖਿਆ।

ਜਰਗ, ਛਪਾਰ, ਕੁਰਾਲੀ, ਘਰਾਚੋਂ ਦੇ ਲੋਕ ਮੇਲਿਆਂ, ਪਹੋਏ, ਕਪਾਲ ਮੋਚਨ, ਨੈਣਾਂ ਦੇਵੀ ਦੇ ਧਾਰਮਿਕ ਮੇਲਿਆਂ, ਪ੍ਰੋ: ਮੋਹਨ ਸਿੰਘ, ਭਾਸ਼ਾ ਵਿਭਾਗ ਪਟਿਆਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੱਭਿਆਚਾਰਕ ਤੇ ਲੋਕ ਸੰਗੀਤ ਮੇਲਿਆਂ ਤੋਂ ਇਲਾਵਾ ਪਿੰਡ ਸਾਂਝੇ ਤੇ ਸਾਧਾਂ ਸੰਤਾਂ ਦੇ ਡੇਰਿਆਂ 'ਤੇ ਸਮਾਜਿਕ ਅਤੇ ਧਾਰਮਿਕ ਇਕੱਠਾਂ ਉਤੇ ਉਹ ਲਗਾਤਾਰ ਆਪਣੀ ਹਾਜ਼ਰੀ ਲੁਆਉਂਦੇ ਹਨ। ਭਾਰਤ ਸਰਕਾਰ ਦੇ ਸੌਂਗ ਐਂਡ ਡਰਾਮਾ ਡਵੀਜ਼ਨ, ਨੌਰਥ ਜੋਨ ਕਲਚਰਲ ਸੈਂਟਰ, ਪਟਿਆਲਾ (ਪੰਜਾਬ) ਅਤੇ ਲੋਕ ਸੰਪਰਕ ਵਿਭਾਗ ਪੰਜਾਬ ਦੇ ਉਹ ਮਨਜ਼ੂਰਸ਼ੁਦਾ ਢਾਡੀ ਹਨ। ਰੇਡੀਓ ਸਟੇਸ਼ਨ ਪਟਿਆਲਾ ਅਤੇ ਦੂਰਦਰਸ਼ਨ ਜਲੰਧਰ ਤੋਂ ਉਹ ਕਈ ਵਾਰ ਸਰੋਤਿਆਂ ਅਤੇ ਦਰਸ਼ਕਾਂ ਦੇ ਨੇੜੇ ਹੋ ਚੁੱਕੇ ਹਨ।

ਆਮ ਰਵਾਇਤੀ ਢਾਡੀਆਂ ਵਾਂਗ ਉਹ ਪ੍ਰਚੱਲਤ ਲੋਕ ਗਾਥਾਵਾਂ ਤੋਂ ਇਲਾਵਾ ਮਿਥਿਹਾਸਕ, ਇਤਿਹਾਸਕ ਅਤੇ ਧਾਰਮਿਕ ਕਥਾ ਕਹਾਣੀਆਂ 'ਤੇ ਅਧਾਰਤ ਪ੍ਰਸੰਗ ਗਾਉਂਦੇ ਹਨ। 'ਹੀਰ' ਉਹ ਪ੍ਰਸਿੱਧ ਕਵੀ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਗਾਉਂਦੇ ਹਨ। 'ਪੂਰਨ' ਕਰਮ ਸਿੰਘ ਟੂਸਿਆਂ ਵਾਲੇ ਦਾ 'ਸੱਸੀ' ਨੱਥਾ ਸਿੰਘ ਨਰੜੂ ਵਾਲੇ ਦੀ, ਮੂੰਹੋਂ ਮੂਹੀਂ ਤੁਰਿਆ ਆਉਂਦਾ ਪੀਲੂ ਦਾ ਮਿਰਜ਼ਾ, ਕੌਲਾਂ, ਰਾਜਾ ਰਸਾਲੂ, ਦੁੱਲਾ ਭੱਟੀ ਤੋਂ ਇਲਾਵਾ ਭਗਤ ਸਿੰਘ, ਊਧਮ ਸਿੰਘ, ਛੋਟੇ ਸਾਹਿਬਜਾਦੇ, ਚਮਕੌਰ ਦੀ ਜੰਗ ਆਦਿ ਪ੍ਰਸੰਗ ਗਾਉਂਦੇ ਹਨ। ਰਾਜ ਮਾਨ ਆਪ ਇੱਕ ਵਧੀਆ ਆਗੂ ਅਤੇ ਇੱਕ ਚੰਗਾ ਵਿਖਿਆਨਕਾਰ ਹੈ। ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਉਸਦੀ ਗੱਲ ਸਰੋਤਿਆਂ 'ਤੇ ਚੰਗਾ ਅਸਰ ਪਾਉਂਦੀ ਹੈ। ਉਹ ਸਮੇਂ ਦੀ ਨਜ਼ਾਕਤ ਨੂੰ ਸਮਝਦਾ ਹੈ ਅਤੇ ਸਰੋਤਿਆ ਦੀ ਉਂਗਲ ਫੜਕੇ ਆਪਣੇ ਨਾਲ ਤੋਰਨ ਦੇ ਸਮਰੱਥ ਹੈ। ਇਹੀ ਉਸਦੀ ਪ੍ਰਾਪਤੀ ਹੈ। 'ਹੀਰ' ਦੇ ਸੁਪਨੇ ਬਾਰੇ ਹਜ਼ੂਰਾ ਸਿੰਘ ਦੇ ਬਿਆਨ ਨੂੰ ਉਹ ਇਉਂ ਪੇਸ਼ ਕਰਦਾ ਹੈ:-

- **ਜਦ ਪਹਿ ਪਾਟੀ ਤਾਰਾ ਚੜ੍ਹਿਆ, ਚਿੜੀਆਂ ਚੂਕੀਆਂ,**
  **ਸੁਪਨਾ ਹੀਰ ਜੱਟੀ ਨੂੰ ਹੈ ਰਾਂਝੇ ਦਾ ਆਇਆ।**
  **ਉਠ ਕੇ ਬਹਿਗੀ, ਬੈਠੀ ਰਾਂਝਾ ਰਾਂਝਾ ਕਰਦੀ ਐ,**
  **ਰਾਂਝਾ ਨਹੀਂ ਮਿਲਦਾ ਸੱਚੇ ਸਾਹਿਬ ਦਾ ਮਿਲਾਇਆ।**

ਰਾਂਝੇ ਦੇ ਜੋਗ ਲੈਣ ਤੋਂ ਬਾਅਦ ਖੇੜਿਆਂ ਵੱਲ ਨੂੰ ਜਾਣ ਦੇ ਦ੍ਰਿਸ਼ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:-

- **ਮੱਥਾ ਟੇਕ ਚਰਨੀ ਸੀਸ ਨਿਵਾ ਲਿਆ ਸਤਗੁਰ ਦੇ,**
  **ਟਿੱਲੇ ਉਤੋਂ ਕਰੀਆਂ ਆਸ਼ਕ ਨੇ ਚੜ੍ਹਾਈਆਂ।**
  **ਟਿੱਲਿਓਂ ਉੱਤਰਦੇ ਨੂੰ ਜਲ ਦੀ ਗਾਗਰ ਮਿਲਗੀ ਐ,**
  **ਸੁਰਮੁਖ ਚੂੜ੍ਹਾ ਮਿਲਿਆ, ਦੇਵੇ ਖੜ੍ਹਾ ਵਧਾਈਆਂ।**

ਪੂਰਨ ਭਗਤ ਨੂੰ ਰਾਜਾ ਸਲਵਾਨ ਮੌਤ ਦਾ ਹੁਕਮ ਦੇ ਦਿੰਦਾ ਹੈ ਤਾਂ ਉਸਦਾ ਵਜ਼ੀਰ ਰਾਜੇ ਅੱਗੇ ਇਉਂ ਫਰਿਆਦ ਕਰਦਾ ਹੈ:-

- *ਰਾਜਿਆ ਤੈਨੂੰ ਧਰਮੀਂ ਧਰਮੀਂ ਆਖਦੇ,*
*ਅੱਜ ਹੋ ਗਿਆ ਪਾਪ ਨੂੰ ਤਿਆਰ ।*
*ਦੁੱਧ ਦੇ ਪਾਲੇ ਅੰਬ ਵੱਢਦੈਂ,*
*ਅੱਜ ਅੱਕਾਂ ਨੂੰ ਕਰਦੈਂ ਵਾੜ ।*
*ਜੇ ਨੇੜ੍ਹੇ 'ਚ ਖੜ੍ਹਾ ਦੀਏ ਪੁੱਤ ਨੂੰ,*
*ਚਾਨਣ ਹੋ ਜੇ ਡਿਉਢੀ ਦੇ ਬਾਰ੍ਹ ।*
*ਪੂਰਨ ਵਰਗੀਆਂ ਸੂਰਤਾਂ,*
*ਜੰਮਣੀਆਂ ਨੀ ਵਾਰੋ ਵਾਰ ।*

ਪੀੜ੍ਹੀ ਦਰ ਪੀੜ੍ਹੀ ਚੱਲੀ ਆਉਂਦੀ ਵਿਰਾਸਤ ਨੂੰ ਇਹਨਾਂ ਦੇ ਪੁੱਤਰਾਂ ਨੇ ਸਾਂਭ ਕੇ ਅੱਗੇ ਤੋਰ ਲਿਆ ਹੈ। ਰਾਜ ਦਾ ਲੜਕਾ ਮੱਖਣ ਮਾਨ ਵਧੀਆ ਸਾਰੰਗੀ ਮਾਸਟਰ ਹੈ। ਦੂਜਾ ਰੋਹੀ ਰਾਮ ਆਗੂ ਵਜੋਂ ਲੈਕਚਰ ਕਰਦਾ ਹੈ। ਦਿਲਬਾਗ ਦਾ ਲੜਕਾ ਗੁਰਮੀਤ ਮਾਨ ਪਾਛੂ ਵਜੋਂ ਢੱਡ ਵਜਾਉਂਦਾ ਹੈ। ਇਹ ਸੁਤੰਤਰ ਤੌਰ ਤੇ ਵੀ ਪ੍ਰੋਗਰਾਮ ਕਰਦੇ ਹਨ ਅਤੇ ਰਾਜ ਹੋਰਾਂ ਨਾਲ ਵੀ ਗਾਹੇ ਬਗਾਹੇ ਜਾਂਦੇ ਰਹਿੰਦੇ ਹਨ। ਭਾਵੇਂ ਅੱਜ ਲੋਕ ਢਾਡੀ ਕਲਾ ਦਾ ਦਾਇਰਾ ਸੁੰਗੜ ਗਿਆ ਹੈ। ਪਰ ਫੇਰ ਵੀ ਇਹ ਪਰਵਾਰ ਆਪਣੇ ਖਾਨਦਾਨੀ ਕਿੱਤੇ ਨੂੰ ਲਗਾਤਾਰ ਜਾਰੀ ਰੱਖਦਾ ਹੋਇਆ ਕਰੜੀ ਘਾਲਣਾ ਘਾਲ ਰਿਹਾ ਹੈ। ਪ੍ਰਮਾਤਮਾ ਇਹਨਾਂ ਦੀ ਘਾਲਣਾ ਨੂੰ ਫਲ ਲਾਵੇ।

## ਜੁਗਰਾਜ ਸਿੰਘ ਪੰਜ ਗਰਾਈਆਂ

ਜੁਗਰਾਜ ਸਿੰਘ ਪੰਜ ਗਰਾਈਆਂ ਵੀ ਲੋਕ ਢਾਡੀ ਕਲਾ ਦੇ ਇਤਿਹਾਸ ਦਾ ਇੱਕ ਪੰਨਾ ਹੈ। ਜਦੋਂ ਵੀ ਲੋਕ ਢਾਡੀ ਕਲਾ ਦੀ ਗੱਲ ਚੱਲੇਗੀ ਤਾਂ ਜੁਗਰਾਜ ਸਿੰਘ ਦਾ ਜ਼ਿਕਰ ਵੀ ਜ਼ਰੂਰ ਹੋਵੇਗਾ।

ਜੁਗਰਾਜ ਸਿੰਘ ਦਾ ਜਨਮ 1928 ਵਿਚ ਪਿੰਡ ਪੰਜ ਗਰਾਈਆਂ ਕਲਾਂ ਵਿਖੇ ਸ੍ਰ: ਤੋਤਾ ਸਿੰਘ ਅਤੇ ਮਾਤਾ ਆਸ ਕੌਰ ਤੇ ਘਰ ਹੋਇਆ। ਉਸਦਾ ਪਿੰਡ ਪੰਜ ਗਰਾਈਆਂ ਕੋਟ ਕਪੂਰੇ ਅਤੇ ਮੋਗੇ ਦੇ ਵਿਚਕਾਰ ਜਿਹੇ ਪੈਂਦਾ ਹੈ। ਜੁਗਰਾਜ ਸਿੰਘ ਨੇ ਕੋਈ ਰਸਮੀ ਸਕੂਲੀ ਵਿਦਿਆ ਪ੍ਰਾਪਤ ਨਹੀਂ ਕੀਤੀ। ਉਸ ਸਮੇਂ ਦੇ ਆਮ ਪੇਂਡੂ ਮੁੰਡਿਆਂ ਦੀ ਤਰ੍ਹਾਂ ਉਸਦਾ ਬਚਪਨ ਵੀ ਖੇਡਦਿਆਂ, ਪਿੰਡ ਦੀਆਂ ਜੂਹਾਂ, ਢੱਕੀਆਂ ਵਿਚ ਘਰ ਦੇ ਡੰਗਰ ਪਸ਼ੂ ਚਾਰਦਿਆਂ ਹੀ ਬੀਤਿਆ। ਵੱਡੇ ਭਰਾ ਭਾਗ ਸਿੰਘ ਨੂੰ ਗਾਉਣ ਦਾ ਸ਼ੌਕ ਸੀ। ਉਹ ਰੋਹੀਆਂ ਅਤੇ ਖੇਤਾਂ ਵਿਚ ਫਿਰਦਿਆਂ ਖੁੱਲ੍ਹੀਆਂ ਕਲੀਆਂ ਲਾਇਆ ਕਰਦਾ ਸੀ। ਉਸਨੂੰ ਦੇਖਕੇ ਜੁਗਰਾਜ ਨੂੰ ਵੀ ਗਾਇਕੀ ਦੀ ਚੇਟਕ ਲੱਗ ਗਈ ਅਤੇ ਉਸਨੇ ਵੀ ਕਈ ਕਲੀਆਂ ਦੇ ਬੋਲ ਯਾਦ ਕਰ ਲਏ। ਜਦੋਂ ਵੀ ਬਾਹਰ ਖੁੱਲ੍ਹੀ ਥਾਂ ਉਸਨੂੰ ਮੌਕਾ ਮਿਲਦਾ ਤਾਂ ਉਹ ਗਾ ਕੇ ਆਪਣਾ ਝੱਸ ਪੂਰਾ ਕਰ ਲੈਂਦਾ।

ਹੌਲੀ ਹੌਲੀ ਉਸਦਾ ਇਹ ਸ਼ੌਕ ਵਧਦਾ ਗਿਆ। ਪਿੰਡ ਦਾ ਹੀ ਦਲਬਾਰਾ ਸਿੰਘ ਮਿਸਤਰੀ ਗਾਉਂਦਾ ਸੀ। ਜੁਗਰਾਜ ਸਿੰਘ ਦਾ ਸ਼ੌਕ ਬਾਰਾਂ ਤੇਰਾਂ ਸਾਲ ਦੀ ਉਮਰ ਵਿਚ ਹੀ ਉਸਨੂੰ ਦਲਬਾਰਾ ਸਿੰਘ ਕੋਲ ਖਿੱਚ ਕੇ ਲੈ ਗਿਆ। ਉਸਨੇ ਦਲਬਾਰਾ ਸਿੰਘ ਤੋਂ ਗੌਣ ਦੀ ਸਿਖਿਆ ਲੈਣੀ ਸ਼ੁਰੂ ਕਰ ਦਿੱਤੀ। ਗਾਇਕੀ ਦੀ ਮੁਢਲੀ ਸਿੱਖਿਆ ਲੈਣ ਤੋਂ ਬਾਅਦ ਉਸਦਾ ਪੈਰ ਬਾਹਰ ਵੱਲ ਵਧਿਆ। ਇਸ ਸਮੇਂ ਦੌਰਾਨ ਉਹ ਪੰਜ ਗਰਾਈਆਂ ਖੁਰਦ ਦੇ ਉਸਤਾਦ ਗਮੰਤਰੀ ਕਰਨੈਲ ਸਿੰਘ ਨਾਲ ਜਾ ਮਿਲਿਆ ਅਤੇ ਉਨ੍ਹਾਂ ਦੇ ਗਰੁੱਪ ਨਾਲ ਅਖਾੜੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਗਰੁੱਪ ਵਿਚ ਇਨ੍ਹਾਂ ਤੋਂ ਇਲਾਵਾ ਪਰਤਾਪ ਸਿੰਘ ਅਤੇ ਜਗਦੀਸ਼ ਲਾਲ ਸ਼ਾਮਲ ਸਨ। ਇਸ ਤਰ੍ਹਾਂ ਇਹ ਚਾਰ ਜਣਿਆਂ ਦਾ ਗਰੁੱਪ ਬਣ ਗਿਆ ਜਿਸ ਵਿਚ ਦੋ ਸਾਜ਼ੀ ਸਨ ਤੇ ਦੋ ਢਾਡੀ। ਭਾਵ ਦੋ ਜਣੇ ਸਾਰੰਗੀਆਂ ਵਜਾਉਂਦੇ ਸਨ ਤੇ ਦੋ ਢੱਡਾਂ।

ਜੁਗਰਾਜ ਸਿੰਘ ਤੇ ਕਰਨੈਲ ਸਿੰਘ ਸਾਰੰਗੀਆਂ ਵਜਾਉਂਦੇ ਅਤੇ ਪਰਤਾਪ ਸਿੰਘ ਤੇ ਜਗਦੀਸ਼ ਲਾਲ ਢੱਡਾਂ ਤੇ ਪਾਛੂ ਵਜੋਂ ਸਾਥ ਦਿੰਦੇ ਸਨ। ਇਸ ਜਥੇ ਨੇ ਲਗਭਗ ਪੱਚੀ ਸਾਲ ਲਗਾਤਾਰ ਗਾਇਆ ਅਤੇ ਪੰਜ ਗਰਾਈਆਂ ਵਾਲੇ ਜਥੇ ਵਜੋਂ ਪ੍ਰਸਿੱਧੀ ਪ੍ਰਾਪਤ ਕੀਤੀ।

# ਦੇਸ ਰਾਜ ਲਚਕਾਣੀ

ਲੋਕ ਢਾਡੀ ਕਲਾ ਦੀ ਗੱਲ ਅੱਗੇ ਤੋਰਨ ਵਾਲਿਆਂ ਵਿਚ ਦੇਸ ਰਾਜ ਲਚਕਾਣੀ ਵਾਲੇ ਦਾ ਨਾਂ ਖਾਸ ਜ਼ਿਕਰ ਯੋਗ ਹੈ। ਅਜੋਕੇ ਲੋਕ ਢਾਡੀਆਂ ਵਿਚ ਉਸਦਾ ਨਾਂ ਮੋਢੀਆਂ ਵਿਚ ਗਿਣਿਆ ਜਾ ਸਕਦਾ ਹੈ। ਜਿਹੜੇ ਇਸ ਕਲਾ ਪ੍ਰਤੀ ਵਚਨਬੱਧ ਹਨ।

ਦੇਸ ਰਾਜ ਦਾ ਜਨਮ ਦੇਸ਼ ਦੀ ਵੰਡ ਵਾਲੇ ਸਾਲ ਜ਼ਿਲ੍ਹਾ ਪਟਿਆਲਾ ਦੇ ਪਿੰਡ ਲਚਕਾਣੀ ਵਿਖੇ ਪਿਤਾ ਮਾਧੋ ਦੇ ਘਰ ਮਾਤਾ ਬਚਨੀ ਦੀ ਕੁੱਖੋਂ ਹੋਇਆ। ਆਪਣੇ ਪਿਛੋਕੜ ਬਾਰੇ ਦੱਸਦਾ ਉਹ ਕਹਿੰਦਾ ਹੈ ਕਿ ਅਸੀਂ 'ਮਰਦਾਨੇ ਕਿਆਂ' ਵਿਚੋਂ ਹਾਂ। ਮੇਰਾ ਪਹਿਲਾ ਨਾਂ ਤਾਜ ਮੁਹੰਮਦ ਹੁੰਦਾ ਸੀ। ਸਾਡੇ ਬਜੁਰਗਾਂ ਨੇ ਆਪਣੀ ਜਨਮ ਭੂਮੀ ਤਿਆਗਣ ਦੀ ਥਾਂ ਤੁਅੱਸਬੀਆਂ ਦੀ ਸੰਤੁਸ਼ਟੀ ਲਈ ਦੀਨ ਬਦਲ ਲਿਆ ਅਤੇ ਮੇਰਾ ਨਾਂ ਰੱਖ ਦਿੱਤਾ ਦੇਸ ਰਾਜ। ਦੇਸ ਰਾਜ ਨੂੰ ਗੁੜ੍ਹਤੀ ਹੀ ਸੰਗੀਤ ਦੀ ਮਿਲੀ ਕਿਉਂਕਿ ਪਿਤਾ ਨੇੜੇ ਦੇ ਪਿੰਡ ਲੰਗ ਵਿਖੇ ਗੁਰਦੁਆਰੇ ਮਹੰਤ ਧਰਮ ਸਿੰਘ ਖਰੌਢ ਅਤੇ ਛੋਟਾ ਸਿੰਘ ਖਰੌਢ ਨਾਲ ਕੀਰਤਨ ਸਮੇਂ ਢੋਲਕ ਤੇ ਸਾਥ ਦਿੰਦੇ ਸਨ। ਦੇਸ ਰਾਜ ਨੇ ਮੁਢਲੀ ਵਿਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਹੀ ਪ੍ਰਾਪਤ ਕੀਤੀ। ਪਟਿਆਲੇ ਛੇਵੀਂ ਵਿਚ ਦਾਖਲਾ ਤਾਂ ਲਿਆ ਪਰ ਵਿਚਕਾਰੋਂ ਹੀ ਛੱਡ ਗਿਆ। ਉਸਤਾਦ ਯਮਲਾ ਜੱਟ ਦੇ ਗੀਤਾਂ ਅਤੇ ਅਮਰ ਸਿੰਘ ਸ਼ੌਂਕੀ ਦੀਆਂ ਕਲੀਆਂ ਦੇ ਪ੍ਰਭਾਵ ਸਦਕਾ ਉਹ ਗਾਇਕੀ ਵੱਲ ਖਿਚਿਆ ਗਿਆ ਅਤੇ ਤੂੰਬੀ ਨਾਲ ਗਾ ਕੇ ਆਪਣਾ ਸ਼ੌਕ ਪੂਰਦਾ ਰਿਹਾ ।

ਦੇਸ ਰਾਜ ਦਾ ਮਾਸੜ ਘੀਚਰ ਖਾਂ ਸਾਰੰਗੀ ਨਾਲ ਗਾਉਂਦਾ ਸੀ। ਕੁਦਰਤੀ ਉਹਨਾਂ ਦਾ ਲਚਕਾਣੀ ਵਿਖੇ ਪ੍ਰੋਗਰਾਮ ਸੀ। ਦੇਸ ਰਾਜ ਨੇ ਆਪਣੇ ਮਾਸੜ ਨੂੰ ਉਸਤਾਦ ਧਾਰ ਲਿਆ ਅਤੇ 1959 ਤੋਂ 1963 ਤੱਕ ਉਹਨਾਂ ਤੋਂ ਸੰਗੀਤ ਦੀ ਸਿੱਖਿਆ ਲਈ ਪਰੰਤੂ ਕੁਦਰਤ ਦੀ ਅਜਿਹੀ ਕਰੋਪੀ ਵਰਤੀ ਕਿ ਉਸਦੀ ਆਵਾਜ਼ ਬਿਲਕੁਲ ਹੀ ਖਰਾਬ ਹੋ ਗਈ। ਆਪਣੇ ਸ਼ੌਕ ਦੀ ਪੂਰਤੀ ਲਈ ਉਹ ਸਾਰੰਗੀ ਤੇ ਘਰ ਹੀ ਰਿਆਜ਼ ਕਰਦਾ ਰਿਹਾ। ਇਨ੍ਹੀਂ ਦਿਨੀਂ ਹੀ ਲਸੋਈ ਵਾਲੇ ਸੰਤ ਗੁਲਾਬਪੁਰੀ ਪਿੰਡ ਦੇ ਡੇਰੇ ਆ ਟਿਕੇ। ਸੰਤਾਂ ਨੂੰ ਢਾਡੀ ਕਲਾ ਨਾਲ ਲਗਾਓ ਸੀ, ਕਿਉਂਕਿ ਕਿਸੇ ਸਮੇਂ ਉਹ ਆਪ ਵੀ ਗਾਉਂਦੇ ਰਹੇ ਸਨ। ਦੇਸ ਰਾਜ ਸੰਤਾਂ ਦੀ ਸੇਵਾ ਕਰਦਾ ਅਤੇ ਉਹਨਾਂ ਦੀ ਸੰਗਤ ਵਿਚ ਡੇਰੇ 'ਤੇ ਹੀ ਰਿਆਜ਼ ਕਰਦਾ ਰਹਿੰਦਾ ਸੀ। ਸੰਤਾਂ ਦੇ ਅਸ਼ੀਰਵਾਦ ਅਤੇ ਪਰਮਾਤਮਾ ਦੀ ਅਪਾਰ ਬਖਸ਼ਿਸ਼ ਸਦਕਾ ਉਸਦੀ ਆਵਾਜ਼ ਠੀਕ ਹੋ ਗਈ। 1982 ਵਿਚ ਸੰਤਾਂ ਦੇ ਅਕਾਲ ਚਲਾਣੇ ਪਿਛੋਂ ਲਗਭਗ ਵੀਹ ਸਾਲਾਂ ਬਾਅਦ ਉਸਨੇ ਆਪਣੇ ਪੁੱਤਰਾਂ ਸੁਰਜੀਤ ਖਾਂ ਅਤੇ ਅਲਬੇਲ ਨੂੰ ਢੱਡਾਂ 'ਤੇ ਲਾਕੇ ਦੁਬਾਰਾ ਆਪਣੀ ਪੁਰਾਣੀ ਲੀਹ ਫੜ

ਲਈ। ਵੱਖ ਵੱਖ ਮੇਲਿਆਂ 'ਤੇ ਅਖਾੜੇ ਲਾਉਣੇ ਸ਼ੁਰੂ ਕਰ ਦਿੱਤੇ। ਸਭ ਤੋਂ ਪਹਿਲਾਂ ਡਕਾਲੇ ਸੰਤਾਂ ਦੇ ਟੱਲੇ ਤੇ ਪ੍ਰੋਗਰਾਮ ਦਿੱਤਾ। ਘੜਾਮ ਪੀਰ ਭੀਖਮ ਸ਼ਾਹ ਦੀ ਸਮਾਧ ਤੇ ਲਗਦੇ ਉਰਸ, ਕਸਿਆਣੇ ਮੀਰਾਂ ਜੀ ਦੇ ਮੇਲੇ ਤੋਂ ਚੱਲਕੇ ਦੇਸ ਰਾਜ ਰਾਇਮਲ ਮਾਜਰੀ, ਕੱਲਰ ਭੈਣੀ ਦੇ ਦੁਸਹਿਰੇ, ਛਪਾਰ, ਜਰਗ ਦੇ ਲੋਕ ਮੇਲਿਆਂ ਤੋਂ ਹੁੰਦਾ ਹੋਇਆ ਪੰਜਾਬੀ ਭਵਨ ਲੁਧਿਆਣਾ ਵਿਚ ਲਗਦੇ ਪ੍ਰੋ: ਮੋਹਨ ਸਿੰਘ ਸੱਭਿਆਚਾਰਕ ਮੇਲੇ ਤੱਕ ਪਹੁੰਚਿਆ।

ਦੇਸ ਰਾਜ ਨੇ ਢਾਡੀਆਂ ਦੇ ਕਈ ਮੁਕਾਬਲਿਆਂ ਵਿਚ ਵੀ ਭਾਗ ਲਿਆ ਹੈ। 1991 ਵਿਚ ਰੈਡ ਕਰਾਸ ਸੁਸਾਇਟੀ ਪਟਿਆਲਾ ਵੱਲੋਂ ਕਰਵਾਏ ਮੁਕਾਬਲੇ ਵਿਚ ਪਹਿਲਾ ਸਥਾਨ ਹਾਸਲ ਕੀਤਾ। ਲੁਧਿਆਣਾ, ਫਿਰੋਜ਼ਪੁਰ, ਬਠਿੰਡਾ ਆਦਿ ਸ਼ਹਿਰਾਂ ਵਿਚ ਢਾਡੀ ਦਰਬਾਰਾਂ ਵਿਚ ਹਾਜ਼ਰੀ ਲੁਆਈ। 1991 ਤੋਂ ਉਹ ਦੂਰਦਰਸ਼ਨ ਕੇਂਦਰ ਜਲੰਧਰ ਦਾ ਪ੍ਰਵਾਨਿਤ ਲੋਕ ਢਾਡੀ ਹੈ।

ਦੇਸ ਰਾਜ ਸਾਰੰਗੀ ਦਾ ਪੂਰਾ ਉਸਤਾਦ ਹੈ। ਉਸਦੇ ਪੋਟੇ ਸਾਰੰਗੀ 'ਤੇ ਇਸ ਤਰ੍ਹਾਂ ਥਿਰਕਦੇ ਹਨ ਜਿਵੇਂ ਪਾਣੀ 'ਤੇ ਲਹਿਰਾਂ ਤੈਰਦੀਆਂ ਹਨ। ਉਹ ਕੱਚ ਘਰੜ ਸਰੋਤਿਆਂ ਨੂੰ ਵੀ ਸੁਣਨ ਲਈ ਮਜ਼ਬੂਰ ਕਰ ਦਿੰਦਾ ਹੈ। ਸਾਰੰਗੀ ਤੋਂ ਉਹ ਕੁਝ ਵੀ ਅਖਵਾ ਸਕਦਾ ਹੈ। ਪੁਰਾਤਨ ਢਾਡੀ ਰਾਗਾਂ ਤੋਂ ਇਲਾਵਾ ਆਧੁਨਿਕ ਗੀਤਾਂ ਦੀਆਂ ਧੁਨਾਂ ਅਤੇ ਅਲਗੋਜ਼ੇ ਆਦਿ ਵੀ ਉਹ ਸਾਰੰਗੀ ਤੇ ਬਹੁਤ ਹੀ ਵਧੀਆ ਢੰਗ ਨਾਲ ਵਜਾਉਂਦਾ ਹੈ।

1988 ਤੋਂ ਉਸਦੇ ਮਾਮੇ ਦਾ ਲੜਕਾ ਬਨਾਰਸੀ ਖਾਂ ਉਰਫ ਵਾਰਿਸ ਗੋਪਾਲਪੁਰ ਵਾਲਾ ਉਸਦੇ ਗਰੁੱਪ ਵਿਚ ਸ਼ਾਮਲ ਹੋਇਆ ਅਤੇ ਲਗਭਗ ਸੋਲਾਂ ਸਾਲ ਉਨ੍ਹਾਂ ਨੇ ਇਕੱਠਿਆਂ ਗਾਇਆ। ਦੇਸ ਰਾਜ ਵੀ ਆਮ ਰਵਾਇਤੀ ਢਾਡੀਆਂ ਦੀ ਤਰ੍ਹਾਂ ਹੀ ਪੁਰਾਣੇ ਕਵੀਆਂ ਦੀਆਂ ਰਚਨਾਵਾਂ ਗਾਉਂਦਾ ਹੈ। ਉਹੀ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਹੀਰ, ਕਰਮ ਸਿੰਘ ਟੂਸਿਆਂ ਵਾਲੇ ਦਾ ਪੂਰਨ ਅਤੇ ਮੂੰਹੋਂ ਮੂੰਹੀਂ ਚਲਿਆ ਆਉਂਦਾ ਪੁਰਾਤਨ ਮਿਰਜ਼ਾ ਕਹਿਣ ਤੋਂ ਭਾਵ ਕਿ ਉਹ ਵੀ ਆਮ ਪ੍ਰਚੱਲਤ ਲੋਕ ਗਾਥਾਵਾਂ ਦੇ ਪ੍ਰਸੰਗ ਕਲੀਆਂ ਅਤੇ ਵਾਰਾਂ ਦੇ ਰੂਪ ਵਿਚ ਗਾ ਰਿਹਾ ਹੈ। ਉਸਨੂੰ ਢਾਡੀ ਰਾਗ ਦੀ ਚੰਗੀ ਸਮਝ ਹੈ।

ਹਜ਼ੂਰਾ ਸਿੰਘ ਦੀ 'ਹੀਰ' ਜੋ ਮਾਲਵੇ ਦੇ ਢਾਡੀਆਂ ਦੀ ਮਨਪਸੰਦ ਅਤੇ ਲੋਕਾਂ ਵਿਚ ਮਕਬੂਲ ਕਿਰਤ ਰਹੀ ਹੈ ਦੀਆਂ ਅਣਗਿਣਤ ਕਲੀਆਂ ਦੇਸ ਰਾਜ ਦੇ ਕੰਠ ਹਨ ਆਪਣੀ ਸੁਰੀਲੀ ਅਤੇ ਲੰਮੀ ਆਵਾਜ਼ ਵਿਚ ਜਦੋਂ ਉਹ ਹੇਕ ਚੁਕਦਾ ਹੈ ਤਾਂ ਸਰੋਤਿਆਂ ਦੇ ਸਾਹ ਰੁਕ ਜਾਂਦੇ ਹਨ:-

- *ਜਦੋਂ ਰਾਂਝਾ ਮੁੜਕੇ ਆ ਗਿਆ ਰੰਗਪੁਰ ਖੇੜਿਆਂ ਤੋਂ,*
*ਹੁੰਮ ਹੁਮਾ ਕੇ ਕੁੜੀਆਂ ਸਿਆਲਾਂ ਦੀਆਂ ਆਈਆਂ।*
*ਮਿੱਠੀ ਨੈਣ ਪਹੁੰਚਾ ਫੜਕੇ ਮੂਹਰੇ ਬਹਿਗੀ ਐ,*
*ਗੱਲਾਂ ਦੱਸ ਚੋਬਰਾ ਜੋ ਡਾਢੇ ਵਰਤਾਈਆਂ।*

- *ਕੱਠੀਆਂ ਹੋ ਕੇ ਕੁੜੀਆਂ ਦੇਣ ਸੁਨੇਹਾ ਹੀਰ ਨੂੰ,*
*ਨਾਲੇ ਜੋਗੀ ਵਾਲੀਆਂ ਦੱਸਦੀਆਂ ਹੈ ਵਡਿਆਈਆਂ।*
*ਜੋੜ ਦਿਸਿਆ ਭਾਬੋ ਤੇਰੇ, ਸਾਡੇ ਹਾਣ ਦਾ,*
*ਰੱਬ ਦੀ ਸੂਰਤ ਸਿਫਤਾਂ ਜਾਣ ਨਾ ਸੁਣਾਈਆਂ।*

- *ਜਦੋਂ ਰਾਂਝਾ ਪੰਛੀ ਵੜ ਗਿਆ ਵਿਚ ਤ੍ਰਿੰਝਣਾਂ ਦੇ,*
*ਚਰਖੇ ਛੱਡ ਕੇ ਕੁੜੀਆਂ ਕੋਲ ਨਾਥ ਦੇ ਆਈਆਂ।*
*ਨੇੜੇ ਹੋ ਹੋ ਬਹਿੰਦੀਆਂ ਸੂਰਤ ਦੇਖ ਫਕੀਰ ਦੀ,*
*ਇੱਕ ਤੋਂ ਇੱਕ ਚੜ੍ਹੇਂਦੀ ਕਰਾਂ ਕੀ ਵਡਿਆਈਆਂ।*

ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬ ਦੀ ਪੁਰਾਤਨ ਲੋਕ ਗਾਇਕੀ ਸਬੰਧੀ ਆਯੋਜਿਤ ਪ੍ਰੋਗਰਾਮ ਜਿਸ ਵਿਚ ਲੋਕ ਧਾਰਾ ਨਾਲ ਸਬੰਧਤ ਵੱਖ ਵੱਖ ਵਿਦਵਾਨਾਂ ਨੇ ਆਪਣੇ ਪਰਚੇ ਪੜ੍ਹੇ ਸਮੇਂ ਦੇਸ ਰਾਜ ਦੇ ਜਥੇ ਨੇ ਪੁਰਾਤਨ ਗਾਇਕੀ ਦੇ ਵੱਖ ਵੱਖ ਨਮੂਨੇ ਪੇਸ਼ ਕਰਕੇ ਵਾਹ-ਵਾਹ ਖੱਟੀ। ਪੰਜਾਬੀ ਯੂਨੀਵਰਸਿਟੀ ਦੇ ਲੋਕ ਸੰਗੀਤ ਮੇਲੇ 'ਤੇ ਜਨਵਰੀ 2000 ਵਿਚ ਉਸਨੂੰ ਸੁਨਹਿਰੀ ਤਮਗੇ ਨਾਲ ਸਨਮਾਨਿਆ ਗਿਆ। ਏਸੇ ਯੂਨੀਵਰਸਿਟੀ ਵੱਲੋਂ ਇਨ੍ਹਾਂ ਦੇ ਜੱਥੇ ਦੀ ਅਵਾਜ਼ ਵਿਚ ਲੋਕ ਸੰਗੀਤ ਦੀ ਇਕ ਸੀ ਡੀ ਵੀ ਰਿਲੀਜ਼ ਕੀਤੀ ਗਈ।

ਲੋਕ ਢਾਡੀ ਕਲਾ ਲਈ ਇਹ ਸੁਭਾਗ ਦੀ ਗੱਲ ਹੈ ਕਿ ਦੇਸ ਰਾਜ ਨੇ ਆਪਣੇ ਪੋਤਿਆਂ ਨੂੰ ਢਾਡੀ ਰਾਕ ਦੀ ਸਿੱਖਿਆ ਦਿੱਤੀ ਅਤੇ ਉਹ ਛੋਟੀ ਉਮਰ ਵਿਚ ਹੀ ਇਸ ਕਲਾ ਨਾਲ ਜੁੜ ਗਏ ਹਨ। ਇਕਬਾਲ ਮੁਹੰਮਦ, ਲਹਿਬਰ ਖਾਂ, ਮਿੱਠਾ ਖਾਂ ਅਤੇ ਅਕਬਰ ਅਲੀ ਢਾਡੀ ਕਲਾ ਦਾ ਭਵਿਖ ਦਿਖਾਈ ਦਿੰਦੇ ਹਨ। ਅੱਜ ਕੱਲ੍ਹ ਦੇਸ ਰਾਜ ਦਾ ਸਾਥ ਉਸਦਾ ਲੜਕਾ ਸੁਰਜੀਤ (ਸਾਜ਼ੀ) ਅਤੇ ਉਸਦੇ ਲੜਕੇ ਅਲਬੇਲ ਦੇ ਸਾਢੂ ਦਾ ਮੁੰਡਾ ਪਰਵੇਜ਼ ਖਾਂ ਨਿਭਾ ਰਿਹਾ ਹੈ। ਪਰਮਾਤਮਾ ਇਸ ਪਰਵਾਰ ਤੇ ਮਿਹਰ ਭਰਿਆ ਹੱਥ ਰੱਖੇ।

## ਸ਼ਰੀਫ ਈਦੂ ਲਲੌਢਾ

ਲੋਕ ਢਾਡੀਆਂ ਦੀ ਅਜੋਕੀ ਪੀੜ੍ਹੀ ਵਿਚ ਸ਼ਰੀਫ ਈਦੂ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉੱਤਰੀ ਖੇਤਰੀ ਸੱਭਿਆਚਾਰਕ ਕੇਂਦਰ ਵਿਚ ਉਹ ਲੋਕ ਢਾਡੀਆਂ ਦੀ ਪ੍ਰਤੀਨਿਧਤਾ ਕਰਦਾ ਹੈ। ਇਸੇ ਕੇਂਦਰ ਰਾਹੀਂ ਉਹ ਪੰਜਾਬ ਦੀ ਇਸ ਲੋਕ ਕਲਾ ਦਾ ਭਾਰਤ ਤੇ ਵੱਖ ਵੱਖ ਰਾਜਾਂ ਵਿਚ ਸਨਮਾਨਯੋਗ ਪ੍ਰਦਰਸ਼ਨ ਕਰ ਚੁੱਕਾ ਹੈ।

ਸ਼ਰੀਫ ਦਾ ਜਨਮ ਪਟਿਆਲਾ ਜ਼ਿਲ੍ਹੇ ਦੀ ਨਾਭਾ ਤਹਿਸੀਲ ਦੇ ਪਿੰਡ ਲਲੌਢੇ ਵਿਖੇ ਪੰਜਾਬ ਵੰਡ ਦੇ ਦਿਨਾਂ ਵਿਚ ਪਿਤਾ ਈਦੂ ਖਾਂ ਦੇ ਘਰ ਮਾਤਾ ਜੀਵੀ ਦੀ ਕੁੱਖੋਂ ਹੋਇਆ। ਉਸਦੀ ਪਹਿਲੀ ਕਿਲਕਾਰੀ ਹੀ ਸਾਰੰਗੀ ਦੀ ਸੁਰ ਅਤੇ ਢੱਡ ਦੀ ਤਾਲ ਨਾਲ ਮਿਲਕੇ ਵੱਜੀ। ਪਿਤਾ ਈਦੂ ਖਾਂ ਇਲਾਕੇ ਦੇ ਮੰਨੇ ਪ੍ਰਮੰਨੇ ਲੋਕ ਗਾਇਕ ਸਨ। ਜਿਵੇਂ ਇੱਕ ਆਮ ਪ੍ਰਚੱਲਤ ਕਹਾਵਤ ਹੈ ਕਿ ਜੇ ਮੀਰਾਂ (ਮਰਾਸੀਆਂ) ਦਾ ਬੱਚਾ ਰੋਊਗਾ, ਤਾਂ ਉਹ ਵੀ ਸੁਰ ਵਿਚ। ਇਹੀ ਹਾਲ ਸ਼ਰੀਫ ਦਾ ਸੀ ਜਿਸਨੂੰ ਲੋਰੀਆਂ ਵੀ ਸੰਗੀਤ ਨਾਲ ਪਰੁੱਚੀਆਂ ਮਿਲੀਆਂ। ਸੋ ਸ਼ਰੀਫ ਨੂੰ ਗਾਇਕੀ ਵਿਰਾਸਤ ਵਿਚ ਹੀ ਮਿਲੀ।

ਭਾਵੇਂ ਸਰੀਫ ਸੁਰਤ ਸੰਭਲਣ ਤੋਂ ਹੀ ਆਪਣੇ ਜੱਦੀ ਪੁਸ਼ਤੀ ਪੇਸ਼ੇ ਵੱਲ ਤੁਰ ਪਿਆ ਸੀ, ਪਰੰਤੂ ਉਸਨੂੰ ਆਪਣੇ ਗਾਇਕ ਹੋਣ ਦਾ ਯਕੀਨ ਫਿਲਮੀ ਕਲਾਕਾਰ ਤੇ ਫਿਲਮੀ ਭੰਗੜੇ ਦੇ ਮੋਢੀ ਮਨੋਹਰ ਦੀਪਕ ਦੇ ਘਰ ਇੱਕ ਵਿਆਹ ਸਮੇਂ ਗਾਉਣ ਤੋਂ ਬਾਅਦ ਹੀ ਹੋਇਆ। ਸੁਣਨ ਵਾਲਿਆਂ ਨੇ ਭਰਪੂਰ ਪਰਸੰਸਾ ਕੀਤੀ। ਏਥੋਂ ਹੀ ਸ਼ੁਰੂ ਹੋਇਆ ਸ਼ਰੀਫ ਦੀ ਗਾਇਕੀ ਦਾ ਸਫਰ ਅਤੇ ਆਪਣੇ ਪਿਤਾ ਦੇ ਨਾਂ ਨੂੰ ਆਪਣੇ ਨਾਂ ਨਾਲ ਜੋੜ ਕੇ ਉਹ ਸ਼ਰੀਫ ਈਦੂ ਬਣ ਗਿਆ।

ਸ਼ਰੀਫ ਆਪ ਸਾਰੰਗੀ ਵਜਾਉਂਦਾ ਸੀ। ਉਸਨੇ ਆਪਣੇ ਭਤੀਜੇ ਮੁਰਲੀ ਖਾਨ ਅਤੇ ਵੱਡੇ ਲੜਕੇ ਨੁਸਰਤ ਅਲੀ ਨੂੰ ਢੱਡ ਤੇ ਲਾ ਕੇ ਆਪਣਾ ਢਾਡੀ ਜਥਾ ਬਣਾ ਲਿਆ।

1986 ਵਿਚ ਜਦੋਂ ਭਾਰਤ ਵਿਚ ਸੱਭਿਆਚਾਰਕ ਇਨਕਲਾਬ ਆਇਆ ਤਾਂ ਸ਼ਰੀਫ ਉਤਰੀ ਖੇਤਰੀ ਸੱਭਿਆਚਾਰਕ ਕੇਂਦਰ ਦੇ ਪ੍ਰਬੰਧਕਾਂ ਦੇ ਨਜ਼ਰੀਂ ਚੜ੍ਹ ਗਿਆ। ਉਦੋਂ ਉਹ ਚੰਡੀਗੜ੍ਹ ਦੇ ਨੇੜਲੇ ਕਸਬੇ ਮਨੀਮਾਜਰੇ ਵਿਖੇ ਖੱਚਰ ਰੇਹੜਾ ਚਲਾ ਕੇ ਆਪਣੀ ਪਰਵਾਰਿਕ ਗੱਡੀ ਰੋੜ੍ਹ ਰਿਹਾ ਸੀ। ਸੱਭਿਆਚਾਰਕ ਕੇਂਦਰ ਰਾਹੀਂ ਉਹ ਦੇਸ਼ ਦੇ ਵੱਖ ਵੱਖ ਰਾਜਾਂ ਵਿਚ ਆਪਣੀ ਲੋਕ ਕਲਾ ਦਾ ਮੁਜ਼ਾਹਰਾ ਕਰਦਾ ਹੋਇਆ 'ਆਪਣਾ ਉਤਸਵ' ਰਾਸ਼ਟਰੀ ਮੇਲੇ ਵਿਚ ਦੇਸ਼ ਦੀ ਰਾਜਧਾਨੀ ਦਿੱਲੀ ਪਹੁੰਚ ਗਿਆ। ਇਸ

ਪ੍ਰੋਗਰਾਮ ਵਿਚ ਜਦੋਂ ਉਸਨੇ ਅਲਾਪ ਲਿਆ ਤਾਂ ਹੇਕ ਏਨੀ ਲੰਮੀ ਸੀ ਕਿ ਸਰੋਤੇ ਵਾਹ ਵਾਹ ਕਰ ਉਠੇ। ਉਸ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਇਸ ਪੰਜਾਬੀ ਢਾਡੀ ਸ਼ਰੀਫ ਈਦੂ ਦੀ ਵਿਸ਼ੇਸ਼ ਸਰਾਹਨਾ ਕੀਤੀ।

ਸ਼ਰੀਫ 'ਹੀਰ' ਨੂੰ ਬਹੁਤ ਖੁਭ ਕੇ ਗਾਉਂਦਾ ਹੈ। ਉਸਦੀ ਤਿੱਖੀ ਅਤੇ ਜੋਸ਼ ਭਰੀ ਆਵਾਜ਼ ਵਿਸ਼ੇ ਵਿਚ ਰੂਹ ਭਰ ਦਿੰਦੀ ਹੈ। 'ਹੀਰ' ਤੋਂ ਇਲਾਵਾ ਉਸ ਸੱਸੀ, ਮਿਰਜ਼ਾ, ਪੂਰਨ ਭਗਤ, ਕੌਲਾਂ ਭਗਤਣੀ, ਦੁੱਲਾ ਭੱਟੀ ਆਦਿ ਲੋਕ ਗਾਥਾਵਾਂ ਵਿਚੋਂ ਪ੍ਰਚੱਲਤ ਤੇ ਪ੍ਰਸਿੱਧ ਕਲੀਆਂ ਅਤੇ ਵਾਰਾਂ ਵੀ ਗਾਉਂਦਾ ਹੈ। ਇਹ ਸਭ ਪੁਰਾਣੇ ਕਵੀਆਂ ਦੀਆਂ ਲਿਖੀਆਂ ਹੋਈਆਂ ਹਨ। 'ਹੀਰ' ਉਹ ਵੀ ਹਜੂਰਾ ਸਿੰਘ ਬੁਟਾਹਰੀ ਵਾਲੇ ਦੀ ਹੀ ਗਾਉਂਦਾ ਹੈ:

ਕੁੱਝ ਬੰਦ ਇਸ ਤਰ੍ਹਾਂ ਹਨ :-

- ***ਘੜੇ ਛੱਡਕੇ ਆਣ ਉਦਾਲੇ ਹੋਈਆਂ ਜੋਗੀ ਦੇ,***
  ***ਕੁੜੀਆਂ ਜਾਣ ਕੇ ਹਮਾਣੀ ਕਰਨ ਠਠੋਲੀਆਂ।***
  ***ਮੁਖਤ ਨਜ਼ਾਰਾ ਲੈ ਵੇ ਇਕ ਤੇ ਇਕ ਚੜ੍ਹੇਂਦੀ ਦਾ,***
  ***ਕੁੜੀਆਂ ਖੇੜਿਆਂ ਦੀਆਂ ਵੇ ਪਰੀਆਂ ਸੁਬਕ ਮਮੋਲੀਆਂ।***

- ***ਛੱਡੋ ਖਿਆਲ ਮੇਰਾ ਤੁਸੀਂ ਜਾਵੋਂ ਆਪਣੇ ਘਰਾਂ ਨੂੰ,***
  ***ਤੁਸੀਂ ਲੈਣਾ ਕੀ ਨੀ ਸੰਤਾਂ ਨੂੰ ਸੰਤਾ ਕੇ।***
  ***ਰੰਗਪੁਰ ਮੁੰਡੇ ਬਥੇਰੇ ਮੈਥੋਂ ਸੋਹਣੇ ਹੱਸਣੇ ਨੂੰ,***
  ***ਅਸਾਂ ਤਾਂ ਰੂਪ ਆਪਣਾ ਖੋ ਲਿਆ ਕੰਨ ਪੜਵਾਕੇ।***

ਸ਼ਰੀਫ ਦਾ ਪੂਰਾ ਖਾਨਦਾਨ ਹੀ ਇਸ ਕਿੱਤੇ ਨਾਲ ਜੁੜਿਆ ਹੋਇਆ ਹੈ। ਉਸਦਾ ਭਰਾ ਸਦੀਕ ਮੁਹੰਮਦ ਆਲ੍ਹਾ ਦਰਜ਼ੇ ਦਾ ਕਲਾਸੀਕਲ ਗਾਇਕ ਹੈ। ਉਸਦਾ ਭਤੀਜਾ ਨੀਲੇ ਖਾਂ ਅਜੋਕੇ ਸਮੇਂ ਦਾ ਚਰਚਿਤ ਕੱਵਾਲ ਹੈ। ਉਸਦੇ ਆਪਣੇ ਪੁੱਤਰ ਅਤੇ ਭਤੀਜੇ ਲਗਭਗ ਸਾਰੇ ਹੀ ਆਪਣੇ ਇਸ ਜੱਦੀ ਪੁਸ਼ਤੀ ਕਿੱਤੇ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਜੁੜੇ ਹੋਏ ਹਨ। ਅੱਜ ਕੱਲ੍ਹ ਉਹ ਆਪਣੇ ਮੁੰਡਿਆਂ ਨਾਲ ਮਿਲ ਕੇ ਅਖਾੜੇ ਲਾ ਰਿਹਾ ਹੈ।

ਪੁਰਾਣੇ ਢਾਡੀਆਂ ਵਿਚੋਂ ਸ਼ਰੀਫ ਗੁਰਮਾਂ ਵਾਲੇ ਢਾਡੀਆਂ ਨੂੰ ਆਪਣੇ ਸਮੇਂ ਦੇ ਚੋਟੀ ਦੇ ਢਾਡੀ ਮੰਨਦਾ ਹੈ।

## ਰੁਲਦੂ ਖਾਨ ਚੱਠਿਆਂ ਵਾਲਾ

ਵਰਤਮਾਨ ਲੋਕ ਢਾਡੀ ਕਲਾ ਦੇ ਉਂਗਲੀਆਂ 'ਤੇ ਗਿਣੇ ਜਾਣ ਵਾਲੇ ਨਾਵਾਂ ਵਿਚ ਹੀ ਇੱਕ ਨਾਂ ਸ਼ਾਮਲ ਹੈ -- ਰੁਲਦੂ ਖਾਨ ਉਰਫ ਰੂਪ ਸਿੰਘ ਚੱਠਿਆਂ ਵਾਲਾ। ਜਿਸਨੇ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨਾਲ ਜੂਝਦੇ ਹੋਏ ਸੰਗੀਤ ਜਿਹੇ ਸੂਖਮ ਵਿਸ਼ੇ ਨਾਲ ਮੋਹ ਪਾਲ਼ਿਆ ਅਤੇ ਲੋਕ ਢਾਡੀ ਕਲਾ ਦਾ ਵਾਰਸ ਬਣਿਆ।

ਰੁਲਦੂ ਖਾਨ ਦਾ ਜਨਮ ਉਨੀ ਸੌ ਪੈਂਤੀਵਿਆਂ ਵਿਚ ਜ਼ਿਲ੍ਹਾ ਸੰਗਰੂਰ ਦੇ ਪਿੰਡ ਚੱਠੇ ਰੇਟੀ ਰਾਮ ਵਿਖੇ ਪਿਤਾ ਛੱਜੂ ਖਾਨ ਦੇ ਘਰ ਮਾਂ ਜਾਨਣ ਦੀ ਕੁੱਖੋਂ ਹੋਇਆ। ਸੁਰਤ ਸੰਭਾਲਦਿਆਂ ਹੀ ਉਸਨੂੰ ਘਰ ਦੀਆਂ ਤੰਗੀਆਂ ਤੁਰਸ਼ੀਆਂ ਦਾ ਅਹਿਸਾਸ ਹੋਇਆ ਅਤੇ ਸਕੂਲ ਜਾਣ ਦੀ ਥਾਂ ਬੱਕਰੀਆਂ ਦੇ ਇੱਜੜ ਪਿੱਛੇ ਲੱਗ ਗਿਆ। ਪਾਲੀਆਂ ਦੀਆਂ ਨਿੱਕੀਆਂ-ਨਿੱਕੀਆਂ ਬੋਲੀਆਂ, ਹਾਲੀਆਂ ਦੀਆਂ ਲੰਮੀਆਂ-ਲੰਮੀਆਂ ਹੇਕਾਂ, ਬੱਕਰੀਆਂ ਦੇ ਗਲ ਵੱਜਦੇ ਘੁੰਗਰੂਆਂ ਦੀ ਤਾਲ ਨਾਲ ਉਸਦੇ ਸਖਤ ਹਾਲਾਤਾਂ ਨਾਲ ਜੂਝ ਰਹੇ ਕੋਮਲ ਮਨ ਵਿਚ ਗਾਇਕੀ ਦੀ ਚਿਣਗ ਮਘਣ ਲੱਗੀ।

ਬਾਰਾਂ ਕੁ ਸਾਲ ਦੀ ਉਮਰ ਵਿਚ ਉਸਨੂੰ ਦੇਸ਼ ਦੇ ਹਾਲਾਤਾਂ ਨੇ ਆਪਣੀ ਜੰਮਣ ਭੋਏਂ ਛੱਡਣ ਲਈ ਮਜ਼ਬੂਰ ਕਰ ਦਿੱਤਾ। ਭਾਵ ਆਪਣੇ ਭਾਈਚਾਰੇ ਦੇ ਅਨੇਕਾਂ ਹੋਰਨਾਂ ਵਾਂਗ ਉਹ ਵੀ ਪਾਕਿਸਤਾਨ ਜਾਣ ਦੀ ਤਿਆਰੀ ਕਰਨ ਲੱਗਾ। ਪਰੰਤੂ ਲੀਡਰਾਂ ਦੀਆਂ ਪਾਈਆਂ ਵੰਡਾਂ ਦਿਲਾਂ ਦੀਆਂ ਸਾਂਝਾਂ ਸਾਹਮਣੇ ਨਿਗੂਣੀਆਂ ਹੋ ਗਈਆਂ। ਪਿੰਡ ਦੇ ਮੋਹਤਬਰਾਂ ਨੇ ਰੁਲਦੂ ਖਾਨ ਦੇ ਪਰਵਾਰ ਅਤੇ ਹੋਰ ਭਾਈਚਾਰੇ ਨੂੰ ਏਧਰ ਹੀ ਰਹਿਣ ਲਈ ਮਨਾ ਲਿਆ ਅਤੇ ਉਹ ਰੁਲਦੂ ਖਾਨ ਤੋਂ ਰੂਪ ਸਿੰਘ ਬਣ ਗਿਆ। ਜੀਵਨ ਦੀ ਗੱਡੀ ਜੋ ਪਟੜੀ ਤੋਂ ਉਤਰਨ ਲੱਗੀ ਸੀ ਭਾਈਚਾਰਕ ਸਾਂਝਾਂ ਸਦਕਾ ਦੁਬਾਰਾ ਫੇਰ ਅਡੋਲ ਅਤੇ ਨਿਰੰਤਰ ਪਟੜੀ ਤੇ ਤੁਰਨ ਲੱਗ ਪਈ।

ਉਜਾੜੇ ਕਾਰਨ ਰੁਲਦੂ ਦੇ ਕਈ ਰਿਸ਼ਤੇਦਾਰ ਪਾਕਿਸਤਾਨ ਚਲੇ ਗਏ ਜਿਨ੍ਹਾਂ ਵਿਚ ਉਸਦਾ ਮਾਮਾ ਉਮਰਾ ਵੀ ਸ਼ਾਮਲ ਸੀ। ਜਿਹੜਾ ਉਘਾ ਗਮੰਤਰੀ ਸੀ। ਉਸਦਾ ਇੱਕ ਸਾਥੀ ਹਰਨਾਮ ਸਿੰਘ ਆਪਣੇ ਪਰਿਵਾਰ ਸਮੇਤ ਰੁਲਦੂ ਹੁਰਾਂ ਦੇ ਪਿੰਡ ਆ ਗਿਆ ਜੋ ਉਮਰ ਦੇ ਆਖਰੀ ਦੌਰ ਵਿਚੋਂ ਲੰਘ ਰਿਹਾ ਸੀ। ਰੁਲਦੂ ਨੂੰ ਗਾਉਣ ਦਾ ਸ਼ੌਕ ਤਾਂ ਸੀ ਹੀ ਸੋ ਇਹ ਮੇਲ ਉਸਦੇ ਸ਼ੌਕ ਨੂੰ ਪਲਰਨ ਵਿਚ ਸਹਾਇਕ ਸਿੱਧ ਹੋਇਆ। ਉਸਨੇ ਆਪਣੇ ਪਿੰਡ ਦੇ ਹੀ ਇੱਕ ਹੋਰ ਮੁੰਡੇ ਭੂਰੇ ਨਾਲ ਹਰਨਾਮ ਸਿੰਘ ਤੋਂ ਵਾੜੇ ਵਿਚਲੀ ਛੰਨ ਵਿਚ ਬਾਕਾਇਦਾ ਗਾਉਣਾ ਸਿੱਖਣਾ ਸ਼ੁਰੂ ਕਰ ਦਿੱਤਾ। ਉਸਤਾਦ ਦੀ ਮਿਹਰ ਅਤੇ ਆਪਣੀ ਲੰਮੇ ਸਮੇਂ ਦੀ ਮਿਹਨਤ ਸਦਕਾ ਆਪਣੇ ਪੈਰਾਂ ਤੇ ਖੜ੍ਹਨ ਜੋਗਾ ਹੋ ਗਿਆ।

ਰੁਲਦੂ ਦੇ ਸ਼ੌਕ ਅਤੇ ਉਸਦੀ ਅੰਦਰਲੀ ਕਲਾ ਨੂੰ ਦੇਖਕੇ ਉਸਦੇ ਆਪਣੇ ਪਿੰਡ ਦੇ

ਹੀ ਜਾਣੇ ਪਛਾਣੇ ਗਮੰਤਰੀ ਕੇਸਰ ਸਿੰਘ ਨੇ ਉਸਨੂੰ ਆਪਣੇ ਗਰੁੱਪ ਵਿਚ ਸ਼ਾਮਲ ਕਰ ਲਿਆ। ਇਸ ਗਰੁੱਪ ਵਿਚ ਕੇਸਰ ਸਿੰਘ ਦਾ ਮੁੰਡਾ ਗੁਰਨਾਮ ਸਿੰਘ ਸਾਜ਼ੀ (ਸਾਰੰਗੀ ਮਾਸਟਰ) ਅਤੇ ਦਲੀਪ ਢਾਡੀ ਸੀ। ਏਥੋਂ ਹੀ ਸ਼ੁਰੂ ਹੋਇਆ ਉਸਦੀ ਅਸਲ ਗਾਇਕੀ ਦਾ ਸਫਰ। ਇਸ ਗਰੁੱਪ ਨੇ ਪੰਜਾਬ ਭਰ ਦੇ ਪ੍ਰਸਿੱਧ ਮੇਲਿਆਂ ਤੋਂ ਇਲਾਵਾ ਨੈਣਾਂ ਦੇਵੀ, ਪਹੋਏ ਅਤੇ ਕਪਾਲ ਮੋਚਨ ਵਰਗੇ ਮੇਲਿਆਂ ਤੇ ਆਪਣੀ ਕਲਾ ਦੇ ਜੌਹਰ ਦਿਖਾਏ ਅਤੇ ਸਰੋਤਿਆਂ ਦੀ ਵਾਹ ਵਾਹ ਖੱਟੀ। ਰੁਲਦੂ ਲੰਮਾ ਸਮਾਂ ਇਸ ਗਰੁੱਪ ਨਾਲ ਰਿਹਾ ਫੇਰ ਸਮੇਂ ਸਮੇਂ ਤੇ ਉਹ ਭਗਵਾਨ ਸਿੰਘ 'ਪਾਇਲ' ਤੇ ਬਚਨਾ ਚੀਮਿਆਂ ਵਾਲਾ, ਭੂਰਾ ਗਿਦੜਿਆਣੀ ਵਾਲਾ ਤੇ ਸ਼ੇਰਾ ਸਾਰੰਗੀ ਵਾਲਾ ਆਦਿ ਗਰੁੱਪਾਂ ਨਾਲ ਗਾਉਂਦਾ ਰਿਹਾ। ਅੱਜ ਕੱਲ੍ਹ ਪਿੰਡ ਘੋੜੇਨਬ ਦੇ ਮੁਸਲਮਾਨ ਲੁਹਾਰ ਭਰਾ ਨੇਕ ਖਾਂ ਅਤੇ ਨੰਦ ਖਾਂ ਉਸਦੇ ਸਾਥੀ ਹਨ। ਵਰਤਮਾਨ ਲੋਕ ਢਾਡੀਆਂ ਵਿਚ ਇਸ ਗਰੁੱਪ ਦਾ ਚੰਗਾ ਨਾਂ ਹੈ।

ਆਮ ਰਵਾਇਤੀ ਢਾਡੀਆਂ ਵਾਂਗ ਰੁਲਦੂ ਖਾਂ ਹੁਰੀਂ ਵੀ ਪ੍ਰਚੱਲਤ ਲੋਕ ਗਾਥਾਵਾਂ ਹੀ ਗਾਉਂਦੇ ਹਨ। 'ਹੀਰ', ਮਿਰਜ਼ਾ, 'ਮਲਕੀ' ਪ੍ਰੀਤ ਕਿੱਸਿਆਂ ਦੇ ਨਾਲ ਨਾਲ ਪੂਰਨ ਕੌਲਾਂ, ਜਿਉਣਾ ਮੌੜ, ਦੁੱਲਾ ਭੱਟੀ ਆਦਿ ਧਾਰਮਿਕ ਤੇ ਬਹਾਦਰੀ ਦੇ ਕਿੱਸੇ ਵੀ ਸੁਣਾਉਂਦੇ ਹਨ। ਇਹਨਾਂ ਤੋਂ ਇਲਾਵਾ ਦੇਸ਼ ਦੀ ਆਜ਼ਾਦੀ ਲਈ ਮਰ ਮਿੱਟਣ ਵਾਲੇ ਯੋਧਿਆਂ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਪ੍ਰਸੰਗ ਵੀ ਪੇਸ਼ ਕਰਦੇ ਹਨ। ਰਵਾਇਤੀ ਪਹਿਰਾਵੇ ਵਿਚ ਸਜੇ ਜਦੋਂ ਇਹ ਅਖਾੜੇ ਵਿਚ ਖੜ੍ਹਕੇ ਸਾਜ਼ ਸੁਰ ਕਰਕੇ ਬਾਂਹ ਉਲਾਰਕੇ ਹੇਕ ਚੁੱਕਦੇ ਹਨ, ਤਾਂ ਚਾਰੇ ਪਾਸੇ ਸੁੰਨ ਵਰਤ ਜਾਂਦੀ ਹੈ। ਇਹਨਾਂ ਦੀ ਪੇਸ਼ਕਾਰੀ ਸਲਾਹੁਣਯੋਗ ਹੈ।

ਲੋਕ ਢਾਡੀ ਕਲਾ ਦੇ ਭਵਿੱਖ ਬਾਰੇ ਉਹ ਕਾਫੀ ਚਿੰਤਤ ਹੈ। ਗਾਇਕੀ ਦੇ ਡਿੱਗ ਰਹੇ ਮਿਆਰ ਜਿਸ ਵਿਚ ਕਲਾ ਨਾਂ ਦੀ ਕੋਈ ਚੀਜ਼ ਨਹੀਂ ਹੈ, ਸਗੋਂ ਦਿਖਾਵਾ ਅਤੇ ਡਰਾਮੇਬਾਜ਼ੀ ਦੀ ਬਹੁਤਾਤ ਹੈ ਨੇ ਲੋਕਾਂ ਦੇ ਸੁਹਜ ਸੁਆਦ ਦੇ ਰੁਝਾਨ ਨੂੰ ਵਿਗਾੜ ਕੇ ਰੱਖ ਦਿੱਤਾ ਹੈ। ਪੰਜਾਬ ਸਰਕਾਰ ਦੇ ਸੱਭਿਆਚਾਰਕ ਮਾਮਲੇ ਵਿਭਾਗ ਵੱਲੋਂ ਪੁਰਾਤਨ ਗਾਇਕੀ ਪ੍ਰਤੀ ਦਿਖਾਈ ਜਾ ਰਹੀ ਉਦਾਸੀਨਤਾ ਵੀ ਉਸ ਲਈ ਚਿੰਤਾ ਦਾ ਵਿਸ਼ਾ ਹੈ। ਸਭਿਆਚਾਰਕ ਸੰਸਥਾਵਾਂ ਤਾਂ ਅਖੌਤੀ ਸਭਿਆਚਾਰਕ ਮੇਲਿਆਂ ਤੱਕ ਹੀ ਸੀਮਤ ਹਨ ਅਤੇ ਕੋਈ ਸਾਰਥਕ ਕੰਮ ਨਹੀਂ ਕਰ ਰਹੀਆਂ। ਪੰਜਾਬ ਸਰਕਾਰ ਨੂੰ ਪੁਰਾਣੇ ਗਾਇਕਾਂ ਦੀ ਕਦਰ ਕਰਨੀ ਚਾਹੀਦੀ ਹੈ, ਉਹਨਾਂ ਨੂੰ ਆਰਥਿਕ ਮੱਦਦ ਦੇਣੀ ਚਾਹੀਂਦੀ ਹੈ।

## ਪੰਡਤ ਜਗਤ ਰਾਮ

ਵਰਤਮਾਨ ਸਮੇਂ ਲੋਕ ਢਾਡੀ ਕਲਾ ਨਾਲ ਜੁੜੇ ਢਾਡੀਆਂ ਵਿਚੋਂ ਇੱਕ ਹੋਰ ਨਾਂ ਹੈ ਪੰਡਤ ਜਗਤ ਰਾਮ ਤੇ ਭੀਮ ਸਿੰਘ। ਇਹ ਦੋਵੇਂ ਸ਼ਖ਼ਸ਼ ਹਰਿਆਣੇ ਵਿਚ ਰਹਿੰਦੇ ਹੋਏ ਪੰਜਾਬੀ ਲੋਕ ਢਾਡੀ ਕਲਾ ਦੇ ਭੰਡਾਰ ਵਿਚ ਆਪਣਾ ਯੋਗਦਾਨ ਪਾ ਰਹੇ ਹਨ।

ਪੰਡਤ ਜਗਤ ਰਾਮ ਦਾ ਜਨਮ 1948 ਵਿਚ ਪਿਤਾ ਪੰਡਤ ਮਨਸਾ ਰਾਮ ਦੇ ਘਰ ਮਾਤਾ ਸ੍ਰੀਮਤੀ ਕ੍ਰਿਸ਼ਨਾ ਦੇਵੀ ਦੀ ਕੁੱਖੋਂ ਪਿੰਡ ਸੰਗੋਥੇ ਵਿਖੇ ਹੋਇਆ। ਪਿੰਡ ਸੰਗੋਥਾ ਚੰਡੀਗੜ੍ਹ-ਅੰਬਾਲਾ ਸੜਕ ਤੇ ਅੰਬਾਲੇ ਤੋਂ ਚਾਰ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਤਿੰਨ ਭੈਣਾਂ ਦਾ ਇਕਲੌਤਾ ਲਾਡਲਾ ਭਰਾ ਜਗਤ ਰਾਮ ਸਰਕਾਰੀ ਸਕੂਲ ਜੜੌਤ ਵਿਖੇ ਦਾਖਲ ਤਾਂ ਹੋਇਆ ਪਰ ਪੰਜ ਜਮਾਤਾਂ ਵੀ ਨਾ ਪੜ੍ਹ ਸਕਿਆ। ਛੋਟੀ ਉਮਰ ਵਿਚ ਹੀ ਪਿਓ ਨਾਲ ਖੇਤੀਬਾੜੀ ਵਿਚ ਹੱਥ ਵਟਾਉਣ ਲੱਗ ਪਿਆ। ਉਨ੍ਹਾਂ ਦਿਨਾਂ ਵਿਚ ਪੰਡਤ ਆਸਾ ਰਾਮ ਸੁਹਾਣੇ ਵਾਲਿਆਂ ਦਾ ਅਖਾੜਾ ਇਸ ਖੇਤਰ ਵਿਚ ਬਹੁਤ ਪ੍ਰਸਿੱਧ ਸੀ। ਉਨ੍ਹਾਂ ਦੀਆਂ ਰਚਨਾਵਾਂ ਲੋਕਾਂ ਦੀ ਜੁਬਾਨ ਤੇ ਆਮ ਚੜ੍ਹੀਆਂ ਹੋਈਆਂ ਸਨ। ਜਗਤ ਰਾਮ ਦੇ ਪਿਤਾ ਦੇ ਵੀ ਉਨ੍ਹਾਂ ਦੇ ਬਹੁਤ ਸਾਰੇ ਬੈਂਤ ਕੰਠ ਸਨ। ਉਹ ਕੰਮ ਧੰਦਾ ਕਰਦੇ ਉਨ੍ਹਾਂ ਨੂੰ ਗਾਉਂਦੇ ਰਹਿੰਦੇ ਸਨ। ਦੂਜੀ ਗੱਲ, ਇਨ੍ਹਾਂ ਦੇ ਗੁਆਂਢ ਵਿਚ ਮਿਸਤਰੀ ਲਛਮਣ ਸਿੰਘ ਰਹਿੰਦਾ ਸੀ ਜੋ ਸਾਰੰਗੀਆਂ ਬਣਾਉਂਦਾ ਸੀ ਅਤੇ ਆਪ ਵੀ ਵਧੀਆ ਸਾਰੰਗੀ ਵਜਾਉਂਦਾ ਸੀ। ਜਗਤ ਰਾਮ ਦੇ ਪਿਤਾ ਅਤੇ ਲਛਮਣ ਸਿੰਘ ਜਦੋਂ ਵੀ ਕੰਮ ਧੰਦੇ ਤੋਂ ਵਿਹਲੇ ਹੁੰਦੇ ਗਾਉਣ ਲਗ ਜਾਂਦੇ ਤੇ ਆਪਣਾ ਝੱਸ ਪੂਰਾ ਕਰਦੇ। ਇਸ ਤਰ੍ਹਾਂ ਸੁਣ ਸੁਣ ਕੇ ਜਗਤ ਰਾਮ ਨੂੰ ਵੀ ਗਾਉਣ ਦੀ ਚੇਟਕ ਲੱਗ ਗਈ। ਬਹੁਤ ਸਾਰੀਆਂ ਬੈਂਤਾਂ ਅਤੇ ਕਲੀਆਂ ਯਾਦ ਹੋ ਗਈਆਂ ਅਤੇ ਕੁਝ ਕੁਝ ਸਾਰੰਗੀ ਤੇ ਵੀ ਹੱਥ ਮਾਰਨ ਲੱਗ ਗਿਆ।

ਜ਼ਿਲ੍ਹਾ ਪਟਿਆਲਾ ਦੇ ਪਿੰਡ ਮੱਲਾਂ ਖੇੜੀ ਦੇ ਪੰਡਤ ਰਾਮ ਜੀ ਦਾਸ ਦੀ ਸੰਗੋਥੇ ਜ਼ਮੀਨ ਸੀ ਜੋ ਠੇਕੇ ਤੇ ਦਿੱਤੀ ਹੋਈ ਸੀ। ਉਹ ਜਦੋਂ ਜ਼ਮੀਨ ਦਾ ਠੇਕਾ ਲੈਣ ਆਉਂਦੇ ਤਾਂ ਜਗਤ ਰਾਮ ਦੇ ਘਰ ਕਈ ਕਈ ਦਿਨ ਠਹਿਰ ਜਾਂਦੇ ਸਨ। ਉਨ੍ਹਾਂ ਦੇ ਬਹੁਤ ਸਾਰੀਆਂ ਕਲੀਆਂ ਯਾਦ ਸਨ। ਇਸ ਤਰ੍ਹਾਂ ਜਗਤ ਰਾਮ ਨੂੰ ਉਨ੍ਹਾਂ ਤੋਂ ਵੀ ਬਹੁਤ ਸਾਰੀਆਂ ਕਲੀਆਂ ਪ੍ਰਾਪਤ ਹੋ ਗਈਆਂ। ਪਿੰਡ ਦੇ ਹੀ ਨਿਵਾਸੀ ਪੰਡਤ ਚੰਨਣ ਰਾਮ ਨੂੰ ਵੀ ਗਾਉਣ ਦਾ ਸ਼ੌਕ ਸੀ। ਸੋ ਲਛਮਣ ਸਿੰਘ ਤੇ ਚੰਨਣ ਰਾਮ ਨਾਲ ਮਿਲ ਕੇ ਜਗਤ ਰਾਮ ਆਪਣਾ ਸ਼ੌਕ ਪੂਰਦਾ ਰਿਹਾ। ਲਛਮਣ ਸਿੰਘ ਨੂੰ ਹੀ ਉਸਨੇ ਆਪਣਾ ਉਸਤਾਦ ਧਾਰ ਲਿਆ। 1971 ਵਿਚ ਲਛਮਣ ਸਿੰਘ ਤੇ ਚੰਨਣ ਰਾਮ ਹਫਤੇ ਕੁ ਦੇ ਵਕਫੇ ਨਾਲ ਅੱਗੜ ਪਿੱਛੜ ਇਸ ਜਹਾਨ ਤੋਂ ਕੂਚ ਕਰ ਗਏ। ਉਦਾਸੀ ਅਤੇ ਗਮ ਵਿਚ ਡੁਬਿਆ ਜਗਤ ਰਾਮ ਚੁੱਪ ਸਾਧ ਗਿਆ।

ਤੇਰਾਂ ਚੌਦਾਂ ਸਾਲ 'ਗੌਣ' ਜਗਤ ਰਾਮ ਦੇ ਅੰਦਰ ਉਸਲਵੱਟੇ ਲੈਂਦਾ ਰਿਹਾ। ਅਚਾਨਕ 1984 ਵਿਚ ਇੱਕ ਵਿਆਹ ਸਮੇਂ ਉਸਦਾ ਮੇਲ ਡੁਬਈ ਤੋਂ ਛੁੱਟੀ ਕੱਟਣ ਆਏ ਭੀਮ ਸਿੰਘ ਨਾਲ ਹੋ ਗਿਆ। ਭੀਮ ਸਿੰਘ ਨੂੰ ਸਾਰੰਗੀ ਵਜਾਉਣ ਤੇ ਗਾਉਣ ਦਾ ਬਹੁਤ ਸ਼ੌਕ ਸੀ। ਬੱਸ ਫੇਰ ਕੀ ਸੀ। ਦਿਲਾਂ ਦੀਆਂ ਤਾਰਾਂ ਜੁੜ ਗਈਆਂ ਅਤੇ ਦੋਵੇਂ ਇੱਕ ਦੂਜੇ ਦੇ ਪੂਰਕ ਬਣ ਗਏ। ਜਦੋਂ ਵੀ ਮੌਕਾ ਮਿਲਦਾ ਦੋਵੇਂ ਇਕੱਠੇ ਹੋ ਕੇ ਘੰਟਿਆਂ ਬੱਧੀ ਗਾਉਂਦੇ ਵਜਾਉਂਦੇ ਰਹਿੰਦੇ। ਇਹ ਮੇਲ ਸਥਾਈ ਨਹੀਂ ਸੀ ਕਿਉਂਕਿ ਭੀਮ ਸਿੰਘ ਡੁਬਈ ਕਿਸੇ ਕੰਪਨੀ ਵਿਚ ਡਰਾਇਵਰੀ ਕਰਦਾ ਸੀ ਅਤੇ ਦੋ ਤਿੰਨ ਸਾਲ ਬਾਅਦ ਜਦੋਂ ਛੁੱਟੀ ਆਉਂਦਾ ਉਦੋਂ ਹੀ ਇਨ੍ਹਾਂ ਦਾ ਮੇਲ ਹੁੰਦਾ।

1956 ਵਿਚ ਜਨਮੇ ਭੀਮ ਸਿੰਘ ਦਾ ਜਨਮ ਸਥਾਨ ਅੰਬਾਲਾ ਜ਼ਿਲ੍ਹੇ ਦਾ ਪਿੰਡ ਜਟਵਾੜ ਹੈ। ਪਿੰਡ ਦੇ ਸਕੂਲ ਤੋਂ ਹੀ ਨੌਵੀਂ ਜਮਾਤ ਤੱਕ ਦੀ ਪੜ੍ਹਾਈ ਕੀਤੀ। ਵੱਡੇ ਭਰਾ ਨੂੰ ਕਿੱਸੇ ਪੜ੍ਹਨ ਦਾ ਸ਼ੌਕ ਸੀ। ਉਸਨੂੰ ਸੁਣ ਸੁਣ ਕੇ ਭੀਮ ਨੂੰ ਵੀ ਗਾਇਕੀ ਦਾ ਸੁਆਦ ਪੈ ਗਿਆ। ਤੂੰਬੇ ਅਲਗੋਜ਼ੇ ਵਾਲਿਆਂ ਨੂੰ ਸੁਣਕੇ ਅਲਗੋਜ਼ੇ ਵਜਾਉਣੇ ਸਿੱਖ ਲਏ ਤੇ ਉਨ੍ਹਾਂ ਨਾਲ ਗਾਉਣਾ ਸ਼ੁਰੂ ਕਰ ਦਿੱਤਾ, ਪਰੰਤੂ ਉਹ ਪੈਸੇ ਲੈਂਦੇ ਸਨ ਇਸ ਲਈ ਉਨ੍ਹਾਂ ਨਾਲ ਜਾਣਾ ਛੱਡ ਦਿੱਤਾ। ਇੱਕ ਵਾਰ ਪੰਡਤ ਆਸਾ ਰਾਮ ਸੁਹਾਣੇ ਵਾਲਿਆਂ ਦਾ ਪੁਆਧੀ ਅਖਾੜਾ ਸੁਣਨ ਦਾ ਮੌਕਾ ਮਿਲਿਆ ਉਥੋਂ ਸਾਰੰਗੀ ਨੇ ਐਸਾ ਕੀਲਿਆ ਕਿ ਸਾਰੰਗੀ ਦਾ ਹੀ ਹੋ ਕੇ ਰਹਿ ਗਿਆ। ਆਪਣੀ ਸਾਰੰਗੀ ਖਰੀਦ ਕੇ ਹੌਲੀ-ਹੌਲੀ ਵਜਾਉਣੀ ਸਿੱਖ ਲਈ। ਦਿਆਗੜ੍ਹੀਏ ਢਾਡੀ ਰਾਜ ਮਾਨ ਹੁਰਾਂ ਦਾ ਆਪਣੇ ਪਿੰਡ ਵਿਸ਼ੇਸ਼ ਤੌਰ ਤੇ ਅਖਾੜਾ ਲੁਆਇਆ। ਉਸ ਦੀ ਵੀਡੀਓ ਫਿਲਮ ਬਣਵਾਈ। ਉਸ ਫਿਲਮ ਨੂੰ ਦੇਖ ਦੇਖ ਕੇ ਸਾਰੰਗੀ ਦੇ ਹੋਰ ਗੁਰ ਸਿੱਖੇ। ਮਹਾਂਭਾਰਤ ਦੇ ਏਕਲਵਯ ਦੀ ਤਰ੍ਹਾਂ, ਜਿਸਨੇ ਮਨ ਵਿਚ ਹੀ ਦ੍ਰੋਣਾਚਾਰੀਆ ਨੂੰ ਗੁਰੂ ਮੰਨ ਕੇ ਤੀਰ ਅੰਦਾਜ਼ੀ ਸਿੱਖੀ, ਭੀਮ ਸਿੰਘ ਵੀ ਵੀਡੀਓ ਫਿਲਮ ਦੇਖ ਕੇ ਵਧੀਆ ਸਾਰੰਗੀ ਵਾਦਕ ਬਣ ਗਿਆ। 1980 ਵਿਚ ਉਹ ਡੁਬਈ ਚਲਾ ਗਿਆ ਅਤੇ ਟਰਾਲੇ ਦੀ ਡਰਾਇਵਰੀ ਕਰਨ ਲੱਗਾ। ਸਾਰੰਗੀ ਨਾਲ ਹੀ ਹੁੰਦੀ ਜਦੋਂ ਵੀ ਸਮਾਂ ਮਿਲਦਾ ਕੱਢ ਕੇ ਵਜਾਉਣ ਲੱਗ ਪੈਂਦਾ।

1984 ਵਿਚ ਛੁੱਟੀ ਆਏ ਦਾ ਪੰਡਤ ਜਗਤ ਰਾਮ ਨਾਲ ਮੇਲ ਹੋ ਗਿਆ। 2003 ਵਿਚ ਪੱਕੇ ਤੌਰ ਤੇ ਡੁਬਈ ਤੋਂ ਆ ਗਿਆ ਅਤੇ ਉਦੋਂ ਤੋਂ ਹੀ ਇਹ ਗਰੁੱਪ ਚਲ ਰਿਹਾ ਹੈ। ਇਸ ਗਰੁੱਪ ਵਿਚ ਪਾਛੂ ਵਜੋਂ ਤੀਸਰਾ ਸਾਥੀ ਜੀਰਕਪੁਰ ਨਿਵਾਸੀ ਭਿੰਦਰ ਸਿੰਘ ਹੈ। ਭਿੰਦਰ ਸਿੰਘ ਦਾ ਪਿਤਾ ਧਰਮ ਸਿੰਘ ਗੌਣ ਸੁਣਨ ਦਾ ਸ਼ੌਕੀਨ ਸੀ। ਘਰ ਗਮੰਤਰੀ ਆਉਂਦੇ ਰਹਿੰਦੇ ਸਨ। ਉਨ੍ਹਾਂ ਦੀ ਟਹਿਲ ਸੇਵਾ ਬੜੀ ਸ਼ਰਧਾ ਨਾਲ ਕੀਤੀ ਜਾਂਦੀ ਸੀ। 1998 ਵਿਚ ਪਿਤਾ ਦੀ ਮੌਤ ਹੋ ਗਈ। ਉਸ ਤੋਂ ਬਾਅਦ

ਚਹੇਤੇ ਗਮੰਤਰੀਆਂ ਦੀ ਪ੍ਰੇਰਨਾ ਨਾਲ ਗੌਣ ਵੱਲ ਪੈ ਗਿਆ। ਹੁਣ ਪੱਕੇ ਤੌਰ ਤੇ ਜਗਤ ਰਾਮ ਹੁਰਾਂ ਨਾਲ ਜੁੜਿਆ ਹੋਇਆ ਹੈ।

ਇਸ ਗਰੁੱਪ ਦੀ ਖਾਸ ਵਿਸੇਸ਼ਤਾ ਇਹ ਹੈ ਕਿ ਇਹ ਸਿਰਫ਼ ਸ਼ੌਕੀਆ ਗਾਉਂਦੇ ਹਨ, ਅਖਾੜਿਆਂ ਵਿਚ ਸਰੋਤਿਆਂ ਤੋਂ ਕੋਈ ਪੈਸਾ ਨਹੀਂ ਲੈਂਦੇ। ਹਰਿਆਣਾ ਵਿਚ ਲੱਗਣ ਵਾਲੇ ਮੇਲਿਆਂ, ਭੇਵੇ (ਪਹੋਏ), ਕਪਾਲ ਮੋਚਨ, ਸੂਰਜਕੁੰਡ ਪਿੰਜੌਰ, ਮਣਸਾ ਦੇਵੀ ਆਦਿ ਤੇ ਆਪਣੀ ਹਾਜ਼ਰੀ ਜ਼ਰੂਰ ਲਾਉਂਦੇ ਹਨ। ਏਥੇ ਇਨ੍ਹਾਂ ਦੇ ਸਰੋਤੇ ਮਲਵਈ ਹੀ ਹੁੰਦੇ ਹਨ। ਪੰਜਾਬ ਵਿਚ 2007 ਵਿਚ ਐਤਕੀ ਪਹਿਲੀ ਵਾਰ ਛਪਾਰ ਆਏ ਸਨ।

ਗੌਣ ਇਨ੍ਹਾਂ ਕੋਲ ਸਾਰੇ ਦਾ ਸਾਰਾ ਮਲਵਈ ਗਮੰਤਰੀਆਂ ਵਾਲਾ ਹੀ ਹੈ। ਹਜੂਰਾ ਸਿੰਘ ਬੁਟਾਹਰੀ ਵਾਲੇ ਦੀ ਹੀਰ, ਕਰਮ ਸਿੰਘ ਟੂਸਿਆਂ ਵਾਲੇ ਦੇ ਪੂਰਨ ਤੋਂ ਇਲਾਵਾ ਕੌਲਾਂ, ਸੱਸੀ, ਢੋਲ ਸੰਮੀ, ਮਿਰਜ਼ਾ, ਦੁੱਲਾ ਆਦਿ ਪਰੰਤੂ ਕਲੀਆਂ ਦੀ ਗਿਣਤੀ ਵਧੇਰੇ ਨਹੀਂ ਹੈ। ਗੌਣ ਇਨ੍ਹਾਂ ਦਾ ਪੂਰਾ ਮੰਝਿਆ ਸੰਵਰਿਆ ਹੈ, ਪੂਰਾ ਖੁਭ ਕੇ ਠਰੰਮੇ ਨਾਲ ਗਾਉਂਦੇ ਹਨ। ਸਰੋਤਿਆਂ ਨੂੰ ਕੀਲ ਕੇ ਬਿਠਾਉਣ ਦੇ ਸਮਰੱਥ ਹਨ। ਸਫੈਦ ਪਹਿਰਾਵੇ ਵਿਚ ਜਗਤ ਰਾਮ ਅਤੇ ਹਰਿਆਣਵੀ ਚੀਰੇ ਨਾਲ ਭੀਮ ਸਿੰਘ ਜਦੋਂ ਲੋਕ ਤੱਥ ਪੇਸ਼ ਕਰਦੇ ਹਨ ਤਾਂ ਸਰੋਤੇ ਅਸ਼ ਅਸ਼ ਕਰ ਉਠਦੇ ਹਨ।

- ***ਲੱਖ ਮਣ ਬਾਲਣ ਨੂੰ ਇੱਕ ਚਿਣਗ ਬਥੇਰੀ ਅੱਗ ਦੀ ਐ,***
  ***ਉਹ ਤਾਂ ਜਲ ਕੇ ਹੋ ਜੇ ਫੂਲਾਂ ਦੇ ਭਾਰ ਦਾ।***
  ***ਖੋਟਿਓਂ ਖਰਾ ਬਣਾ ਲੇ ਸੋਨੇ ਵਾਂਗੂੰ ਸੋਧ ਕੇ,***
  ***ਇਹੀ ਕੰਮ ਹੈ ਵੀਰੋ ਸਤਗੁਰ ਤੇ ਸੁਨਿਆਰ ਦਾ।***
- ***ਛੈਣੀ ਕਾਹਦੀ ਜਿਹੜੀ ਲੋਹੇ ਨੂੰ ਨਾ ਵਢਦੀ ਐ,***
  ***ਸਾਬਣ ਕਾਹਦਾ ਜਿਹੜਾ ਮੈਲ ਨਾ ਨਿਖਾਰੇ।***
  ***ਧੋਬੀ ਕਾਹਦਾ ਜੀਹਤੋਂ ਬਸਤਰ ਉਜਲੇ ਹੁੰਦੇ ਨੀ,***
  ***ਬੇੜਾ ਕਾਹਦਾ ਜਿਹੜਾ ਪਾਰ ਨਾ ਉਤਾਰੇ।***

ਇਸ ਗਰੁੱਪ ਵਿਚ ਸ਼ਾਮਲ ਜਗਤ ਰਾਮ ਤੇ ਉਸਦੇ ਦੋਵੇਂ ਸਾਥੀ ਖੇਤੀਬਾੜੀ ਦਾ ਕਾਰੋਬਾਰ ਕਰਦੇ ਹਨ। ਵਿਹਲ ਕੱਢ ਕੇ ਆਪਣਾ ਸ਼ੌਕ ਪੂਰਦੇ ਹਨ ਅਤੇ ਮੇਲਿਆਂ ਤੇ ਹਾਜ਼ਰੀ ਜ਼ਰੂਰ ਲੁਆਉਂਦੇ ਹਨ ਪਰ ਅਖਾੜੇ ਵਿਚ ਪੈਸਾ ਨਹੀਂ ਲੈਂਦੇ। ਪਰਮਾਤਮਾ ਉਨ੍ਹਾਂ ਦੀਆਂ ਸਿਹਤਾਂ ਕਾਇਮ ਰੱਖੇ ਤਾਂ ਕਿ ਉਹ ਹਰਿਆਣੇ ਵਿਚ ਰਹਿੰਦੇ ਹੋਏ ਪੰਜਾਬੀ ਲੋਕ ਸੰਗੀਤ ਦੀ ਸੰਭਾਲ ਵਿਚ ਆਪਣਾ ਹਿੱਸਾ ਪਾਉਂਦੇ ਰਹਿਣ।

## ਸੁਦਾਗਰ ਸਿੰਘ ਗਾਲਬ ਕਲਾਂ

ਲੋਕ ਢਾਡੀਆਂ ਦੀ ਫਹਿਰਿਸਤ ਵਿਚ ਇੱਕ ਹੋਰ ਨਾਂ ਸ਼ਾਮਲ ਹੈ — ਸੁਦਾਗਰ ਸਿੰਘ ਗਾਲਬ ਜੋ ਵਰਤਮਾਨ ਸਮੇਂ ਵਿਚ ਇਸ ਲੋਕ ਕਲਾ ਨਾਲ ਜੁੜਿਆ ਹੋਇਆ ਹੈ ਅਤੇ ਇਸ ਦੇ ਭੰਡਾਰ ਨੂੰ ਪ੍ਰਫੁੱਲਤ ਕਰਨ ਲਈ ਆਪਣਾ ਯੋਗਦਾਨ ਪਾਉਣ ਦਾ ਯਤਨ ਕਰ ਰਿਹਾ ਹੈ।

ਸੁਦਾਗਰ ਸਿੰਘ ਦਾ ਜਨਮ ਪਹਿਲੀ ਜਨਵਰੀ ਉਨੀ ਸੌ ਸੈਂਤੀ ਨੂੰ ਸ੍ਰ: ਕੇਹਰ ਸਿੰਘ ਦੇ ਘਰ ਪਿੰਡ ਗਾਲਬ ਕਲਾਂ ਵਿਖੇ ਹੋਇਆ। ਮੁਢਲੀ ਪੜ੍ਹਾਈ ਉਸਨੇ ਆਪਣੇ ਪਿੰਡ ਗਾਲਬ ਕਲਾਂ ਵਿਖੇ ਪ੍ਰਾਪਤ ਕੀਤੀ। ਉਹ ਮਿਡਲ ਪਾਸ ਹੈ। ਚੜ੍ਹਦੀ ਜਵਾਨੀ ਵਿਚ ਉਹ ਫੌਜ ਵਿੱਚ ਭਰਤੀ ਹੋ ਗਿਆ। ਫੌਜ ਵਿਚ ਨੌਕਰੀ ਸਮੇਂ ਬਹੁਤਾ ਸਮਾਂ ਉਹ ਬੰਬਈ ਵਿਖੇ ਰਿਹਾ। 1972 ਵਿਚ ਪੰਦਰਾਂ ਸਾਲਾਂ ਦੀ ਫੌਜੀ ਨੌਕਰੀ ਕਰਕੇ ਉਹ ਪੈਨਸ਼ਨੀਆਂ ਬਣ ਕੇ ਪਿੰਡ ਆ ਗਿਆ। 'ਗੌਣ' ਵੱਲ ਰੁਚੀ ਭਾਵੇਂ ਬਚਪਨ ਤੋਂ ਸੀ, ਪਰ ਗਾਇਕੀ ਦੀ ਅਸਲ ਚੇਟਕ ਉਸਨੂੰ ਨੌਕਰੀ ਤੋਂ ਬਾਅਦ ਪਿੰਡ ਆ ਕੇ ਹੀ ਲੱਗੀ। ਢਾਡੀ ਚੰਦ ਸਿੰਘ ਗਾਲਬ ਜੋ ਚੰਨਣ ਸਿੰਘ ਚੂਹੜ ਚੱਕ ਦਾ ਚੇਲਾ ਸੀ ਸੁਦਾਗਰ ਦਾ ਪ੍ਰੇਰਨਾ ਸ੍ਰੋਤ ਬਣਿਆਂ । ਹੌਲੀ-ਹੌਲੀ ਕੁਝ ਕਲੀਆਂ ਯਾਦ ਕਰ ਲਈਆਂ ਅਤੇ ਸ਼ੌਕ ਵਜੋਂ ਆਪਣੇ ਪਿੰਡ ਵਾਲੇ ਢਾਡੀਆਂ ਨਾਲ ਗਾਉਣ ਲੱਗ ਪਿਆ।

ਕਹਿੰਦੇ ਨੇ ਕਿ ਗੁਰੂ ਬਿਨਾਂ ਗਤ ਨਹੀਂ। ਇਸੇ ਲਈ ਸੁਦਾਗਰ ਨੇ ਪਿੰਡ ਬੁੱਟਰ ਦੇ ਵਿਸਾਖੀ ਦੇ ਮੇਲੇ 'ਤੇ ਉਸ ਸਮੇਂ ਦੇ ਇਲਾਕੇ ਦੇ ਮਸ਼ਹੂਰ ਢਾਡੀ ਸ਼ੇਰ ਸਿੰਘ ਬਲੋਵਾਲ ਨੂੰ ਰਸਮੀ ਤੌਰ ਤੇ ਉਸਤਾਦ ਧਾਰ ਲਿਆ। ਆਪਣੀ ਮਿਹਨਤ ਅਤੇ ਉਸਤਾਦ ਦੀ ਸਿੱਖਿਆ ਕਾਰਨ ਛੇਤੀ ਹੀ ਆਗੂ ਬਣ ਕੇ ਗਾਉਣਾ ਸ਼ੁਰੂ ਕਰ ਦਿੱਤਾ। ਇਲਾਕੇ ਦੇ ਪ੍ਰਸਿੱਧ ਲੋਕ ਮੇਲਿਆਂ ਜਗਰਾਵਾਂ ਦੀ ਰੋਸ਼ਨੀ, ਛਪਾਰ ਦਾ ਮੇਲਾ, ਜਰਗ ਦਾ ਮੇਲਾ ਆਦਿ 'ਤੇ ਅਖਾੜੇ ਲਾਉਣੇ ਸ਼ੁਰੂ ਕਰ ਦਿੱਤੇ।

ਆਮ ਪ੍ਰਚੱਲਤ ਲੋਕ ਗਾਥਾਵਾਂ ਵਿਚੋਂ ਹੀ ਉਹ ਕਲੀਆਂ ਗਾਉਂਦਾ ਹੈ। 'ਹੀਰ ਰਾਂਝਾ' ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ ਪਿਆਰ ਕਿੱਸੇ, ਪੂਰਨ ਭਗਤ, ਸ਼ਾਹਣੀ ਕੌਲਾਂ ਭਗਤੀ ਗਾਥਾਵਾਂ ਤੋਂ ਬਿਨਾਂ ਦੁੱਲਾ ਭੱਟੀ, ਜੈਮਲ ਫੱਤਾ ਬੀਰ ਗਾਥਾਵਾਂ ਵਿਚੋਂ ਮੌਕੇ ਮੁਤਾਬਿਕ ਸਰੋਤਿਆਂ ਦੀ ਮੰਗ ਅਨੁਸਾਰ ਪ੍ਰਸੰਗ ਗਾਏ ਜਾਂਦੇ ਹਨ। ਉਂਝ ਮੇਲਿਆਂ 'ਤੇ ਜ਼ਿਆਦਾਤਰ 'ਹੀਰ' ਗਾਈ ਜਾਂਦੀ ਹੈ।

ਸੁਦਾਗਰ ਸਿੰਘ ਦੇ ਗਰੁੱਪ ਵਿਚ ਹੰਢੇ ਹੋਏ ਤੇ ਤਜ਼ਰਬੇਕਾਰ ਸਾਥੀ ਹਨ। ਅੱਸੀਆਂ ਸਾਲਾਂ ਨੂੰ ਢੁਕਿਆ, ਉਚਾ ਲੰਮਾ, ਸ਼ੁਕੀਨ ਦਲੀਪ ਸਿੰਘ ਜੇਠੂਕੇ ਚੋਟੀ ਦਾ ਸਾਰੰਗੀ ਵਾਦਕ

ਦੇਖਣ ਨੂੰ ਪੰਤਾਲੀਆਂ ਦਾ ਗੱਭਰੂ ਪ੍ਰਤੀਤ ਹੁੰਦਾ ਹੈ। ਦਲੀਪ ਸਿੰਘ ਨੇ ਲੰਮੇ ਸਮੇਂ ਦੀ ਸਾਧਨਾ ਨਾਲ ਆਪਣੀ ਕਲਾ ਨੂੰ ਨਿਖਾਰਿਆ ਹੈ। ਉਹ ਪੰਜ ਗਰਾਈਆਂ ਵਾਲੇ ਜਾਗਰ ਸਿੰਘ ਦਾ ਚੇਲਾ ਹੈ ਅਤੇ ਪੂਰੇ ਤੀਹ ਸਾਲ ਉਸਤਾਦ ਦੀ ਛਤਰ ਛਾਇਆ ਹੇਠ ਰਿਹਾ। ਇਸ ਤੋਂ ਬਾਅਦ ਪ੍ਰਸਿੱਧ ਢਾਡੀ ਕਪੂਰ ਸਿੰਘ ਜੌਹਲਾਂ (ਰਾਏਕੋਟ ਨੇੜੇ) ਵਾਲੇ ਨਾਲ ਪੱਚੀ ਸਾਲ ਸੰਗਤ ਕੀਤੀ। ਇਸ ਤਰ੍ਹਾਂ ਉਸਨੇ ਸਾਰਾ ਜੀਵਨ ਇਸ ਕਲਾ ਨੂੰ ਸਮਰਪਿਤ ਕਰ ਦਿੱਤਾ ਅਤੇ ਹੁਣ ਸੁਦਾਗਰ ਸਿੰਘ ਨਾਲ ਰਹਿ ਕੇ ਲੋਕ ਢਾਡੀ ਕਲਾ ਦੀ ਨੁਹਾਰ ਨੂੰ ਨਿਖਾਰਨ ਦੇ ਯਤਨਾਂ ਵਿਚ ਰੁਝਿਆ ਹੋਇਆ ਹੈ।

ਸੁਦਾਗਰ ਸਿੰਘ ਦਾ ਤੀਜਾ ਸਾਥੀ ਪਾਛੂ ਢਾਡੀ ਹੈ ਜਿਲ੍ਹਾ ਮੋਗਾ ਦੀ ਤਹਿਸੀਲ ਨਿਹਾਲ ਸਿੰਘ ਵਾਲਾ ਦੇ ਪਿੰਡ ਹਿੰਮਤਪੁਰਾ ਦਾ ਅਠਾਹਟ ਸਾਲਾ ਜੰਗੀਰ ਸਿੰਘ। ਇਸ ਨੂੰ ਗਾਇਕੀ ਦੀ ਚੇਟਕ ਆਪਣੇ ਫੁੱਫੜ ਸਪੂਰਾ ਸਿੰਘ ਜਲਾਲਦੀ ਵਾਲ ਤੋਂ ਲੱਗੀ। ਇਸ ਨੇ ਹਮੀਰਾ ਵਾਲਾ ਬੁਰਜ਼ (ਸਰਦਾਰਾਂ ਦਾ ਪਿੰਡ) ਦੇ ਮਸ਼ਹੂਰ ਗਮੰਤਰੀ ਮਹਿੰਦਰ ਸਿੰਘ ਨੂੰ ਉਸਤਾਦ ਧਾਰਿਆ ਅਤੇ ਕਾਫੀ ਸਮਾਂ ਉਸਦੇ ਨਾਲ ਗਾਇਆ। ਉਸਤੋਂ ਬਾਅਦ ਹਮੀਰਾ ਵਾਲਾ ਬੁਰਜ਼ ਦੇ ਹੀ ਮੁਕੰਦ ਸਿੰਘ ਤੇ ਹਜੂਰਾ ਸਿੰਘ (ਦੋਵੇਂ ਸਕੇ ਭਰਾ) ਨਾਲ ਪੂਰੇ ਪੱਚੀ ਸਾਲ ਗਾਉਂਦਾ ਰਿਹਾ ਹੈ, ਅੱਜ ਕੱਲ੍ਹ ਸੁਦਾਗਰ ਸਿੰਘ ਨਾਲ ਪਾਛੂ ਢਾਡੀ ਵਜੋਂ ਗਾ ਰਿਹਾ ਹੈ।

ਸੁਦਾਗਰ ਸਿੰਘ ਜਰਗ, ਛਪਾਰ ਦੇ ਲੋਕ ਮੇਲਿਆਂ ਤੋਂ ਇਲਾਵਾ ਨੈਣਾਂ ਦੇਵੀ, ਪਹੋਏ ਅਤੇ ਕਪਾਲ ਮੋਚਨ ਦੇ ਮੇਲਿਆਂ 'ਤੇ ਵੀ ਆਪਣੇ ਗਰੁੱਪ ਸਮੇਤ ਹਾਜ਼ਰੀ ਲੁਆਉਂਦਾ ਹੈ। ਇਸ ਦੇ ਨਾਲ ਨਾਲ ਪ੍ਰਮੁੱਖ ਸੱਭਿਆਚਾਰਕ ਮੇਲਿਆਂ ਜਿਥੇ ਲੋਕ ਢਾਡੀਆਂ ਦੀ ਕਲਾ ਨੂੰ ਅਵਾਮ ਸਾਹਮਣੇ ਲਿਆਂਦਾ ਜਾਂਦਾ ਹੈ, ਉਥੇ ਵੀ ਉਹ ਆਪਣੇ ਸਾਥੀਆਂ ਸਮੇਤ ਪਹੁੰਚਦਾ ਹੈ। ਲੋਕ ਢਾਡੀ ਕਲਾ ਵਿਚ ਚਿਰ ਸਥਾਈ ਨਾਂ ਬਣਾਉਣ ਲਈ ਸੁਦਾਗਰ ਸਿੰਘ ਨੂੰ ਖੁਦ ਕਾਫੀ ਮਿਹਨਤ ਕਰਨ ਦੀ ਲੋੜ ਹੈ। ਜੇ ਕਰ ਉਹ ਲਗਨ ਨਾਲ ਮਿਹਨਤ ਕਰਦਾ ਰਿਹਾ ਤਾਂ ਉਹ ਇਸ ਕਲਾ ਦੇ ਇਤਿਹਾਸ ਵਿਚ ਜ਼ਰੂਰ ਆਪਣਾ ਨਾਂ ਦਰਜ ਕਰਵਾ ਦੇਵੇਗਾ।

# ਗੁਰਨਾਮ ਸਿੰਘ ਗੁਪਾਲਪੁਰ ਸਾਜ਼ੀ

ਲੋਕ ਢਾਡੀ ਕਲਾ ਦੇ ਖੇਤਰ ਵਿਚ ਅਨੇਕਾਂ ਪ੍ਰਸਿੱਧ ਸਾਰੰਗੀਵਾਦਕ ਹੋਏ ਹਨ ਜਿਵੇਂ ਨੱਥੇ ਖਾਂ ਤੇ ਛਾਂਗਾ ਰੰਗੀਆਂ ਵਾਲੇ, ਸੁੱਚਾ ਸਿੰਘ ਖਟੜਿਆਂ ਵਾਲਾ, ਕਰਨੈਲ ਸਿੰਘ ਅਪਰੇ ਵਾਲਾ, ਮੋਹਣ ਸਿੰਘ ਬਿੰਡਾ, ਹਰੀ ਸਿੰਘ ਗੁਰਮਾਂ ਵਾਲਾ ਆਦਿ। ਵਰਤਮਾਨ ਸਾਰੰਗੀਵਾਦਕਾਂ ਵਿਚ ਗੁਰਨਾਮ ਸਿੰਘ ਗੁਪਾਲਪੁਰ ਚੋਟੀ ਦਾ ਸਾਰੰਗੀਵਾਦਕ ਹੈ।

ਗੁਰਨਾਮ ਸਿੰਘ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪ੍ਰਸਿੱਧ ਕਸਬੇ ਡੇਹਲੋਂ ਨੇੜਲੇ ਪਿੰਡ ਗੁਪਾਲਪੁਰ ਵਿਖੇ 1930 ਵਿਚ ਪਿਤਾ ਚੰਨਣ ਸਿੰਘ ਦੇ ਘਰ ਮਾਤਾ ਚੰਦ ਕੌਰ ਦੀ ਕੁੱਖੋਂ ਹੋਇਆ। ਪੰਜ ਭਾਈਆਂ ਵਿਚੋਂ ਗੁਰਨਾਮ ਸਭ ਤੋਂ ਵੱਡਾ ਹੈ। ਬਚਪਨ ਵਿਚ ਜਦੋਂ ਬਾਬੇ ਸੁੰਦਰ ਸਿੰਘ ਦੇ ਘਨੇੜੇ ਚੜ੍ਹਕੇ ਡੇਹਲੋਂ ਦੁਸਹਿਰਾ ਦੇਖਣ ਜਾਂਦਾ ਸੀ ਤਾਂ ਉਥੇ ਪੰਡਤ ਕਾਂਸ਼ੀ ਰਾਮ ਦਾ ਗੌਣ ਜਰੂਰ ਸੁਣਦੇ ਸਨ ਕਿਉਕਿ ਬਾਬੇ ਨੂੰ ਗੌਣ ਸੁਣਨ ਦਾ ਸ਼ੌਕ ਸੀ। ਏਥੋਂ ਹੀ ਹੌਲੀ-ਹੌਲੀ ਗੁਰਨਾਮ ਨੂੰ ਵੀ ਇਸਦੀ ਚੇਟਕ ਲੱਗ ਗਈ। ਆਪਣੇ ਸ਼ੌਕ ਨੂੰ ਪੂਰਾ ਕਰਨ ਲਈ ਚੌਦਾਂ ਸਾਲ ਦੀ ਉਮਰ ਵਿਚ ਪੰਡਤ ਕਾਂਸ਼ੀ ਰਾਮ ਨੂੰ ਹੀ ਉਸਤਾਦ ਧਾਰ ਲਿਆ। ਪੰਜ ਸਾਲ ਉਨ੍ਹਾਂ ਕੋਲ ਰਹਿਕੇ ਢਾਡੀ ਰਾਗ ਦੀ ਸਿਖਿਆ ਪ੍ਰਾਪਤ ਕੀਤੀ। ਹੀਰ, ਪੂਰਨ, ਰਸਾਲੂ, ਕੌਲਾਂ, ਜਗਦੇਵ ਪਮਾਰ, ਪ੍ਰਿਥੀ ਸਿੰਘ ਆਦਿ ਲੋਕ ਗਾਥਾਵਾਂ ਦੀਆਂ ਸੈਂਕੜੇ ਕਲੀਆਂ ਜੁਬਾਨੀ ਯਾਦ ਕੀਤੀਆਂ।

ਸਾਜ਼ ਦੀ ਸਿਖਿਆ ਤੋਂ ਬਿਨਾਂ ਉਸਨੇ ਆਪਣੇ ਆਪ ਨੂੰ ਅਧੂਰਾ ਸਮਝਿਆ। ਇਸ ਲਈ ਪੰਡਤ ਕਾਂਸ਼ੀ ਰਾਮ ਦੇ ਚੇਲੇ ਸੁੱਚਾ ਸਿੰਘ ਖਟੜਿਆਂ ਵਾਲੇ ਕੋਲੋਂ ਸਾਰੰਗੀ ਦੀ ਸਿਖਿਆ ਲੈਣ ਲਈ ਉਸਦੇ ਚਰਨੀਂ ਜਾ ਪਿਆ। ਸੁੱਚਾ ਸਿੰਘ ਆਪਣੇ ਸਮੇਂ ਦਾ ਪ੍ਰਸਿੱਧ ਸਾਰੰਗੀ ਵਾਦਕ ਸੀ। ਨਿਰੰਜਣ ਸਿੰਘ ਨਾਲ ਕਈ ਰਿਕਾਰਡਾਂ ਵਿਚ ਉਸਦੀ ਸਾਰੰਗੀ ਵੱਜੀ ਹੋਈ ਹੈ।

- ***ਜਦੋਂ ਰਾਂਝਾ ਮੁੜਕੇ ਆ ਗਿਆ ਰੰਗਪੁਰ ਖੇੜਿਆਂ ਤੋਂ,***
  ***ਹੁੰਮ ਹੁਮਾ ਕੇ ਕੁੜੀਆਂ ਹੋ ਸਿਆਲਾਂ ਦੀਆਂ ਆਈਆਂ।***
- ***ਹੀਰ ਨਿਕਾਹੀ ਖਬਰਾਂ ਹੋਈਆਂ ਕੁਲ ਜਹਾਨ ਤੇ,***
  ***ਲਿਖਕੇ ਚਿੱਠੀ ਭਾਬੀਆਂ ਨੇ ਰਾਂਝੇ ਨੂੰ ਪਾਈ।***

ਗੁਰਨਾਮ ਨੇ ਜੱਖੋਵਾਲ ਦੇ ਸੰਤ ਸਿੰਘ ਜੋ ਮੁਨਸ਼ੀ ਰਾਮ ਦਾ ਚੇਲਾ ਸੀ ਨਾਲ ਗਰੁੱਪ ਬਣਾ ਲਿਆ ਅਤੇ ਅਖਾੜੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਗਰੁੱਪ ਵਿਚ ਈਸ਼ਰ

ਸਿੰਘ ਉਨ੍ਹਾਂ ਦਾ ਤੀਜਾ ਸਾਥੀ ਸੀ। ਦੋ ਸਾਲ ਗੁਰਨਾਮ ਸਿੰਘ ਇਸ ਗਰੁੱਪ ਵਿਚ ਰਿਹਾ ਬਾਅਦ ਵਿਚ ਵੱਖ ਵੱਖ ਗਰੁੱਪਾਂ ਨਾਲ ਉਸਨੇ ਸਾਜ਼ੀ ਵਜੋਂ ਕੰਮ ਕੀਤਾ। ਕਾਂਸ਼ੀ ਰਾਮ ਦੇ ਚੇਲੇ ਖੰਡੂ ਡੇਹਲੋਂ ਵਾਲੇ ਨਾਲ ਛੇ ਸਾਲ ਰਿਹਾ। ਜੰਗੀਰ ਦਾਸ ਚਣਕੋਈਆਂ ਵਾਲਾ ਨਾਲ ਸੀ। ਫਿਰ ਕਾਂਸ਼ੀ ਰਾਮ ਦੇ ਪੋਤੇ ਵਿਦਿਆ ਸਾਗਰ ਨਾਲ ਪੰਜ ਸਾਲ ਸਾਜ਼ ਵਜਾਇਆ। ਤੀਜਾ ਸਾਥੀ ਚੰਨਣ ਸਿੰਘ ਸੌਂਟੀ ਸੀ। ਨਿਰੰਜਣ ਸਿੰਘ ਘਨੌਰ ਨਾਲ ਤਿੰਨ ਸਾਲ ਰਿਹਾ। ਬਾਬੂ ਸਿੰਘ ਰੌਣੀ ਨਾਲ ਵੀ ਕੁਝ ਸਮਾਂ ਲਾਇਆ। ਤੀਜਾ ਸਾਥੀ ਬਾਬੂ ਸਿੰਘ ਦਾ ਚੇਲਾ ਮਹਿੰਦਰ ਸਿੰਘ ਰੋਥੋ ਵਾਲਾ ਸੀ

ਗੋਸਲਾਂ ਵਾਲੇ ਵਲਾਇਤ ਖਾਂ ਨਾਲ ਪੂਰੇ ਪੰਜ ਸਾਲ ਰਿਹਾ। ਤੀਜਾ ਸਾਥੀ ਵਲਾਇਤ ਖਾਂ ਦਾ ਮੁੰਡਾ ਬਾਬੂ ਸੀ। ਇਸ ਜਥੇ ਨਾਲ ਗੁਰਨਾਮ ਭਾਰਤ ਦੇ ਵੱਖ ਵੱਖ ਰਾਜਾਂ ਵਿਚ ਆਪਣੀ ਕਲਾ ਦੇ ਜੌਹਰ ਦਿਖਾ ਕੇ ਆਇਆ। ਇਹ ਉਸ ਸਮੇਂ ਦੀ ਗੱਲ ਹੈ ਜਦੋਂ 1986 ਵਿਚ ਭਾਰਤ ਵਿਚ ਸਭਿਆਚਾਰਕ ਇਨਕਲਾਬ ਆਇਆ ਸੀ। ਇਹ ਜਥਾ ਉੱਤਰੀ ਖੇਤਰੀ ਸਭਿਆਚਾਰਕ ਕੇਂਦਰ ਵੱਲੋਂ ਦੱਖਣੀ ਭਾਰਤ ਦੇ ਰਾਜਾਂ ਗੋਆ, ਦਮਨ, ਕਰਨਾਟਕਾ, ਕੇਰਲਾ ਆਦਿ ਵਿਚ ਗਿਆ ਜਿਥੇ ਪੰਜਾਬ ਦੀ ਲੋਕ ਢਾਡੀ ਕਲਾ ਦਾ ਪ੍ਰਦਰਸ਼ਨ ਕਰਕੇ ਪੰਜਾਬ ਦਾ ਨਾਂ ਉਚਾ ਕੀਤਾ। ਇਸ ਤੋਂ ਇਲਾਵਾ ਪ੍ਰੋ: ਮੋਹਣ ਸਿੰਘ ਮੇਲੇ ਵਿਚ ਲੁਧਿਆਣੇ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਲੋਕ ਸੰਗੀਤ ਮੇਲੇ ਵਿੱਚ ਅਤੇ ਹੋਰ ਸਭਿਆਚਾਰਕ ਮੇਲਿਆਂ ਤੇ ਉਹ ਆਪਣੀ ਕਲਾ ਦੀ ਮਹਿਕ ਖਿਲਾਰ ਚੁੱਕਾ ਹੈ। ਅੱਜ ਕੱਲ੍ਹ ਉਹ ਗੁਰਮੇਲ ਪੰਧੇਰ ਰੋਹਟੀ ਅਜਨੌਦਾ ਦੇ ਜਥੇ ਨਾਲ ਸਾਜ਼ੀ ਵਜੋਂ ਕੰਮ ਕਰ ਰਿਹਾ ਹੈ। ਇਸ ਜਥੇ ਵਿਚ ਗੁਰਮੇਲ ਦਾ ਛੋਟਾ ਮੁੰਡਾ ਤੇ ਬਾਬੂ ਗੋਸਲਾਂ ਵਾਲਾ ਸ਼ਾਮਲ ਹਨ। ਇਸ ਜਥੇ ਨਾਲ ਕੁਝ ਕੈਸਟਾਂ ਵਿਚ ਵੀ ਗੁਰਨਾਮ ਸਿੰਘ ਦੀ ਸਾਰੰਗੀ ਦੇ ਸੁਰ ਟੁਣਕੇ ਹੋਏ ਹਨ।

ਮੱਧਰੇ ਕੱਦ ਦਾ ਪੰਝਤਰਾਂ ਨੂੰ ਟੱਪ ਚੁਕਿਆ ਗੁਰਨਾਮ ਪੂਰੀ ਚੜ੍ਹਦੀ ਕਲਾ ਵਿਚ ਹੈ। ਜਦੋਂ ਵੀ ਉਸ ਕੋਲ ਗੁਰਮੇਲ ਦਾ ਕੋਈ ਸੁਨੇਹਾ ਪਹੁੰਚਦਾ ਹੈ ਤਾਂ ਉਹ ਫਰਲੇ ਵਾਲੀ ਨਿਕੀ ਜਿਹੀ ਪੱਗ ਬੰਨ੍ਹਕੇ ਸਾਰੰਗੀ ਮੋਢੇ ਟੰਗ ਉਸ ਕੋਲ ਪਹੁੰਚ ਜਾਂਦਾ ਹੈ। ਉਸ ਦਾ ਇਕਲੌਤਾ ਪੁੱਤ ਆਪਣੇ ਪਿਓ ਦੀ ਲੀਹ ਤੇ ਨਹੀਂ ਤੁਰਿਆ। ਉਸਤਾਦੀ ਸ਼ਗਿਰਦੀ ਦੀ ਗੱਲ ਕਰਦਾ ਉਹ ਮਾਣ ਨਾਲ ਕਹਿੰਦਾ ਹੈ ਕਿ ਸਾਡੀ ਇਹ ਪਰੰਪਰਾ ਚੌਥੀ ਪੀੜ੍ਹੀ ਤੱਕ ਪਹੁੰਚ ਗਈ ਹੈ। ਭਾਵ ਪੰਡਤ ਕਾਂਸ਼ੀ ਰਾਮ ਤੋਂ ਸੁੱਚਾ ਸਿੰਘ ਰਾਹੀਂ ਹੁੰਦੀ ਹੋਈ ਗੁਰਨਾਮ ਦੇ ਚੇਲੇਂ ਨਵਜੋਤ ਸਿੰਘ ਜੋਤੀ ਜਰਗ ਵਾਲਾ ਤੱਕ। ਜੋਤੀ ਜਰਗ ਵਾਲਾ ਜੋ ਗੁਰਨਾਮ ਸਿੰਘ ਦਾ ਚੇਲਾ ਹੈ ਬੱਤੀਆਂ ਸਾਲਾਂ ਦਾ ਐਮ. ਏ. ਪਾਸ ਨੌਜਵਾਨ ਵਧੀਆ ਸਾਰੰਗੀ ਵਾਦਕ ਹੈ। ਲੋਕ ਢਾਡੀ ਕਲਾ ਲਈ ਵੀ ਇਹ ਸ਼ੁਭ ਸ਼ਗਨ ਹੈ।

## ਚੰਦ ਸਿੰਘ ਬਨੇਰਾ ਸਾਜ਼ੀ

ਲੋਕ ਢਾਡੀਆਂ ਵਿਚ ਬਹੁਤ ਸਾਰੇ ਚੋਟੀ ਦੇ ਸਾਰੰਗੀਵਾਦਕ ਹੋਏ ਹਨ ਜਿਨ੍ਹਾਂ ਨੇ ਸਮੇਂ-ਸਮੇਂ ਤੇ ਆਪਣੀ ਕਲਾ ਦਾ ਲੋਹਾ ਮਨਵਾਇਆ ਹੈ। ਅਜੋਕੇ ਸਾਰੰਗੀ ਵਾਦਕਾਂ ਵਿਚ ਚੰਦ ਸਿੰਘ ਬਨੇਰਾ ਇੱਕ ਵਧੀਆ ਸਾਰੰਗੀਵਾਦਕ ਹੈ।

ਚੰਦ ਸਿੰਘ ਦਾ ਜਨਮ 1935-36 ਦੇ ਕਰੀਬ ਪਿਤਾ ਕਿਸ਼ਨ ਸਿੰਘ ਦੇ ਘਰ ਮਾਤਾ ਨਰੈਣ ਕੌਰ ਦੀ ਕੁੱਖੋਂ ਪਿੰਡ ਸਬਜ਼ ਬਨੇਰਾ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ ਵਿਖੇ ਹੋਇਆ। ਇਹ ਉਹੀ ਸਬਜ਼ ਬਨੇਰਾ ਹੈ ਜੋ ਪ੍ਰਸਿੱਧ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਦਾ ਜਨਮ ਅਸਥਾਨ ਹੈ। ਚੰਦ ਸਿੰਘ ਆਪਣੇ ਛੇ ਭਰਾਵਾਂ ਵਿਚ ਸਭ ਤੋਂ ਵੱਡਾ ਹੈ। ਹੋਸ਼ ਸੰਭਾਲਦਿਆਂ ਹੀ ਸਕੂਲ ਜਾਣ ਦੀ ਥਾਂ ਡੰਗਰਾਂ ਪਿਛੇ ਲਗ ਗਿਆ। ਗੌਣ ਸੁਣਨ ਦਾ ਸ਼ੌਕ ਬਚਪਨ ਤੋਂ ਹੀ ਸੀ ਇਸ ਲਈ ਨੇੜੇ ਤੇੜੇ ਲੱਗਣ ਵਾਲੇ ਹਰ ਅਖਾੜੇ ਵਿਚ ਜਾ ਪਹੁੰਚਦਾ। ਪਿੰਡ ਦੀ ਗੁੱਗਾ ਮਾੜੀ ਤੇ ਹਰ ਸਾਲ ਨੌਵੀਂ ਨੂੰ ਮੇਲਾ ਭਰਦਾ ਸੀ। ਇਸ ਮੇਲੇ 'ਤੇ ਇਲਾਕੇ ਦੇ ਸਿਰਕੱਢ ਗਮੰਤਰੀ ਆਉਂਦੇ ਸਨ। ਏਥੇ ਹੀ ਉਸਨੇ ਚੜ੍ਹਦੀ ਜਵਾਨੀ ਦੇ ਦਿਨੀਂ ਅਖਾੜਾ ਲਾਉਣ੍ਹ ਆਏ ਪ੍ਰਸਿੱਧ ਗਮੰਤਰੀ ਜੰਗੀਰ ਸਿੰਘ ਮੂੰਗੋ ਨੂੰ ਆਪਣਾ ਉਸਤਾਦ ਬਣਾ ਲਿਆ ਅਤੇ ਉਸ ਦੇ ਨਾਲ ਹੀ ਚੱਲ ਪਿਆ। ਲਗਾਤਾਰ ਤਿੰਨ ਸਾਲ ਉਸਤਾਦ ਦੀ ਸੰਗਤ ਕੀਤੀ ਅਤੇ ਚੰਗਾ ਗਵੱਈਆ ਬਣ ਗਿਆ।

ਇਸ ਤੋਂ ਬਾਅਦ ਚੰਦ ਸਿੰਘ ਲੰਮਾ ਸਮਾਂ ਵੱਖ ਵੱਖ ਢਾਡੀ ਗਰੁੱਪਾਂ ਨਾਲ ਵਿਚਰਦਾ ਰਿਹਾ ਅਤੇ ਪੰਜਾਬ ਦੇ ਕੋਨੇ ਕੋਨੇ ਤੱਕ ਪਹੁੰਚ ਕੀਤੀ। ਇਹਨਾਂ ਵਿਚ ਪ੍ਰੀਤਮ ਸਿੰਘ ਪਹਾੜਪੁਰ, ਮੋਤੀ ਰੁੜਕੀਵਾਲਾ, ਪੰਡਤ ਰਾਮ ਪ੍ਰਤਾਪ ਹਥਨ ਵਾਲਾ ਆਦਿ ਦੇ ਗਰੁੱਪ ਸ਼ਾਮਲ ਹਨ। ਇਸ ਸਮੇਂ ਦੌਰਾਨ ਹੀ ਉਸਦੀ ਕਲਾ ਵਿਚ ਪਰਪੱਕਤਾ ਆਈ।

ਪ੍ਰਸਿੱਧ ਮੇਲਿਆਂ 'ਤੇ ਮਾਲਵੇ ਦੇ ਲਗਭਗ ਸਾਰੇ ਹੀ ਲੋਕ ਢਾਡੀ ਇਕੱਠੇ ਹੁੰਦੇ ਰਹਿੰਦੇ ਸਨ ਅਤੇ ਇੱਕ ਦੂਜੇ ਦੀ ਕਾਬਲੀਅਤ ਬਾਰੇ ਜਾਣੂੰ ਹੁੰਦੇ ਸਨ। 1977-78 ਵਿਚ ਚੰਦ ਸਿੰਘ ਉਸ ਸਮੇਂ ਦੇ ਪ੍ਰਸਿੱਧ ਗਮੰਤਰੀ ਵਲਾਇਤ ਖਾਂ ਗੋਸਲਾਂ ਵਾਲੇ (ਮਲੌਦ ਦੇ ਨੇੜਲਾ ਪਿੰਡ) ਦੇ ਗਰੁੱਪ ਵਿਚ ਸ਼ਾਮਲ ਹੋ ਗਿਆ। ਸਾਰੰਗੀ ਤਾਂ ਭਾਵੇਂ ਉਹ ਪਹਿਲਾਂ ਵੀ ਵਧੀਆ ਵਜਾਉਂਦਾ ਸੀ, ਪਰ ਵਲਾਇਤ ਖਾਂ ਨੇ ਉਸਨੂੰ ਇਸ ਸਾਜ਼ ਦੀਆਂ ਬਰੀਕੀਆਂ ਬਾਰੇ ਸਮਝਾਕੇ ਗੁੱਝੀਆਂ ਰਮਜ਼ਾਂ ਨੂੰ ਉਜਾਗਰ ਕੀਤਾ। ਚੌਦਾਂ ਵਰ੍ਹਿਆਂ ਦਾ ਲੰਮਾ ਅਰਸਾ ਵਲਾਇਤ ਖਾਂ ਦੀ ਸੰਗਤ ਵਿਚ ਰਹਿ ਕੇ ਉਹ ਸਾਰੰਗੀ ਦਾ ਉਸਤਾਦ ਬਣ ਗਿਆ। ਇਸ ਸਮੇਂ ਦੌਰਾਨ ਇਸ ਗਰੁੱਪ ਨਾਲ ਉਸਨੇ ਉਤਰੀ ਖੇਤਰੀ ਸਭਿਆਚਾਰਕ ਕੇਂਦਰ ਪਟਿਆਲਾ ਵੱਲੋਂ ਆਯੋਜਿਤ ਬਹੁਤ ਸਾਰੇ ਅੰਤਰਰਾਜੀ ਸਭਿਆਚਾਰਕ ਸਮਾਗਮਾਂ ਵਿਚ ਲੋਕ ਢਾਡੀ

ਕਲਾ ਦਾ ਪ੍ਰਦਰਸ਼ਨ ਕੀਤਾ। 1992 ਵਿਚ ਏਸੇ ਕੇਂਦਰ ਵੱਲੋਂ ਧੁਰ ਪੂਰਬੀ ਰਾਜਾਂ ਅਸਾਮ ਵਗੈਰਾ ਦਾ ਦੌਰਾ ਕੀਤਾ ਅਤੇ ਪੰਜਾਬ ਵੱਲੋਂ ਲੋਕ ਢਾਡੀ ਕਲਾ ਦੀ ਪ੍ਰਤੀਨਿਧਤਾ ਕੀਤੀ।

ਗੁਰਮੇਲ ਖਾਂ ਅਜਨੌਂਦੇ ਵਾਲੇ ਨਾਲ ਵੀ ਚੰਦ ਸਿੰਘ ਨੇ ਕਾਫੀ ਸਮਾਂ ਸਾਰੰਗੀ ਤੇ ਸਾਥ ਦਿੱਤਾ। ਪਿਛੇ ਜਿਹੇ ਕਪਾਲ ਮੋਚਨ ਦੇ ਮੇਲੇ ਤੇ ਡੋਹਲੋਂ ਵਾਲੇ ਪੰਡਤ ਵਿਦਿਆ ਸਾਗਰ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਉਹ ਉਸਦੇ ਗਰੁੱਪ ਵਿਚ ਸ਼ਾਮਲ ਹੋ ਗਿਆ। ਅੱਜ ਕੱਲ੍ਹ ਉਹ ਇਸੇ ਗਰੁੱਪ ਵਿਚ ਸਾਰੰਗੀ ਵਾਦਕ ਵਜੋਂ ਸੰਗਤ ਕਰ ਰਿਹਾ ਹੈ। ਲੰਮੇ ਕੱਦ ਅਤੇ ਪਤਲੇ ਸਰੀਰ ਵਾਲਾ ਚੰਦ ਸਿੰਘ ਜਦੋਂ ਵਜਦ ਵਿਚ ਆ ਕੇ ਸਾਰੰਗੀ ਦੀਆਂ ਤਾਰਾਂ ਤੇ ਘੁੰਗਰੂਆਂ ਬੰਨ੍ਹਿਆ ਗਜ਼ ਫੇਰਦਾ ਹੈ ਤਾਂ ਆਲੇ ਦੁਆਲੇ ਦੀ ਸੁੱਧ ਬੁੱਧ ਭੁੱਲ ਕੇ ਸਾਜ਼ ਨਾਲ ਹੀ ਇੱਕਸੁਰ ਹੋ ਜਾਂਦਾ ਹੈ। ਇੱਕ ਸਰੂਰ ਉਸਦੇ ਅੰਗ ਅੰਗ ਨੂੰ ਚੜ੍ਹ ਜਾਂਦਾ ਹੈ। ਸਾਜ਼ ਦੇ ਨਾਲ ਹੀ ਆਪਣੀ ਆਵਾਜ਼ ਦਾ ਜਾਦੂ ਜਦੋਂ ਉਹ ਕੁਝ ਸਿੱਖਿਆਦਾਇਕ ਅਤੇ ਪ੍ਰੇਰਨਾਤਮਕ ਸ਼ੇਅਰਾਂ ਰਾਹੀਂ ਸਰੋਤਿਆਂ ਤੇ ਵਿਖੇਰਦਾ ਹੈ ਤਾਂ ਉਹ ਮੰਤਰ ਮੁਗਧ ਹੋ ਜਾਂਦੇ ਹਨ:

- *ਪੀਰ, ਫਕੀਰ ਨਾ ਔਲੀਆ ਰਿਹਾ ਜੱਗ ਤੇ,*
  *ਐਵੇਂ ਕੂੜ ਦੇ ਪੈਰ ਪਸਾਰਨਾ ਕੀ ।*
  *ਜਿਹੜਾ ਮਰ ਗਿਆ ਕਿਸੇ ਦੀ ਯਾਦ ਅੰਦਰ,*
  *ਉਹਨੇ ਕਿਸੇ ਦਾ ਕੰਮ ਸੰਵਾਰਨਾ ਕੀ ।*
  *ਖਾਤਰ ਪੇਟ ਦੀ ਕਰੇ ਉਠ ਨਿੱਤ ਬਦੀਆਂ,*
  *ਉਹਨੇ ਕਿਸੇ ਦਾ ਭਲਾ ਗੁਜਾਰਨਾ ਕੀ ।*
- *ਨੀ ਤੂੰ ਕੱਚੀਏ ਦੇਹੀਏ ਵਿਣਸ ਜੇਂ ਗੀ,*
  *ਇੱਕ ਦਿਨ ਅੱਗ ਦੀ ਕਰਨ ਖੁਰਾਕ ਤੈਨੂੰ ।*
  *ਪੁੱਜ ਜਾਵੇਂਗੀ ਸਹੀ ਤੂੰ ਕੀਮਤਾਂ ਤੇ,*
  *ਜਦੋਂ ਰਹੀ ਨਾ ਕਿਸੇ ਦੀ ਝਾਕ ਤੈਨੂੰ ।*
  *ਬਣਜਾ ਭੀਲਣੀ ਜੰਗਲਾਂ ਵਿਚ ਡੇਰੇ,*
  *ਫੇਰ ਸੁਣੇਗੀ ਰਾਮ ਦੀ ਹਾਕ ਤੈਨੂੰ ।*
  *ਕਵੀ ਰਾਜ ਤੂੰ ਗੁਰੂ ਦੇ ਲੱਗ ਚਰਨੀਂ,*
  *ਹੱਥ ਫੇਰਕੇ ਕਰਨਗੇ ਪਾਕ ਤੈਨੂੰ ।*
- *ਮਿੱਤਰਾਂ ਦੇ ਨਾਲ ਠੱਗੀਆਂ ਕਰਦੇ,*
  *ਹੁੰਦੇ ਜਨਮ ਕਸਾਈ ।*

*ਕੁੰਭੀ ਨਰਕ ਉਹਨਾਂ ਦਾ ਵਾਸਾ,*
*ਜਿਹੜੇ ਨਿੰਦਿਆ ਕਰਨ ਪਰਾਈ।*

ਚੰਦ ਸਿੰਘ ਅਕਸਰ ਹੀਰੋਂ ਝਾੜੋਂ ਵਾਲੇ ਸੰਤਾਂ ਕੋਲ ਜਾਂਦਾ ਰਹਿੰਦਾ ਹੈ ਅਤੇ ਕਈ-ਕਈ ਦਿਨ ਉਥੇ ਲਾ ਆਉਂਦਾ ਹੈ। ਇਹ ਸੰਤ ਭਲਵਾਨਾਂ ਦੇ ਨਾਲ ਨਾਲ ਗਮੰਤਰੀਆਂ ਨੂੰ ਵੀ ਸਰਪ੍ਰਸਤੀ ਦੇ ਰਹੇ ਹਨ। ਸਲਾਣੇ ਦੀ ਛਿੰਝ ਜਿਥੇ ਲਗਾਤਾਰ ਤਿੰਨ ਦਿਨ ਪੂਰਨ ਹੀ ਗਾਇਆ ਜਾਂਦਾ ਹੈ ਤੇ ਵੀ ਚੰਦ ਸਿੰਘ ਕਈ ਵਾਰ ਹਾਜ਼ਰੀ ਲੁਆ ਚੁੱਕਾ ਹੈ। ਉਹ ਆਪਣੀ ਲੰਮੀ ਚੌੜੀ ਕਬੀਲਦਾਰੀ ਜਿਸ ਵਿਚ ਉਸਦੇ ਛੇ ਲੜਕੇ ਸ਼ਾਮਲ ਹਨ ਨੂੰ ਨਿਪਟਾ ਚੁੱਕਾ ਹੈ। ਭਾਵ ਸਭ ਆਪੋ ਆਪਣੀ ਜ਼ਿੰਮੇਵਾਰੀ ਸੰਭਾਲ ਰਹੇ ਹਨ। ਅੱਜ ਕੱਲ੍ਹ ਉਹ ਨਾਭਾ ਸ਼ਹਿਰ ਦੀ ਇਕ ਬਾਹਰਲੀ ਕਲੋਨੀ ਵਿਚ ਆਪਣੇ ਮਕਾਨ ਵਿਚ ਰਹਿ ਰਿਹਾ ਹੈ ਅਤੇ ਜਦੋਂ ਵੀ ਉਸਦੇ ਸਾਥੀਆਂ ਦਾ ਸੁਨੇਹਾ ਆਉਂਦਾ ਹੈ। ਮੋਢੇ ਸਾਰੰਗੀ ਟੁੰਗ ਕੇ ਉਹ ਉਹਨਾਂ ਨਾਲ ਪ੍ਰੋਗਰਾਮ ਤੇ ਚਲਾ ਜਾਂਦਾ ਹੈ।

# ਲੋਕ ਢਾਡੀ ਰਚਨਾਵਾਂ ਦੇ ਪ੍ਰਮੁਖ ਰਚਨਾਕਾਰ

ਇਸ ਪੁਸਤਕ ਵਿਚ ਜਿਥੇ ਲੋਕ ਢਾਡੀਆਂ ਦਾ ਭਰਪੂਰ ਜ਼ਿਕਰ ਹੋਇਆ ਹੈ ਉਥੇ ਉਨ੍ਹਾਂ ਰਚਨਾਕਾਰਾਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ ਜਿਨ੍ਹਾਂ ਦੀਆਂ ਲਿਖੀਆਂ ਹੋਈਆਂ ਰਚਨਾਵਾਂ ਇਹ ਢਾਡੀ ਗਾਉਂਦੇ ਰਹੇ ਹਨ ਤੇ ਗਾ ਰਹੇ ਹਨ। ਇਨ੍ਹਾਂ ਰਚਨਾਕਾਰਾਂ (ਕਵੀਸ਼ਰਾਂ) ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਾਰੇ (ਕੁਝ ਇੱਕ ਨੂੰ ਛੱਡ ਕੇ) ਖ਼ੁਦ ਆਪਣੀਆਂ ਰਚਨਾਵਾਂ ਨੂੰ ਗਾਉਂਦੇ ਰਹੇ ਹਨ ਅਤੇ ਆਪਣੇ ਸਮੇਂ ਦੇ ਨਾਮੀਂ ਕਵੀਸ਼ਰ ਜਾਂ ਢਾਡੀ ਸਨ। ਅਸਲੀਅਤ ਤਾਂ ਇਹ ਹੈ ਕਿ ਇਨ੍ਹਾਂ ਰਚਨਾਕਾਰਾਂ ਨੇ ਗਾਉਣਾ ਪਹਿਲਾਂ ਸ਼ੁਰੂ ਕੀਤਾ ਸੀ ਤੇ ਲੋੜ ਪੈਣ ਤੇ ਲਿਖਿਆ ਬਾਅਦ ਵਿਚ। ਇਨ੍ਹਾਂ ਦੀਆਂ ਰਚਨਾਵਾਂ ਲੋਕਾਂ ਵਿਚ ਏਨੀਆਂ ਮਕਬੂਲ ਹੋਈਆਂ ਕਿ ਇਨ੍ਹਾਂ ਦੇ ਚੇਲਿਆਂ ਅਤੇ ਬਾਅਦ ਵਾਲੇ ਢਾਡੀਆਂ ਤੇ ਕਵੀਸ਼ਰਾਂ ਲਈ ਇਹ ਪੂਜਣ ਯੋਗ ਗ੍ਰੰਥ ਬਣ ਗਈਆਂ।

ਇਨ੍ਹਾਂ ਰਚਨਾਕਾਰਾਂ ਦੇ ਜੀਵਨ ਤੋਂ ਅਤੇ ਇਨ੍ਹਾਂ ਦੀਆਂ ਰਚਨਾਵਾਂ ਦੀ ਮਕਬੂਲੀਅਤ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਇਨ੍ਹਾਂ ਨੇ ਪਿੰਗਲ ਦੀ ਸਿਖਿਆ ਦੇ ਨਾਲ ਨਾਲ ਪੁਰਾਤਨ ਤੇ ਸਮਕਾਲੀ ਗ੍ਰੰਥਾਂ (ਲਿਖਤਾਂ) ਦਾ ਗਹਿਰਾ ਅਧਿਐਨ ਕੀਤਾ ਹੋਇਆ ਸੀ। ਆਪਣੇ ਕਾਵਿ-ਗੁਰੂਆਂ ਦੀ ਸਿੱਖਿਆ, ਸੰਗਤ ਤੇ ਸਖਤ ਮਿਹਨਤ ਸਦਕਾ ਲੋਕ ਸਾਹਿਤ ਦੇ ਖੇਤਰ ਵਿਚ ਇਹ ਮੀਲ ਪੱਥਰ ਸਾਬਤ ਹੋਏ। ਇਨ੍ਹਾਂ ਨੇ ਕਿੱਸਾ-ਕਾਵਿ ਦੇ ਸਾਮੀ (ਅਰਬੀ,ਫਾਰਸੀ) ਆਧਾਰ ਵਾਲੇ ਸਨਾਤਨੀ ਸਿਧਾਂਤਾਂ (ਕਾਵਿ-ਵਿਧੀਆਂ) ਦੀ ਥਾਂ ਭਾਰਤੀ ਕਾਵਿ-ਸ਼ਾਸ਼ਤਰ (ਪਿੰਗਲ) ਦੇ ਸਿਧਾਂਤਾਂ ਨੂੰ ਅਪਣਾਇਆ। ਪਿੰਗਲ ਦੀ ਮਹੱਤਤਾ ਬਾਰੇ ਪ੍ਰਸਿੱਧ ਕਵੀਸ਼ਰ ਗੰਗਾ ਸਿੰਘ ਭੂੰਦੜ ਲਿਖਦਾ ਹੈ:-

- ***ਵਿਦਵਾਨ ਸੋਈ ਜਿਹੜਾ ਮਾਨ ਕੋ ਤਿਆਗ ਦੇਵੇ,***
  ***ਧਨਵਾਨ ਸੋਈ ਜਿਹੜਾ ਦਾਨ ਮੇਂ ਪਰਵੀਨ ਹੈ।***
  ***ਗੀਤਾ ਬਿਨਾਂ ਗਿਆਨ ਅਤੇ ਪਿੰਗਲ ਬਗੈਰ ਛੰਦ,***
  ***ਭੋਗ ਕੋਕ ਬਿਨਾਂ, ਪੂਛ ਪਸ਼ੂ ਪਰਾਧੀਨ ਹੈ।***

ਕਾਵਿ ਸਿਧਾਂਤਾਂ ਤੋਂ ਇਲਾਵਾ ਇਨ੍ਹਾਂ ਕਵੀਆਂ ਨੇ ਕਾਵਿ-ਰੂਪਾਂ (ਛੰਦ) ਨੂੰ ਵੀ ਭਾਰਤੀ ਕਾਵਿ ਸ਼ਾਸ਼ਤਰ ਦੇ ਨੇੜੇ ਰੱਖਿਆ ਹੈ। ਕਿੱਸਾ-ਕਾਵਿ ਦੇ ਮਕਬੂਲ ਕਾਵਿ-ਰੂਪ (ਛੰਦ) ਬੈਂਤ ਦੀ ਥਾਂ ਇਨ੍ਹਾਂ ਨੇ ਕਬਿੱਤ, ਦੋਹਰੇ, ਕੋਰੜੇ, ਕੁੰਡਲੀਆ, ਭਵਾਨੀ, ਕਲੀ ਆਦਿ ਛੰਦਾਂ ਦੀ ਵਰਤੋਂ ਕੀਤੀ ਹੈ। ਇਨ੍ਹਾਂ ਕਵੀਆਂ ਨੇ ਕੁਝ ਨਵੇਂ ਛੰਦ ਵੀ ਘੜੇ ਹਨ। ਵਿਸ਼ੇਸ਼ ਰੂਪ ਵਿਚ 'ਕਲੀ' ਛੰਦ ਇਨ੍ਹਾਂ ਦੀ ਪੰਜਾਬੀ ਕਾਵਿ-ਸਾਹਿਤ ਨੂੰ ਇੱਕ ਮਹੱਤਵਪੂਰਨ ਦੇਣ ਹੈ, ਜੋ ਨਿਰੋਲ ਮਲਵਈ ਕਵੀਸ਼ਰਾਂ ਦੀ ਘਾੜਤ ਹੈ। ਗੰਗਾ ਸਿੰਘ ਭੂੰਦੜ ਨੇ ਕਈ ਰਚਨਾਵਾਂ ਵਿਚ ਇਸ ਛੰਦ ਦੀ ਵਰਤੋਂ ਕੀਤੀ ਹੈ। ਹਜੂਰਾ ਸਿੰਘ ਦੀ ਸਮੁੱਚੀ ਹੀਰ ਏਸੇ ਛੰਦ ਵਿਚ ਹੈ। ਰਣ ਸਿੰਘ ਨੇ ਵੀ ਹੀਰ ਕਲੀਆਂ ਵਿਚ ਹੀ ਲਿਖੀ ਹੈ। ਬੰਸੀ ਰਾਮ ਨੌਹਰਾ ਦੀ ਹੀਰ ਵੀ ਕਲੀਆਂ ਵਿਚ ਹੀ ਹੈ। ਨੱਥਾ ਸਿੰਘ ਨਰੜੂ ਨੇ 'ਸੱਸੀ' ਅਤੇ ਦਿਲਾ ਰਾਮ ਭੂਦਨ ਨੇ 'ਬੇਗੋ ਨਾਰ' ਦਾ ਛੰਦ ਵੀ 'ਕਲੀ' ਹੀ ਰੱਖਿਆ ਹੈ। ਲੋਕ ਢਾਡੀਆਂ ਦਾ ਇਹ ਸਭ ਤੋਂ ਵੱਧ ਪਸੰਦੀ ਦਾ ਛੰਦ ਹੈ। ਏਸੇ ਲਈ ਉਕਤ ਰਚਨਾਵਾਂ ਅੱਜ ਵੀ ਇਨ੍ਹਾਂ ਵੱਲੋਂ ਗਾਈਆਂ ਜਾ ਰਹੀਆਂ ਹਨ।

ਇਨ੍ਹਾਂ ਕਵੀਆਂ ਦੀ ਦੂਜੀ ਵਿਸ਼ੇਸ਼ਤਾ ਹੈ ਪ੍ਰਚੱਲਤ ਕਥਾਵਾਂ ਨੂੰ ਪੌਰਾਣਿਕ ਆਧਾਰ ਪ੍ਰਦਾਨ ਕਰਨਾ। ਪਰੰਪਰਿਕ ਪ੍ਰੀਤ ਕਹਾਣੀਆਂ ਨੂੰ ਬਿਆਨ ਕਰਨ ਸਮੇਂ ਇਨ੍ਹਾਂ ਨੇ ਭਾਰਤੀ ਮਿੱਥਾਂ ਨੂੰ ਵਧੇਰੇ ਅਪਣਾਇਆ ਹੈ। ਰਣ ਸਿੰਘ ਦੀ ਹੀਰ ਵਿਚ ਰਾਂਝਾ ਪਹਿਲੇ ਜਨਮ ਵਿਚ ਦੇਵ ਰਾਜ ਇੰਦਰ ਦਾ ਪੁੱਤਰ ਜੈਨ ਸੀ ਤੇ ਹੀਰ ਕਰਮ ਪਰੀ ਦੀ ਧੀ ਭਾਗ ਪਰੀ ਸੀ। ਦੋਵੇਂ ਇੱਕ ਦੂਜੇ ਨੂੰ ਪਿਆਰ ਕਰਦੇ ਸਨ। ਇੰਦਰ ਦੇ ਸਰਾਪ ਕਾਰਨ ਇਨ੍ਹਾਂ ਨੇ ਮਾਤ ਲੋਕ ਵਿਚ ਜਨਮ ਲਿਆ। ਗੰਗਾ ਸਿੰਘ ਭੂੰਦੜ ਦੀ ਹੀਰ ਵਿਚ ਰਾਂਝਾ ਗੁਰੂ ਗੋਰਖ ਨਾਥ ਜਾਂ ਖੁਆਜ਼ਾ ਪੀਰ ਦੀ ਥਾਂ ਗੁਰੂ ਨਾਨਕ ਦੇਵ ਜੀ ਨੂੰ ਮਿਲਦਾ ਦਿਖਾਇਆ ਹੈ। ਹਜੂਰਾ ਸਿੰਘ ਦੀ ਹੀਰ ਵਿਚ ਪਟਕੇ ਦਾ ਪ੍ਰਸੰਗ ਵੀ ਇਸ ਦੀ ਇੱਕ ਉਦਾਹਰਣ ਹੈ। ਕਥਾਵਾਂ ਵਿਚਲੇ ਇਹ ਅੰਸ਼ ਸੁਤੇ ਸਿਧ ਹੀ ਇਨ੍ਹਾਂ ਰਚਨਾਵਾਂ ਵਿਚ ਆਏ ਹੋਏ ਹਨ। ਇਸ ਦਾ ਕਾਰਨ ਹੈ ਇਨ੍ਹਾਂ ਕਵੀਆਂ ਦੀ ਸਿੱਖਿਆ ਪ੍ਰਾਪਤੀ ਦਾ ਪਰੰਪਰਿਕ ਢੰਗ। ਇਨ੍ਹਾਂ ਸਾਰਿਆਂ ਨੇ ਪਿੰਡਾਂ ਵਿਚਲੇ ਸਾਧਾਂ ਸੰਤਾਂ ਦੇ ਉਨ੍ਹਾਂ ਡੇਰਿਆਂ ਤੋਂ ਸਿੱਖਿਆ ਗ੍ਰਹਿਣ ਕੀਤੀ ਹੈ, ਜਿਥੇ ਅੱਖਰ

ਗਿਆਨ, ਕਾਵਿ ਗਿਆਨ ਦੇ ਨਾਲ ਨਾਲ ਧਾਰਮਿਕ ਗ੍ਰੰਥਾਂ ਦਾ ਅਧਿਐਨ ਵੀ ਕਰਵਾਇਆ ਜਾਂਦਾ ਸੀ। ਇਸ ਅਧਿਐਨ ਦੀ ਛਾਪ ਇਨ੍ਹਾਂ ਦੇ ਅਚੇਤ ਮਨਾਂ ਉੱਤੇ ਪੱਕੀ ਤਰ੍ਹਾਂ ਲੱਗ ਚੁੱਕੀ ਸੀ, ਜੋ ਗਾਹੇ ਬਗਾਹੇ ਇਨ੍ਹਾਂ ਦੀਆਂ ਰਚਨਾਵਾਂ ਵਿਚ ਆਪ ਮੁਹਾਰੇ ਆਉਂਦੀ ਰਹੀ ਹੈ।

ਇਨ੍ਹਾਂ ਰਚਨਾਕਾਰਾਂ (ਕਵੀਸ਼ਰਾਂ) ਨੇ ਪੰਜਾਬੀ ਕਾਵਿ ਸਾਹਿਤ ਨੂੰ ਉਹ ਮਹਾਨ ਰਚਨਾਵਾਂ ਦਿੱਤੀਆਂ, ਜੋ ਹਰ ਪੱਖੋਂ ਉਚ ਪਾਏ ਦੀਆਂ ਹਨ। ਰੂਪ ਦੇ ਪੱਖੋਂ ਇਨ੍ਹਾਂ ਦਾ ਬਿੰਬ-ਵਿਧਾਨ, ਛੰਦ ਨਿਭਾਅ, ਸਾਦੀ ਤੇ ਸਰਲ ਬੋਲੀ ਆਦਿ ਅਜਿਹੇ ਗੁਣ ਹਨ, ਜਿਨ੍ਹਾਂ ਸਦਕਾ ਇਹ ਸ਼ਾਹਕਾਰ ਅਖਵਾਉਣ ਦੇ ਯੋਗ ਹਨ। ਅਫਸੋਸ ਦੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤੀਆਂ ਅਣਛਪੀਆਂ ਸਨ। ਇਹ ਜ਼ੁਬਾਨੀ-ਕਲਾਮੀ ਹੀ ਢਾਡੀਆਂ, ਕਵੀਸ਼ਰਾਂ ਰਾਹੀਂ ਚਲੀਆਂ ਆ ਰਹੀਆਂ ਹਨ। ਬਹੁਤ ਸਾਰਾ ਹਿੱਸਾ ਰਸਤੇ ਵਿਚ ਹੀ ਕਿਰਦਾ ਆ ਰਿਹਾ ਹੈ। ਲੋੜ ਹੈ ਇਨ੍ਹਾਂ ਨੂੰ ਖੋਜ ਕੇ ਇਕੱਠਾ ਕਰਨ ਦੀ ਤੇ ਪੁਸਤਕ ਰੂਪ ਵਿਚ ਸਾਂਭਣ ਦੀ।

ਪੁਸਤਕ ਦੇ ਇਸ ਭਾਗ ਵਿਚ ਕੁਝ ਇੱਕ ਗਿਣਤੀ ਦੇ ਰਚਨਾਕਾਰਾਂ ਬਾਰੇ ਸੰਖੇਪ ਜਿਹੀ ਜਾਣਕਾਰੀ ਦਿੱਤੀ ਜਾ ਰਹੀ ਹੈ, ਤਾਂ ਕਿ ਪਾਠਕ ਢਾਡੀਆਂ ਦੇ ਨਾਲ ਨਾਲ ਰਚਨਾਕਾਰਾਂ ਬਾਰੇ ਵੀ ਜਾਣਕਾਰੀ ਹਾਸਲ ਕਰ ਸਕਣ।

# ਹਜ਼ੂਰਾ ਸਿੰਘ ਬੁਟਾਹਰੀ

ਲੋਕ ਢਾਡੀਆਂ ਨੇ ਜਿਨ੍ਹਾਂ ਕਵੀਆਂ ਦੀਆਂ ਰਚਨਾਵਾਂ ਨੂੰ ਆਪਣੀਆਂ ਆਵਾਜ਼ਾਂ ਦਿੱਤੀਆਂ ਹਨ ਉਹਨਾਂ ਵਿਚੋਂ ਹਜ਼ੂਰਾ ਸਿੰਘ ਸਭ ਤੋਂ ਮੋਹਰੀ ਹੈ। ਆਮ ਅਖਾੜਿਆਂ ਤੋਂ ਬਿਨਾਂ ਕਾਲੇ ਤਵਿਆਂ ਵਿਚ ਜਿੰਨੀਆਂ ਹੀਰ ਦੀਆਂ ਕਲੀਆਂ ਰਿਕਾਰਡ ਹੋਈਆਂ ਉਨ੍ਹਾਂ ਵਿਚੋਂ ਦੋ ਤਿਹਾਈ ਹਜ਼ੂਰਾ ਸਿੰਘ ਦੀਆਂ ਲਿਖੀਆਂ ਹੋਈਆਂ ਹਨ। ਕਲੀ ਛੰਦ ਉਤੇ ਹਜ਼ੂਰਾ ਸਿੰਘ ਨੂੰ ਪੂਰਾ ਅਧਿਕਾਰ ਹੈ। ਹੀਰ ਕਾਵਿ ਵਿਚ ਜਿਵੇਂ ਵਾਰਸ ਨੂੰ ਬੈਂਤਾਂ ਦਾ ਬਾਦਸ਼ਾਹ ਕਿਹਾ ਜਾਂਦਾ ਹੈ, ਉਸੇ ਤਰ੍ਹਾਂ ਹਜ਼ੂਰਾ ਸਿੰਘ ਨੂੰ 'ਕਲੀਆਂ ਦਾ ਬਾਦਸ਼ਾਹ' ਕਹਿਣ ਵਿਚ ਕੋਈ ਅਤਕਥਨੀ ਨਹੀਂ। ਅਸਲ ਵਿਚ ਕਲੀ ਛੰਦ ਮਾਲਵੇ ਦੀ ਹੀ ਦੇਣ ਹੈ। ਸ਼ੁਰੂ ਵਿਚ ਭਾਵੇਂ ਕਵੀਸ਼ਰ ਇਸਨੂੰ ਅਖਾੜਿਆਂ ਵਿਚ ਕਵੀਸ਼ਰੀ ਰੂਪ ਵਿਚ ਭਾਵ ਬਿਨਾਂ ਸਾਜ਼ਾਂ ਤੋਂ ਗਾਉਂਦੇ ਸਨ ਪਰੰਤੂ ਬਾਅਦ ਵਿਚ ਢੱਡ ਸਾਰੰਗੀ ਨਾਲ ਗਾਉਣ ਵਾਲਿਆਂ ਨੇ ਜੋ ਪ੍ਰਸਿੱਧੀ ਕਲੀ ਛੰਦ ਨੂੰ ਦਿਵਾਈ ਉਹ ਆਪਣੇ ਆਪ ਵਿਚ ਇੱਕ ਮਹਾਨ ਪ੍ਰਾਪਤੀ ਹੈ। ਏਸੇ ਲਈ ਤਾਂ ਕਿਹਾ ਜਾਣ ਲੱਗ ਪਿਆ "ਢੱਡ ਸਾਰੰਗੀ ਵੱਜਦੀ ਮਾਲਵੇ, ਜੋੜੀ ਵੱਜਦੀ ਅੰਬਰਸਰ"। ਹਜ਼ੂਰਾ ਸਿੰਘ ਆਪ ਇਨ੍ਹਾਂ ਕਲੀਆਂ ਨੂੰ ਕਵੀਸ਼ਰੀ ਰੂਪ ਵਿਚ ਹੀ ਗਾਉਂਦਾ ਸੀ। ਪਰੰਤੂ ਉਸਦੇ ਬਹੁਤ ਸਾਰੇ ਚੇਲਿਆਂ ਤੇ ਦੂਜੇ ਗਮੰਤਰੀਆਂ ਨੇ ਇਹਨਾਂ ਨੂੰ ਢੱਡ ਸਾਰੰਗੀ ਨਾਲ ਗਾ ਕੇ ਸਮੁੱਚੇ ਪੰਜਾਬ ਦੇ ਕੋਨੇ ਕੋਨੇ ਤੱਕ ਪਹੁੰਚਾਇਆ।

ਹਜ਼ੂਰਾ ਸਿੰਘ ਦਾ ਜਨਮ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਬੁਟਾਹਰੀ ਵਿਖੇ ਸ੍ਰ: ਕਾਹਨ ਸਿੰਘ ਦੇ ਘਰ 1860 ਦੇ ਨੇੜੇ ਤੇੜੇ ਹੋਇਆ। ਇਹ ਗੋਤ ਦਾ ਗਰੇਵਾਲ ਜੱਟ ਸੀ। ਆਮ ਮਲਵਈ ਰਵਾਇਤਾਂ ਅਨੁਸਾਰ ਇਸਨੇ ਵੀ ਆਪਣੀ ਮੁਢਲੀ ਸਿੱਖਿਆ ਪਿੰਡ ਦੇ ਡੇਰੇ ਤੋਂ ਹੀ ਪ੍ਰਾਪਤ ਕੀਤੀ। ਚੜ੍ਹਦੀ ਜਵਾਨੀ ਵਿਚ ਆਪਣੇ ਅੰਦਰ ਪੈਦਾ ਹੋਈ ਗਾਇਕੀ ਦੀ ਭੁੱਖ ਨੂੰ ਮਿਟਾਉਣ ਲਈ ਇਹ ਲਹਿਲ ਪਿੰਡ ਦੇ ਸਾਧੂ ਲਹਿਣਾ ਸਿੰਘ ਦੇ ਚਰਨੀਂ ਜਾ ਪਿਆ। ਉਸਤਾਦ ਨੇ ਚੁੱਕ ਕੇ ਹਜ਼ੂਰਾ ਸਿੰਘ ਨੂੰ ਗਲ ਨਾਲ ਲਾ ਲਿਆ ਅਤੇ ਪਿੰਗਲ ਬੋਧ ਪ੍ਰਦਾਨ ਕੀਤਾ। ਛੇਤੀ ਹੀ ਹਜ਼ੂਰਾ ਸਿੰਘ ਨੇ ਇੱਕ ਵਧੀਆ ਕਵੀਸ਼ਰ ਬਣਕੇ ਉਸਤਾਦ ਦਾ ਨਾਂ ਰੋਸ਼ਨ ਕੀਤਾ।

ਹਜ਼ੂਰਾ ਸਿੰਘ ਨੇ ਲਗਾਤਾਰ ਕਈ ਦਹਾਕੇ ਕਵੀਸ਼ਰੀ ਕੀਤੀ ਅਤੇ ਮਾਲਵੇ ਦੇ ਕਵੀਸ਼ਰਾਂ ਵਿਚ ਮੋਹਰੀ ਰਿਹਾ। ਪੰਜਾਬ ਦੇ ਕੋਨੇ-ਕੋਨੇ ਵਿਚ ਉਸਨੇ ਪੈੜਾਂ ਕੀਤੀਆਂ। ਹਜ਼ੂਰਾ ਸਿੰਘ ਨੇ ਭਾਵੇਂ ਬਹੁਤ ਸਾਰੀਆਂ ਰਚਨਾਵਾਂ ਕੀਤੀਆਂ ਪਰ ਜੋ ਪ੍ਰਸਿੱਧੀ ਉਸਦੀ ਰਚਨਾ ਹੀਰ ਨੂੰ ਪ੍ਰਾਪਤ ਹੋਈ ਉਹ ਕਿਸੇ ਹੋਰ ਰਚਨਾ ਨੂੰ ਨਹੀਂ। ਉਸ ਸਮੇਂ ਹਰ ਕਵੀਸ਼ਰ 'ਪੱਤਲ' ਜਰੂਰ ਰਚਦਾ ਸੀ ਸੋ ਹਜ਼ੂਰਾ ਸਿੰਘ ਨੇ ਵੀ ਪੱਤਲ ਰਚੀ ਜੋ ਪ੍ਰਕਾਸ਼ਿਤ ਵੀ ਹੋਈ।

ਉਸਦੀਆਂ ਹੋਰ ਰਚਨਾਵਾਂ ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ, ਸੋਹਣੀ ਮਹੀਵਾਲ, ਪੂਰਨ ਭਗਤ, ਜਿਓਣਾ ਮੌੜ, ਦਹੂਦ ਬਾਦਸ਼ਾਹ, ਸ਼ਾਹਣੀ ਕੌਲਾਂ, ਜੈਮਲ ਫੱਤਾ, ਦੁੱਲਾ ਭੱਟੀ, ਸਾਕਾ ਸਰਹੰਦ, ਬਾਰਾਂ ਮਾਹ ਆਦਿ ਦੱਸੀਆਂ ਜਾਂਦੀਆਂ ਹਨ, ਜੋ ਪ੍ਰਕਾਸ਼ਿਤ ਨਹੀਂ ਹੋਈਆਂ।

ਉਸਦੀ ਹੀਰ ਦੇ ਖਰੜੇ ਵਿਚ 996 ਕਲੀਆਂ ਸ਼ਾਮਲ ਸਨ ਜੋ ਲਗਭਗ ਸੱਤ ਸੌ ਪੰਨੇ ਦਾ ਕਿੱਸਾ ਬਣ ਸਕਦਾ ਸੀ। ਪਰੰਤੂ ਉਸਨੇ ਆਪਣੇ ਸ਼ਗਿਰਦਾਂ ਦੀ ਸਲਾਹ ਕਾਰਨ ਇਸਨੂੰ ਪ੍ਰਕਾਸ਼ਿਤ ਨਹੀਂ ਕਰਵਾਇਆ। ਸਿੱਟੇ ਵਜੋਂ ਗਿਣਤੀ ਦੀਆਂ ਕਲੀਆਂ ਨੂੰ ਛੱਡਕੇ ਬਾਕੀ ਖਿੰਡਰ ਪੁੰਡਰ ਗਈਆਂ। ਕੁਝ ਇੱਕ ਨੂੰ ਇਸਦੇ ਸ਼ਗਿਰਦਾਂ ਨੇ ਆਪਣਾ ਨਾਂ ਪਾਕੇ ਵੇਚ ਦਿੱਤਾ। ਢਾਡੀ ਦੀਦਾਰ ਸਿੰਘ ਰਟੈਂਡੇ ਵਾਲੇ ਅਤੇ ਨਿਰੰਜਣ ਸਿੰਘ ਨੇ ਜ਼ਿਆਦਾਤਰ ਹਜ਼ੂਰਾ ਸਿੰਘ ਦੀਆਂ ਕਲੀਆਂ ਹੀ ਰਿਕਾਰਡ ਕਰਵਾਈਆਂ ਜੋ ਮਲਵਈਆਂ ਵਿਚ ਬੇਹੱਦ ਮਕਬੂਲ ਹੋਈਆਂ। ਹਜ਼ੂਰਾ ਸਿੰਘ ਨੇ ਹੀਰ ਦੇ ਕਿੱਸੇ ਨੂੰ ਮਲਵਈ ਰੰਗਣ ਦਿੱਤੀ। ਇਸ ਖਿੱਤੇ ਦੇ ਰਸਮ ਰਿਵਾਜ, ਰਹਿਣੀ ਬਹਿਣੀ, ਬੋਲ ਚਾਲ, ਕਾਰ ਵਿਹਾਰ ਨੂੰ ਉਸਨੇ ਇਸ ਕਿੱਸੇ ਵਿਚ ਪਰੋਇਆ ਹੈ। ਵਾਰਸ਼ ਸਾਹ ਦੇ ਕਿੱਸੇ ਨੂੰ ਆਪਣਾ ਆਧਾਰ ਨਹੀਂ ਬਣਾਇਆ ਸਗੋਂ ਸਥਾਨਕ ਲੋਕ ਬਿਰਤੀ ਅਨੁਸਾਰ ਕੁਝ ਵਾਧੇ ਘਾਟੇ ਕੀਤੇ ਹਨ ਕਈ ਨਵੇਂ ਉਪ ਪ੍ਰਸੰਗ ਵੀ ਜੋੜੇ ਹਨ, ਜੋ ਬਿਲਕੁਲ ਵੀ ਓਪਰੇ ਨਹੀਂ ਲਗਦੇ। ਮਲਵਈ ਲੋਕ ਮੁਹਾਵਰੇ ਨੂੰ ਕਾਵਿ ਵਿਚ ਇਸ ਤਰ੍ਹਾਂ ਵਿਉਂਤ ਬੱਧ ਕੀਤਾ ਹੈ, ਕਿ ਉਹਨਾਂ ਨੂੰ ਇਹ ਇਸੇ ਖਿੱਤੇ ਦੀ ਗਾਥਾ ਪ੍ਰਤੀਤ ਹੁੰਦੀ ਹੈ, ਏਸੇ ਕਾਰਨ ਉਸਦੀਆਂ ਕਲੀਆਂ ਬੱਚੇ ਬੱਚੇ ਦੀ ਜ਼ਬਾਨ ਤੇ ਚੜ੍ਹ ਗਈਆਂ।

ਹਜ਼ੂਰਾ ਸਿੰਘ ਦੇ ਚੇਲਿਆਂ ਵਿਚ ਹਰਨਾਮਾ ਮਸੀਹ ਬੁਟਾਹਰੀ, ਨਰੈਣ ਸਿੰਘ ਬੁਟਾਹਰੀ, ਡੋਗਰ ਛਪਾਰੀਆ, ਨਗੀਨਾ ਸਿੰਘ ਈਸੜੂ, ਬਲੀ ਸਿੰਘ ਬੱਸੀਆਂ, ਸੁੱਚਾ ਸਿੰਘ ਕਮਾਲਪੁਰ, ਕਰਤਾਰਾ ਕਬੂਤਰਾਂ ਵਾਲਾ ਆਦਿ ਸ਼ਾਮਲ ਹਨ। ਭਾਵੇਂ ਪੰਜਾਬ ਦੇ ਗਮੰਤਰੀਆਂ ਨੇ ਗੰਗਾ ਸਿੰਘ ਦੀ ਹੀਰ ਨੂੰ ਤੇ ਹੋਰ ਕੁੱਝ ਕਵੀਸ਼ਰਾਂ ਦੀ ਹੀਰ ਨੂੰ ਵੀ ਗਾਇਆ ਪਰ ਸਭ ਤੋਂ ਵੱਧ ਗਮੰਤਰੀਆਂ ਨੇ ਹਜ਼ੂਰਾ ਸਿੰਘ ਦੀ ਹੀਰ ਨੂੰ ਹੀ ਗਾਇਆ। ਪੰਡਤ ਕਾਂਸ਼ੀ ਰਾਮ ਦੇ ਜਿੰਨੇ ਸ਼ਗਿਰਦ ਹੋਏ ਸਭ ਹਜ਼ੂਰਾ ਸਿੰਘ ਦੀ ਹੀਰ ਹੀ ਗਾਉਂਦੇ ਸਨ ਅਤੇ ਗਾ ਰਹੇ ਹਨ।

ਹਜ਼ੂਰਾ ਸਿੰਘ ਦਾ ਵਿਆਹ ਚੜ੍ਹਦੀ ਜਵਾਨੀ ਵਿਚ ਹੀ ਹੋ ਗਿਆ ਸੀ। ਉਸਦੀ ਪਤਨੀ ਦਾ ਨਾਂ ਨਿਹਾਲ ਕੌਰ ਸੀ। ਭਾਵੇਂ ਉਸਨੇ ਇਸ਼ਕ ਦੀ ਗਲੀ ਵਿਚ ਪੈਰ ਪਾਇਆ ਪਰ ਉਹ ਸਿਰੇ ਨਾ ਚੜ੍ਹ ਸਕਿਆ। ਸਿਰਫ ਲੋਕ ਚਰਚਾ ਦਾ ਵਿਸ਼ਾ ਹੀ ਬਣਿਆ। ਨਿਹਾਲ ਕੌਰ ਤੋਂ ਉਸਦੀਆਂ ਚਾਰ ਔਲਾਦਾਂ ਹੋਈਆਂ। ਦੋ ਲੜਕੇ ਕਰਤਾਰ ਤੇ ਘੁੱਕਾ ਅਤੇ ਦੋ ਲੜਕੀਆਂ ਪੰਜਾਬੋ ਤੇ ਕਰਤਾਰੋ। ਕਰਤਾਰ ਚੜ੍ਹਦੀ ਜਵਾਨੀ ਵਿਚ ਹੀ ਪਾਗਲ ਹੋ ਗਿਆ।

ਘੁੱਕੇ ਦਾ ਵਿਆਹ ਹੋਇਆ ਅਤੇ ਉਸਦੇ ਘਰ ਇੱਕ ਲੜਕਾ ਵੀ ਪੈਦਾ ਹੋਇਆ ਜਿਸ ਦਾ ਨਾਂ ਛੱਜੂ ਸੀ। ਹੋਣੀ ਰੱਬ ਦੀ ਛੱਜੂ ਵੀ ਭਰ ਜਵਾਨੀ ਵਿਚ ਹੀ ਪਾਗਲ ਹੋ ਗਿਆ। ਸਦਮਿਆਂ ਨੂੰ ਨਾ ਸਹਿੰਦੀ ਹੋਈ ਨਿਹਾਲ ਕੌਰ ਇਸ ਜਹਾਨ ਤੋਂ ਚਲੀ ਗਈ। ਅਖੀਰ 85 ਸਿਆਲ ਹੁਨਾਲ ਹੰਢਾ ਕੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਇਹ ਅਲਬੇਲਾ ਮਲਵਈ ਕਵੀਸ਼ਰ ਦੇਸ਼ ਵੰਡ ਤੋਂ ਦੋ ਸਾਲ ਪਹਿਲਾਂ ਇਸ ਫਾਨੀ ਜਹਾਨ ਨੂੰ ਸਦਾ ਸਦਾ ਲਈ ਅਲਵਿਦਾ ਕਹਿ ਗਿਆ, ਪਰ ਹੀਰ ਕਾਰਨ ਉਹ ਅੱਜ ਵੀ ਅਮਰ ਹੈ। ਅੱਜ ਵੀ ਤਵਿਆਂ ਵਿਚੋਂ ਉਹਦੀ ਹੀਰ ਬੋਲਦੀ ਹੈ। ਅੱਜ ਵੀ ਜਰਗ, ਛਪਾਰ ਦੇ ਮੇਲਿਆਂ 'ਤੇ ਗਮੰਤਰੀ ਉਸਦੀ ਹੀਰ ਦੀਆਂ ਕਲੀਆਂ ਲਾਉਂਦੇ ਹਨ।

## ਕਰਮ ਸਿੰਘ ਟੂਸਿਆਂ ਵਾਲਾ

ਪੰਜਾਬ ਦੇ ਗਮੰਤਰੀਆਂ ਦੁਆਰਾ ਗਾਏ ਜਾਣ ਵਾਲੇ ਕਾਵਿ ਰੂਪਾਂ ਵਿਚ ਦੋ ਰੂਪ ਖਾਸ ਜ਼ਿਕਰ ਯੋਗ ਹਨ ਪਹਿਲਾ 'ਕਲੀ' ਅਤੇ ਦੂਜਾ 'ਸੱਦ'। ਆਮ ਲੋਕਾਂ ਵਿਚ ਜਿਵੇਂ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀਆਂ ਹੀਰ ਦੀਆਂ ਕਲੀਆਂ ਮਸ਼ਹੂਰ ਹੋਈਆਂ। ਏਸੇ ਤਰ੍ਹਾਂ ਕਰਮ ਸਿੰਘ ਟੂਸਿਆਂ ਵਾਲੇ ਦਾ ਪੂਰਨ 'ਸੱਦ' ਰੂਪ ਵਿਚ ਹਰਮਨ ਪਿਆਰਾ ਰਿਹਾ ਹੈ। ਗ੍ਰਾਮੋਫੋਨ ਦੇ ਰਿਕਾਰਡਾਂ ਵਿਚ ਵੀ ਕੁਝ ਢਾਡੀਆਂ ਨੇ ਏਸੇ ਨੂੰ ਰਿਕਾਰਡ ਕਰਵਾਇਆ ਹੈ।

ਕਰਮ ਸਿੰਘ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਜਗਰਾਓਂ ਦੇ ਪਿੰਡ ਟੂਸੇ ਵਿਖੇ 1842 ਈਸਵੀ ਵਿਚ ਹੋਇਆ। ਇਹ ਪਿੰਡ ਪ੍ਰਸਿੱਧ ਕਸਬੇ ਰਾਏਕੋਟ ਤੋਂ ਪੰਜ ਕੁ ਮੀਲ ਦੀ ਵਿੱਥ ਤੇ ਹੈ। ਕਰਮ ਸਿੰਘ ਦੇ ਪਿਤਾ ਦਾ ਨਾਂ ਗੌਹਰ ਸਿੰਘ ਸੀ। ਉਹ ਜਾਤ ਦਾ ਜੱਟ ਸੀ ਅਤੇ ਉਸਦਾ ਗੋਤ ਧਾਲੀਵਾਲ ਸੀ। ਕਰਮ ਸਿੰਘ ਦਾ ਬਚਪਨ ਵੀ ਆਮ ਪੇਂਡੂ ਬੱਚਿਆਂ ਵਾਂਗ ਪਿੰਡ ਵਿਚ ਹੀ ਸਾਧਾਰਨ ਢੰਗ ਨਾਲ ਬੀਤਿਆ। ਡੰਗਰ ਚਾਰਨੇ, ਜੂਹਾਂ ਬੇਲਿਆਂ ਵਿਚ ਫਿਰਨਾ, ਮੇਲਿਆਂ ਮੰਡੀਆਂ ਵਿਚ ਜਾਣਾ, ਜਲਸੇ ਵੇਖਣੇ, ਕਵੀਸ਼ਰਾਂ ਤੇ ਗਮੰਤਰੀਆਂ ਦੇ 'ਗੌਣ' ਸੁਣਨੇ ਇੱਕ ਆਮ ਜਿਹਾ ਵਰਤਾਰਾ ਸੀ। ਥੋੜ੍ਹੀ ਬਹੁਤ ਸਿਖਿਆ, ਜੋ ਉਸ ਨੇ ਪ੍ਰਾਪਤ ਕੀਤੀ ਉਹ ਵੀ ਉਸ ਸਮੇਂ ਦੇ ਰਵਾਇਤੀ ਢੰਗ ਭਾਵ ਡੇਰਾ ਪ੍ਰਣਾਲੀ ਰਾਹੀਂ ਹੀ ਪ੍ਰਾਪਤ ਕੀਤੀ। ਜਲਸੇ ਵੇਖਣ ਅਤੇ ਅਖਾੜੇ ਸੁਣਨ ਦਾ ਸ਼ੌਕ ਉਸਨੂੰ ਸ਼ੁਰੂ ਤੋਂ ਹੀ ਸੀ। ਵਾਹ ਲੱਗਦੀ ਉਹ ਨੇੜੇ-ਤੇੜੇ ਪਿੰਡਾਂ ਵਿਚ ਲੱਗਣ ਵਾਲੇ ਕਿਸੇ ਵੀ ਜਲਸੇ ਜਾਂ ਅਖਾੜੇ ਨੂੰ ਨਾ ਛੱਡਦਾ। ਇਸ ਤਰ੍ਹਾਂ ਸੁਣ-ਸੁਣ ਕੇ ਉਸਨੂੰ ਬਹੁਤ ਸਾਰੀਆਂ ਬੋਲੀਆਂ ਅਤੇ ਗੌਣ ਯਾਦ ਹੋ ਗਏ ਜੋ ਉਹ ਆਪਣੇ ਸਾਥੀਆਂ ਨੂੰ ਸੁਣਾਉਂਦਾ ਰਹਿੰਦਾ। ਇਸ ਤਰ੍ਹਾਂ ਉਸਦੇ ਆਪਣੇ ਮਨ ਵਿਚ ਕਾਵਿ ਰਚਨਾ ਪ੍ਰਤੀ ਲਗਨ ਪੈਦਾ ਹੋ ਗਈ ਅਤੇ ਉਹ ਵੀ ਕੁਝ ਕੁਝ ਤੁਕਬੰਦੀ ਕਰਨ ਲੱਗ ਪਿਆ।

ਜਵਾਨ ਹੋਣ ਤੇ ਉਹ ਫੌਜ ਵਿਚ ਭਰਤੀ ਹੋ ਗਿਆ। ਉਸਦੀ ਪਲਟਨ ਛੇਵੀਂ ਸਿੱਖ ਕੰਪਨੀ ਦੀ ਪਹਿਲੀ ਪਲਟਨ ਸੀ। ਫੌਜੀ ਜੀਵਨ ਦਾ ਸਮਾਂ ਉਸਦੇ ਸ਼ੌਕ ਦੇ ਪਲਰਨ ਵਿਚ ਬਹੁਤ ਸਹਾਈ ਹੋਇਆ। ਇਸ ਸਮੇਂ ਉਸਦਾ ਮੇਲ-ਜੋਲ ਚੰਗੇ ਸਿਆਣੇ ਬੰਦਿਆਂ ਨਾਲ ਹੋਇਆ। ਮਿਹਨਤ ਨਾਲ ਉਸਨੇ ਸਿੱਖਿਆ ਪ੍ਰਾਪਤ ਕੀਤੀ। ਵਿਹਲੇ ਸਮੇਂ ਨੂੰ ਉਹ ਕਾਵਿ ਰਚਨਾ ਦੇ ਲੇਖੇ ਲਾਉਣ ਲੱਗ ਪਿਆ। ਜੋ ਕੁਝ ਲਿਖਦਾ ਉਹ ਆਪਣੇ ਸਾਥੀਆਂ ਨੂੰ ਸੁਣਾਉਂਦਾ। ਇਸ ਤਰ੍ਹਾਂ ਸਾਥੀਆਂ ਦੀ ਹੱਲਾਸ਼ੇਰੀ ਨਾਲ ਉਸਦਾ ਹੌਸਲਾ ਵੱਧਦਾ ਗਿਆ ਅਤੇ ਉਸਦੀ ਕਾਵਿ ਕੁਸ਼ਲਤਾ ਪ੍ਰਪੱਕ ਹੁੰਦੀ ਗਈ। ਤਕਰੀਬਨ ਵੀਹ ਕੁ ਸਾਲ ਦੀ ਫੌਜੀ ਸੇਵਾ ਤੋਂ ਬਾਅਦ ਉਹ ਪਿਲਸਨੀਆਂ ਬਣਕੇ ਆਪਣੇ ਪਿੰਡ ਆ ਗਿਆ ਤੇ ਏਥੇ ਹੀ

ਆਪਣਾ ਪੂਰਾ ਜੀਵਨ ਬਿਤਾਇਆ। ਇਲਾਕੇ ਵਿਚ ਉਸਦਾ ਪੂਰਾ ਸਤਿਕਾਰ ਸੀ। ਲੋਕ ਉਸਦਾ ਇੱਕ ਸਿਆਣੇ ਅਤੇ ਵਿਦਵਾਨ ਪੁਰਸ਼ ਵਜੋਂ ਸਤਿਕਾਰ ਕਰਦੇ ਸਨ। ਉਸਨੇ ਆਪਣਾ ਪੂਰਾ ਜੀਵਨ ਕਾਵਿ ਰਚਨਾ ਦੇ ਲੇਖੇ ਲਾ ਦਿੱਤਾ। ਅਖੀਰ 1919 ਈਸਵੀ ਵਿਚ ਇਹ ਵਿਦਵਾਨ ਪੁਰਸ਼ 77 ਸਾਲ ਦੀ ਉਮਰ ਭੋਗ ਕੇ ਇਸ ਨਾਸ਼ਵਾਨ ਜਹਾਨ ਤੋਂ ਕੂਚ ਕਰ ਗਿਆ।

ਕਰਮ ਸਿੰਘ ਨੇ ਆਪਣੇ ਪੂਰੇ ਜੀਵਨ ਵਿਚ ਬਹੁਤ ਸਾਰੀ ਰਚਨਾ ਕੀਤੀ। ਸੱਤ ਪੂਰੇ ਪ੍ਰਸੰਗਾਂ ਤੋਂ ਇਲਾਵਾ ਕੁਝ ਫੁਟਕਲ ਰਚਨਾਵਾਂ ਵੀ ਕਰਮ ਸਿੰਘ ਰਚਿਤ ਮਿਲਦੀਆਂ ਹਨ। ਪੂਰੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ:-

| | | | |
|---|---|---|---|
| 1) | ਪੂਰਨ | 2) | ਕੌਲਾਂ |
| 3) | ਹੀਰ | 4) | ਸੱਸੀ |
| 5) | ਗੁੱਗਾ ਜਾਹਿਰਪੀਰ | 6) | ਪੱਤਲ |
| 7) | ਜੰਗਨਾਮਾ ਕਾਬਲ | 8) | ਫੁਟਕਲ |

ਇਹ ਸਭ ਰਚਨਾਵਾਂ ਅਣਛਪੀਆਂ ਹੀ ਸਨ। ਕਵੀ ਨੇ ਸਿਰਫ਼ ਇਕੋ ਰਚਨਾ ਨੂੰ ਹੀ ਛਪਵਾਇਆ। ਉਹ ਸੀ ਜੰਗਨਾਮਾ ਕਾਬਲ। ਬਾਕੀ ਸਭ ਗਮੰਤਰੀਆਂ ਤੇ ਕਵੀਸ਼ਰਾਂ ਵਿਚ ਜ਼ੁਬਾਨੀ ਕਲਾਮੀ ਹੀ ਪ੍ਰਚੱਲਿਤ ਸਨ ਤੇ ਅੱਜ ਵੀ ਹਨ।

ਉਪਰੋਕਤ ਵੇਰਵੇ ਨੂੰ ਦੇਖਦੇ ਹੋਏ ਕਰਮ ਸਿੰਘ ਦੀ ਸਮੁੱਚੀ ਰਚਨਾ ਨੂੰ ਰੂਪ ਦੇ ਪੱਖੋਂ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਵਰਗ ਵਿਚ ਛੰਦਾ-ਬੰਦੀ ਵਾਲੀਆਂ ਰਚਨਾਵਾਂ ਸ਼ਾਮਲ ਹਨ ਜਿਵੇਂ ਗੁੱਗਾ ਜ਼ਾਹਰਪੀਰ, ਜੰਗਨਾਮਾ ਕਾਬਲ ਅਤੇ ਪੱਤਲ। ਦੂਜੇ ਵਰਗ ਦੀਆਂ ਰਚਨਾਵਾਂ ਸੱਦ ਜਾਂ ਆਵਾਜ਼ਾਂ ਵਿਚ ਹਨ ਜਿਵੇਂ ਪੂਰਨ, ਕੌਲਾਂ, ਹੀਰ ਤੇ ਸੱਸੀ। ਦੂਜੇ ਵਰਗ ਦੀਆਂ ਰਚਨਾਵਾਂ ਖਾਸ ਤੌਰ ਤੇ ਲੋਕ ਢਾਡੀਆਂ, ਤੂੰਬੇ ਅਲਗੋਜੇ ਵਾਲਿਆਂ ਤੇ ਕਵੀਸ਼ਰਾਂ ਦੇ ਗਾਉਣ ਲਈ ਰਚੀਆਂ ਗਈਆਂ। ਭਾਵੇਂ ਸਾਰੀਆਂ ਰਚਨਾਵਾਂ ਗਮੰਤਰੀਆਂ ਵੱਲੋਂ ਗਾਈਆਂ ਜਾਂਦੀਆਂ ਰਹੀਆਂ ਹਨ ਪਰ ਪੂਰਨ ਨੂੰ ਸਭ ਤੋਂ ਵੱਧ ਪ੍ਰਸਿੱਧੀ ਮਿਲੀ।

ਕਰਮ ਸਿੰਘ ਆਪ ਭਾਵੇਂ ਪਿੰਗਲ ਅਚਾਰੀਆ ਨਹੀਂ ਸੀ, ਪਰ ਉਸਨੂੰ ਪਿੰਗਲ ਬਾਰੇ ਪੂਰਾ ਗਿਆਨ ਸੀ। ਆਪਣੀਆਂ ਛੰਦਾ ਬੰਦੀ ਵਾਲੀਆਂ ਰਚਨਾਵਾਂ ਵਿਚ ਉਸਨੇ ਅਨੇਕਾਂ ਛੰਦਾਂ ਦੀ ਵਰਤੋਂ ਕੀਤੀ ਹੈ। ਉਸ ਨੇ ਲੋਕ ਸਾਹਿਤ ਦੇ ਨਾਲ ਨਾਲ ਅਨੇਕਾਂ ਧਾਰਮਿਕ, ਸਦਾਚਾਰਕ ਤੇ ਮਿਥਿਹਾਸਕ ਗ੍ਰੰਥਾਂ ਦਾ ਅਧਿਐਨ ਕੀਤਾ ਜਿਸ ਨਾਲ ਉਸ ਦੇ ਤਜਰਬੇ ਨੂੰ ਵਿਸ਼ਾਲਤਾ ਮਿਲੀ। ਆਪਣੀਆਂ ਰਚਨਾਵਾਂ ਵਿਚ ਥਾਂ ਪਰ ਥਾਂ ਉਸਨੇ ਆਪਣੇ ਅਜਿਹੇ

ਗਿਆਨ ਦਾ ਪ੍ਰਗਟਾਵਾ ਕੀਤਾ ਹੈ। ਖੂਹ ਵਿਚ ਪਏ ਪੂਰਨ ਨਾਲ ਗੋਰਖ ਨਾਥ ਦਾ ਸੰਵਾਦ ਨਮੂਨੇ ਵਜੋਂ ਪੇਸ਼ ਹੈ :-

**ਗੋਰਖ ਦਾ ਸਵਾਲ**

*ਕੌਣ ਉਜੱਲਾ ਵਿਚ ਜਹਾਨ ਦੇ, ਮਿੱਠਾ ਮਿੱਠਿਆਂ ਸੇ ਕੌਣ ਬਜਾਰ?*
*ਕਿਹੜਾ ਮੇਵਾ ਜੋ ਕੱਚਾ ਮਿਠਾਸ ਦੇਹ, ਪੱਕਾ ਹੋ ਜੇ ਕੌੜਾ ਇੱਕ ਵਾਰ?*
*ਮੈਨੂੰ ਦੱਸ ਦੇ ਉਹ ਬੇੜੀ ਕੌਣ ਹੈ, ਚੱਲੇ ਪਾਣੀ ਬਾਝ ਇਕਸਾਰ?*
*ਕਿਹੜਾ ਮਰਦਾ ਨੀ ਮਾਰਿਆ ਮੌਤ ਦਾ, ਕਿਹੜੀ ਮਾਨਸ ਨੀ ਚਾਹੁੰਦੀ ਨਾਰ?*
*ਕਿਹੜਾ ਕਰਦਾ ਹੈ ਰੋਜ਼ ਮੁਸਾਫਰੀ, ਕਿਹੜਾ ਤਪੀਆ ਖੜ੍ਹਾ ਜੁੱਗ ਚਾਰ?*
*ਜੇ ਤੂੰ ਪੂਰਨ ਹੈ ਅਰਥ ਨੂੰ ਖੋਲ੍ਹਦੇ, ਤੈਨੂੰ ਗੋਰਖ ਮੈਂ ਕਹਾਂ ਪੁਕਾਰ।*

**ਪੂਰਨ ਦਾ ਜੁਆਬ:**

*ਗਿਆਨ ਉਜੱਲਾ ਵਿਚ ਜਹਾਨ ਦੇ, ਵੇਦ ਰਚਗੇ ਰਿਖੀ ਵਿਆਸ।*
*ਸਭਨਾਂ ਮਿਠਿਆਂ ਸੇ ਮਿੱਠੀ ਜ਼ਿੰਦਗੀ, ਮਰਨਾ ਮੰਗਦੇ ਨੀ ਨਾਲ ਹੁਲਾਸ।*
*ਬਾਲ ਅਵਸਥਾ ਹੈ ਮੇਵਾ ਮਿੱਠੜਾ, ਬਿਰਧ ਕੌੜਾ ਹੈ ਜੇ ਖਾਸ।*
*ਬਿਨਾ ਪਾਣੀ ਦੇ ਨਾਮ ਜਹਾਜ ਹੈ, ਜਾ ਕੇ ਲਾਹ ਦੂ ਬੈਕੁੰਠ ਦੇ ਪਾਸ।*
*ਬ੍ਰਹਮਾ ਮਾਰਿਆ ਨੀ ਮਰਦਾ ਮੌਤ ਦਾ, ਹੋਣੀ ਨਹੀਂ ਚਾਹੁੰਦੀ ਘਰ ਵਾਸ।*
*ਚੰਦ ਸੂਰਜ ਨੂੰ ਰੋਜ਼ ਮੁਸਾਫਰੀ, ਤਪੀਆ ਧਰੂ ਹੈ ਪ੍ਰਭੂ ਦਾ ਦਾਸ।*
*ਵਿਚੋਂ ਕੱਢ ਲੈ ਖੂਹੇ ਦਿਓ ਬਾਬਲਾ, ਨਹੀਂ ਜਾਣਗੇ ਅਜਾਈਂ ਸਾਸ।*

ਕਰਮ ਸਿੰਘ ਦੀ ਸ਼ੈਲੀ ਦਾ ਇੱਕ ਵਿਸੇਸ਼ ਗੁਣ ਹੈ ਉਸ ਵਿਚਲਾ ਨਾਟਕੀ ਅੰਸ਼। ਪਾਤਰਾਂ ਦੀ ਆਪਸੀ ਗੱਲਬਾਤ, ਪ੍ਰਭਾਵ ਨੂੰ ਤੀਖਣ ਕਰਦੀ ਹੈ ਤੇ ਪਾਠਕਾਂ, ਸਰੋਤਿਆਂ 'ਤੇ ਗਹਿਰਾ ਅਸਰ ਛੱਡਦੀ ਹੈ। ਪੂਰਨ ਵਿਚੋਂ ਹੀ ਲੂਣਾ ਅਤੇ ਪੂਰਨ ਦੀ ਆਪਸੀ ਗੱਲਬਾਤ ਤੋਂ ਇਸਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ :-

**ਲੂਣਾ:** *ਵੇ ਮੈਂ ਮੋਹਣੀ ਅਖਾੜੇ ਇੰਦ ਦੀ, ਅਪੱਛਰਾਂ ਦੀ ਸਰਦਾਰ।*
*ਕੋਮਲ ਬਦਨ ਬਰੀਕ ਹੈ, ਤੁਲਦੀ ਫੁੱਲਾਂ ਦੇ ਭਾਰ।*
*ਲੜ ਲੱਗ ਗੀ ਬੁੱਢੇ ਮਨੂਰ ਦੇ, ਦੇ ਲੀ ਨਸੀਬਾਂ ਹਾਰ।*
*ਤੈਨੂੰ ਵੇਖ ਕੇ ਜਿਉਂਦੀ ਪੂਰਨਾ, ਚਿੱਠਾ ਵਾਸਤੇ ਗੁਰਾਂ ਦੇ ਤਾਰ।*
*ਜਾ ਤਾਂ ਸੇਜ ਕਬੂਲੀਂ ਪੂਰਨਾ, ਨਹੀਂ ਖਿਚ ਕੇ ਮਾਰ ਕਟਾਰ।*

*ਪੂਰਨ: ਮੋਠਾਂ 'ਚੋਂ ਤੇਲ ਨੀ ਨਿਕਲਦਾ, ਤਿਲਾਂ ਦੀ ਨਾ ਰਿੱਝੇ ਦਾਲ।*
*ਅੱਗ ਨੂੰ ਪਾਲਾ ਕੀ ਕਰੂ, ਪੱਥਰ ਨੂੰ ਤਲਵਾਰ।*
*ਅੰਨ੍ਹਿਆਂ ਨੂੰ ਚਾਨਣ ਕੀ ਕਰੂ, ਰਹਿੰਦਾ ਨੇਰ ਗੁਬਾਰ।*
*ਮੂਰਖਾਂ ਨੂੰ ਲੇਸ ਨੀ ਗਿਆਨ ਦਾ, ਭਾਮੇਂ ਵੇਦ ਪੜ੍ਹਾਈਏ ਚਾਰ।*

ਜਦੋਂ ਪੂਰਨ ਗੋਰਖ ਨਾਥ ਨੂੰ ਜੋਗ ਦੇਣ ਲਈ ਬੇਨਤੀ ਕਰਦਾ ਹੈ, ਗੋਰਖ ਨਾਥ ਉਸ ਨੂੰ ਸਮਝਾਉਂਦਾ ਹੈ ਕਿ ਇਹ ਬੜਾ ਔਖਾ ਰਾਹ ਹੈ। ਇਸ ਰਾਹ ਤੇ ਜਣਾ ਖਣਾ ਨਹੀਂ ਚਲ ਸਕਦਾ। ਕੇਵਲ ਭੇਖ ਵਟਾਉਣਾ ਹੀ ਜੋਗ ਨਹੀਂ ਹੁੰਦਾ। ਏਥੇ ਵਿਦਵਾਨ ਕਵੀ ਜੋਗੀਆਂ ਦੀ ਭਾਸ਼ਾ ਵਿਚ ਗੋਰਖ ਦੇ ਮੂੰਹੋਂ ਅਖਵਾਉਂਦਾ ਹੈ :-

*ਜੋਗ ਹੁੰਦਾ ਨੀ ਜਟਾਂ ਦੇ ਧਾਰਨੇ, ਵਿਭ ਤਿਆਗੇ ਸੇ ਨਹੀਂ ਵਰਾਗ*
*ਧੂਣੀ ਤਾਪੀ ਸੇ ਨਹੀਂ ਤਪੱਸਿਆ, ਭਾਮੇਂ ਲਾ ਲੈ ਚੁਤਰਫੇ ਆਗ।*
*ਭਸਮ ਹੁੰਦੀ ਨੀ ਕੰਨਾਂ ਦੇ ਪਾੜਨੇ, ਜਿਚਿਰ ਦਿਲ ਮੇਂ ਦਵੈਖ ਤੇ ਰਾਧ।*
*ਬੱਚਾ ਮੁਸ਼ਕਲ ਚੜ੍ਹਨ ਖਜੂਰ ਦਾ, ਉਤੋਂ ਗਿਰਦੇ ਐ ਖਾਸ ਨਿਭਾਗ।*
*ਬਾਸੀ ਖਾਮੇਗਾ ਟੁਕੜੇ ਮੰਗ ਕੇ, ਮੂਲੀ ਗਾਜਰਾਂ ਸਰੋਂ ਦਾ ਸਾਗ।*
*ਤੂੰ ਮੁੜ ਜਾ ਘਰਾਂ ਨੂੰ ਪੂਰਨਾ, ਕਿਉਂ ਕੁਲ ਨੂੰ ਲਵਾਉਣੈ ਦਾਗ।*

ਕਰਮ ਸਿੰਘ ਸ਼ਬਦਾਂ ਰਾਹੀਂ ਦ੍ਰਿਸ਼ ਚਿਤਰਣ ਵਿਚ ਪੂਰਾ ਮਾਹਰ ਹੈ। ਪਾਠਕ/ਸਰੋਤਿਆਂ ਨੂੰ ਘਟਨਾ ਸਾਹਮਣੇ ਵਾਪਰਦੀ ਪ੍ਰਤੀਤ ਹੁੰਦੀ ਹੈ। ਜੰਗ ਨੂੰ ਜਾਣ ਲੱਗੇ ਗੁੱਗੇ ਦਾ ਵਰਨਣ ਕਵੀ ਇਸ ਪ੍ਰਕਾਰ ਕਰਦਾ ਹੈ :-

*ਪੈਨ੍ਹ ਹਥਿਆਰ, ਖੰਡਾ, ਕਿਰਚ, ਕਟਾਰ,*
*ਹੋਇਆ ਘੋੜੇ ਅਸਵਾਰ, ਗੁੱਗਾ ਰੂਪ ਧਾਰ ਸ਼ੇਰ ਦਾ।*
*ਨੇਤਰ ਸੁਰਖ ਕਰ, ਵੇਖਦਾ ਦ੍ਰਿਸ਼ਟ ਧਰ,*
*ਮਾਰ ਕੇ ਮੁਕਾਊਂ ਅਰ, ਨਹੀਂ ਕਾਜ ਦੇਰ ਦਾ।*
*ਵਾਂਗ ਦੇ ਸਹਾਰੇ, ਨੀਲਾ ਪੌਣ ਰੂਪ ਧਾਰੇ,*
*ਜਾਇ ਸੂਰਮੇ ਵੰਗਾਰੇ, ਖੰਡਾ ਦੈਹਣੇ ਹੱਥ ਫੇਰ ਦਾ।*

ਸਿਆਣਿਆਂ ਨੇ ਆਪਣੀ ਜ਼ਿੰਦਗੀ ਦੇ ਤਜ਼ਰਬਿਆਂ ਦੇ ਆਧਾਰ ਤੇ ਕੁਝ ਤੱਥ ਕੱਢੇ ਹੁੰਦੇ ਹਨ, ਜੋ ਆਮ ਲੋਕਾਂ ਲਈ ਮਾਰਗ ਦਰਸ਼ਕ ਵਜੋਂ ਕੰਮ ਕਰਦੇ ਹਨ। ਕਰਮ ਸਿੰਘ ਨੇ ਅਜਿਹੇ ਲੋਕ ਤੱਥਾਂ ਨੂੰ ਆਪਣੀਆਂ ਰਚਨਾਵਾਂ ਵਿਚ ਥਾਂ ਪਰ ਥਾਂ ਗੁੰਦਿਆ ਹੋਇਆ ਹੈ।

ਮੂਰਖਾਂ ਦੇ ਨਾਲ ਰਾਜ ਰਾਜਿਆ ਨਾ ਕਿਸੇ ਕੰਮ,
ਚਤਰਾਂ ਦੇ ਨਾਲ ਭਮੇਂ ਭੀਖ ਮੰਗ ਖਾਈਏ।
ਭਲਿਆਂ ਦੇ ਨਾਲ ਤਾਂ ਪ੍ਰੀਤ ਭਲੀ ਪਿਆਰਿਓ ਓਏ
ਗੁੰਡਿਆਂ ਦੇ ਸੋਹਣਿਓਂ ਨਜ਼ੀਕ ਕਾਹਨੂੰ ਜਾਈਏ।
ਚੰਦਰਮਾ ਬਗੈਰ ਰਾਤ ਸੋਹੇ ਨਾ ਆਕਾਸ਼ ਵਿਖੇ,
ਰਾਤ ਬਿਨਾ ਚੰਦਰਮਾ ਦਿਖਾਈ ਕਿਥੋਂ ਪਾਈਏ।
ਅੱਕ ਉਤੋਂ ਭੌਰੇ ਨੂੰ ਨਫ਼ਾ ਨਾ ਹੋਵੇ ਕਰਮ ਸਿੰਘਾ,
ਬੋਲਿਆਂ ਦੇ ਪਾਸ ਰਾਗ ਕਿਤਨੇ ਸੁਣਾਈਏ।

ਆਮ ਕਿੱਸਾ ਕਵੀਆਂ ਵਾਂਗ ਕਰਮ ਸਿੰਘ ਨੇ ਵੀ ਆਪਣੀਆਂ ਰਚਨਾਵਾਂ ਵਿਚ ਆਪਣੇ ਪਤੇ ਟਿਕਾਣੇ ਬਾਰੇ ਜ਼ਿਕਰ ਕੀਤਾ ਹੋਇਆ ਹੈ ਜਿਸ ਤੋਂ ਸਾਨੂੰ ਕਵੀ ਬਾਰੇ ਕੁਝ ਜਾਣਕਾਰੀ ਮਿਲਦੀ ਹੈ :-

ਜ਼ਿਲ੍ਹਾ ਲੁਧਿਆਣਾ ਠਾਣਾ ਰਾਇ ਵਾਲੇ ਕੋਟ ਜਾਣੋ,
ਫਾਸਲਾ ਹਮਾਰੇ ਪਿੰਡੋਂ ਕੋਸ ਪੰਜ ਚਾਰ ਦਾ।
ਰਾਜ ਅੰਗਰੇਜ਼ੀ ਤੇ ਤਸੀਲ ਜਗਰਾਓਂ ਮੇਰੀ,
ਸੁੰਦਰ ਸ਼ਹਿਰ ਨਯਾ ਅਜਬ ਬਹਾਰ ਦਾ।
ਤੂਸੇ ਹੈ ਗਰਾਓਂ, ਜੱਟ ਸਿੱਖ, ਗੋਤ ਧਾਲੀਵਾਲ,
ਸਾਈਂ ਦੀ ਹਮੇਸ਼ ਓਟ ਮਨੋ ਨਾ ਵਿਸਾਰਦਾ।

ਕਰਮ ਸਿੰਘ ਦੀਆਂ ਲਗਭਗ ਸਾਰੀਆਂ ਰਚਨਾਵਾਂ ਅਣਪ੍ਰਕਾਸ਼ਿਤ ਸਨ ਜੋ ਗਮੰਤਰੀਆਂ, ਕਵੀਸ਼ਰਾਂ ਦੁਆਰਾ ਪੀੜ੍ਹੀ ਦਰ ਪੀੜ੍ਹੀ ਚਲਦੀਆਂ ਆ ਰਹੀਆਂ ਸਨ। ਇਨ੍ਹਾਂ ਵਿਚ ਮੂਲ ਪਾਠ ਨਾਲੋਂ ਥੋੜਾ ਅੰਤਰ ਲਗਾਤਾਰ ਪੈਂਦਾ ਰਿਹਾ ਹੈ। ਹੁਣ ਪਿਛਲੇ ਸਾਲਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਡਾ: ਗੁਰਦੇਵ ਸਿੰਘ ਸਿੱਧੂ ਦੁਆਰਾ ਸੰਪਾਦਿਤ ਪੁਸਤਕ 'ਕਿੱਸਾਕਾਰ ਕਰਮ ਸਿੰਘ ਰਚਨਾਵਲੀ' ਛਾਪੀ ਗਈ ਹੈ। ਜਿਸ ਵਿਚ ਕਰਮ ਸਿੰਘ ਤੂਸਿਆਂ ਵਾਲੇ ਦੇ ਛੇ ਕਿੱਸੇ ਜੰਗਨਾਮਾ ਕਾਬਲ, ਪੂਰਨ ਭਗਤ, ਕੌਲਾਂ ਭਗਤਣੀ, ਹੀਰ ਰਾਂਝਾ, ਗੁੱਗਾ ਅਤੇ ਸੱਸੀ ਪੁੰਨੂੰ ਸ਼ਾਮਿਲ ਹਨ।

## ਗੰਗਾ ਸਿੰਘ ਭੂੰਦੜ

ਬਠਿੰਡਾ ਖੇਤਰ ਦੇ ਲੋਕ ਢਾਡੀਆਂ ਵੱਲੋਂ ਕਵੀਸ਼ਰ ਗੰਗਾ ਸਿੰਘ ਭੂੰਦੜ ਦੀ ਕਲੀਆਂ ਵਾਲੀ 'ਹੀਰ' ਹੀ ਆਮ ਅਖਾੜਿਆਂ ਵਿਚ ਗਾਈ ਜਾਂਦੀ ਸੀ। ਗੰਗਾ ਸਿੰਘ ਇੱਕ ਪਰਪੱਕ ਅਤੇ ਉਸਤਾਦ ਕਵੀਸ਼ਰ ਸੀ। ਉਸਨੇ ਕਲੀ ਛੰਦ ਨੂੰ ਮਾਂਜਿਆ, ਸੰਵਾਰਿਆ ਤੇ ਸ਼ਿੰਗਾਰਿਆ। ਉਹ ਇਕ ਵਿਦਵਾਨ ਲਿਖਾਰੀ ਸੀ ਅਤੇ ਆਪਣੀ ਵਿਦਵਤਾ ਨੂੰ ਦਰਸਾਉਣ ਲਈ ਉਹ ਦਾਅਵਾ ਕਰਦਾ ਹੈ ਕਿ ਉਸਨੇ ਨਵੀਂ ਹੀਰ ਲਿਖੀ ਹੈ :-

- ***ਚਾਰੇ ਵੇਦ ਬਰ੍ਹਮਾਂ ਨੇ ਰਚਲੇ, ਭਵ ਸਾਗਰ ਸੀ ਤਾਰੀ।***
  ***ਛੀਏ ਸ਼ਸ਼ਤਰ ਮੁਨੀਆਂ ਨੇ ਰਚਲੇ, ਆਪੋ ਆਪਣੀ ਮਤ ਅਨੁਸਾਰੀ।***
  ***ਵੇਦ ਕਤੇਬ, ਕੁਰਾਨਾਂ ਰਚੀਆਂ, ਗੀਤਾ ਰਚਲੀ ਕ੍ਰਿਸ਼ਨ ਮੁਰਾਰੀ।***
  ***ਗੁਰੂ ਗ੍ਰੰਥ ਜਹਾਜ ਰਚ ਲਿਆ, ਉਹ ਤਾਂ ਰਚ ਲਿਆ ਨਾਨਕ ਅਵਤਾਰੀ।***
  ***ਹੋਰ ਸ਼ਾਇਰ ਸ਼ਾਇਰੀਆਂ ਕਰਗੇ, ਨਵੀਂ ਹੀਰ ਗੰਗਾ ਸਿੰਘ ਨੇ ਉਚਾਰੀ।***

ਗੰਗਾ ਸਿੰਘ ਦਾ ਜਨਮ 1875 ਵਿਚ ਪਿਤਾ ਸੋਭਾ ਸਿੰਘ ਦੇ ਘਰ ਮਾਤਾ ਤਾਜੋ ਦੀ ਕੁੱਖੋਂ ਬਠਿੰਡਾ ਜ਼ਿਲ੍ਹੇ ਦੀ ਰਾਮਪੁਰਾ ਫੂਲ ਤਹਿਸੀਲ ਦੇ ਮਸ਼ਹੂਰ ਪਿੰਡ ਭੂੰਦੜ ਵਿਖੇ ਹੋਇਆ। ਇਹ ਸਿੱਧੂ ਜੱਟ ਸਨ ਅਤੇ ਖੇਤੀਬਾੜੀ ਦਾ ਕੰਮ ਕਰਦੇ ਸਨ। ਗੰਗਾ ਸਿੰਘ ਦਾ ਬਚਪਨ ਰੇਤਲੇ ਮਾਰੂ ਟਿੱਬਿਆਂ ਨੂੰ ਗਾਹੁੰਦਿਆਂ ਬੀਤਿਆ। ਗੰਗਾ ਸਿੰਘ ਨੇ ਮੁਢਲੀ ਸਿੱਖਿਆ ਪਰੰਪਰਾਈ ਢੰਗ ਨਾਲ ਪਿੰਡ ਦੇ ਡੇਰੇ ਤੋਂ ਸੰਤ ਧਿਆਨ ਸਿੰਘ ਪਾਸੋਂ ਪ੍ਰਾਪਤ ਕੀਤੀ। ਸੰਤ ਧਿਆਨ ਸਿੰਘ ਇੱਕ ਵਿਦਵਾਨ ਕਵੀਸ਼ਰ ਸੀ ਜੋ ਪਿੰਡ ਦੇ ਬੱਚਿਆਂ ਨੂੰ ਆਮ ਪੜ੍ਹਾਈ ਲਿਖਾਈ ਦੇ ਨਾਲ ਨਾਲ ਕਾਵਿ ਸਿੱਖਿਆ ਵੀ ਦਿੰਦਾ ਸੀ। ਸੰਤ ਧਿਆਨ ਸਿੰਘ ਰਚਿਤ ਕੀਮਾ ਮਲਕੀ ਇਸ ਇਲਾਕੇ ਵਿਚ ਕਾਫੀ ਪ੍ਰਸਿੱਧ ਰਿਹਾ ਹੈ। ਗੰਗਾ ਸਿੰਘ ਨੇ ਕਵੀਸ਼ਰੀ ਦੀ ਸਿੱਖਿਆ ਸੰਤ ਧਿਆਨ ਸਿੰਘ ਪਾਸੋਂ ਹੀ ਲਈ। ਆਪਣੀ ਤੀਖਣ ਬੁੱਧੀ, ਅਟੁੱਟ ਲਗਨ ਅਤੇ ਸਖਤ ਮਿਹਨਤ ਸਦਕਾ ਗੰਗਾ ਸਿੰਘ ਜਲਦੀ ਹੀ ਕਾਵਿ ਉਡਾਰੀਆਂ ਲਾਉਣ ਲੱਗ ਪਿਆ ਅਤੇ ਇੱਕ ਨਾਮਵਰ ਕਵੀਸ਼ਰ ਬਣ ਗਿਆ।

ਗੰਗਾ ਸ਼ਿੰਘ ਨੇ ਪੰਡਤ ਬਰਮਾਨੰਦ ਡਿੱਖਾਂ ਤੇ ਮਹਿੰਗਾ ਸਿੰਘ ਨੂੰ ਨਾਲ ਮਿਲਾਕੇ ਆਪਣਾ ਕਵੀਸ਼ਰੀ ਜਥਾ ਬਣਾ ਲਿਆ। ਜਿਸਨੇ ਨਾ ਸਿਰਫ ਆਪਣੇ ਇਲਾਕੇ ਵਿਚ ਸਗੋਂ ਸਮੁੱਚੇ ਮਾਲਵੇ ਖੇਤਰ ਵਿਚ ਆਪਣੀ ਕਲਾ ਦੀ ਧਾਂਕ ਜਮਾਈ। ਇਸ ਜਥੇ ਵਿਚ ਸਾਰੇ ਮੈਂਬਰ ਦਰਸ਼ਨੀ ਜਵਾਨ ਸਨ ਅਤੇ ਅਖਾੜਿਆਂ ਵਿਚ ਉਹਨਾਂ ਦਾ ਤੇਜ਼ ਡੁੱਲ ਡੁੱਲ ਪੈਂਦਾ ਸੀ।

ਗੰਗਾ ਸਿੰਘ ਨੇ ਸਾਰਾ ਜੀਵਨ ਕਵੀਸ਼ਰੀ ਨੂੰ ਅਰਪਿਤ ਕਰ ਦਿੱਤਾ ਏਸੇ ਨੂੰ ਆਪਣੀ ਰੋਜ਼ੀ ਰੋਟੀ ਦਾ ਸਾਧਨ ਬਣਾਇਆ। ਉਹ ਛੰਦ ਘੜਨ ਦਾ ਮਾਹਰ ਸੀ ਆਪਣੇ ਜੀਵਨ ਕਾਲ ਵਿਚ ਉਸਨੇ ਬਹੁਤ ਸਾਰੀ ਰਚਨਾ ਕੀਤੀ ਜਿਸ ਵਿਚੋਂ ਕੁਝ ਕੁ ਉਸਨੇ ਪ੍ਰਕਾਸ਼ਿਤ ਵੀ ਕਰਵਾਈ ਪਰੰਤੂ ਬਹੁਤ ਸਾਰੀ ਅਪ੍ਰਕਾਸ਼ਿਤ ਹੈ, ਜੋ ਉਸਦੇ ਪਰਵਾਰ ਕੋਲ ਸਾਂਭੀ ਪਈ ਹੈ। ਸਮੁੱਚੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ:-

ਸ਼ਾਮੋ ਨਾਰ, ਸੁੱਚਾ ਸੂਰਮਾ, ਸਰਵਨ ਭਗਤ, ਪ੍ਰਕਾਸ਼ਿਤ ਹਨ। ਹੀਰ ਦੀਆਂ ਕਲੀਆਂ, ਦੁੱਲਾ ਭੱਟੀ, ਮਿਰਜ਼ਾ ਸਾਹਿਬਾਂ, ਜੰਗੀਰ ਜਲਾਲ ਡਾਕੂ, ਦਸਵੇਂ ਪਾਤਸ਼ਾਹ ਦਾ ਪ੍ਰਸੰਗ, ਵੱਡੇ ਸਾਹਿਬਜਾਦੇ, ਛੋਟੇ ਸਾਹਿਬਜਾਦੇ, ਮੱਸਾ ਰੰਘੜ, ਨਰਸੀ ਭਗਤ, ਸਤੀ ਦਾ ਪ੍ਰਸੰਗ, ਮਨੀ ਸਿਉਂ, ਸੋਲਾਂ ਹਜਾਰ ਲੜਕੀ, ਸੀਤਾ ਲਛਮਣ, ਚੰਦਰ ਵਤੀ, ਮੁਸਲਮਾਨਾਂ ਦੀ ਕਟਾ ਵੱਢੀ ਆਦਿ ਅਪ੍ਰਕਾਸ਼ਿਤ ਰਚਨਾਵਾਂ ਹਨ। ਇਸ ਪ੍ਰਕਾਰ ਗੰਗਾ ਸਿੰਘ ਨੇ ਬੇਸ਼ੁਮਾਰ ਰਚਨਾ ਕੀਤੀ ਜਿਸਨੂੰ ਪ੍ਰਕਾਸ਼ਿਤ ਕਰਵਾਕੇ ਸਾਂਭਣ ਦੀ ਜ਼ਰੂਰਤ ਹੈ। ਗੰਗਾ ਸਿੰਘ ਨੂੰ ਆਪਣੀ ਕਾਵਿ ਕਲਾ ਉਤੇ ਬੇਹੱਦ ਮਾਣ ਸੀ ਏਸੇ ਕਰਕੇ ਉਸਨੇ ਮਹਾਰਾਜਾ ਪਟਿਆਲਾ ਨੂੰ ਆਪਣੇ ਆਪ ਨੂੰ "ਕਵੀਸ਼ਰ ਸ਼੍ਰੋਮਣੀ" ਕਰਾਰ ਦੇਣ ਲਈ ਲਿਖਿਆ ਸੀ। ਭਾਵੇਂ ਇਹ ਤਾਂ ਨਾ ਹੋ ਸਕਿਆ ਪਰ ਤਾਂ ਵੀ ਮਹਾਰਾਜਾ ਪਟਿਆਲਾ ਗੰਗਾ ਸਿੰਘ ਦੀ ਪੂਰੀ ਕਦਰ ਕਰਦਾ ਸੀ।

ਗੰਗਾ ਸਿੰਘ ਦੀ ਹੀਰ ਜੋ ਕਲੀਆਂ ਵਿਚ ਹੈ ਨੂੰ ਬਠਿੰਡਾ ਇਲਾਕੇ ਦੇ ਬਹੁਤ ਸਾਰੇ ਲੋਕ ਢਾਡੀ ਗਾਉਂਦੇ ਰਹੇ ਹਨ। ਇਹ ਕਲੀਆਂ ਰੂਪ ਦੇ ਪੱਖੋਂ ਸਲਾਹੁਣ ਯੋਗ ਹਨ। ਕਾਵਿ ਸਿਧਾਂਤ ਦੇ ਨਿਯਮਾਂ ਤੇ ਪੂਰਾ ਉਤਰਦੀਆਂ ਹਨ। ਇਨ੍ਹਾਂ ਸਦਕਾ ਕਲੀ ਛੰਦ ਦਾ ਭੰਡਾਰ ਗੁਣਾਤਮਕ ਤੇ ਗਿਣਾਤਮਕ ਪੱਖੋਂ ਪ੍ਰਫੁੱਲਤ ਹੋਇਆ ਹੈ। ਗੰਗਾ ਸਿੰਘ ਨੇ ਆਪਣੀ ਵਿਦਵਤਾ ਦਾ ਪ੍ਰਭਾਵ ਦੇਣ ਲਈ ਹੀਰ ਦੇ ਕਥਾਨਕ ਵਿਚ ਕੁਝ ਤਬਦੀਲੀਆਂ ਕੀਤੀਆਂ ਹਨ। ਉਸਨੇ ਗੁਰੂ ਨਾਨਕ ਦੇਵ ਜੀ ਨੂੰ ਆਪਣੀ ਕਥਾ ਵਿਚ ਸ਼ਾਮਲ ਕੀਤਾ ਹੈ। ਰਾਂਝੇ ਨੂੰ ਗੁਰੂ ਗੋਰਖ ਨਾਥ ਦੀ ਥਾਂ ਗੁਰੂ ਨਾਨਕ ਦੇਵ ਦੇ ਚਰਨੀਂ ਲਾਇਆ ਹੈ।

ਗੰਗਾ ਸਿੰਘ ਦਾ ਵਿਆਹ ਭਰ ਜਵਾਨੀ ਵਿਚ ਬਠਿੰਡਾ ਜ਼ਿਲ੍ਹੇ ਦੇ ਪਿੰਡ ਪਿੱਥੋ ਦੀ ਸ਼ਾਮ ਕੌਰ ਨਾਲ ਹੋਇਆ। ਇਸ ਤੋਂ ਗੰਗਾ ਸਿੰਘ ਦੇ ਦੋ ਪੁੱਤਰ ਹੋਏ, ਗੁਰਦਿਆਲ ਸਿੰਘ ਤੇ ਨੱਥਾ ਸਿੰਘ। ਗੁਰਦਿਆਲ ਸਿੰਘ ਦਾ ਕਵੀਸ਼ਰੀ ਨਾਲ ਬਹੁਤ ਲਗਾਓ ਸੀ। ਉਹ ਪਿੰਡ ਦਾ ਸਰਪੰਚ ਵੀ ਰਿਹਾ ਹੈ। ਉਸਨੇ ਆਪਣੇ ਪੁੱਤਰ ਨੂੰ ਵੀ ਇਸ ਲੀਹ ਤੇ ਤੋਰਿਆ ਹੈ। ਗੰਗਾ ਸਿੰਘ ਨੇ ਖੁਦ ਵੀ ਬਹੁਤ ਸਾਰੇ ਸ਼ਗਿਰਦਾਂ ਨੂੰ ਕਵੀਸ਼ਰੀ ਦੀ ਦੀਖਿਆ ਦਿੱਤੀ ਜਿਨ੍ਹਾਂ ਵਿਚੋਂ ਕਈਆਂ ਨੇ ਉਸਦੇ ਨਾਂ ਨੂੰ ਚਾਰ ਚੰਨ ਲਾਏ।

ਪਿਛਲੇਰੀ ਉਮਰੇ ਉਸਨੇ ਵੈਦਗੀ ਨਾਲ ਵੀ ਆਮ ਲੋਕਾਂ ਦੀ ਸੇਵਾ ਕੀਤੀ। ਅਖੀਰ 1957 ਵਿਚ ਬਿਆਸੀ ਬਹਾਰਾਂ ਹੰਢਾ ਕੇ ਇਹ ਵਿਦਵਾਨ ਕਵੀ ਸਦਾ ਲਈ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ ਅਤੇ ਆਪਣੇ ਪਿਛੇ ਰਚਨਾਵਾਂ ਦਾ ਇੱਕ ਅਮੁੱਲ ਖਜ਼ਾਨਾ ਛੱਡ ਗਿਆ। ਜਿਸ ਸਦਕਾ ਕਵੀਸ਼ਰੀ ਪ੍ਰੰਪਰਾ ਵਿਚ ਉਸਦਾ ਨਾਂ ਹਮੇਸ਼ਾ ਸਨਮਾਨ ਨਾਲ ਲਿਆ ਜਾਂਦਾ ਰਹੇਗਾ।

## ਬੰਸੀ ਰਾਮ ਨੌਹਰਾ

ਪ੍ਰਸਿੱਧ ਲੋਕ ਢਾਡੀ ਕਾਂਸ਼ੀ ਰਾਮ ਡੇਹਲੋਂ ਦੇ ਢਾਡੀ ਘਰਾਣੇ ਨਾਲ ਸਬੰਧਤ ਢਾਡੀ, ਹਜ਼ੂਰਾ ਸਿੰਘ ਦੀ ਹੀਰ ਦੇ ਨਾਲ ਨਾਲ ਬੰਸੀ ਰਾਮ ਨੌਹਰਾ ਦੀ ਹੀਰ ਵੀ ਗਾਉਂਦੇ ਰਹੇ ਹਨ ਤੇ ਗਾ ਰਹੇ ਹਨ। ਇਹ ਵੀ ਕਲੀ ਛੰਦ ਵਿਚ ਇੱਕ ਆਲ੍ਹਾ ਦਰਜੇ ਦੀ ਰਚਨਾ ਹੈ ਜੋ ਢਾਡੀਆਂ ਰਾਹੀਂ ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੀ ਹੈ।

ਬੰਸੀ ਰਾਮ ਦਾ ਜਨਮ 1860-62 ਦੇ ਲਗਭਗ ਜ਼ਿਲ੍ਹਾ ਪਟਿਆਲਾ ਦੀ ਵਰਤਮਾਨ ਨਾਭਾ ਤਹਿਸੀਲ ਦੇ ਪਿੰਡ ਨੌਹਰਾ ਵਿਖੇ ਪਿਤਾ ਗਣੇਸ਼ਾ ਰਾਮ ਦੇ ਘਰ ਹੋਇਆ। ਇਹ ਜਾਤ ਦਾ ਸੁਨਿਆਰ ਸੀ। ਇਹ ਪੰਜ ਭਰਾ ਸਨ। ਨਰੈਣਾ ਰਾਮ ਤੇ ਨੰਦ ਰਾਮ ਵੱਡੇ ਸਨ। ਬੰਸੀ ਰਾਮ ਸਾਰਿਆਂ ਤੋਂ ਛੋਟਾ ਸੀ। ਬੰਸੀ ਰਾਮ ਨੇ ਦੋ ਵਿਆਹ ਕਰਵਾਏ ਪਰ ਦੋਵਾਂ ਪਤਨੀਆਂ ਤੋਂ ਕੋਈ ਔਲਾਦ ਨਹੀਂ ਹੋਈ। ਉਸ ਦੇ ਭਰਾ ਨਰੈਣ ਰਾਮ ਦੇ ਪੋਤਰੇ ਪੜਪੋਤਰੇ ਅੱਜ ਕੱਲ੍ਹ ਨਾਭਾ ਸ਼ਹਿਰ ਵਿਖੇ ਰਹਿ ਰਹੇ ਹਨ। ਉਨ੍ਹਾਂ ਕੋਲ ਬੰਸੀ ਰਾਮ ਦੀ ਕੋਈ ਰਚਨਾ ਸਾਂਭੀ ਹੋਈ ਨਹੀਂ ਹੈ। ਉਸਦੇ ਪੋਤੇ ਚੇਲੇ ਛਹਿਬਰ ਸਿੰਘ ਨੌਹਰਾ ਜੋ ਅੱਸੀਆਂ ਸਾਲਾਂ ਨੂੰ ਢੁਕ ਚੁੱਕਾ ਹੈ, ਨੇ ਦੱਸਿਆ ਕਿ ਬੰਸੀ ਰਾਮ ਪਿੰਗਲ ਪੜ੍ਹਿਆ ਹੋਇਆ ਸੀ। ਆਪਣਾ ਜੱਦੀ ਪੁਸ਼ਤੀ ਕੰਮ ਕਰਦਾ ਹੋਇਆ, ਉਹ ਕਵਿਤਾ ਬਣਾਉਂਦਾ ਰਹਿੰਦਾ ਸੀ। ਪਿੰਡ ਦੇ ਬਹੁਤ ਸਾਰੇ ਮੁੰਡੇ ਉਸਦੇ ਚੇਲੇ ਬਣੇ। ਕਈਆਂ ਨੇ ਤਾਂ ਚੰਗੇ ਕਸਬੀ ਗਵੱਈਆਂ ਵਜੋਂ ਆਪਣਾ ਨਾਂ ਵੀ ਬਣਾਇਆ। ਮਾਈ ਦਿੱਤਾ, ਛਹਿਬਰ ਸਿੰਘ ਤੇ ਰਾਮ ਦਾਸ ਲੰਮਾ ਸਮਾਂ ਤੂੰਬੇ ਨਾਲ ਉਸਦੀਆਂ ਕ੍ਰਿਤਾਂ ਨੂੰ ਗਾਉਂਦੇ ਰਹੇ ਹਨ। ਜਰਗ, ਛਪਾਰ ਦੇ ਮੇਲਿਆਂ 'ਤੇ ਇਹ ਅਖਾੜੇ ਲਾਉਂਦੇ ਸਨ। ਨੌਹਰੇ ਪਿੰਡ ਦੇ ਹੀ ਚੰਨਣ ਸਿੰਘ ਤੇ ਸੁੱਚਾ ਸਿੰਘ ਉਸਦੇ ਚੇਲਿਆਂ ਵਿਚੋਂ ਸਨ ਜੋ ਕਵੀਸ਼ਰੀ ਕਰਦੇ ਸਨ।

ਬੰਸੀ ਰਾਮ ਦੀਆਂ ਸਾਰੀਆਂ ਹੀ ਰਚਨਾਵਾਂ ਅਣਛਪੀਆਂ ਸਨ। ਹੀਰ ਉਸਦੀ ਇੱਕ ਸ਼ਾਹਕਾਰ ਰਚਨਾ ਹੈ। ਹੀਰ ਤੋਂ ਇਲਾਵਾ ਪੂਰਨ, ਦਹੂਦ ਬਾਦਸ਼ਾਹ, ਪੱਤਲ ਆਦਿ ਰਚਨਾਵਾਂ ਵੀ ਉਸਨੇ ਰਚੀਆਂ। ਇਨ੍ਹਾਂ ਦੀ ਕੋਈ ਵੀ ਹੱਥ ਲਿਖਤ ਅੱਜ ਮੌਜੂਦ ਨਹੀਂ ਹੈ। ਹਾਂ, ਕੁੱਝ ਲੋਕ ਢਾਡੀ ਅੱਜ ਦੀ ਉਸਦੀ ਹੀਰ ਨੂੰ ਗਾ ਰਹੇ ਹਨ। ਉਸਦੇ ਪੋਤੇ ਚੇਲੇ ਛਹਿਬਰ ਸਿੰਘ ਨੂੰ ਉਸਦੀਆਂ ਦੂਜੀਆਂ ਰਚਨਾਵਾਂ ਕੰਠ ਹਨ, ਪਰ ਵਡੇਰੀ ਉਮਰ ਅਤੇ ਬਿਮਾਰੀ ਕਾਰਨ ਉਹ ਬਹੁਤਾ ਬੋਲ ਨਹੀਂ ਸਕਦਾ।

ਬੰਸੀ ਰਾਮ ਨੂੰ ਆਪਣੀਆਂ ਰਚਨਾਵਾਂ ਦੀ ਗੁਣਵਤਾ ਬਾਰੇ ਕੋਈ ਸ਼ੱਕ ਨਹੀਂ ਸੀ। ਉਸਨੂੰ ਉਨ੍ਹਾਂ ਦੇ ਵੇਸ਼ਕੀਮਤੀ ਹੋਣ ਦਾ ਪਤਾ ਸੀ। ਏਸੇ ਲਈ 'ਬਿਨ ਗਾਹਕ ਗੁਣ ਵੇਚੀਏ ਤਾਂ ਗੁਣ ਸਹਿਗੋ ਜਾਏ। ਜੇ ਗੁਣ ਕਾ ਗਾਹਕ ਮਿਲੇ ਤਾਂ ਗੁਣ ਲਾਖ ਵਟਾਏ' ਦੀ ਧਾਰਨਾ ਅਨੁਸਾਰ ਉਹ ਹਾਰੀ ਸਾਰੀ ਨੂੰ ਆਪਣੀ ਰਚਨਾ ਗਾਉਣ ਲਈ ਨਹੀਂ ਦਿੰਦਾ ਸੀ। ਪ੍ਰਸਿੱਧ ਲੋਕ ਢਾਡੀ ਮੁਨਸ਼ੀ ਰਾਮ ਜੱਖਲਾਂ ਵਾਲੇ ਵਰਗੇ ਵੀ ਉਸਤੋਂ ਕਲੀਆਂ ਮੁੱਲ ਖਰੀਦ ਕੇ

ਲਿਜਾਂਦੇ ਸਨ। ਭਾਵੇਂ ਕੀਮਤ ਰੁਪਈਆ ਜਾਂ ਅਠੱਨੀ ਹੀ ਹੁੰਦੀ ਸੀ।

ਉਸਨੇ ਪੂਰੀ ਹੀਰ ਨੂੰ ਭਾਵੇਂ ਅਨੇਕਾਂ ਕਲੀਆਂ ਵਿਚ ਲਿਖਿਆ ਹੋਵੇਗਾ, ਪਰ ਵਰਤਮਾਨ ਲੋਕ ਢਾਡੀ ਗਿਣਤੀ ਦੀਆਂ ਚੋਣਵੀਆਂ ਕਲੀਆਂ ਹੀ ਗਾਉਂਦੇ ਹਨ ਅਤੇ ਇਹ ਗਿਣਤੀ ਲਗਾਤਾਰ ਘਟਦੀ ਹੀ ਜਾ ਰਹੀ ਹੈ। ਹੀਰ ਦੇ ਵਿਆਹ ਦੇ ਮੇਲ ਬਾਰੇ ਇਕ ਕਲੀ ਦੇ ਕੁਝ ਬੰਦ ਇਸ ਪ੍ਰਕਾਰ ਹਨ :-

- ***ਸਭ ਤੋਂ ਪਹਿਲਾਂ ਮੇਲੀ ਆ ਗੇ ਨਾਨਕੇ ਹੀਰ ਦੇ,***
  ***ਕਦਮ ਸਵਾਇਆ ਨਾਲ ਖੁਸ਼ੀਆਂ ਦੇ ਧਰਦੇ।***
  ***ਪੰਜ ਸੱਤ ਘੋੜੇ ਚੰਗੇ ਉਹਨਾਂ ਨਾਲ ਜਲੂਸ ਦੇ,***
  ***ਚੰਗੇ ਚੰਗੇ ਸੀ ਬਈ ਨਾਲ ਉਹਨਾਂ ਦੇ ਬਰਦੇ।***
  ***ਸੁਣਕੇ ਤਾੜੀ ਇੰਦਰ ਆ ਗਿਆ ਵਰਖਾ ਪੌਣ ਨੂੰ,***
  ***ਛਹਿਬਰ ਲਗ ਗੀ ਆਕੇ ਵਿਚ ਸ਼ੁਸ਼ਕ ਦੇ ਦਰ ਦੇ।***
  ***ਸੁਣਕੇ ਤਾੜੀ ਪੰਜੇ ਪੀਰ ਕਿਨਾਰੇ ਲਗ ਗੇ ਨੇ,***
  ***ਲੁਕਦੇ ਫਿਰਦੇ ਜਿਹੜੇ ਬਈ ਰਾਂਝੇ ਤੋਂ ਡਰਦੇ।***

ਆਪਣੀ ਹੀਰ ਵਿਚ ਬੰਸੀ ਰਾਮ ਨੇ ਹੀਰ ਤੇ ਰਾਂਝੇ ਨੂੰ ਰੂਹ ਤੇ ਬੁੱਤ ਦੇ ਚਿੰਨ੍ਹਾਂ ਵਜੋਂ ਬਿਆਨਿਆ ਹੈ।

- ***ਰੂਹ ਤੇ ਬੁੱਤ ਦਾ ਝੇੜਾ ਬੰਸੀ ਰਾਮ ਨੇ ਕਰ ਲਿਆ,***
  ***ਮੂਹਰੇ ਧਰਕੇ ਰਾਂਝੇ ਹੀਰ ਦਾ ਨਿਸ਼ਾਨਾ।***

ਕਲੀ ਤੋਂ ਇਲਾਵਾ ਬੰਸੀ ਰਾਮ ਨੇ ਦੂਜੀਆਂ ਰਚਨਾਵਾਂ ਵਿਚ ਦੂਜੇ ਛੰਦਾਂ ਦਾ ਵੀ ਬਾਖੂਬੀ ਪ੍ਰਯੋਗ ਕੀਤਾ ਹੈ। ਵਿਦਵਾਨ ਕਵੀ ਨੇ ਆਪਣੀਆਂ ਰਚਨਾਵਾਂ ਵਿਚ ਥਾਂ ਥਾਂ ਵਿਦਵਤਾ ਭਰਪੂਰ ਉਪਦੇਸ਼ਾਤਮਕ ਟਿਪਣੀਆਂ ਕੀਤੀਆਂ ਹਨ, ਜੋ ਉਸਦੀ ਵਿਦਵਤਾ ਦੀਆਂ ਲਖਾਇਕ ਹਨ। ਮਨੁੱਖ ਨੂੰ ਸੁਚੇਤ ਕਰਦਾ ਹੋਇਆ ਕਵੀ ਕਹਿੰਦਾ ਹੈ:

***ਕਰਦੈਂ ਗੁਮਾਨ ਬੰਦਿਆ ਸੋਹਣੀ ਦੇਹੀ ਦਾ। ਇਕ ਦਿਨ ਬੁਰਜ ਢਹਿ ਜੂ ਗਾ ਰੇਹੀ ਦਾ।***
***ਮਿੱਟੀ ਮੇਂ ਮਿਲਾਉਣ ਤੇਰੀ ਤਸਵੀਰ ਨੂੰ। ਛੱਡ ਜੂ ਗਾ ਭੌਰ ਸੁੰਦਰ ਸਰੀਰ ਨੂੰ।***

ਅੰਤ 1935-36 ਦੇ ਨੇੜੇ-ਤੇੜੇ ਬੰਸੀ ਰਾਮ ਦਾ ਭੌਰ ਸੁੰਦਰ ਸਰੀਰ ਨੂੰ ਛੱਡ ਕੇ ਉਡਾਰੀ ਮਾਰ ਗਿਆ। ਲੋੜ ਹੈ ਉਸਦੀਆਂ ਰਚਨਾਵਾਂ ਨੂੰ ਖੋਜ ਕੇ ਇਕੱਠਾ ਕਰਨ ਦੀ ਤਾਂ ਕਿ ਇਨ੍ਹਾਂ ਨੂੰ ਭਵਿੱਖ ਲਈ ਸਾਂਭਿਆ ਜਾ ਸਕੇ।

## ਨੱਥਾ ਸਿੰਘ ਨਰੜੂ

ਹੀਰ ਨੂੰ ਕਲੀਆਂ ਵਿਚ ਬਹੁਤ ਸਾਰੇ ਕਿੱਸਾਕਾਰਾਂ ਨੇ ਲਿਖਿਆ ਹੈ ਅਤੇ ਮਾਲਵੇ ਵਿਚ ਇਹ ਪ੍ਰਿਤ ਆਮ ਚਲਦੀ ਰਹੀ ਹੈ। ਪਰ ਕੁੱਝ ਕੁ ਅਜਿਹੇ ਕਿੱਸਾਕਾਰ ਵੀ ਹੋਏ ਹਨ, ਜੋ ਲੀਕ ਤੋਂ ਹਟਕੇ ਚੱਲੇ। ਇਹਨਾਂ ਵਿਚ ਦਿਲਾ ਰਾਮ ਮਠਾੜੂ ਭੂਦਨ (ਮਲੇਰਕੋਟਲਾ) ਵਾਲਾ ਅਤੇ ਨੱਥਾ ਸਿੰਘ ਨਰੜੂ (ਘਨੌਰ) ਦਾ ਨਾਂ ਲਿਆ ਜਾ ਸਕਦਾ ਹੈ। ਦਿਲਾ ਰਾਮ ਨੇ ਇੰਦਰ ਬੇਗੋ ਦੇ ਕਿੱਸੇ ਨੂੰ ਕਲੀਆਂ ਵਿਚ ਲਿਖਿਆ ਅਤੇ ਨੱਥਾ ਸਿੰਘ ਨਰੜੂ ਨੇ ਸੱਸੀ ਨੂੰ ਕਲੀਆਂ ਵਿਚ ਲਿਖਿਆ। ਕਲੀ ਛੰਦ ਨੂੰ ਲੋਕ ਪ੍ਰਿਯ ਬਣਾਉਣ ਵਿਚ ਇਹਨਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

ਨੱਥਾ ਸਿੰਘ ਦਾ ਜਨਮ 1860 ਈ: ਵਿਚ ਜ਼ਿਲ੍ਹਾ ਪਟਿਆਲਾ ਦੇ ਕਸਬੇ ਘਨੌਰ ਦੇ ਨੇੜਲੇ ਪਿੰਡ ਨਰੜੂ ਵਿਖੇ ਹੋਇਆ। ਇਸਨੇ ਮੁਢਲੀ ਵਿਦਿਆ ਆਮ ਰਵਾਇਤੀ ਢੰਗ ਨਾਲ ਗੁਰਦੁਆਰੇ ਅਤੇ ਡੇਰੇ ਤੋਂ ਹੀ ਪ੍ਰਾਪਤ ਕੀਤੀ। ਬਚਪਨ ਤੋਂ ਹੀ ਇਹ ਸੁਰੀਲੀ ਆਵਾਜ਼ ਦਾ ਮਾਲਕ ਸੀ ਅਤੇ ਇਸੇ ਕਾਰਨ ਇਸਨੂੰ ਕਲੀਆਂ ਗਾਉਣ ਦੀ ਚੇਟਕ ਲੱਗੀ। ਇਹ ਰਾਮਗੜ੍ਹੀਆ (ਧੀਮਾਨ) ਬਰਾਦਰੀ ਨਾਲ ਸਬੰਧ ਰੱਖਦਾ ਸੀ। ਇਹ ਦੋ ਭਰਾ ਸਨ ਦੂਜੇ ਦਾ ਨਾਂ ਪੰਜਾਬਾ ਸੀ। ਦੋਵੇਂ ਅਣਵਿਆਹੇ ਸਨ, ਆਪਣੀ ਰੋਟੀ ਆਪ ਹੀ ਪਕਾਉਂਦੇ ਸਨ। ਚੜ੍ਹਦੀ ਜਵਾਨੀ ਵਿਚ ਨੱਥਾ ਸਿੰਘ ਨੇ ਆਪਣਾ ਜਥਾ ਬਣਾ ਲਿਆ। ਇਹ ਢੱਡ ਸਾਰੰਗੀ ਨਾਲ ਗਾਉਂਦੇ ਸਨ। ਨੱਥਾ ਸਿੰਘ ਆਪ ਇੱਕ ਵਧੀਆ ਸਾਰੰਗੀ ਵਾਦਕ ਸੀ। ਨੱਥਾ ਸਿੰਘ ਨੇ ਆਪਣੇ ਜਥੇ ਨਾਲ ਪੁਆਧ ਦੇ ਪਿੰਡਾਂ ਵਿਚ ਦੂਰ-ਦੂਰ ਤੱਕ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਪੁਆਧ ਵਿਚ ਲੱਗਣ ਵਾਲੇ ਸਾਰੇ ਮੇਲਿਆਂ 'ਤੇ ਇਹ ਆਪਣੀ ਹਾਜ਼ਰੀ ਲੁਆਉਂਦੇ ਸਨ। ਇਸ ਤੋਂ ਇਲਾਵਾ ਪੰਜਾਬ ਦੇ ਦੂਜੇ ਲੋਕ ਮੇਲਿਆਂ 'ਤੇ ਵੀ ਇਹ ਪਹੁੰਚਦੇ ਸਨ।

ਸੱਸੀ ਦੇ ਕਿੱਸੇ ਨੂੰ ਨੱਥਾ ਸਿੰਘ ਨੇ ਪਹਿਲੀ ਵਾਰ ਕਲੀਆਂ ਵਿਚ ਲਿਖਿਆ। ਉਸਦੀ ਕਲੀ ਛੰਦ ਤੇ ਪੀਢੀ ਪਕੜ ਸੀ। ਏਸੇ ਕਰਕੇ ਉਸਦਾ ਨਾਂ ਮੁਢਲੇ ਚੋਟੀ ਦੇ ਕਲੀਕਾਰਾਂ ਵਿਚ ਸ਼ਾਮਲ ਹੈ। ਭਾਵੇਂ ਇਹ ਇੱਕ ਛੋਟੀ ਜਿਹੀ ਰਚਨਾ ਹੈ, ਪਰ ਇਹ ਇੰਨੀ ਪ੍ਰਮਾਣਿਕ ਹੈ ਕਿ ਚੋਟੀ ਦੇ ਗਮੰਤਰੀਆਂ ਨੇ ਇਸਨੂੰ ਗਾਇਆ ਹੈ ਅਤੇ ਗਾ ਰਹੇ ਹਨ। ਇਹ ਇੱਕ ਪ੍ਰਕਾਸ਼ਿਤ ਰਚਨਾ ਹੈ, ਜੋ ਉਸਨੇ ਆਪਣੀ ਉਮਰ ਦੇ ਆਖਰੀ ਵਰ੍ਹਿਆਂ ਭਾਵ 1927 ਈ: ਵਿਚ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕਰਵਾਈ। ਇਸ ਕਿੱਸੇ ਦੇ ਚਾਲੀ ਪੰਨੇ ਹਨ। ਇਹ ਇੱਕ ਸਾਹਿਤਕ ਅੰਸ਼ ਵਾਲੀ ਮਾਂਜੀ ਸੰਵਾਰੀ ਹੋਈ ਰਚਨਾ ਹੈ। ਨੱਥਾ ਸਿੰਘ ਨੇ ਕਲੀ ਛੰਦ ਨੂੰ ਰੂਪ ਅਤੇ ਬਿੰਬ ਵਿਧਾਨ ਦੇ ਪੱਖੋਂ ਬਾਖੂਬੀ ਨਿਭਾਇਆ ਹੈ। ਇਸਦੀ ਭਾਸ਼ਾ ਤੇ ਪੁਆਧੀ ਦਾ

ਅਸਰ ਹੈ, ਜੋ ਇਸ ਦਾ ਔਗੁਣ ਨਹੀਂ ਸਗੋਂ ਇਸਨੂੰ ਨਿਵੇਕਲਾ ਰੰਗ ਪ੍ਰਦਾਨ ਕਰਦਾ ਹੈ। ਇਹ ਕੁੱਜੇ ਵਿਚ ਸਮੁੰਦਰ ਪਾਉਣ ਵਾਲੀ ਗੱਲ ਹੈ। ਇਸ ਤੋਂ ਇਲਾਵਾ ਨੱਥਾ ਸਿੰਘ ਦੀਆਂ ਦੋ ਹੋਰ ਰਚਨਾਵਾਂ ਵੀ ਪ੍ਰਕਾਸ਼ਿਤ ਹੋਈਆਂ ਜਿਨ੍ਹਾਂ ਵਿਚ ਪਹਿਲੀ ਹੈ ਸ਼ੀਰੀ ਫਰਿਹਾਦ, ਅਤੇ ਦੂਜੀ ਹੈ ਨੂੰਹ ਸੱਸ।

ਨੱਥਾ ਸਿੰਘ ਇੱਕ ਗੁਣੀ ਅਤੇ ਵਿਦਵਾਨ ਵਿਅਕਤੀ ਸੀ। ਉਹ ਬੜਾ ਧਰਮੀ ਕਰਮੀ ਸੀ। ਉਹ ਗੁਰੂ ਗ੍ਰੰਥ ਸਾਹਿਬ ਦਾ ਵਧੀਆ ਪਾਠੀ ਅਤੇ ਰਸ ਭਿੰਨਾ ਕੀਰਤਨੀਆ ਸੀ। ਸਮਾਜ ਸੇਵਾ ਉਸਦੀ ਰਗ ਰਗ ਵਿਚ ਸਮਾਈ ਹੋਈ ਸੀ। ਉਸਨੇ ਆਪਣਾ ਘਰ ਪਿੰਡ ਵਿਚ ਖੂਹ ਲਗਾਉਣ ਲਈ ਦਾਨ ਕਰ ਦਿੱਤਾ। ਉਸਨੇ ਕੋਈ ਲੁਹਾਰਾ ਤਰਖਾਣਾ ਕੰਮ ਨਹੀਂ ਕੀਤਾ ਸਗੋਂ ਆਪਣਾ ਸਾਰਾ ਜੀਵਨ ਕਵੀਸ਼ਰੀ, ਪਰਚਾਰ, ਧਰਮ ਕਰਮ ਅਤੇ ਸਮਾਜ ਸੇਵਾ ਨੂੰ ਸਮਰਪਿਤ ਕਰ ਦਿੱਤਾ। ਅਖੀਰਲੀ ਉਮਰ ਵਿਚ ਉਸਨੇ ਆਪਣੇ ਪਿੰਡ ਦੀ ਧਰਮਸ਼ਾਲਾ ਵਿਚ ਬੱਚਿਆਂ ਨੂੰ ਪੜ੍ਹਾਇਆ। ਏਸੇ ਕਰਕੇ ਉਸਨੂੰ ਮਾਸਟਰ ਕਿਹਾ ਜਾਂਦਾ ਸੀ।

ਅਖੀਰ 1930 ਵਿਚ ਸੱਤਰ ਸਾਲਾਂ ਦੀ ਉਮਰ ਭੋਗਕੇ ਨੱਥਾ ਸਿੰਘ ਦੀ ਰੂਹ ਸੱਸੀ ਵਾਂਗ ਕਾਲ ਰੂਪੀ ਥਲ ਵਿਚ ਸਮਾ ਗਈ, ਪਰ ਆਪਣੀਆਂ ਰਚਨਾਵਾਂ ਸਦਕਾ ਜੋ ਲਿਖਤ ਰੂਪ ਵਿਚ ਵੀ ਹਨ ਤੇ ਜਿਨ੍ਹਾਂ ਨੂੰ ਵਰਤਮਾਨ ਗਮੰਤਰੀ ਗਾ ਵੀ ਰਹੇ ਹਨ, ਉਹ ਅੱਜ ਵੀ ਅਮਰ ਹੈ। ਲੋੜ ਹੈ ਇਹਨਾਂ ਰਚਨਾਵਾਂ ਦੀ ਵਿਸਥਾਰ ਪੂਰਵਕ ਪਰਖ ਪੜਚੋਲ ਕਰਨ ਦੀ ਅਤੇ ਇਹਨਾਂ ਨੂੰ ਨਵੇਂ ਸਿਰੇ ਤੋਂ ਪ੍ਰਕਾਸ਼ਿਤ ਕਰਕੇ ਅਵਾਮ ਤੱਕ ਪਹੁੰਚਾਉਣ ਦੀ ਤਾਂ ਕਿ ਵਰਤਮਾਨ ਪੀੜ੍ਹੀ ਆਪਣੇ ਮਹਾਨ ਵਿਰਸੇ ਤੋਂ ਜਾਣੂੰ ਹੋ ਸਕੇ।

## ਦਿਲਾ ਰਾਮ ਭੂਦਨ

ਲੋਕ ਢਾਡੀਆਂ ਵੱਲੋਂ ਜਿਨ੍ਹਾਂ ਕਿੱਸਾਕਾਰਾਂ ਦੀਆਂ ਰਚਨਾਵਾਂ ਨੂੰ ਗਾਇਆ ਜਾਂਦਾ ਰਿਹਾ ਹੈ, ਉਨਾਂ ਵਿਚੋਂ ਹੀ ਹੈ ਦਿਲਾ ਰਾਮ ਭੂਦਨ ਵਾਲਾ। ਉਸਦੀ ਰਚਨਾ ਬੇਗੋਨਾਰ ਜੋ ਕਲੀਆਂ ਵਿਚ ਹੈ ਲੋਕ ਢਾਡੀਆਂ ਵਿਚ ਹਰਮਨ ਪਿਆਰੀ ਰਹੀ ਹੈ। ਅੱਜ ਦੀ ਪੀੜ੍ਹੀ ਦੇ ਕਈ ਗਮੰਤਰੀ ਕਲੀਆਂ ਵਾਲੀ ਬੇਗੋਨਾਰ ਭੂਦਨ ਵਾਲੇ ਦਿਲਾ ਰਾਮ ਦੀ ਹੀ ਗਾਉਂਦੇ ਹਨ।

ਦਿਲਾ ਰਾਮ ਦਾ ਜਨਮ ਸੰਗਰੂਰ ਜ਼ਿਲ੍ਹੇ ਦੇ ਇਤਿਹਾਸਕ ਸ਼ਹਿਰ ਮਲੇਰਕੋਟਲਾ ਦੇ ਨੇੜਲੇ ਪਿੰਡ ਭੂਦਨ ਵਿਖੇ ਪਿਤਾ ਚੇਤ ਰਾਮ ਦੇ ਘਰ ਤਕਰੀਬਨ ਨੱਬੇ ਕੁ ਸਾਲ ਪਹਿਲਾਂ 1910 ਵਿਚ ਹੋਇਆ। ਛੋਟੀ ਉਮਰ ਵਿਚ ਹੀ ਆਪਣਾ ਪਿਤਾ ਪੁਰਖੀ ਧੰਦਾ ਤਰਖਾਣਾ ਕੰਮ ਕਰਨ ਲੱਗ ਪਿਆ। ਆਪਣੀ ਹੀ ਬਰਾਦਰੀ ਦੇ ਕਿੱਸਾ ਕਵੀ ਮੁਕੰਦ ਸਿੰਘ ਦੀ ਸੰਗਤ ਕਰਨ ਸਦਕਾ ਕਵਿਤਾ ਦੀ ਚੇਟਕ ਲੱਗ ਗਈ ਅਤੇ ਮੁਕੰਦ ਸਿੰਘ ਨੂੰ ਹੀ ਆਪਣਾ ਉਸਤਾਦ ਧਾਰ ਲਿਆ। ਉਸਤਾਦੀ ਸ਼ਗਿਰਦੀ ਦੀ ਇਹ ਪਰੰਪਰਾ ਪਿੰਡ ਦੇ ਇਤਿਹਾਸਕ ਸਥਾਨ ਸੰਤ ਰੇਣ ਦੇ ਡੇਰੇ ਨਾਲ ਜਾ ਜੁੜਦੀ ਹੈ। ਮੁਕੰਦ ਸਿੰਘ ਦੇ ਉਸਤਾਦ ਪੰਡਤ ਜਗਦੀਸ਼ ਚੰਦ ਸਨ, ਜਗਦੀਸ਼ ਚੰਦ ਦੇ ਉਸਤਾਦ ਮਦਨ ਗੋਪਾਲ ਸਨ ਅਤੇ ਇਸੇ ਤਰ੍ਹਾਂ ਤੁਰਦੀ ਹੋਈ ਲੜੀ ਨਾਨਕ ਵਿਜੇ ਹੱਥ ਲਿਖਤ ਗ੍ਰੰਥ ਦੇ ਕਰਤਾ ਸੰਤ ਰੇਣ ਨਾਲ ਜਾ ਜੁੜਦੀ ਹੈ। ਨਾਨਕ ਵਿਜੇ ਗ੍ਰੰਥ ਅੱਜ ਵੀ ਇਸ ਡੇਰੇ ਦੀ ਸੋਭਾ ਵਧਾ ਰਿਹਾ ਹੈ।

ਦਿਲਾ ਰਾਮ ਬਚਪਨ ਤੋਂ ਹੀ ਸਿਰੜੀ ਸੁਭਾਅ ਵਾਲਾ ਅਤੇ ਸਖਤ ਮਿਹਨਤੀ ਸੀ। ਆਪਣੇ ਕਾਰਖਾਨੇ ਵਿਚ ਲੋਕਾਂ ਦੇ ਮੰਜੇ ਪੀੜ੍ਹੀਆਂ ਠੋਕਦਾ ਅਤੇ ਹੋਰ ਨਿੱਕੇ ਮੋਟੇ ਕਿਰਸਾਣੇ ਕੰਮ ਕਰਦਾ ਉਹ ਹਰ ਸਮੇਂ ਕੁਝ ਨਾ ਕੁਝ ਗੁਣ ਗੁਣਾਉਂਦਾ ਰਹਿੰਦਾ ਸੀ। ਉਸਦਾ ਕਹਿਣਾ ਹੈ ਕਿ ਸ਼ਾਇਰੀ ਇਕ ਕਿਸਮ ਦੀ ਤਪੱਸਿਆ ਹੈ।

- *ਕਾਵਿ ਬਣੇ ਜੋ ਖੂਨ ਦੇ ਕਤਰਿਆਂ ਦੀ,*  
  *ਕੰਮ ਕਾਰ ਹੈ ਕੁੱਲ ਵਿਸਾਰ ਕੇ ਤੇ ।*  
  *ਬਢ੍ਹੀਆ, ਮੋਖੀ, ਘਰਘੀਣ, ਭਰਿੰਡ, ਸ਼ੈਰੀ (ਸ਼ਾਇਰ),*  
  *ਪੰਜੇ ਮਿਹਨਤ ਇਹ ਕਰਨ ਸਮਾਰ ਕੇ ਤੇ ।*  
  *ਸੁਣੀ ਸੱਜਣਾ ਕਵਿਤਾ ਹੈ ਬਣੇ ਔਖੀ,*  
  *ਦਿਲਾ ਰਾਮ ਗ੍ਰੰਥ ਵਿਚਾਰ ਕੇ ਤੇ ।*

ਦਿਲਾ ਰਾਮ ਨੇ ਅੱਠ ਪੂਰੇ ਪ੍ਰਸੰਗ ਲਿਖੇ ਹਨ ਜਿਨ੍ਹਾਂ ਵਿਚੋਂ ਇੱਕ 'ਤਾਰਾ ਰਾਣੀ ਦੀ ਖੜਾਮ' ਉਸਨੇ ਮਲੇਰਕੋਟਲੇ ਤੋਂ ਕਿੱਸਾ ਛਪਵਾਇਆ ਵੀ ਸੀ, ਪਰ ਉਸਦੀ ਕੋਈ ਕਾਪੀ ਉਸ ਕੋਲ ਨਹੀਂ ਰਹੀ ਸੀ। ਬਾਕੀ ਹੱਥ ਲਿਖਤਾਂ ਜੋ ਉਸਦੇ ਆਪਣੇ ਹੱਥਾਂ ਦੀਆਂ ਲਿਖੀਆਂ ਹੋਈਆਂ ਹਨ। ਉਸਦੇ ਸ਼ਗਿਰਦ ਸੱਜਣ ਸਿੰਘ ਭੂਦਨ ਕੋਲ ਪਈਆਂ ਹਨ। ਇਹਨਾਂ ਵਿਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਅਰਜਨ ਤੇ ਹਨੂਮਾਨ, ਅਰਜਨ ਪਾਂਡੋ ਸਧਨਵਾਂ ਜੰਗ, ਹੰਸ ਦਾਮਨੀ, ਮਚਲਾ ਜੱਟ ਚਲਾਕ ਬਾਣੀਆਂ, ਦੁਖੀਆਂ ਦੇ ਕੀਰਨੇ, ਬੇਗੋਨਾਰ ਕਲੀਆਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਫੁਟਕਲ ਰਚਨਾਵਾਂ ਸ਼ਾਮਲ ਹਨ।

ਰੂਪ ਦੇ ਪੱਖੋਂ ਦਿਲਾ ਰਾਮ ਦੀ ਕਵਿਤਾ ਉਚ ਕੋਟੀ ਦੀ ਕਵਿਤਾ ਹੈ। ਇਸ ਵਿਚ ਉਹ ਸਾਰੇ ਗੁਣ ਸ਼ਾਮਲ ਹਨ ਜੋ ਇੱਕ ਚੰਗੀ ਕਵਿਤਾ ਵਿਚ ਹੋਣੇ ਚਾਹੀਦੇ ਹਨ। ਉਸਨੇ ਸਾਰੇ ਪ੍ਰਚੱਲਤ ਛੰਦਾਂ ਨੂੰ ਬਾਖੂਬੀ ਨਿਭਾਇਆ ਹੈ। ਬਹੁਤ ਸਾਰੇ ਮੌਲਿਕ ਬਿੰਬਾਂ ਦੀ ਵਰਤੋਂ ਕੀਤੀ ਹੈ। ਕਲੀ ਛੰਦ ਤੇ ਉਸਨੂੰ ਪੂਰਾ ਅਧਿਕਾਰ ਹੈ। ਇੰਦਰ ਬੇਗੋ ਦੀ ਪੂਰੀ ਗਾਥਾ ਨੂੰ ਉਸਨੇ 65 ਕਲੀਆਂ ਵਿਚ ਸਮੇਟਿਆ ਹੈ। ਬੇਗੋ ਦੇ ਹੁਸਨ ਦੀ ਸਿਫਤ ਕਰਦਾ ਹੋਇਆ ਕਵੀ ਲਿਖਦਾ ਹੈ:-

- ***ਬਾਹਾਂ ਗੋਲ ਗੋਰੀਆਂ ਬਿਜਲੀ ਵਾਂਗੂੰ ਚਮਕਦੀਆਂ,***
  ***ਦੇਖਣ ਸਾਰ ਸ਼ਖਸ ਦੀਆਂ ਨਿਕਲ ਜਾਣ ਕਿਲਕਾਰੀਆਂ।***
  ***ਗਰਦਨ ਬੇਗੋ ਦੀ ਹੈ ਜਿਉਂ ਚੀਨੇ ਕਲਬੂਤਰ ਦੀ,***
  ***ਹੋ ਜੋ ਖੀਵਾ ਦੇਖਕੇ ਚੜ੍ਹ ਜਾਣ ਇਸ਼ਕ ਖੁਮਾਰੀਆਂ।***
  ***ਤੁਰਦੀ ਬੇਗੋ ਦਾ ਲੱਕ ਝਿੰਜਨ ਵਾਂਗੂੰ ਝੂਲਦਾ,***
  ***ਸਿਫਤਾਂ ਦਿਲਾ ਰਾਮ ਨੇ ਬੇਗੋ ਦੀਆਂ ਉਚਾਰੀਆਂ।***

ਇਸੇ ਕਿੱਸੇ ਵਿਚ ਇਸ਼ਕ ਬਾਰੇ ਬੇਗੋ ਇੰਦਰ ਬਾਣੀਏ ਨੂੰ ਇਸ ਤਰ੍ਹਾਂ ਸਮਝਾਉਂਦੀ ਹੈ:-

- ***ਬੇਗੋ ਹੱਸਕੇ ਬੋਲੀ ਸੁਣ ਮੇਰੀ ਗੱਲ ਲਾਲਾ ਜੀ,***
  ***ਔਖਾ ਹੋਵੇਂਗਾ ਤੂੰ ਸੁੱਤਾ ਸ਼ੇਰ ਜਗਾਕੇ।***
  ***ਇਸ਼ਕ ਸੂਲਾਂ ਦਾ ਵਛੌਣਾ ਸਾਰੇ ਜਾਣਦੇ,***
  ***ਧਾਹੀਂ ਰੋਂਦੇ ਜਿਹੜੇ ਪੈ ਗਏ ਹੇਠ ਵਛਾਕੇ।***
  ***ਲਗਿਆ ਇਸ਼ਕ ਰਾਂਝਾ ਚਾਕਰ ਬਣਿਆਂ ਹੀਰ ਦਾ,***
  ***ਰੱਖਿਆ ਸੁੱਕਾ ਮੱਝੀਆਂ ਬਾਰਾਂ ਸਾਲ ਚਰਾਕੇ।***

ਦਿਲਾ ਰਾਮ ਨੂੰ ਜ਼ਿੰਦਗੀ ਦਾ ਤਲਖ ਤਜਰਬਾ ਸੀ। ਸਮਾਜਿਕ ਰਿਸ਼ਤਿਆਂ ਨੂੰ ਉਹ ਮਤਲਬੀ ਮੰਨਦਾ ਸੀ। ਉਹ ਕਹਿੰਦਾ ਸੀ ਕਿ ਇਹ ਸਭ ਰਿਸ਼ਤੇ ਪੈਸੇ ਦੇ ਹਨ। ਉਸਨੇ ਵਿਆਹ ਨਹੀਂ ਕਰਵਾਇਆ ਸਾਰੀ ਉਮਰ ਕਵਿਤਾ ਦੇ ਲੇਖੇ ਹੀ ਲਾ ਦਿੱਤੀ। ਉਹ ਆਪਣੇ ਵਿਸ਼ਾਲ ਤਜਰਬੇ ਰਾਹੀਂ ਸਮੁੱਚੇ ਪੰਜਾਬ ਦੇ ਵੱਖ ਵੱਖ ਖੇਤਰਾਂ ਵਿਚ ਰਹਿਣ ਵਾਲੇ ਪੰਜਾਬੀਆਂ ਦੇ ਸੁਭਾਅ ਬਾਰੇ ਲਿਖਦਾ ਹੈ :-

- ***ਦੁਆਬੇ ਵਿਚ ਲੋਕ ਜਾਦੇ ਝੋਟਿਆਂ ਨੂੰ ਜੋੜਦੇ ਨੇ,***
  ***ਮਾਝੇ ਵਾਲੇ ਰਹਿੰਦੇ ਨੇ, ਨਗੋਜਿਆਂ ਤੇ ਲੋਰ ਜੀ।***
  ***ਖੋਟੇ ਨੇ ਤਿਹਾੜੇ ਦੇ, ਅੜਬ ਨੇ ਜੰਗਲ ਵਿਚ,***
  ***ਕੱਸੀ ਵਾਲੇ ਪਾਣੀ ਤੇ ਮਚਾਉਂਦੇ ਬੜਾ ਸ਼ੋਰ ਜੀ।***
  ***ਪੁਆਧੜੇ ਨਰਮ ਹੁੰਦੇ, ਅੰਦਰੋਂ ਗਰਮ ਹੁੰਦੇ,***
  ***ਬਾਂਗਰ ਦੇ ਲੋਕ ਜਾਦੇ ਡੰਗਰਾਂ ਦੇ ਚੋਰ ਜੀ।***
  ***ਆਪਣੇ ਮੁਲਕ ਵਿਚ ਕਹੇ ਕਵੀ ਦਿਲਾ ਰਾਮ,***
  ***ਮੂੰਹ ਤੇ ਨਾ ਕਹਿਣ ਗੱਲ ਚੁਗਲੀ ਤੇ ਜੋਰ ਜੀ।***

ਭਾਵੇਂ ਦਿਲਾ ਰਾਮ ਦੇ ਸਾਰੇ ਚੇਲੇ ਉਸਦੀ ਬਹੁਤ ਇਜਤ ਕਰਦੇ ਸਨ, ਪਰ ਸੱਜਣ ਸਿੰਘ ਦੀ ਨਿਸ਼ਕਾਮ ਸੇਵਾ ਨੇ ਉਸਦਾ ਮਨ ਮੋਹ ਲਿਆ। ਆਪਣੀ ਮੌਤ ਤੋਂ ਪਹਿਲਾਂ ਦਿਲਾਰਾਮ ਨੇ ਆਪਣੀਆਂ ਸਾਰੀਆਂ ਰਚਨਾਵਾਂ ਦੀ ਵਸੀਅਤ ਸੱਜਣ ਸਿੰਘ ਦੇ ਨਾਂ ਕਰਵਾ ਦਿੱਤੀ। ਅੰਤ 21 ਫਰਵਰੀ 1988 ਨੂੰ ਸਾਧੂ ਸੁਭਾਅ ਵਾਲਾ ਇਹ ਫੱਕਰ ਕਵੀ ਕਾਲ ਦੀ ਚੀਂਘੀ ਤੇ ਸਵਾਰ ਹੋ ਗਿਆ। ਪਿੱਛੇ ਛੱਡ ਗਿਆ ਆਪਣੀਆਂ ਰਚਨਾਵਾਂ ਜਿਨ੍ਹਾਂ ਸਦਕਾ ਉਹ ਅਮਰ ਹੈ। ਲੋੜ ਹੈ ਇਹਨਾਂ ਰਚਨਾਵਾਂ ਨੂੰ ਸਾਂਭਣ ਦੀ ਤਾਂ ਜੋ ਇਹ ਵਕਤ ਦੀ ਹਨੇਰੀ ਤੋਂ ਬਚ ਜਾਣ।

## ਰਣ ਸਿੰਘ

'ਹੀਰ' ਨੂੰ ਕਲੀਆਂ ਵਿਚ ਲਿਖਣ ਵਾਲੇ ਚੋਟੀ ਦੇ ਕਿੱਸਾਕਾਰਾਂ ਵਿਚ ਰਣ ਸਿੰਘ ਦਾ ਵਿਸ਼ੇਸ਼ ਸਥਾਨ ਹੈ। ਕਿੱਸਾ ਕਾਵਿ ਦਾ ਇਹ ਅਨਮੋਲ ਹੀਰਾ ਵੀ ਬਠਿੰਡਾ ਇਲਾਕੇ ਦੇ ਟਿੱਬਿਆਂ ਦੀ ਦੇਣ ਹੈ। ਮਾਲਵੇ ਦੀਆਂ ਰੋਹੀਆਂ, ਰੱਕੜਾਂ ਅਤੇ ਮਾਰੂਥਲਾਂ ਦੇ ਰੁੱਖੇ, ਵਿਰਾਨ ਅਤੇ ਸਖਤ ਜੀਵਨ ਵਿਚੋਂ ਨਰਮ ਕੋਮਲ ਅਤੇ ਸੂਖਮ ਭਾਵਨਾਵਾਂ ਕਾਵਿ ਦੇ ਰੂਪ ਵਿਚ ਫੁੱਟੀਆਂ ਅਤੇ ਸਮੁੱਚੇ ਪੰਜਾਬੀਆਂ ਨੂੰ ਇਹਨਾਂ ਨੇ ਆਪਣੀ ਲਪੇਟ ਵਿਚ ਲਿਆ। ਰਣ ਸਿੰਘ ਦੀ ਹੀਰ ਨੂੰ ਬਹੁਤ ਸਾਰੇ ਗਮੰਤਰੀ ਗਾਉਂਦੇ ਰਹੇ ਹਨ।

ਰਣ ਸਿੰਘ ਦਾ ਜਨਮ 1872 ਈ: ਵਿਚ ਨਾਭਾ ਰਿਆਸਤ ਦੇ ਅਧੀਨ ਪੈਂਦੇ ਪਿੰਡ ਨਿਹਾਲੂਵਾਲਾ ਜੋ ਅੱਜ ਕੱਲ੍ਹ ਜ਼ਿਲ੍ਹਾ ਸੰਗਰੂਰ ਦੀ ਬਰਨਾਲਾ ਤਹਿਸੀਲ ਦਾ ਪਿੰਡ ਹੈ ਵਿਖੇ ਪਿਤਾ ਜੀਤ ਸਿੰਘ ਦੇ ਘਰ ਹੋਇਆ। ਜੀਤ ਸਿੰਘ ਦੇ ਦੋ ਹੋਰ ਲੜਕੇ ਭੋਲਾ ਸਿੰਘ ਅਤੇ ਡੋਲਾ ਸਿੰਘ ਸਨ ਅਤੇ ਇੱਕ ਲੜਕੀ ਜਿੰਦਰ ਕੌਰ ਸੀ। ਰਣ ਸਿੰਘ ਨੇ ਮੁਢਲੀ ਸਿੱਖਿਆ ਰਵਾਇਤੀ ਢੰਗ ਨਾਲ ਇਲਾਕੇ ਦੇ ਪ੍ਰਸਿੱਧ ਕਵੀਸ਼ਰ ਪੰਡਤ ਲਛਮਣ ਦਾਸ ਤੋਂ ਪ੍ਰਾਪਤ ਕੀਤੀ। ਉਸਤਾਦ ਨੇ ਉਸਨੂੰ ਕਵੀਸ਼ਰੀ ਦੇ ਮੁਢਲੇ ਨੁਕਤਿਆਂ ਬਾਰੇ ਬਰੀਕੀ ਨਾਲ ਸਮਝਾਇਆ। ਰਣ ਸਿੰਘ ਨੇ ਪਿੰਗਲ ਗ੍ਰੰਥ ਦੇ ਨਾਲ ਨਾਲ ਬਹੁਤ ਸਾਰੇ ਮਿਥਿਹਾਸਕ ਤੇ ਪੌਰਾਣਿਕ ਗ੍ਰੰਥਾਂ ਦਾ ਅਧਿਐਨ ਕਰਕੇ ਆਪਣੇ ਗਿਆਨ ਦੇ ਭੰਡਾਰ ਨੂੰ ਵਿਸ਼ਾਲ ਕੀਤਾ। ਜਿਸ ਸਦਕਾ ਉਸਦੀ ਕਾਵਿ ਰਚਨਾ ਵਿਸ਼ੇ ਅਤੇ ਰੂਪ ਦੇ ਪੱਖੋਂ ਸਲਾਹੁਣ ਯੋਗ ਹੈ।


ਰਣ ਸਿੰਘ ਇੱਕ ਬੇਪਰਵਾਹ ਅਤੇ ਸ਼ੁਕੀਨ ਬੰਦਾ ਸੀ। ਉਸਨੇ ਪਰਵਾਰਿਕ ਬੰਧਨਾਂ ਵਿਚ ਨਾ ਬੱਝਕੇ ਖੁੱਲ੍ਹੀਆਂ ਉਡਾਰੀਆਂ ਲਾਈਆਂ ਅਤੇ ਸਾਰੀ ਉਮਰ ਕਵੀਸ਼ਰੀ ਨੂੰ ਹੀ ਅਰਪਿਤ ਕਰ ਦਿੱਤੀ। ਉਸਨੂੰ ਘੁੰਮਣ ਫਿਰਨ, ਮੇਲੇ ਦੇਖਣ ਅਤੇ ਬਣ-ਠਣ ਕੇ ਰਹਿਣ ਦਾ ਸ਼ੌਕ ਸੀ। ਉਹ ਜਾਤ ਦਾ ਰਾਮਗੜ੍ਹੀਆ ਸੀ, ਫੁਰਤੀਲੇ ਅਤੇ ਗੱਠਵੇਂ ਸਰੀਰ ਦਾ ਮਾਲਕ ਸੀ। ਲੁਹਾਰੇ ਤਰਖਾਣੇ ਕੰਮ ਦਾ ਮਾਹਰ ਸੀ। ਗੱਡੇ ਬਣਾਉਣ ਵਿਚ ਆਪਣੇ ਭਰਾਵਾਂ ਦੀ ਮੱਦਦ ਕਰਦਾ ਸੀ। ਉਹ ਇੱਕ ਚੰਗਾ ਵੈਦ ਵੀ ਸੀ ਅਤੇ ਗਰੀਬਾਂ ਦਾ ਇਲਾਜ ਮੁਫਤ ਕਰਦਾ ਸੀ। ਉਹ ਇੱਕ ਅੰਮ੍ਰਿਤਧਾਰੀ ਸਿੱਖ ਸੀ ਜੋ ਨਿਸ਼ਕਾਮ ਲੋਕ ਸੇਵਾ ਵਿਚ ਵਿਸ਼ਵਾਸ ਰਖਦਾ ਸੀ।

ਰਣ ਸਿੰਘ ਦੀ ਕਾਵਿ ਰਚਨਾ ਤੇ ਉਸਦੀ ਨਿੱਜੀ ਜ਼ਿੰਦਗੀ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਵਾਰਸ਼ ਸ਼ਾਹ ਵਾਂਗ ਉਹ ਵੀ ਨਿੱਜੀ ਇਸ਼ਕ ਦਾ ਵਿੰਨ੍ਹਿਆ ਹੋਇਆ ਸੀ, ਉਸਦੀ ਵੀ ਕੋਈ ਭਾਗ ਭਰੀ ਸੀ। ਉਹ ਤੜਕੇ ਮੂੰਹ ਨ੍ਹੇਰੇ ਕਾਵਿ ਰਚਨਾ ਕਰਦਾ ਸੀ। ਉਸਨੇ ਬਹੁਤ ਸਾਰੇ ਕਿੱਸੇ ਲਿਖੇ। ਇਹਨਾਂ ਵਿਚੋਂ ਪੱਤਲ ਅਤੇ ਹੀਰ ਨੂੰ ਉਸਨੇ ਪ੍ਰਕਾਸ਼ਿਤ

ਵੀ ਕਰਵਾਇਆ। ਪ੍ਰੰਤੂ ਹੀਰ ਦੀ ਕੋਈ ਪ੍ਰਕਾਸ਼ਿਤ ਕਾਪੀ ਅੱਜ ਕੱਲ੍ਹ ਉਪਲਭਦ ਨਹੀਂ। ਉਸਦੀਆਂ ਬਾਕੀ ਰਚਨਾਵਾਂ ਵਿਚ ਬੇਗੋਨਾਰ, ਪੂਰਨ ਸੁੰਦਰਾਂ, ਵਾਰ ਗੁਰੂ ਗੋਬਿੰਦ ਸਿੰਘ, ਹਰਫੂਲ ਸਿੰਘ ਸੂਰਮਾ, ਜਿਉਣਾ ਮੌੜ, ਓਡਾਂ ਦੀ ਲੜਾਈ, ਕਿੱਸਾ ਰਾਊਵਾਲ, ਬੋਲੀਆਂ ਤੂੰਬੇ ਦੀਆਂ, ਵੱਡਾ ਭਗਤ, ਕਿੱਸਾ ਘੁੰਡ ਦਾ ਆਦਿ ਸ਼ਾਮਲ ਹਨ। ਹੀਰ ਰਣ ਸਿੰਘ ਡਾ: ਅਜਮੇਰ ਸਿੰਘ ਦੀ ਸੰਪਾਦਨਾ ਹੇਠ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤੀ ਗਈ।

ਰਣ ਸਿੰਘ ਨੇ ਹੀਰ ਦੀ ਕਹਾਣੀ ਦੇ ਆਮ ਪ੍ਰਚੱਲਤ ਰੂਪ ਨੂੰ ਇੱਕ ਨਿਵੇਕਲਾ ਰੂਪ ਦਿੱਤਾ ਹੈ। ਉਸਨੇ ਇਸ ਕਹਾਣੀ ਨੂੰ ਪੌਰਾਣਿਕ ਸਰੂਪ ਵਿਚ ਰੱਖਿਆ ਹੈ। ਉਸਦੇ ਕਿੱਸੇ ਵਿਚ ਹੀਰ ਰਾਂਝਾ ਦੇ ਤਿੰਨ ਜਨਮਾਂ ਦੀਆਂ ਕਹਾਣੀਆਂ ਦਾ ਮਕੰਮਲ ਬਿਰਤਾਂਤ ਦਿੱਤਾ ਗਿਆ ਹੈ। ਪਹਿਲੀ ਕਥਾ ਬ੍ਰਹਮ ਲੋਕ ਵਿਚ ਵਾਪਰਦੀ ਹੈ। ਜਿਥੇ ਹੀਰ ਦਾ ਨਾਂ ਕਲਾ ਅਤੇ ਰਾਂਝੇ ਦਾ ਨਾਂ ਮੀਰਚਕ ਹੈ। ਦੂਜੇ ਜਨਮ ਵਿਚ ਰਾਂਝਾ ਇੰਦਰ ਦਾ ਪੁੱਤਰ ਜੈਨ ਸੀ ਅਤੇ ਹੀਰ ਕਰਮ ਪਰੀ ਦੀ ਧੀ ਭਾਗ ਪਰੀ ਸੀ। ਇੰਦਰ ਦੇ ਸਰਾਪ ਕਾਰਨ ਇਹਨਾਂ ਦਾ ਤੀਜਾ ਜਨਮ ਮਾਤ ਲੋਕ ਵਿਚ ਹੋਇਆ। ਏਥੇ ਵੀ ਰਣ ਸਿੰਘ ਨੇ ਆਮ ਕਥਾ ਵਿਚ ਕਈ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਹਨ। ਕਈ ਲੋਕਯਾਨਿਕ ਉਪ ਪ੍ਰਸੰਗ ਕਿੱਸੇ ਦੀ ਰੌਚਕਿਤਾ ਵਧਾਉਂਦੇ ਹਨ। ਬਹੁਤ ਸਾਰੀਆਂ ਕੁਦਰਤੀ ਸ਼ਕਤੀਆਂ ਹੀਰ ਰਾਂਝੇ ਦੀ ਸਹਾਇਤਾ ਕਰਦੀਆਂ ਹਨ। ਸ਼ੇਰ, ਜੰਡ ਤੇ ਨਾਲਾ ਵੀ ਆਪਣੀ ਭੂਮਿਕਾ ਨਿਭਾਉਂਦੇ ਹਨ। ਇਸ ਕਿੱਸੇ ਵਿਚ ਗੋਰਖ ਨਾਥ ਜਾਂ ਬਾਲ ਨਾਥ ਦੀ ਥਾਂ ਖੁਆਜਾ ਖਿਜਰ ਰਾਂਝੇ ਦੀ ਮੱਦਦ ਕਰਦਾ ਹੈ।

ਕਲੀਕਾਰ ਰਣ ਸਿੰਘ ਦਾ ਕਲੀ ਕਾਵਿ ਵਿਚ ਇੱਕ ਵਿਸ਼ੇਸ਼ ਸਥਾਨ ਹੈ। ਉਸਨੇ ਕਲੀ ਛੰਦ ਨੂੰ ਬਾਖੂਬੀ ਨਿਭਾਇਆ ਹੈ ਅਤੇ ਚੋਟੀ ਦੇ ਕਲੀਕਾਰਾਂ ਵਿਚ ਆਪਣਾ ਨਾਂ ਦਰਜ ਕਰਵਾਇਆ ਹੈ। ਅਖੀਰ 1942 ਈ: ਵਿਚ ਇਹ ਚੋਟੀ ਦਾ ਕਲੀਕਾਰ ਸਦਾ ਲਈ ਇਸ ਜਹਾਨ ਨੂੰ ਅਲਵਿਦਾ ਕਹਿ ਗਿਆ। ਲੋੜ ਹੈ ਉਸਦੀਆਂ ਰਚਨਾਵਾਂ ਨੂੰ ਇਕੱਤਰ ਕਰਕੇ ਪ੍ਰਕਾਸ਼ਤ ਕਰਵਾਉਣ ਦੀ।



# ਚੋਣਵੀਆਂ ਰਚਨਾਵਾਂ

ਜਿੱਥੋਂ ਤੱਕ ਪੁਸਤਕ ਵਿਚ ਸ਼ਾਮਲ ਪ੍ਰਮੁਖ ਰਚਨਾਵਾਂ ਦੀ ਗੱਲ ਹੈ, ਉਨ੍ਹਾਂ ਬਾਰੇ ਇਹ ਸਪਸ਼ਟ ਕੀਤਾ ਜਾਂਦਾ ਹੈ, ਕਿ ਇਹ ਜ਼ਿਆਦਾਤਰ ਉਹ ਰਚਨਾਵਾਂ ਹਨ ਜੋ ਕਾਲੇ ਤਵਿਆਂ ਵਿਚ ਰਿਕਾਰਡ ਹੋਈਆਂ ਮਿਲਦੀਆਂ ਹਨ। ਇਹ ਰਿਕਾਰਡ ਵੱਖ-ਵੱਖ ਢਾਡੀਆਂ ਦੀਆਂ ਆਵਾਜ਼ਾਂ ਵਿਚ ਵੱਖ-ਵੱਖ ਰਿਕਾਰਡਿੰਗ ਕੰਪਨੀਆਂ ਵੱਲੋਂ ਰਿਕਾਰਡ ਕੀਤੇ ਹੋਏ ਮਿਲਦੇ ਹਨ। ਪਿੱਛੇ ਜ਼ਿਕਰ ਕੀਤੇ ਕਵੀਆਂ ਵਿਚੋਂ ਕੇਵਲ ਹਜ਼ੂਰਾ ਸਿੰਘ ਬੁਟਾਹਰੀ ਦੀਆਂ ਹੀਰ ਦੀਆਂ ਕਲੀਆਂ (ਰਚਨਾਵਾਂ) ਨੂੰ ਹੀ ਰਿਕਾਰਡ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਜੋ ਮੁੱਖ ਰੂਪ ਵਿਚ ਦੀਦਾਰ ਸਿੰਘ ਰਟੈਂਡਾ, ਨਿਰੰਜਣ ਸਿੰਘ, ਨਾਜ਼ਰ ਸਿੰਘ ਤੇ ਭੂਰਾ ਸਿੰਘ ਦੀਆਂ ਆਵਾਜ਼ਾਂ ਵਿਚ ਰਿਕਾਰਡ ਹੋਈਆਂ ਮਿਲਦੀਆਂ ਹਨ। ਇਨ੍ਹਾਂ ਤੋਂ ਇਲਾਵਾ ਹੋਰ ਰਿਕਾਰਡ ਰਚਨਾਵਾਂ ਉਨ੍ਹਾਂ ਢਾਡੀਆਂ ਦੀਆਂ ਆਪ ਹੀ ਲਿਖੀਆਂ ਹੋਈਆਂ ਹਨ ਜਿਨ੍ਹਾਂ ਦੀਆਂ ਆਵਾਜ਼ਾਂ ਵਿਚ ਇਹ ਰਿਕਾਰਡ ਹਨ। ਏਥੇ ਰਿਕਾਰਡ ਰਚਨਾਵਾਂ ਨਾਲ ਗਾਇਕ ਢਾਡੀਆਂ ਦਾ ਨਾਂ ਵੀ ਦਿੱਤਾ ਜਾ ਰਿਹਾ ਹੈ।

# ਹੀਰ

ਚੱਕ ਕੇ ਝੰਮਣ ਦਾ ਲੜ ਹੀਰ ਬਹਿਗੀ ਡੋਲੀ 'ਚ,
ਰਾਂਝੇ ਖੜ੍ਹੇ ਨੇ ਦੁਹੱਥੜ ਪੱਟੀਂ ਮਾਰੀ ।
ਹੋ ਅਕੇਲਾ ਬਹਿ ਗਿਆ ਝੁੰਗੜਮਾਟਾ ਮਾਰਕੇ,
ਹੁਬਕੀਂ ਹੁਬਕੀਂ ਰੋਂਦਾ ਹੈ ਜਾਰੋ ੳ ਜਾਰੀ ।
ਲੱਭਿਆ ਲਾਲ ਲੱਖਾਂ ਦਾ ਖੋਹ ਲਿਆ ਸਿਆਲਾਂ ਪਰੀਏ ਨੀ,
ਕੌਡੀ ਘਾਟੇ ਵਾਲੀ ਜਾਵੇ ਨਾ ਸਹਾਰੀ ।
ਬਿਰਹੋਂ ਕਸਾਈ ਅੰਦਰ ਵੜ ਗਿਆ ਰਾਂਝੇ ਚਾਕ ਦੇ,
ਕਤਲੇ ਕਰ ਕਰ ਧਰਦਾ ਸੀਨੇ ਧਰ ਲਈ ਆਰੀ ।
ਸ਼ੋਰ ਮਸ਼ੋਰੀ ਸਭ ਮੁਟਿਆਰਾਂ ਹੋਈਆਂ ਪਿੰਡ ਦੀਆਂ,
ਕੁੜੀ ਮਸੇਰਿਆਂ ਦੀ ਨੇ ਬਾਤ ਓਏ ਵਿਚਾਰੀ ।
ਕਾਮਾ ਰੱਖੀਏ ਤਾਂ ਮਜ਼ਦੂਰੀ ਦੇਈਏ ਉਸਨੂੰ,
ਖਾਲੀ ਤੋਰਨ ਦੇ ਵਿਚ ਵੱਡੀ ਨੀ ਦੇਣੇ ਦਾਰੀ ।
ਰੱਬ ਹਸਾਬ ਮੰਗੂ ਲੇਖਾ ਲਊ ਅਖੀਰ ਨੂੰ,
ਥੋੜੀ ਗੱਲ ਤੇ ਹੋ ਗਈ ਨਰਕਾਂ ਦੀ ਅਧਕਾਰੀ ।
ਮਿੱਠੀ ਨੈਣ ਸੱਭੇ ਕੁੜੀਆਂ ਆਖਣ ਹੀਰ ਨੂੰ,
ਕੀ ਫਲ ਖੱਟਿਆ ਰਾਂਝੇ ਲਾ ਤੇਰੇ ਨਾਲ ਯਾਰੀ ।
ਸਬਰ ਸਬੂਰੀ ਕਰਕੇ ਤਖਤ ਹਜ਼ਾਰੇ ਨੂੰ ਉਠਜੂ ਨੀ,
ਕੌਡੀ ਘਾਟੇ ਵਾਲੀ ਜਾਵੇ ਨਾ ਸਹਾਰੀ ।

-- ਦੀਦਾਰ ਸਿੰਘ ਰਟੈਂਡਾ

●

ਤਾਹਨੇ ਕੁੜੀਆਂ ਦੇ ਮਨ ਘਾਇਲ ਕਰ ਗਏ ਹੀਰ ਦਾ,
ਫੱਟੀ ਮੂਨ ਤੜਫਦੀ ਜਿਉਂ ਹੇੜੀ ਦੀ ਮਾਰੀ ।
ਹੈ ਨੀ ਕੁੜੀਓ ਮੈਨੂੰ ਰਾਂਝੇ ਨੂੰ ਮਿਲਾ ਦਿਓ,
ਨਹੀਂ ਲਿਆ ਦਿਓ ਮੈਨੂੰ ਛੁਰੀ ਤੇ ਕਟਾਰੀ ।

ਦੋਹਾਂ ਵਿਚੋਂ ਇਕ ਗੱਲ ਕਰ ਦਿਓ ਨੀ ਮੇਰੇ ਹਾਣ ਦੀਓ,
ਜੇ ਮੈਂ ਹੀਰ ਸਹੇਲੀ ਤੁਸਾਂ ਦੀ ਪਿਆਰੀ ।
ਹੁਣੇ ਪਾੜ ਕਲੇਜਾ ਮਰਜਾਂ ਵਿਚੇ ਡੋਲੀ ਦੇ,
ਦੇ ਦਿਆਂ ਲੜੀ ਸੁਹਾਗ ਦੀ ਸੈਦੇ ਨੂੰ ਸਾਰੀ ।
ਹੁਣ ਘਰ ਖੇੜਿਆਂ ਦੇ ਮੈਂ ਜਿਉਂਦੀ ਕਦੇ ਨਾ ਵਸਦੀ ਆਂ,
ਸੌ ਸੌ ਮੇਹਣਾ ਲੈਣ ਦੀ ਹੈ ਨਾ ਪਹੁੰਚ ਹਮਾਰੀ ।
ਦੱਭ ਦੇ ਨਾਲੇ ਵਾਲੀ ਉਠੱਕੇ ਤਾਹਨੇ ਮਾਰੂਗੀ,
ਪੇਕੇ ਯਾਰ ਹੰਢਾ ਕੇ ਆ ਗਈ ਹੀਰ ਕਮਾਰੀ ।
ਏਸ ਜਿਉਣੋ ਮਰਨ ਪਿਆਰਾ ਲਗਦੈ ਹੀਰ ਨੂੰ,
ਜੇ ਪਰ ਸਾਬਤ ਰਹਿ ਜੇ ਮੇਰੀ ਚਾਕ ਦੀ ਯਾਰੀ ।
ਮੰਗੀ ਮੌਤ ਮਿਲ ਜੇ ਦੁਖੀਆ ਕਦੇ ਨਾ ਜੀਵੇ ਨੀ,
ਅੱਜ ਨਾ ਕੋਈ ਦੁਖੀਆ ਮੈਂ ਹੀਰ ਤੋਂ ਭਾਰੀ ।
ਜੇ ਪਰ ਪਰੀਆਂ ਵਰਗੇ, ਮੰਗੇ ਮਿਲ ਜਾਣ ਹੀਰ ਨੂੰ,
ਚੱਕ ਕੇ ਰਾਂਝਾ ਡੋਲੀ 'ਚੋਂ ਲਾ ਜਾਂ ਉਡਾਰੀ ।
ਵਿਚ ਮੈਂ ਚਸ਼ਮਾਂ ਦੇ ਨੀ ਸੇਜ ਵਛਾਲਾਂ ਮਾਹੀ ਦੀ,
ਅੱਖਾਂ ਮੀਚ ਕੇ ਮੈਂ ਕਰ ਦਿਆਂ ਨੇਰ੍ਹ ਗੁਬਾਰੀ ।
ਵਿਚ ਤਾਂ ਕਬਰਾਂ ਦੇ ਜੱਟ ਲੇਖਾ ਮੈਥੋਂ ਲੈ ਲੂ ਗਾ,
ਸੱਚੀ ਝੂਠੀ ਰਕਾਨੇ ਜਾਵੇਂਗੀ ਨਿਤਾਰੀ ।

— ਦੀਦਾਰ ਸਿੰਘ ਰਟੈਂਡਾ

●

'ਕੱਠੀਆਂ ਹੋ ਕੇ ਕੁੜੀਆਂ ਕੋਲੇ ਆਈਆਂ ਚਾਕ ਦੇ,
ਚੱਲ ਵੇ ਚਾਕਾ ਤੈਨੂੰ ਡੋਲੀ ਕੋਲ ਬੁਲਾਇਆ ਵੇ ।
ਮੱਲੋ ਮੱਲੀ ਹੀਰ ਨੂੰ ਡੋਲੀ ਬਠਾ ਲਿਆ ਖੇੜਿਆਂ ਦੀ,
ਪੇਸ਼ ਨਾ ਜਾਂਦੀ ਗੱਭਰੂਆ ਜੋਰ ਬਥੇਰਾ ਲਾਇਆ ਵੇ ।
ਵਿਚ ਤਾਂ ਡੋਲੀ ਦੇ ਬਈ ਕਲਮਾ ਤੇਰਾ ਪੜ੍ਹਦੀ ਐ,
ਕੋਲੇ ਖੜ੍ਹਕੇ ਤੈਨੂੰ ਚਾਹੁੰਦੀ ਰੂਪ ਦਖਾਇਆ ਵੇ ।
ਤੇਰੀ ਖਾਤਰ ਇਸ਼ਕ ਦਾ ਮਕਰ ਬਣਾ ਲਿਆ ਹੀਰ ਨੇ,

ਕੱਲਾ ਕੱਲਾ ਮੋਤੀ ਹਾਰ ਦਾ ਖਿੰਡਾਇਆ ਵੇ ।
ਦਾੜ੍ਹੀ ਮੁੱਛ ਨਾ ਗੱਭਰੂਆ ਕੱਪੜੇ ਪਹਿਨ ਜਨਾਨੇ ਵੇ,
ਗੁੰਦ ਕੇ ਪੱਟੀਆਂ ਹੀਰ ਨਾਲੋਂ ਕਰੀਏ ਰੂਪ ਸਵਾਇਆ ਵੇ ।
ਵਿਚ ਦੀ ਤਾਂ ਕੁੜੀਆਂ ਦੇ ਤੂੰ ਮਿਲ ਲੈ ਜਾ ਕੇ ਹੀਰ ਨੂੰ,
ਕਿਸੇ ਨੀ ਪੁੱਛਣਾ ਗੱਭਰੂਆ, ਮੇਲ ਬਥੇਰਾ ਆਇਆ ਵੇ ।

--- ਭੂਰਾ ਸਿੰਘ

●

ਤੇਰੇ ਉਤੋਂ ਰਾਂਝਿਆ ਜ਼ਿੰਦੜੀ ਘੋਲ ਘੁਮਾਈ ਮੈਂ,
ਕਾਹਨੂੰ ਦਿੰਨੈ ਮੈਨੂੰ ਤੂੰ ਖੇੜਿਆਂ ਦੇ ਤਾਹਨੇ ।
ਤੇਰੀ ਖਾਤਰ ਚੂਰੀ ਲਿਆਉਂਦੀ ਸਾਂ ਵਿਚ ਬੇਲੇ ਦੇ,
ਝੂਠੇ ਲਾ ਕੇ ਮਿੱਤਰਾ ਮਾਪਿਆਂ ਨਾਲ ਬਹਾਨੇ ।
ਤੇਰੇ ਚੰਨ ਮੁੱਖੜੇ ਤੋਂ ਮੇਰਾ ਦਿਲ ਇਉਂ ਵਿਕ ਗਿਆ ਹੈ,
ਜਿਵੇਂ ਸ਼ਮਾਂ ਉਤੋਂ ਲੈ ਜਲਦੇ ਪਰਵਾਨੇ ।
ਤੇਰੇ ਇਸ਼ਕ ਦੀ ਫੱਟੀ ਫਿਰਦੀ ਵਾਂਗ ਸਦਾਈਆਂ ਦੇ,
ਜਿਵੇਂ ਗਲੀਆਂ ਦੇ ਵਿਚ ਲੈ ਫਿਰਦੇ ਮਸਤਾਨੇ ।
ਤੇਰੇ ਵੱਲੋਂ ਨਾ ਮੈਂ ਜਿਉਂਦੀ ਮੁਖੜਾ ਮੋੜਦੀ,
ਭਾਵੇਂ ਦੁਨੀਆਂ ਮੈਨੂੰ ਦੇਵੇ ਸਾਰੀ ਤਾਹਨੇ ।
ਤੂੰ ਤਾਂ ਮੇਰਾ ਤੇ ਮੈਂ ਤੇਰੀ ਦਿਲ ਦਿਆ ਜਾਨੀਆਂ,
ਝੂਠੇ ਬੰਨ੍ਹਤੇ ਹੱਥੀਂ ਲੈ ਮਾਪਿਆਂ ਨੇ ਗਾਨੇ ।
ਮੇਰਾ ਰੂਹ ਪਿਆ ਤੇਰੀਆਂ ਲੱਖ ਲੱਖ ਮਿਨਤਾਂ ਕਰਦਾ ਹੈ,
ਮੈਨੂੰ ਛੱਡ ਨਾ ਜਾਈਂ ਦੇਸ਼ ਵੇ ਬਗਾਨੇ ।
ਬੱਧੇ ਵਾਸ ਮੈਂ ਡੋਲੀ ਪਾ ਤੀ ਇਹਨਾਂ ਖੇੜਿਆਂ ਦੀ,
ਸਾਡੇ ਭਾਅ ਦੇ ਰਾਂਝਾ ਬਦਲ ਗਏ ਜ਼ਮਾਨੇ ।

---ਦਿਲਾਵਰ ਸਿੰਘ

●

ਟੁੱਟ ਗਈ ਯਾਰੀ ਪਰ ਅਜੇ ਓ ਮੁੜਿਆ ਮਨ ਦੀਂਹਦਾ ਨੀ,
ਬਣਕੇ ਬਹਿਗੀ ਸੈਦੇ ਕਾਣੇ ਦੀ ਪਿਆਰੀ ।
ਹੌਲੇ ਹੋ ਕੇ ਦੀਦੇ ਮਸਤਕ ਲੱਗਣੋਂ ਰਹਿਗੇ ਨੀ,
ਅੱਖ ਨਾ ਲੜਦੀ ਰਾਂਝੇ ਨਾਲ ਨੀ ਤੁਮਾਰੀ ।
ਉਹ ਕਿਉਂ ਜੱਗ 'ਚ ਸਿਆਨਣ ਜੋਗੇ ਕਿਸੇ ਨੂੰ ਰਹਿਗੇ ਨੀ,
ਸੱਜਰੀ ਮਿਲਗੀ ਜਿਨ੍ਹਾਂ ਨੂੰ ਖੇੜਿਆਂ ਦੀ ਸਰਦਾਰੀ ।
ਹੱਥ ਤਾਂ ਜੁੜਗੇ ਜਿਨ੍ਹਾਂ ਦੇ ਨਾਲ ਨੀ ਅਮੀਰਾਂ ਦੇ,
ਨਾਲ ਗਰੀਬਾਂ ਦੇ ਫਿਰ ਉਹ ਕਿਉਂ ਰੱਖਦੇ ਯਾਰੀ ।
ਛੱਜ ਚੁਫੇਰ ਚਾਂਦੀ ਸੋਨਾ ਪਾ ਕੇ ਬਹਿਗੀ ਨੀ,
ਨਿਗ੍ਹਾ ਉਚੇਰੀ ਹੋ ਗਈ ਮਾਇਆ ਦੀ ਸ਼ਿੰਗਾਰੀ ।
ਹੁਣ ਤੂੰ ਸਾਡੇ ਜੋਗੀ ਕਿਥੇ ਹੀਰੇ ਰਹਿਗੀ ਐਂ,
ਸੱਜਰੀ ਮਿਲਗੀ ਤੈਨੂੰ ਸੈਦੇ ਦੀ ਸਰਦਾਰੀ ।
ਸੈਦਾ ਮਰ ਜੇ ਤੇਰਾ ਸੱਜਰਾ ਚੂਨਾ ਢਹਿ ਜੇ ਨੀ,
ਹੋ ਜੇਂ ਰੰਡੀ ਨੀ ਤੇਰੀ ਰਹਿ ਜੇ ਸੇਜ ਸ਼ਿੰਗਾਰੀ ।
ਘਰ ਤਾਂ ਖੇੜਿਆਂ ਦੇ ਪਰ ਹੋਣ ਸਿਆਪੇ ਸੈਦੇ ਦੇ,
ਜੇ ਰੱਬ ਸੁਣਦਾ ਹੋਵੇ ਅਰਜ ਨੀ ਹਮਾਰੀ ।

--- ਦੀਦਾਰ ਸਿੰਘ ਰਟੈਂਡਾ

●

ਹੀਰ ਰੋਂਦੀ ਹੈ ਗਲ ਲਗ ਰੰਝੇਟੇ ਮਾਹੀ ਦੇ,
ਆਸ਼ਕ ਦੁਖੀਏ ਬੰਦੇ ਕੂੰਜ ਜਿਉਂ ਕੁਰਲਾਣੇ ।
ਜੋਗੀ ਬਣਕੇ ਚਾਕਾ ਨਾ ਖੇੜਿਆਂ ਨੂੰ ਤੁਰ ਪਈਂ ਬਈ,
ਰੋਂਦੀ ਫਿਰਦੀ ਓ ਮਾਪਿਆਂ ਤੋਰੀ ਜੋਰ ਧਿੰਗਾਣੇ ।
ਤਾਏ ਚਾਚੇ ਵੈਰੀ ਦੁਸ਼ਮਣ ਹੋ ਗਏ ਹੀਰ ਦੇ,
ਬੰਨ੍ਹ ਬਹਾਈ ਜਿਨ੍ਹਾਂ ਨੇ ਖੇੜਿਆਂ ਦੇ ਸਰ੍ਹਾਣੇ ।
ਕੂੰਜ ਹੰਸ ਕੋਲੋਂ ਖੋਹ ਕੇ ਦਿੱਤੀ ਕਾਗ ਨੂੰ,
ਪੱਲੇ ਪਾਤੇ ਸੈਦੇ ਬਿੱਜੂ ਵਰਗੇ ਕਾਣੇ ।
ਵਖਤੋਂ ਖੁੰਝ ਕੇ ਸੋਹਣੀ ਨੈਂ ਵਿਚ ਡੁੱਬ ਕੇ ਮਰ ਗਈ ਬਈ,

ਕੱਚਾ ਚੱਕਿਆ ਜੀਹਨੇ ਪੱਕੇ ਦੇ ਭੁਲਾਣੇ ।
ਵਖਤੋਂ ਖੁੰਝ ਕੇ ਸੱਸੀ ਥਲ ਵਿਚ ਭੁੱਜ ਕੇ ਮਰ ਗਈ ਬਈ,
ਲੱਭਣ ਵੇਲੇ ਵੇ ਲੈ ਸੌਂ ਗਈ ਬਾਂਹ ਸਰ੍ਹਾਣੇ ।
ਵਖਤੋਂ ਖੁੰਝ ਕੇ ਸੀਤਾ ਝੋਲੀ ਪੈ ਗਈ ਰੋਣ ਦੀ,
ਜੀਹਨੇ ਕਾਰੋਂ ਟੱਪ ਕੇ ਪਾ ਲੇ ਭੀਖ ਦੇ ਦਾਣੇ ।
ਮੈਂ ਵੀ ਤਾਹੀਓਂ ਗੱਭਰੂਆ ਡੋਲੀ ਬਹਿ ਗਈ ਖੇੜਿਆਂ ਦੀ,
ਵੇਲੇ ਪੀਰਾਂ ਵਾਲੇ ਗਏ ਨਾ ਪਛਾਣੇ ।
ਆ ਵੇ ਚਾਕਾ ਗਲ ਲਗ ਕੇ ਮਿਲ ਲੈ ਹੀਰ ਨੂੰ,
ਪੈਣ ਵਿਛੋੜੇ ਖੇੜਿਆਂ ਸਿਆਲਾਂ ਦੇ ਘਰਾਣੇ ।

— ਦੀਦਾਰ ਸਿੰਘ ਰਟੈਂਡਾ

●

ਹਾਰ ਤੋੜਕੇ ਓ ਮਕਰ ਬਣਾ ਲਿਆ ਹੀਰ ਨੇ,
ਮੋਤੀ ਇਕ ਤਾਂ ਇਕ ਕਰ ਡੋਲੀ ਕੋਲ ਖਿੰਡਾਇਆ ।
ਜਿਹੜੀ ਲੜੀ ਸਿਆਲਾਂ ਦੀ ਸੱਥ ਦੇ ਵਿਚ ਟੁੱਟਗੀ ਸੀ,
ਪੱਲਿਓਂ ਖੋਲ੍ਹ ਕੇ ਮੋਤੀ ਓਸੇ ਦਾ ਦਿਖਾਇਆ ।
ਹੀਰ ਦਿਖਾ ਕੇ ਮੋਤੀ ਵੱਲ ਖੇੜਿਆਂ ਦੇ ਰੋਂਦੀ ਬਈ,
ਟੁੱਟ ਗਿਆ ਹਾਰ ਵੇ ਏਸੇ ਮਾਹੀ ਤੋਂ ਚੁਗਵਾਇਆ ।
ਇਹ ਤਾਂ ਆਪ ਨਾ ਮੇਰੀ ਵਿਚ ਡੋਲੀ ਦੇ ਆ ਗਿਆ ਬਈ,
ਇਹਨੂੰ ਵਾਜਾਂ ਮੈਂ ਤਾਂ ਮਾਰ ਕੇ ਬੁਲਾਇਆ ।
ਹੱਥੋਂ ਮੋਤੀ ਚੁਗ ਕੇ ਦੇ ਲਏ ਏਸ ਬਚਾਰੇ ਨੇ,
ਕੀ ਮੁਸਟੰਡਿਆਂ ਨੇ ਤੁਸੀਂ ਮਾਰਨਾ ਤਕਾਇਆ ।
ਕੋਈ ਗੈਰ ਹੈ ਨਾ, ਚਾਕ ਹੈ ਮੇਰੇ ਬਾਪ ਦਾ,
ਪੁੱਤਰਾਂ ਵਾਂਗ ਪਾਲਕੇ ਐਡਾ ਹੈ ਬਣਾਇਆ ।
ਬਾਰਾਂ ਵਰਸਾਂ ਦੀ ਮੈਂ ਰਹਿੰਦੀ ਕੋਲੇ ਚਾਕ ਦੇ,
ਅੱਜ ਕੀ ਲੋਹੜਾ ਪੈ ਗਿਆ ਜੇ ਡੋਲੀ ਵਿਚ ਆਇਆ ।
ਕੋਈ ਹੈ ਨੀ ਸਿਆਣਾ ਥੋਡੀ ਵੇ ਵਿਚ ਬਰਾਤ ਦੇ,
ਕੋਈ ਕਸੂਰ ਨਾ ਕੀਤਾ ਘੇਰਾ ਚਾਕ ਨੂੰ ਪਾਇਆ ।

ਜੇ ਵੇ ਰਾਂਝਾ ਮਰ ਗਿਆ ਮੈਂ ਵੀ ਨਾਲੇ ਮਰਜੂੰ ਗੀ,
ਬਦਲੇ ਲੈ ਲਊ ਬੀਰ ਪਠਾਣ ਮਾਂ ਦਾ ਜਾਇਆ ।

— ਦੀਦਾਰ ਸਿੰਘ ਰਟੈਂਡਾ

●

ਖੇੜੇ ਹੋ ਸ਼ਰਮਿੰਦਾ ਮੁੜਗੇ ਕੋਲੋਂ ਡੋਲੀ ਦਿਓਂ,
ਜਦੋਂ ਹੀਰ ਨੇ ਚਲਿੱਤਰ ਕਰ ਲਿਆ ਹਾਰ ਦਾ ।
ਘੋੜੇ ਛੇੜ ਕੇ ਵਹੀਰਾਂ ਪਾਈਆਂ ਖੇੜਿਆਂ ਨੇ,
ਜਾਕੇ ਹਾਲ ਸੁਣਾਉਂਦੇ ਚੂਚਕ ਦੇ ਵਿਹਾਰ ਦਾ ।
ਕਰਨੀ ਚੂਚਕ ਵਰਗੀ ਹੋਣੀ ਸਭ ਤੋਂ ਔਖੀ ਐ,
ਹੋਣੀ ਅੱਜੂ ਤੋਂ ਨਾ ਸਾਰਾ ਪਿੰਡ ਪੁਕਾਰਦਾ ।
ਹੀਰ ਨਕਾਹੀ ਆਈ ਰਲ ਕੇ ਚਲੋ ਸਮਾਣੀਓਂ,
ਕਰੋ ਜਮਾਲ ਜਾ ਕੇ ਹੀਰ ਦੇ ਦੀਦਾਰ ਦਾ ।
ਸਹਿਤੀ ਚਾਈਂ ਚਾਈਂ ਕੱਠੀਆਂ ਕਰਦੀ ਕੁੜੀਆਂ ਨੂੰ,
ਮਿਲ ਕੇ ਗੀਤ ਗਾਉਂਦੀਆਂ ਸੌ ਸੌ ਸ਼ਗਨ ਸਮਾਰ ਦਾ ।
ਸੌ ਸੌ ਸ਼ਗਨ ਮਨਾਕੇ ਹੀਰ ਉਤਾਰੀ ਕੁੜੀਆਂ ਨੇ,
ਸੈਦਾ ਫੁੱਲਿਆ ਫਿਰਦਾ ਕਾਣੀ ਅੱਖ ਲਿਸ਼ਕਾਰਦਾ ।
ਧੱਕੇ ਮਾਰ ਕੇ ਪਰ ਕੱਢਿਆ ਸੈਦੇ ਰਾਂਝੇ ਨੂੰ,
ਸੈਦਾ ਕਾਣਾ ਗੱਭਰੂਆ ਪਿਛਲੇ ਖੋਰ ਚਿਤਾਰਦਾ ।

— ਦੀਦਾਰ ਸਿੰਘ ਰਟੈਂਡਾ

●

ਚੇਤਰ ਚੈਨ ਬਈ ਦਿਨ ਰੈਣ ਨਾ ਆਵੇ ਹੀਰ ਨੂੰ,
ਜਦੋਂ ਦੀ ਹੋਗੀ ਚਾਕਾ ਤੈਥੋਂ ਮੈਂ ਨਿਆਰੀ ।
ਚੜ੍ਹੇ ਵਿਸਾਖ ਮਾਹੀ ਵਿਸਰੇ ਨਾ ਮਨ ਮੇਰੇ ਤੋਂ,
ਖਬਰੈ ਮੈਂ ਕਿਉਂ ਮਨ ਤੋਂ ਮਾਹੀ ਨੇ ਵਿਸਾਰੀ ।
ਜੇਠ ਜਾਲ ਕੋਲੇ ਕਰਲੀ ਇਸ਼ਕ ਵਿਛੋੜਿਆਂ ਨੇ,
ਸੁੱਕ ਕੇ ਪਿੰਜਰਾ ਹੋ ਗਈ ਦਰਦ ਇਸ਼ਕ ਦੀ ਮਾਰੀ ।

ਹਾੜ੍ਹ ਹਮਾਣੀ ਫੱਟ ਦਰਿਆਉਂ ਪਾਰ ਕਰ ਗਿਆ ਵੇ,
ਖਬਰ ਨੀ ਕਿਹੜਿਆਂ ਦੇਸਾਂ ਨੂੰ ਚੰਦ ਲਾ ਗਿਆ ਉਡਾਰੀ।
ਸੌਣ ਸਰੀਰ ਸੰਭਾਲਣ ਜੋਗੀ ਨਾ ਹੁਣ ਰਹਿਗੀ ਮੈਂ,
ਨੈਣ ਪਰਾਣ ਨਮੋਂਤਣ ਦੇ ਦੇ ਗਏ ਨੇ ਹਾਰੀ।
ਭਾਦੋਂ ਭਾਅ ਦੋਜਕ ਦੀ ਸੋਈ ਬੰਦੇ ਸੜਦੇ ਨੇ,
ਜਿਹੜੇ ਤੋੜਨ ਕਿਸੇ ਦੀ ਲੱਗੀ ਓ ਹੋਈ ਯਾਰੀ।
ਅੱਸੂ ਆਸਾਂ ਕਰਦੀ ਮਾਹੀਆ ਤੇਰੇ ਮਿਲਣ ਦੀਆਂ,
ਆ ਕੇ ਮਿਲ ਲੈ ਚਾਕਾ ਵੇ ਓੜਕ ਦੀ ਵਾਰੀ।
ਕੱਤਕ ਕਰਮਾਂ ਹੀਣੀ ਹੁਣ ਮੈਂ ਕੀ ਕਰ ਸਕਦੀ ਹਾਂ,
ਫਸ ਗਈ ਖੇੜੇ ਦੇ ਜਾਲ 'ਚ ਹੋ ਗਈ ਬੇ ਅਖਤਿਆਰੀ।
ਮੱਘਰ ਮਹੀਨੇ ਸੀਨੇ ਦਾਗ ਪੈ ਗਿਆ ਹੀਰ ਦੇ,
ਜਦੋਂ ਦੀ ਮਿਲਗੀ ਚੰਦਰੇ ਮਾਹੀ ਤੋਂ ਫਟਕਾਰੀ।
ਪੋਹ ਵਿਚ ਪਏ ਤਰਸਦੇ ਨੈਣ ਤੇਰੇ ਦਰਸ਼ਨ ਨੂੰ,
ਖਬਰ ਨੀ ਕਿਹੜਿਆਂ ਦੇਸਾਂ ਨੂੰ ਲਾ ਗਿਆ ਤੂੰ ਉਡਾਰੀ।
ਮਾਘ ਮੁਕਾ ਕੇ ਸਾਨੂੰ ਆਪ ਬਹਾਰਾਂ ਕਰਦਾ ਵੇ,
ਕਿਥੇ ਬਣਕੇ ਬਹਿ ਗਿਆ ਵੇ ਚਾਕਾ ਘਰ ਬਾਰੀ।
ਫੱਗਣ ਫੋਲ ਓ ਦੁਖ ਸੁਣਾਵਾਂ ਕਿਹੜੇ ਦਰਦੀ ਨੂੰ,
ਵਿਛੜੇ ਯਾਰ ਮਿਲਾਦੇ ਵੇ ਮੈਂ ਅਰਜ ਗੁਜ਼ਾਰੀ।
ਲੌਂਦ ਲੈ ਵੇ ਮੇਰੀ ਜਾਨ ਲਬਾਂ ਤੇ ਆ ਗਈ ਐ,
ਮਿਲਨੈ ਮਿਲ ਵੇ ਚਾਕਾ ਫੇਰ ਨਾ ਚਿਤਾਰੀ।

— ਨਿਰੰਜਣ ਸਿੰਘ

●

ਜਦੋਂ ਰਾਂਝਾ ਮੁੜਕੇ ਆ ਗਿਆ ਰੰਗਪੁਰ ਖੇੜਿਆਂ ਤੋਂ,
ਹੁੰਮ ਹੁਮਾ ਕੇ ਕੁੜੀਆਂ ਹੋ ਸਿਆਲਾਂ ਦੀਆਂ ਆਈਆਂ।
ਮਿੱਠੀ ਨੈਣ ਪਹੁੰਚਾ ਫੜਕੇ ਮੂਹਰੇ ਬਹਿ ਗੀ ਐ,
ਗੱਲਾਂ ਦੱਸ ਚੋਬਰਾ ਜੋ ਡਾਢੇ ਵਰਤਾਈਆਂ।
ਤੇਰੇ, ਹੀਰ ਦੇ ਕਰਮਾਂ ਨੇ ਡਾਹੀ ਨਾ ਦੇ ਲੀ ਐ,

ਹੋਣੀ ਲਿਖਤਾਂ ਬੀਬਿਆ ਜਾਣ ਨਾ ਮਿਟਾਈਆਂ ।
ਕਦੋਂ ਕੁ ਹੀਰ ਓਏ ਖੇੜਿਆਂ ਤੋਂ ਸਿਆਲਾਂ ਨੂੰ ਆਜੂ ਗੀ,
ਰੋਂਦੀ ਐ ਜਾਂ ਬਿਰ ਗਈ ਦੱਸ ਕਮਲੋ ਦਿਆ ਸਾਈਆਂ ।
ਇਕ ਓ ਹੀਰ ਬਗੈਰ ਤਿੰਨ ਸੌ ਸੱਠ ਸਹੇਲੀ ਦਾ,
ਜੀਅ ਨਾ ਲਗਦਾ ਚੇਹਰੇ ਤੇ ਫਿਰੀਆਂ ਜਰਦਾਈਆਂ ।
ਸਭ ਤੋਂ ਨੇਮ ਕਰਾ ਲੈ ਜੇ ਰੋਟੀ ਰੱਜ ਖਾਧੀ ਐ,
ਚੜ੍ਹੀਆਂ ਦੂਤੀਆਂ ਘਰੀਂ ਘਿਓ ਦੀਆਂ ਕੜਾਹੀਆਂ ।
ਸਬਰ ਸਬੂਰੀ ਕਰ ਰੱਬ ਅਜੇ ਵੀ ਤੇਰੀ ਸੁਣ ਲਊਗਾ,
ਸੁੱਕੇ ਬਾਗ ਡਾਢਾ ਵੇ ਕਰਦੂ ਹਰਿਆਈਆਂ ।
ਏਨੀ ਕਹਿਕੇ ਰਾਂਝਾ ਕਰਿਆ ਹਵਾਲੇ ਤੁਲੀ ਦੇ,
ਸਾਂਭ ਅਮਾਨਤਾਂ ਹੀਰ ਦੀਆਂ ਜਾਣ ਨਾ ਗਮਾਈਆਂ ।
ਸਿਰ ਪਲੋਸ ਓ ਤੁਲੀ ਪੁੱਛ ਬਥੇਰਾ ਥੱਕੀ ਐ,
ਝਾਕੀਂ ਜਾਵੇ ਗੱਲਾਂ ਜਾਣ ਨਾ ਉਲਟਾਈਆਂ ।
ਜਦ ਕੁਝ ਆਖ ਨੀ ਸਕਿਆ ਹਾਰ ਕੇ ਭੁੱਬ ਨਿਕਲੀ ਐ,
ਪਿਆਰ ਹੀਰ ਦੇ ਜੱਟ ਕਰਿਆ ਵਾਂਗ ਸੁਦਾਈਆਂ ।
ਮੂਰਖ ਵੇਖਕੇ ਓ ਬੈਠੇ ਖਿੜ ਖਿੜ ਹੱਸਦੇ ਨੇ,
ਆਸ਼ਕ ਰੋਣ ਜਿਨ੍ਹਾਂ ਨੂੰ ਲੱਗੀਆਂ ਓ ਦਿਸ ਆਈਆਂ ।

--- ਨਿਰੰਜਣ ਸਿੰਘ

●

ਹੀਰ ਨਕਾਹੀ ਖਬਰਾਂ ਹੋਈਆਂ ਕੁੱਲ ਜਹਾਨ ਤੇ,
ਲਿਖ ਕੇ ਚਿੱਠੀ ਭਾਬੀਆਂ ਨੇ ਰਾਂਝੇ ਨੂੰ ਪਾਈ ।
ਪਹਿਲੇ ਅਦਬ ਨਾਲ ਸਲਾਮ ਸੌ ਸੌ ਲਿਖਿਆ ਹੈ,
ਪਿਛਿਓਂ ਬੋਲੀ ਸੀਨੇ ਹੀਰ ਦੀ ਰੜਕਾਈ ।
ਖੇੜੇ, ਬੈਠੇ ਤੋਂ ਨਕਾਹ ਕੇ ਲੈ ਗਏ ਹੀਰ ਨੂੰ,
ਤੈਂ ਜਿਹੇ ਬਿਜੂਆਂ ਨੂੰ ਓਏ ਕੀਹਨੇ ਹੀਰ ਸੰਭਾਈ ।
ਜੇਹੜੀ ਹੀਰ ਕਾਰਨ ਮੀਆਂ ਫੁੱਲਿਆ ਫਿਰਦਾ ਸੀ,
ਸੁੱਕਾ ਰੱਖਿਆ ਵੇਖੀ ਨਾਰਾਂ ਦੀ ਚਤਰਾਈ ।

ਪੱਲੇ ਝਾੜ ਕੇ ਬਸ਼ਰਮਾਂ ਮੁੜ ਵੇ ਘਰਾਂ ਨੂੰ,
ਹੁਣ ਕੀ ਧੀ ਵੇ ਬੀਰ ਪਠਾਣ ਦੀ ਤਕਾਈ ।
ਜੀਅ ਜੀਅ ਵੈਰੀ ਤੇਰਾ ਬਣ ਗਿਆ ਖਾਤਰ ਹੀਰ ਦੀ,
ਖਿਲਕਤ ਫਿਰਦੀ ਤੇਰੇ ਲਹੂ ਦੀ ਤਿਹਾਈ ।
ਮੈਂ ਅਜੇ ਲਾਲੇ ਭਾਬੋ ਹੀਰ ਨਾਲੋਂ ਸੋਹਣੀ ਆਂ,
ਹਰ ਦਮ ਤੋਛਕ ਵਾਂਗੂੰ ਰਹੂੰਗੀ ਵਛਾਈ ।
ਅਜੇ ਵੀ ਮਣਸਾ ਜੇ ਤੂੰ ਰਖਦਾ ਵਿਆਹ ਕਰਵੌਣੇ ਦੀ,
ਤੇਰੀ ਖਾਤਰ ਛੋਟੀ ਵੇ ਮਾਲੇ ਅਟਕਾਈ ।
ਕੰਮੋਂ ਜੇ ਕਾਰੋਂ ਡਰਦਾ, ਤੂੰ ਡੱਕਾ ਨਾ ਤੋੜੀਂ ਵੇ,
ਤੈਥੋਂ ਮੁਕਣੀ ਨਹੀਂ ਜ਼ਮੀਨ ਦੀ ਬਟਾਈ ।
ਬੰਨ੍ਹ ਘਰ ਬਾਰ ਬਣਜਾ ਭਾਈਆਂ ਦੇ ਬਰੋਬਰ ਦਾ,
ਬਣ ਕੇ ਬਹਿਜਾ ਨੱਢਿਆ ਵੇ ਭਾਈਆਂ ਦਾ ਭਾਈ ।
ਏਨੀ ਲਿਖ ਕੇ ਕਰਕੇ ਬੰਦ ਲਫਾਫਾ ਤੋਰਦੀ,
ਦੇ ਕਰ ਕਾਸਦ ਦੇ ਹੱਥ ਰਾਂਝੇ ਨੂੰ ਪੁਚਾਈ ।

---- ਨਿਰੰਜਣ ਸਿੰਘ

●

ਸੁੱਤੀ ਹੀਰ ਨੂੰ ਜਦ ਸੁਫਨਾ ਆਇਆ ਮਾਹੀ ਦਾ,
ਜਾਣੀ ਨਾਲ ਚਾਕ ਦੇ ਸੁੱਤੀ ਸੇਜ ਵਿਛਾਕੇ ।
ਕਾਇਆ ਸੀਤਲ ਹੋ ਗਈ ਗਲ ਲਾ ਰਾਂਝੇ ਚਾਕ ਨੂੰ,
ਦੁਖ ਭੁੱਲ ਗਏ ਹੀਰ ਨੂੰ ਸਾਰੇ ਸੁੱਖ ਵਿਚ ਆਕੇ ।
ਸੁਫਨੇ ਦੇ ਵਿਚ ਸੁੱਤੀ ਛਾਤੀ ਲਾ ਰੰਝੇਟੇ ਨੂੰ,
ਖੁੱਲ੍ਹੀਆਂ ਅੱਖੀਆਂ ਜਦ ਓ ਰੋਂਦੀ ਹੈ ਪਛਤਾ ਕੇ ।
ਪਲ ਵਿਚ ਨੇੜੇ ਪਲ ਵਿਚ ਦੂਰ ਕਰਦੈਂ ਸੁਫਨਿਆਂ,
ਢਾਕ ਬੰਗਾਲੇ ਦਾ ਤੂੰ ਜਾਦੂ ਸਿਤਮ ਦਿਖਾ ਕੇ ।
ਸੁਫਨਿਆਂ ਤੂੰ ਸੁਲਤਾਨ ਹੈਂ ਉਤਮ ਤੇਰੀ ਜਾਤ,
ਵਿਛੜੇ ਸੌ ਵਰਸਾਂ ਦੇ ਪਲ ਵਿਚ ਮੇਲੇਂ ਲਿਆ ਕੇ ।
ਇਕ ਗੱਲ ਮਾੜੀ ਇਹ ਤੂੰ ਸੁਫਨਿਆਂ ਕਰਦੈਂ ਪੁੱਜ ਕੇ,
ਪਲ ਵਿਚ ਦੌੜ ਜਾਨੈ ਅੱਖੀਂ ਖੇਡ ਦਿਖਾ ਕੇ ।

ਬਿਨਾਂ ਦੇਖਿਆਂ ਬਾਝੋਂ ਹੀਰ ਪਲ ਨਾ ਬਚਦੀ ਐ,
ਖੋਏ ਗਏ ਹੀਰ ਤੋਂ ਇਕੋ ਸੇਜ ਸਜਾ ਕੇ ।
ਫੇੜਿਆ ਪਿਛਲੇ ਜਨਮ ਦਾ ਹੁਣ ਤੂੰ ਭੋਗ ਜ਼ਿੰਦੜੀਏ,
ਨੀਂਦਰ ਕਿਥੇ ਜਿਸ ਨੂੰ ਚਿੰਤਾ ਚਿੰਬੜੀ ਧਾ ਕੇ ।
ਰੋ ਰੋ ਹੀਰ ਹਜ਼ੂਰਾ ਸਿੰਘ ਮਾਰਦੀ ਧਰਲੀਆਂ,
ਡਿਗ ਡਿਗ ਪੈਂਦੀ ਧਰਤ ਤੇ ਪਲ ਪਲ ਗਸ਼ੀਆਂ ਖਾ ਕੇ ।

— ਦੀਦਾਰ ਸਿੰਘ ਰਟੈਂਡਾ

●

ਜਦ ਪਹਿ ਪਾਟੀ ਤਾਰਾ ਚੜ੍ਹਿਆ ਚਿੜੀ ਚੂਕੀ ਐ,
ਸੁਫਨਾ ਹੀਰ ਜੱਟੀ ਨੂੰ ਓ ਰਾਂਝੇ ਦਾ ਆਇਆ ।
ਖੁੱਲ੍ਹੀਆਂ ਅੱਖੀਆਂ, ਕਿਥੇ ਰਾਂਝਾ ਬੈਠੀ ਰੋਂਦੀ ਐ,
ਸਨਮੁੱਖ ਓਸ ਬਨੇਰੇ ਕਾਗ ਸੀ ਕੁਰਲਾਇਆ ।
ਉਡ ਜਾ ਕਾਵਾਂ ਕਿਥੋਂ ਮਿਲਣੇ ਯਾਰ ਨਭਾਗਾਂ ਦੇ,
ਓਹਨੇ ਕੱਢਕੇ ਖ਼ਤ ਓ ਮਾਹੀ ਦਾ ਫੜਾਇਆ ।
ਆਹ ਲੈ ਚੱਕ ਲੈ ਨੀ ਭਾਬੋ ਚਿੱਠੀ ਆਪਣੇ ਯਾਰ ਦੀ,
ਬੋਲੀ ਬੋਲ ਮਨੁੱਖ ਦੀ ਸਾਰਾ ਹਾਲ ਸੁਣਾਇਆ ।
ਟੱਲੇ ਜਾ ਕੇ ਕੰਨ ਪੜਵਾ ਲੇ ਤੇਰੇ ਚਾਕ ਨੇ,
ਮੁੰਦਰਾਂ ਪਾ ਕੇ ਸਿਰ ਮੂੰਹ ਗੋਰਖ ਤੋਂ ਮੁਨਾਇਆ ।
ਆਪ ਕਰਦੀ ਬਹਾਰਾਂ ਪਲੰਘੀਂ ਚੜ੍ਹਕੇ ਸੌਂਨੀ ਐਂ,
ਰਾਂਝਾ ਪੰਛੀ ਮਰਦਾ ਭੁੱਖਾ ਨੀ ਤਿਹਾਇਆ ।
ਜਿਉਂਦੀ ਬੈਠੀ ਐਂ ਲੱਖ ਲਾਹਨਤ ਤੇਰੀ ਯਾਰੀ ਦੇ,
ਉਹਦਾ ਪੱਟ ਕੇ ਬੂਹਾ ਆਪਦਾ ਵਸਾਇਆ ।
ਰਾਂਝਾ ਅਜੇ ਵੀ ਤੇਰੀ ਆਸ਼ਕੀ ਵਿਚ ਪੂਰਾ ਹੈ,
ਸੌ ਸੌ ਠੋਕਰ ਖਾ ਕੇ ਤੈਨੂੰ ਨਹੀਂ ਭੁਲਾਇਆ ।
ਉਹਦਾ ਸਿਦਕ ਹੈ ਪੂਰਾ ਸਾਨੂੰ ਤੇਰੀ ਖਬਰ ਨਹੀਂ,
ਬੋਲ ਮਨੁੱਖ ਦਾ ਨੀ ਮਿਲਿਆ ਉਸੇ ਦਾ ਦਵਾਇਆ ।

— ਦੀਦਾਰ ਸਿੰਘ ਰਟੈਂਡਾ

●

ਮੇਰੇ ਮੂੰਹੋਂ ਸਿਫਤ ਨਾ ਸਜਦੀ ਹੀਰ ਸਿਆਲ ਦੀ,
ਏਸ ਕਰਕੇ ਮੈਨੂੰ ਲੱਗੇ ਜਾਨ ਤੋਂ ਪਿਆਰੀ ।
ਅੱਧੀ ਸੂਰਤ ਹੀਰ ਦੀ ਓ ਦੁਨੀਆਂ ਨੂੰ ਦੀਂਹਦੀ ਐ,
ਮੇਰੇ ਨੈਣਾਂ ਦੇ ਵਿਚ ਬਹਿ ਕੇ ਦੀਂਹਦੀ ਸਾਰੀ ।
ਲੰਮੀ, ਪਤਲੀ ਨੌ ਨੌ ਝੂਟੇ ਖਾ ਕੇ ਤੁਰਦੀ ਬਈ,
ਮੁਸ਼ਕੀ ਰੰਗ ਬਰੋਬਰ ਬਿਜਲੀ ਦੇ ਝੰਮਘਾਰੀ ।
ਸੀਸ ਲੰਮੇਰਾ ਗਰਦਨ ਕੂੰਜ ਕਲੈਹਰੀ ਮੋਰ ਦੀ,
ਹੋਠ ਪਪੀਸੀਆਂ ਤਿੱਖਾ ਨੱਕ ਖੰਡੇ ਦੀ ਧਾਰੀ ।
ਦੰਦ ਨੇ ਸੁੱਚੇ ਮੋਤੀ ਲੜੀ ਪਰੋਈ ਹਾਰ ਦੀ,
ਜੀਭ ਨਿਆਣੀ ਨਾਗਣ ਦੁੱਧ ਪੇੜੇ ਰੁਖਸਾਰੀ ।
ਸੂਖਮ ਉਂਗਲਾਂ ਨੇ ਨਰਮਾਹਾ ਫਲੀਆਂ ਹੀਰ ਦੀਆਂ,
ਫੇਰ ਹੱਥਾਂ ਪੈਰਾਂ ਦੀ ਓਏ ਹੈ ਛਬ ਨਿਆਰੀ ।
ਪੱਟ ਨੇ ਕੇਲਾ ਤੇ ਗੁੱਤ ਪੂਛੜ ਸ਼ੇਸ਼ ਨਾਗ ਦੀ,
ਧੁੰਨੀ ਕੌਲ ਸ਼ਰਾਬ, ਲੱਕ ਸ਼ੇਰੋਂ ਅਧਕਾਰੀ ।
ਭਵਾਂ ਕਮਾਨ ਤੇ ਤਸਵੀਰ ਐ ਪਰੀ ਚੀਨ ਦੀ,
ਸੁਣੀ ਹੋਣੀ ਐਂ ਸੋਲਾਂ ਕੋਕ ਦੀ ਸ਼ਿੰਗਾਰੀ ।
ਅੱਖੀਂ ਵੇਖਕੇ ਮੁੱਖ ਅੱਡਿਆ ਰਹਿੰਦਾ ਆਸ਼ਕ ਦਾ,
ਚੋਟ ਨੈਣਾਂ ਦੀ ਉਸ ਜਾਵੇ ਨਾ ਸਹਾਰੀ ।
ਇਹ ਨਿਸ਼ਾਨੀਆਂ ਯਾਦ ਰੱਖ ਲੈ ਹੀਰ ਸਿਆਲ ਦੀਆਂ,
ਕੀ ਜ਼ਰੂਰਤ ਜ਼ਿਆਦਾ ਹੈ ਪੁੱਛਣੇ ਦੀ ਭਾਰੀ ।
ਸੂਰਤ ਦੇਖ ਹੀਰ ਦੀ ਜੱਟ ਦਾ ਸਤ ਓ ਡੋਲ ਗਿਆ,
ਸਿਫਤ ਹੀਰ ਦੀ ਹਜ਼ੂਰਾ ਸਿੰਘ ਉਚਾਰੀ ।

--- ਦੀਦਾਰ ਸਿੰਘ ਰਟੈਂਡਾ

●

ਹੱਥ ਵਿਚ ਕਾਸਾ ਫੜਕੇ ਅਲਖ ਜਗਾ ਲਈ ਜੋਗੀ ਨੇ,
ਮੰਗਣੇ ਚੜ੍ਹ ਪਿਆ ਰੰਗਪੁਰ ਗੋਰਖ ਗੁਰੂ ਧਿਆਕੇ ।
ਤੂੰਬਾ, ਸੋਟਾ ਤੇ ਮਰਦੰਗ ਬਗਲ ਵਿਚ ਲੈ ਲਈ ਐ,

ਬੇ ਪਛਾਣ ਹੋ ਗਿਆ ਅੰਗ ਭਮੂਤ ਰਮਾ ਕੇ ।
ਦਿਲ ਵਿਚ ਹਾੜੇ ਹਾੜਦਾ ਘਰ ਨੀ ਜਾਣਦਾ ਸੈਦੇ ਦਾ,
ਸਦਾ ਉਚੇਰੀ ਕਰੀਏ ਹੀਰ ਨੂੰ ਸੁਣਾ ਕੇ।
ਜਿਉਂਦੀ ਬਚਦੀ ਬੋਲ ਪਛਾਣ ਦਰਸ਼ਨ ਦੇ ਦੇ ਜੇ,
ਮੂਹਰੇ ਪਿੱਟੀਏ ਹਾਲ ਆਪ ਦਾ ਦਿਖਾ ਕੇ।
ਨਾਲੇ ਹਾਲ ਸੁਣਾਈਏ ਜੋਗ ਲਏ ਦੁਖ ਭੋਗਿਆਂ ਦਾ,
ਨਾਲੇ ਆਖੀਏ ਲਿਆਂਦੀ ਗੋਰਖ ਤੋਂ ਬਖਸ਼ਾ ਕੇ ।
ਸੁਣੀਏ ਹੀਰ ਦੀਆਂ ਸੁਣਾਈਏ ਆਪਣੇ ਦਿਲਾਂ ਦੀਆਂ,
ਇੱਕ ਪਲ ਲਗ ਜੇ ਕੇਰਾਂ ਸਾਹਮਣੇ ਅਟਕਾ ਕੇ ।
ਹੁਕਮ ਅਲਾਹੀ ਮਨ ਵਿਚ ਧਰ ਕੇ ਰੰਗ ਪੁਰ ਚੱਲ ਵੜੀਏ,
ਫਤਿਹ ਪਾਈਏ ਪੰਜਾਂ ਪੀਰਾਂ ਨੂੰ ਮਨਾ ਕੇ ।
ਜਿਥੇ ਨੀਤ ਧਰੇ ਰੱਬ ਕਰੇ ਮੁਰਾਦਾਂ ਪੂਰੀਆਂ,
ਲੱਭ ਲਾਂ ਗਲੀ ਗਲੀ ਹੁਣ ਦਰ ਦਰ ਅਲਖ ਜਗਾਕੇ ।
ਜਿਹੜੇ ਵਿਕੇ ਹਜ਼ੂਰਾ ਸਿੰਘ ਹਰੀ ਦੇ ਨਾਮ 'ਤੇ,
ਖਾਲੀ ਮੁੜਦੇ ਨਾਹੀਂ ਮੁੜਦੇ ਫਤਿਹ ਪਾ ਕੇ ।

--- ਨਿਰੰਜਣ ਸਿੰਘ

●

ਵਿਚ ਤਾਂ ਰੰਗਪੁਰ ਦੇ ਓ ਮੰਗਣ ਚੜ੍ਹ ਗਿਆ ਲਾਡਲਾ,
ਤੁਰੇ ਅਗੇਰੇ ਬੂਹੇ ਹਰ ਇਕ ਪਲ ਪਲ ਖੜ੍ਹਕੇ ।
ਦਾਣਾ, ਟੁਕੜਾ, ਚੀਣਾ ਲਵੇ ਨਾ ਸਭ ਨੂੰ ਮੋੜਦਾ ,
ਆਟਾ ਕਣਕ ਦਾ ਤੇ ਮਖਣੀ ਲੈਂਦਾ ਅੜਕੇ ।
ਸ਼ੋਰ ਮਸ਼ੋਰੀ ਸਭ ਮੁਟਿਆਰਾਂ ਹੋਈਆਂ ਪਿੰਡ ਦੀਆਂ,
ਨਵਾਂ ਤਰੀਕਾ ਬੰਨ੍ਹਿਆਂ ਰੰਗ ਪੁਰ ਦੇ ਵਿਚ ਵੜਕੇ ।
ਰੰਗ ਪੁਰ ਪਿਆ ਹਕਾਰਾ ਰੂਪ ਦੇਖਕੇ ਜੋਗੀ ਦਾ,
ਜਾਣੀ ਕਾਨ੍ਹ ਆ ਗਿਆ ਓ ਮਥਰਾ ਤੇ ਚੜ੍ਹਕੇ ।
ਆਖਣ ਕੁੜੀਆਂ ਕਿਉਂ ਜੀਅ ਕਰਿਆ ਕੰਨ ਪੜਵਾਉਣੇ ਨੂੰ,

ਟੁੱਟ ਜਾਣ ਹੱਥ ਵੇ ਨਾਥ ਜਿਨ ਛੁਰੀ ਵਗਾ ਲਈ ਫੜਕੇ ।
ਜਾ ਤੂੰ ਜੋਗੀ ਹੋ ਗਿਐਂ ਪੱਟਿਆ ਕਿਸੇ ਦੀ ਤੋਰ ਦਾ,
ਜੇ ਹੁਣ ਦੇਖੇ ਮਰ ਜੇ ਪੰਜ ਘਟ ਦੇ ਵਿਚ ਹੜ੍ਹਕੇ ।
ਸੂਰਤ ਸੋਨੇ ਵਰਗੀ ਖੋਈ ਭਰਾਵਾਂ ਪਿੱਟੜੀ ਨੇ,
ਕਿਵੇਂ ਚੈਨ ਪੈਂਦੀ ਹੋਊਗੀ, ਨਿਧੜਕੇ ।
ਰਲ ਮੁਸ਼ਟੰਡੀਆਂ ਬੋਲੀ ਬੋਲਣ ਆਪੋ ਆਪਣੀ,
ਸੁਣ ਸੁਣ ਜੋਗੀ ਦਾ ਜੀਅ ਕੋਲੋਂ ਹੋ ਗਿਆ ਸੜਕੇ ।
ਅੱਖ ਭਰ ਕਿਸੇ ਵੱਲ ਝਾਕ ਨਾ ਸਕਦਾ ਆਸ਼ਕ ਹੀਰ ਦਾ,
ਕੁੜੀਆਂ ਪਿੱਛੇ ਹਜ਼ੂਰਾ ਸਿੰਘ ਬਥੇਰੇ ਭੜਕੇ ।

— ਦੀਦਾਰ ਸਿੰਘ ਰਟੈਂਡਾ

•

ਘੜੇ ਛੱਡ ਕੇ ਆਣ ਉਦਾਲੇ ਹੋਈਆਂ ਜੋਗੀ ਦੇ,
ਕੁੜੀਆਂ ਜਾਣ ਕੇ ਹਮਾਣੀ ਕਰਨ ਠਠੋਲੀਆਂ ।
ਮੁਖਤ ਨਜ਼ਾਰਾ ਲੈ ਵੇ ਇਕ ਤੇ ਇਕ ਚੜ੍ਹੇਂਦੀ ਦਾ,
ਕੁੜੀਆਂ ਖੇੜਿਆਂ ਦੀਆਂ ਅਸੀਂ ਪਰੀਆਂ ਸੁਬਕ ਮਮੋਲੀਆਂ ।
ਚਾਰ ਚੁਫੇਰੇ ਜੋਗੀ ਦੇ ਫਿਰਦੀਆਂ ਨੇ ਲਟਕਦੀਆਂ,
ਛਾਤੀ ਬਦਨ ਦਿਖਾਲਣ ਕਾਰਨ ਬੁਕਲਾਂ ਖੋਲ੍ਹੀਆਂ ।
ਜੋਗੀ ਬਣ ਗਿਆ ਕਿਸੇ ਪੱਟਿਆ ਸਾਡੇ ਵਰਗੀ ਦਾ,
ਨਿਆਣੀ ਉਮਰ 'ਚ ਪਹਿਲਾਂ ਕਰੀਆਂ ਲਾਡ ਕਲੋਲੀਆਂ ।
ਮਾਰੇ ਦਰਦ ਅਵੱਲੜੇ ਆਸ਼ਕ ਜੋਗੀ ਬਣ ਗਿਆ ਵੇ,
ਗਏ ਮਸ਼ੂਕ ਜਿਨ੍ਹਾਂ ਦੇ ਬੈਠ ਵੇ ਵਿਚ ਡੋਲੀਆਂ ।
ਮਾਲ ਨੂੰ ਮਾਲਕ ਲੈ ਗਏ ਦਮ ਜਿਨ੍ਹਾਂ ਨੇ ਖਰਚੇ ਵੇ,
ਮਗਰੋਂ ਔਖੇ ਹੋ ਗਏ ਸਹਿਣੇ ਤਾਹਨੇ ਬੋਲੀਆਂ।
ਨਾਲ ਕੁਮਾਰੀ ਦੇ ਨਿਹੁੰ ਲਾ ਕੇ ਨਫਾ ਕੀ ਖੱਟਣੇ ਨੂੰ,
ਜਿਨ ਜਿਨ ਲਾਈਆਂ ਝੋਲੀ ਭਰ ਧੜੀਆਂ ਦੀ ਤੋਲੀਆਂ।
ਕੁੜੀਆਂ ਕਹਿੰਦੀਆਂ ਜੀਹਨੂੰ ਲੱਗ ਜੇ ਇਸ਼ਕ ਦੀ ਚੋਟ ਬੁਰੀ,
ਦਰ ਦਰ ਮੰਗਦੇ ਫਿਰਦੇ ਹੱਥ ਵਿਚ ਫੜਕੇ ਝੋਲੀਆਂ ।

ਪਿੰਡ ਵਿਚ ਪਿਆ ਹਕਾਰਾ ਰੂਪ ਦੇਖ ਕੇ ਜੋਗੀ ਦਾ,
ਮੁੜ ਮੁੜ ਜਾਂਦੀਆਂ ਦੇਖਣ ਟੋਲੀਆਂ ਤੇ ਟੋਲੀਆਂ।

●

ਛੱਡੋ ਖਿਆਲ ਮੇਰਾ ਤੁਸੀਂ ਜਾਵੋ ਆਪਣੇ ਘਰਾਂ ਨੂੰ,
ਤੁਸੀਂ ਲੈਣਾ ਕੀ ਨੀ ਸੰਤਾਂ ਨੂੰ ਸੰਤਾ ਕੇ। ।
ਰੰਗ ਪੁਰ ਮੁੰਡੇ ਬਥੇਰੇ ਮੈਥੋਂ ਸੋਹਣੇ ਹੱਸਣੇ ਨੂੰ,
ਅਸਾਂ ਤਾਂ ਰੂਪ ਆਪਣਾ ਖੋ ਲਿਆ ਕੰਨ ਪੜਵਾਕੇ ।
ਜਤੀ ਸਤੀ ਚੇਲੇ ਬਣਗੇ ਗੋਰਖ ਨਾਥ ਦੇ,
ਦਿਲੋਂ ਤਿਆਗਿਆ ਅਸੀਂ ਔਰਤ ਨੂੰ ਸਹੁੰ ਖਾ ਕੇ ।
ਨਾਲ ਫਕੀਰਾਂ ਹੱਸਕੇ ਹੋਵੇ ਕੌਣ ਫਕੀਰ ਨੀ,
ਮਾਪੇ ਸਹੁਰਿਆਂ ਦੀ ਵੱਡ ਲੋਕੋ ਲੱਜ ਗਮਾਕੇ ।
ਐਵੇਂ ਵਾਧੂ ਫਾਇਦਾ ਹੱਸਣਾ ਕੀ ਮੁਸ਼ਟੰਡੀਓ ਨੀ,
ਆਪਣੀ ਖੁਸ਼ੀ ਦੇ ਲਈ ਸੰਤਾਂ ਨੂੰ ਸੰਤਾ ਕੇ ।
ਐਸ ਰੰਗਪੁਰ ਦੇ ਵਿਚ ਨੇਰ੍ਹ ਜੋ ਗਰਦੀ ਮੱਚਗੀ ਐ,
ਮਾਪੇ ਰੱਖਦੇ ਕਿਉਂ ਨੀ ਧੀਆਂ ਨੂੰ ਸਮਝਾਕੇ ।

●

ਕੱਠੀਆਂ ਹੋ ਕੇ ਕੁੜੀਆਂ ਦੇਣ ਸੁਨੇਹਾ ਹੀਰ ਨੂੰ,
ਨਾਲੇ ਜੋਗੀ ਵਾਲੀਆਂ ਦੱਸੀਆਂ ਹੈ ਵਡਿਆਈਆਂ ।
ਜੋਗੀ ਦੇਖਿਆ ਭਾਬੋ ਤੇਰੇ ਸਾਡੇ ਹਾਣ ਦਾ,
ਰੱਬ ਦੀ ਸੂਰਤ ਸਿਫਤਾਂ ਜਾਣ ਨਾ ਸੁਣਾਈਆਂ ।
ਕੱਚ ਦੀ ਬੋਤਲ ਵਰਗਾ ਸੋਹਣਾ ਜਿਸਮ ਫਕੀਰ ਦਾ,
ਪੱਟ ਦੇ ਲੱਛੇ ਵਰਗੀ ਦੇਹ ਨੂੰ ਲੀਕਾਂ ਲਾਈਆਂ ।
ਫੜਕੇ ਛੁਰੀ ਤੇ ਕੰਨ ਪਾੜੇ ਕਿਸੇ ਬੰਗਾਲੀ ਨੇ,
ਨਾਲ ਵਰੰਜੀ ਛੁਰੀਆਂ ਕੰਨਾਂ ਦੇ ਵਿਚ ਲਾਈਆਂ ।
ਰੰਗ ਦਾ ਗੋਰਾ ਤਾਂ ਸ਼ੁਕੀਨ ਕੰਨਾਂ ਵਿਚ ਮੁੰਦਰਾਂ ਨੀ,
ਲਹੂ ਨੀ ਸੁਕਿਆ ਜਾਣੀ ਕੱਲ੍ਹ ਪਰਸੋਂ ਦੀਆਂ ਪਾਈਆਂ ।

ਪੁੱਤਰ ਅੱਖਾਂ ਦੀ ਪੱਟੀ ਹੁੰਦੇ ਭਾਬੋ ਮੇਰੀਏ,
ਡੁੱਬ ਕੇ ਮਰਜੂ ਬਾਬਲਾ, ਖੂਹ ਖਾਤੇ ਵਿਚ ਖਾਈਆਂ ।
ਮਾਂ ਸੁਜਾਖੀ ਕਿਸ ਵਿਧ ਰਹਿ ਜੂ ਏਸ਼ ਫਕੀਰ ਦੀ,
ਕਿਵੇਂ ਭੁੱਲਜੂ ਸੋਹਣਾ ਨੀ ਭੈਣਾਂ ਤੇ ਭਾਈਆਂ ।
ਵਹੁਟੀ ਵੀਰਾਂ ਪਿੱਟੜੀ ਨੀ ਜਿਉਂਦੀ ਕਿਉਂ ਰਹਿ ਜੂ ਗੀ,
ਘਰ ਤੋਂ ਕਢਕੇ ਭਾਬੋ ਨੀ ਐਹੋ ਜਾ ਸਾਈਆਂ ।
ਪਿੰਡ ਦਾ ਸ਼ਿੰਗਾਰ ਜਿਨ੍ਹਾਂ ਦਾ ਜੋਗੀ ਹੋ ਗਿਆ ਲਾਡਲਾ,
ਚੇਤੇ ਕਿਉਂ ਨਾ ਨੀ ਆਊ ਡੁੱਬ ਮਰੀਆਂ ਭਰਜਾਈਆਂ ।
ਇੱਕ ਚਿੱਤ ਕਰਦੈ ਬਾਂਹ ਤੋਂ ਫੜਕੇ ਲਿਆਮਾਂ ਜੋਗੀ ਨੂੰ,
ਸ਼ਰਮਾਂ ਮਾਪਿਆਂ ਵਾਲੀਆਂ ਜਾਣ ਨਾ ਉਠਾਈਆਂ ।

— ਨਿਰੰਜਣ ਸਿੰਘ

●

ਕੱਠੀਆਂ ਹੋ ਕੇ ਕੁੜੀਆਂ ਬਈ ਵਿਚੋਂ ਤਾਂ ਖੇੜਿਆਂ ਦਿਓਂ,
ਰਾਂਝੇ ਚਾਕ ਦੀ ਤਾਂ ਓ ਬੰਨੀ ਸੀ ਆਈਆਂ ।
ਇੱਕ ਤਾਂ ਆਹਦੀ ਪੱਤਰੀ ਕੱਢਕੇ ਦੇਖੀਂ ਬਾਵਾ ਜੀ,
ਅਸੀਂ ਕਦੋਂ ਕੁ ਸਾਧਾ ਵੇ ਜਾਵਾਂਗੀਆਂ ਵਿਆਹੀਆਂ ।
ਇੱਕ ਤਾਂ ਆਹਦੀ ਪਈ ਇਹ ਸਾਵੀਂ ਝੂਠ ਬੋਲਦੀ,
ਅੱਧੀਆਂ ਮੰਗੀਆਂ ਸਾਧਾ ਵੇ ਅੱਧੀਆਂ ਵਿਆਹੀਆਂ ।
ਇਕ ਤਾਂ ਆਹਦੀ ਵੇ ਮੈਂ ਵਿਆਹ ਤੀ ਰੰਗ ਦੇ ਕਾਲੇ ਨੂੰ,
ਬੱਚੜੇ ਮਰਗੇ ਸਾਧਾ ਵੇ ਡੂਮਾਂ ਤੇ ਨਾਈਆਂ ।
ਇਕ ਤਾਂ ਆਹਦੀ ਵੇ ਮੈਂ ਵਿਆਹ ਤੀ ਬਹੁਤ ਨਿਆਣੇ ਨੂੰ,
ਰਾਤੀਂ ਰੋਵਾਂ ਸਾਧਾ ਫੜਕੇ ਮੰਜੇ ਦੀਆਂ ਬਾਹੀਆਂ ।
ਇੱਕ ਤਾਂ ਆਹਦੀ ਵੇ ਮੈਂ ਵਿਆਹ ਤੀ ਰੋਜ਼ ਸ਼ਰਾਬੀ ਨੂੰ,
ਖੁੱਲੇ ਲੈ ਕੇਸੀਂ ਫਿਰਦਾ ਵਾਂਗ ਵੇ ਸ਼ੁਦਾਈਆਂ ।
ਇੱਕ ਤਾਂ ਆਹਦੀ ਵੇ ਮੈਂ ਵਿਆਹ ਤੀ ਸਿਕਲ ਕੰਗਾਲਾਂ ਦੇ,
ਮੇਰੇ ਦੋ ਦੋ ਸਾਧਾ ਚੂੜੀਆਂ ਨਾ ਪਾਈਆਂ ।
ਇੱਕ ਤਾਂ ਆਹਦੀ ਪਤੀ ਦੀ ਫੀਮ ਛਡਾ ਦੇ ਬਾਵਾ ਜੀ,

ਦੇ ਜਾ ਗੋਲੀਆਂ ਸਾਧਾ ਬਣੀਆਂ ਵੇ ਬਣਾਈਆਂ ।
ਇੱਕ ਤਾਂ ਆਹਦੀ ਮੇਰੀ ਸੱਸ ਵਿਚ ਰਹਿਣ ਚੁੜੇਲਾਂ ਵੇ,
ਉਹਨੂੰ ਛੱਡ ਕੇ ਬਾਵਾ ਉਹ ਮੇਰੀ ਵੱਲ ਆਈਆਂ ।
ਇੱਕ ਤਾਂ ਆਹਦੀ ਸਾਨੂੰ ਨਾਲੇ ਲੈ ਚੱਲ ਬਾਵਾ ਜੀ,
ਸਾਡੀਆਂ ਤਾਂ ਜੋੜੀਆਂ ਫਿਰ ਰਾਮ ਨੇ ਬਣਾਈਆਂ ।

— ਭੂਰਾ ਸਿੰਘ

•

ਭਾਬੋ ਮੇਰੀਏ ਤਾਂ ਨੀ ਜੋਗੀ ਇੱਕ ਆ ਗਿਆ ਨੀ,
ਉਹਨੇ ਵਿਚ ਤਾਂ ਬਾਗਾਂ ਨੀ ਫੇਰਾ ਹੈ ਪਾਇਆ ।
ਸੁੱਕੇ ਬਾਗ ਨੇ ਤਾਂ ਛੱਡੀਆਂ ਭਾਬੋ ਲਾਗਰਾਂ,
ਭੌਰ ਕਲੋਲਾਂ ਕਰਦੇ ਮੋਰਾਂ ਸ਼ੋਰ ਮਚਾਇਆ ।
ਨਵੀਆਂ ਮੁੰਦਰਾਂ ਓ ਨੀ, ਨਵੀਂ ਪਹੌੜੀ ਚਾਕ ਦੀ,
ਲੈ ਕੇ ਜੋਗ ਉਹ ਟਿਲਿਓਂ ਨੀ ਗੋਰਖ ਦਿਓਂ ਆਇਆ ।
ਮਰਗੀ ਮਾਤਾ ਜੀਹਦਾ ਪੁੱਤਰ ਜੋਗੀ ਹੋ ਗਿਆ ਨੀ,
ਪਿਛਲੇ ਜਨਮ ਕੋਈ ਸਾਧ ਨੀ ਦੁਖਾਇਆ ।
ਮਰਗੀ ਨਾਰ ਜੀਹਦਾ ਭਰਥਾ ਜੋਗੀ ਹੋ ਗਿਆ ਨੀ,
ਉਹਨੂੰ ਵਸਦੀ ਨੂੰ ਨਾ, ਫੜਕੇ ਨੀ ਬੁਲਾਇਆ ।
ਮਰਗੀ ਭੈਣ ਉਹ ਜੀਹਦਾ ਵੀਰਨ ਜੋਗੀ ਹੋ ਗਿਆ ਨੀ,
ਉਹਦੀ ਖੂਟ ਤਾਂ ਪਛਾਣ ਕੇ ਨੀ ਆਇਆ।
ਹਾਜੀ ਲੋਕ ਤਾਂ ਹੱਜ ਮੱਕੇ ਵਾਲਾ ਕਰਦੇ ਨੀ,
ਇਹ ਤਾਂ ਹੱਜ ਨੀ ਭਾਬੋ ਮੱਕੇ ਦੀ ਔਰ ਆਇਆ ।
ਜੇ ਕੋਈ ਨਾਵਾਂ ਭਾਬੋ ਤੇਰੇ ਵਾਲਾ ਲੈਂਦਾ ਨੀ,
ਭਰ ਭਰ ਡੇਲੇ ਰੋਂਦਾ ਦੂਣ ਉਹ ਸਵਾਇਆ ।
ਮੇਰਾ ਸਹਿਤੀ ਦਾ ਤਾਂ ਝੂਠ ਰਤਾ ਨਾ ਜਾਣੀ ਨੀ,
ਸਾਵਾਂ ਰਾਂਝਾ ਤੇਰਾ ਵਿਚ ਬਾਗਾਂ ਦੇ ਆਇਆ ।

— ਭੂਰਾ ਸਿੰਘ

•

ਸੁਣਕੇ ਫੂਲਾਂ ਤੋਂ ਸਾਹ ਸੁਕਿਆ ਹੀਰ ਸਿਆਲ ਦਾ,
ਜੇ ਗੱਲ ਸੱਚ ਸਹਿਤੀਏ ਮੈਂ ਡੁੱਬ ਗਈ ਬਿਨ ਪਾਣੀ ।
ਭਰਕੇ ਢਾਬਾਂ ਵਰਗੇ ਨੇਤਰ ਬੈਠੀ ਡੋਹਲਦੀ,
ਸੁਣਕੇ ਕਾਂਬਾ ਚੜ੍ਹ ਗਿਆ ਹਾਲਤ ਰੂਹ ਕੁਮਲਾਣੀ ।
ਬਾਰਾਂ ਵਰ੍ਹੇ ਚਰਾ ਕੇ ਮੇਹੀਂ ਖਾਤਰ ਡੁੱਬੜੀ ਦੀ,
ਹੁਣ ਪੜਵਾ ਲੇ ਕੰਨ ਮੈਂ ਮਰੀ ਨਾ ਖਸਮਾਂ ਖਾਣੀ ।
ਮਾਪਿਆਂ ਦੋਜ਼ਖ ਜਾਣਿਆਂ ਕਿਸ ਬਿਪਤਾ ਵਿਚ ਸਿੱਟਲੀ ਹਾਂ,
ਸੁੱਥਣ ਨਾ ਲਹੇ ਸਹਿਤੀਏ ਛੇਤੀ ਨੀ ਗਲ ਥਾਣੀਂ ।
ਜੇ ਪਰ ਪਰੀਆਂ ਵਰਗੇ ਮਿਲਣ ਮਿਲਾਂ ਉਡ ਮਾਹੀ ਨੂੰ,
ਦੇਖਾਂ ਹਾਲਤ ਕੀ ਕਰ ਬੈਠਾ ਉਮਰ ਨਿਆਣੀ ।
ਜਿੰਦੜੀ ਵਾਰ ਮਜ਼ੂਰੀ ਦੇ ਦਿਆਂ ਬਾਰਾਂ ਸਾਲਾਂ ਦੀ,
ਏਥੇ ਨਾ ਨਿਬੜੇ ਫੇਰ ਅਗੰਤ ਦਿੱਤੀ ਨਾ ਜਾਣੀ ।
ਰਾਂਝੇ ਦੇ ਇਸ਼ਕ ਵੱਲੋਂ ਮੁੱਖ ਉਜਲਾ ਲੈ ਜਾਂ ਜਗਤ 'ਚੋਂ,
ਆਸ਼ਕ ਲੋਕ ਪੜ੍ਹਨਗੇ ਹੀਰ ਚਾਕ ਦੀ ਬਾਣੀ ।
ਮੈਨੂੰ ਮੇਲ ਚਾਕ ਤੂੰ ਮੁਰਾਦ ਪਾਵੇਂ ਸਹਿਤੀਏ,
ਡੋਲੀ ਨਿੱਜ ਖੇੜਿਆਂ ਦੀ ਮੈਂ ਚੜ੍ਹ ਕੇ ਪਛਤਾਣੀ ।

●

ਸਹਿਤੀ ਹੀਰ ਨੇ ਤਿਆਰੀ ਕਰ ਲਈ ਬਾਗ ਦੀ,
ਰੇਸ਼ਮਦਾਰ ਪੁਸ਼ਾਕ ਓਏ ਤਨ ਨੂੰ ਖੂਬ ਸ਼ੰਗਾਰੀ ।
ਮੂਹਰੇ ਧਰਕੇ ਸ਼ੀਸ਼ਾ ਲਾਉਂਦੀ ਟਿੱਕੇ ਬਿੰਦੀਆਂ ਨੂੰ,
ਨੈਣ ਸਾਣ ਚਾੜ੍ਹੇ ਦੇਹ ਕਜਲੇ ਵਾਲੀ ਧਾਰੀ ।
ਜ਼ੁਲਫਾਂ ਕੁੰਡਲਦਾਰ ਬਣਾਈਆਂ, ਲਪਟ ਲਪੇਟੀਆਂ,
ਗਲ ਵਿਚ ਹਾਰ ਓਏ ਕਲੀਆਂ, ਫੁੱਲਾਂ ਦੀ ਛੱਬ ਨਿਆਰੀ ।
ਚੱਲ ਹੁਣ ਰੁਠੜੇ ਯਾਰ ਮਨਾਈਏ ਨੀ ਨਣਦੇ ਮੇਰੀਏ,
ਲੈ ਕੇ ਨਜ਼ਰਾਂ ਮਿਲੀਏ, ਉਤਰੇ ਕਾਨ੍ਹ ਉਤਾਰੀ ।
ਅੱਗੇ ਚਾਕ ਬਣਾ ਲਿਆ, ਖਾਕ ਬਣਾ ਦਿਆਂ ਸਾੜ ਕੇ,
ਬਣਕੇ ਬਿਜਲੀ ਪੈ ਜਾਂ ਜੋਗੀ 'ਤੇ ਇੱਕ ਵਾਰੀ ।

ਹੀਰ ਤੇ ਸਹਿਤੀ ਦੋਨੋਂ ਉਠਕੇ ਤੁਰੀਆਂ ਬਾਗ ਨੂੰ,
ਹੀਰ ਦੀ ਸੱਸ ਨੇ ਮਗਰੋਂ ਧਰਤੀ ਹੈ ਨਿਸ਼ਕਾਰੀ ।
ਸਾਰ ਖਾਨੇ ਸੈਦਾ ਖੇੜਾ ਪੁੱਛਦਾ ਮੁੰਡਿਆਂ ਨੂੰ,
ਕਿੱਧਰੋਂ ਆਉਂਦੀ ਜੋੜੀ ਓ ਕਟਕਾਂ ਦੀ ਮਾਰੀ ।
ਮੁੰਡੇ ਕਹਿੰਦੇ ਹੀਰ ਸਿਆਲ ਸੈਦਿਆ ਕਾਣਿਆਂ,
ਨਾਲ ਭੈਣ ਓਏ ਤੇਰੀ ਸਹਿਤੀ ਕੁੜੀ ਕਮਾਰੀ ।
ਐਨੀ ਸੁਣਕੇ ਪੈਰੀਂ ਪੈਂਦਾ ਵੱਡੇ ਛੋਟਿਆਂ ਦੇ,
ਸ਼ੁਕਰ ਮਨਾਵੋ ਟੁੱਟ ਗਈ ਹੀਰ ਦੀ ਬਿਮਾਰੀ ।
ਵਿਚ ਬਜਾਰ ਦੇ ਰੰਨ ਘੁੰਮਰਾਂ ਪਾ ਪਾ ਤੁਰਦੀ ਐ,
ਚਾਰ ਚੁਫੇਰੇ ਦੁਨੀਆਂ ਦੇਖੇ ਦੇਖਣ ਹਾਰੀ ।
ਚੱਲ ਹੁਣ ਰੁੱਠੜੇ ਯਾਰ ਮਨਾਈਏ ਨਣਦੇ ਮੇਰੀਏ,
ਕਹੇ ਹਜੂਰਾ ਸਿੰਘ ਸਹਿਤੀ ਵਿਚੋਲਣ ਭਾਰੀ ।

— ਨਿਰੰਜਣ ਸਿੰਘ

●

ਸਹਿਤੀ ਹੱਸ ਮੁਸ਼ਕੜੀਏਂ, ਮੂਹਰੇ ਬਹਿ ਗਈ ਜੋਗੀ ਦੇ,
ਸਾਰ ਪੁੱਛਿਆ ਦੀ ਓਏ ਜਾਨਣ ਕੀ ਅਣਜਾਣਾ ।
ਮੈਨੂੰ ਲਿਖੀ ਪੜ੍ਹੀ ਨੂੰ ਲਾ ਵੇ ਪਤੇ ਸੱਚ ਦੇਖਕੇ,
ਜੇ ਪੰਡਤ ਕਾਗਦ ਲਿਖਿਆ ਪੜ੍ਹਿਆ ਵੇ ਸਿਆਣਾ ।
ਛੋਟੀ ਉਮਰੇ ਕਿਥੋਂ ਵੜ ਗਿਆ ਭ੍ਰਿਗੂ ਸੰਤਾਂ ਦੇ,
ਐਡਾ ਇਲਮਦਾਰ ਕਿਉਂ ਛੱਡੀਂ ਓਏ ਫਿਰੇਂ ਘਰਾਣਾ ।
ਇਲਮਾਂ ਵਾਲਿਆਂ ਪਿੱਛੇ ਲਈਂ ਫਿਰੇ ਜੱਗ ਦੌਲਤਾਂ,
ਤੂੰ ਕਿਉਂ ਮੰਗਦਾ ਫਿਰਦਾ ਵੇ ਟੁਕੜਾ ਤੇ ਦਾਣਾ ।
ਲੈ ਵੇ ਮੇਰੀ ਮੁੱਠੀ ਵਿਚ ਕੀ ਐ ਦਸਦੇ ਜੋਗੀਆ,
ਕੀ ਮੈਂ ਖਾ ਕੇ ਆ ਗਈ ਕੀ ਜਾਕੇ ਘਰ ਖਾਣਾ ।
ਕਿੰਨੇ ਭਾਈ ਮੇਰੇ ਨਾਂ ਵੇ ਦਸਦੇ ਜੋਗੀਆ,
ਮੰਗੇ, ਵਿਆਹੇ, ਕੁਆਰੇ ਕਰਦੇ ਸਹੀ ਪਛਾਣਾ ।
ਜੇ ਤੂੰ ਦੱਸ ਗਿਆ ਗੁੱਤ ਮੁੰਨਦੀਂ ਮੇਰੀ ਸਹਿਤੀ ਦੀ,

ਨਹੀਂ ਤਾਂ ਮੁੰਦਰਾਂ ਲਾਹ ਲੂੰ ਪਹਿਨ ਜੱਟਾਂ ਦਾ ਬਾਣਾ ।
ਤੈਂ ਜਹੇ ਮਨੂਏਂ ਵੇ ਲੱਖ ਠੱਗਦੇ ਫਿਰਨ ਜਹਾਨ ਨੂੰ,
ਠੱਗੀ ਠੋਰੀ ਦੇ ਨਾਲ ਚਾਹੁੰਦੇ ਡੰਗ ਟਪਾਣਾ ।
ਸੱਭੇ ਮਾਈਆਂ ਮਿਲੀਆਂ ਬਾਬੂ ਕੋਈ ਨਾ ਟੱਕਰਿਆ,
ਅੱਜ ਤੂੰ ਰੰਗਪੁਰ ਵਿਚੋਂ ਜਰੂਰ ਸੁੱਕਾ ਨੀ ਜਾਣਾ ।

---- ਨਿਰੰਜਣ ਸਿੰਘ

●

ਬਹਿਜਾ ਨਾਲ ਸ਼ਾਂਤੀ ਪੁੱਛਿਆ ਲੈ ਮਨ ਭਾਉਂਦੀ ਨੀ,
ਬੋਲੀਏ ਸੰਤਾਂ ਨਾਲ ਨਾ ਸਹਿਤੀਏ ਘਬਰਾਕੇ ।
ਜੋਗੀ ਪੁਸਤਕ ਖੋਲ੍ਹ ਹੱਥ ਓਏ ਧਰਾ ਲਿਆ ਸਹਿਤੀ ਦਾ,
ਪੰਜੇ ਪੀਰ ਓਏ ਗੁਰੂ ਗੋਰਖ ਨਾਥ ਧਿਆਕੇ ।
ਔਖੇ ਵੇਲੇ ਬਹੁੜੋ ਲਜਿਆ ਰੱਖ ਲੋ ਭੇਖ ਦੀ,
ਦੇਰ ਓਏ ਯਾਦ ਕਰਨ ਦੀ, ਪਾਸ ਖੜੋਤੇ ਆ ਕੇ ।
ਨਾਲ ਦਹੀਂ ਦੇ ਤੂੰ ਖਾ ਕੇ ਆ ਗਈ ਕੁਨਕ ਤਾਂ,
ਫੁਲਕੇ ਗੋਸ਼ਤ ਦੇ ਨਾਲ ਖਾਵੇਂਗੀ ਘਰ ਜਾਕੇ ।
ਸੈਦਾ, ਸਹਿਤੀ ਤੁਸੀਂ ਪੁੱਤ ਧੀ ਦੋਵੇਂ ਅੱਜੂ ਦੇ,
ਮਾਈ ਸਰਫਾਂ ਦੇ ਪੇਟੋਂ ਜਨਮੇਂ ਹੁਕਮ ਖੁਦਾ ਕੇ ।
ਤੂੰ ਕੁਮਾਰੀ ਕਾਰੇ ਹੱਥੀਏ ਮਸ਼ੂਕ ਮੁਰਾਦ ਦਾ,
ਸੈਦਾ ਹੀਰ ਲਿਆਇਆ ਸਿਆਲਾਂ ਤੋਂ ਨਿਕਾਹ ਕੇ ।
ਛੱਲਾ ਚਾਂਦੀ ਦਾ ਲਾਹ ਚੀਚੀਓਂ ਮੁੱਠੀ 'ਚ ਲੈ ਲਿਆ ਨੀ,
ਝੂਠਾ ਕਰ ਲੈ ਮੈਨੂੰ ਕੁੜੀਆਂ ਕੋਲ ਬਹਾ ਕੇ ।
ਜੋਗੀ ਸੱਚ ਆਖਦਾ ਦੰਦ ਓਏ ਜੁੜੇ ਸੁਣ ਸਹਿਤੀ ਦੇ,
ਖਿੜ ਖਿੜ ਹੱਸੀਆਂ ਕੁੜੀਆਂ ਤਾੜੀਆਂ ਵਜਾ ਕੇ ।
ਕਰ ਸਿਰ ਨੀਵਾਂ ਮੈਂ ਗੁਤਨੀ ਮੁੰਨਲਾਂ ਮੁੰਦਰਾਂ ਲਾਹੁੰਦੀ ਦੀ,
ਕਮਲੀ ਕਰਦਿਆਂ ਜਾਦੂ ਪੜ੍ਹ ਮੰਤਰ ਸਿਰ ਪਾਕੇ ।

---- ਨਿਰੰਜਣ ਸਿੰਘ

●

ਸੰਝ ਸਵੇਰੇ ਕਾਜ਼ੀ ਜ਼ਹਿਰ ਘੋਲਿਆ ਠੂਠੇ 'ਚ,
ਪੱਜ ਕਰ ਦੁੱਧ ਦਾ ਤੁਲੀ ਨੇ ਹੀਰ ਨੂੰ ਪਿਲਾਈ।
ਮਾਂ ਹਿੱਤਕਾਰ ਜਾਣ ਕੇ ਪੀ ਲਿਆ ਸੀ ਦੁੱਧ ਹੀਰ ਨੇ,
ਕਿਹੜਾ ਪਤਾ ਹੀਰ ਨੂੰ ਦੁੱਧ ਵਿਚ ਜਹਿਰ ਮਿਲਾਈ।
ਸੋਹਲ ਸਰੀਰ ਓਏ ਹੀਰ ਫੁਲਾਂ ਬਰਾਬਰ ਤੁਲਦੀ ਸੀ,
ਅੰਦਰ ਜਾਣ ਸਾਰ ਬਈ ਜਹਿਰ ਨੇ ਤੜਫਾਈ।
ਧਰਤੀ ਸਵਾ ਸਵਾ ਗਜ ਕੰਬੇ ਚਾਰ ਚੁਫੇਰੇ ਬਈ,
ਖਰੀ ਪਿਆਰੀ ਮਾਂ ਨੇ ਹੱਥੀਂ ਓਏ ਜ਼ਹਿਰ ਪਿਲਾਈ।
ਪਿਆ ਥਰਥੋਲਾ ਓਏ ਸੱਥ ਮੇਂ ਹਾਹਾਕਾਰੀ ਮੱਚਗੀ ਐ,
ਤਾਪ ਝੱਲਿਆ ਨਾ ਜਾਵੇ ਬਿੰਦ ਝੱਟ ਨੂੰ ਓਏ ਗਰਕਾਈ।
ਮਰਨੇ ਵੇਲੇ ਯਾਦ ਓਏ ਕੀਤਾ ਮੀਆਂ ਰਾਂਝਣਾਂ,
ਜਾਂਦੀ ਵਾਰੀ ਦਰਸ਼ਨ ਦੇ ਜਾ ਓਏ ਰੂਹ ਅਟਕਾਈ।
ਰਾਂਝਾ ਰਾਂਝਾ ਕਰਦੀ ਮਰਗੀ ਅਖੀਆਂ ਮੀਚ ਗਈ,
ਕਬਰ ਜਨਾਜਾ ਪੜ੍ਹਕੇ ਰਾਤ ਨੂੰ ਦਫਨਾਈ।
ਖੇੜੇ ਮੱਚਣ ਚਰਾਗ ਕੈਦੋਂ ਵਰਗੇ ਦੂਤੀਆਂ ਦੇ,
ਬੁੱਝ ਗਏ ਦੀਵੇ ਜਿਨ੍ਹਾਂ ਨੂੰ ਮਰੀ ਦੀ ਖਬਰ ਪੁਚਾਈ।
ਹੀਰ ਓਏ ਮਰ ਗਈ ਖੇੜਾ ਰੁੜ੍ਹ ਗਿਆ ਰਾਂਝੇ ਮਾਹੀ ਦਾ,
ਲਿਖ ਓਏ ਚਿੱਠੀ ਸਿਆਲਾਂ ਕਾਸਦ ਹੱਥ ਫੜਾਈ।

— ਨਾਜ਼ਰ ਸਿੰਘ

●

ਲਿਆ ਹਿਸਾਬ ਹੀਰ ਦਾ ਵਿਚ ਬਿਠਾ ਕੇ ਕਬਰ ਦੇ,
ਅਜਰਾਈਲ ਬਹੀ ਤੇ ਪਲ ਪਲ ਦਾ ਓਏ ਲੇਖਾ ਕਰਕੇ।
ਲੈਣ ਨਿਕਲਿਆ, ਨਾ ਦੇਣੇ ਦੀ ਕੌਡੀ ਨਿਕਲੀ ਐ,
ਹੀਰ ਓਏ ਬੋਲੀ ਜਦੋਂ ਲਿਆਉਂਦੇ ਕੰਧੇ ਬਈ ਧਰਕੇ।
ਸਾਰਾ ਦਫ਼ਤਰ ਫੋਲਿਆ ਚਿਤ ਓਏ ਗੁਪਤ ਲਿਖਾਰੀ ਦਾ,
ਕਲਮ ਨਾ ਲੱਗੀ ਓਏ ਦੇਖੀ ਕਿਸੇ ਗੁਨਾਹ ਤੇ ਭਰਕੇ।
ਸੁਚਿਆਂ ਮੋਤੀਆਂ ਵਰਗੀ ਹੀਰ ਸੁੱਚੀ ਸੱਤ ਜਨਮਾਂ ਦੀ,

ਫੇਰ ਨਾ ਜੰਮਣਾ ਪੈਣਾ ਏਸ ਜਨਮ ਤੋਂ ਮਰਕੇ ।
ਜੋ ਕੁਛ ਮੰਗਣੈ ਮੰਗਲੈ ਹੀਰੇ ਅੱਲਾ ਬਈ ਪਾਕ ਕਹੇ,
ਹੀਰ ਨੇ ਦੀਦਾਰ ਰਾਂਝੇ ਦਾ ਹੈ ਮੰਗਣਾ ਡਰ ਡਰ ਕੇ ।
ਰੱਬ, ਰਹੀਮ, ਦੀਨ ਇਮਾਨ ਮੇਰਾ ਬਈ ਰਾਂਝਾ ਹੈ,
ਰਾਂਝਾ ਰਾਂਝਾ ਕਹਿਕੇ ਕਈ ਓਏ ਭਰਾ ਲੇ ਵਰਕੇ ।
ਇਕੋ ਕਬਰ ਜਨਾਜਾ ਹੋਵੇ ਰਾਂਝੇ ਹੀਰ ਦਾ,
ਲਿਖਿਆ ਧੁਰ ਦਰਗਾਹ ਦਾ ਕਿਹੜਾ ਮੇਟੇ ਵਰਕੇ ।
ਹੋਇਆ ਹੁਕਮ ਜਨਾਬੋਂ ਕਬਰ 'ਚ ਗੱਲਾਂ ਹੋਣ ਦਾ,
ਸੁਰਗ 'ਚ ਆਸ ਸਾਨੂੰ ਹੈ ਮਨਜੂਰੀ ਨਰਕੇ ।

— ਨਾਜ਼ਰ ਸਿੰਘ

## ਪੂਰਨ

ਤੇਰੀ ਵੇਖਕੇ ਸ਼ਕਲ ਨੂੰ ਭੁੱਲਗੀ,
ਮੇਰਾ ਮਨ ਨੀ ਬੰਨ੍ਹਦਾ ਧਾਹ।
ਜੈਸੀ ਲਾਟ ਤੰਦੂਰ ਦੀ,
ਮੇਰੇ ਗਈ ਹੱਡਾਂ ਨੂੰ ਖਾ।
ਘਿਓ ਦੇ ਦੀਵੇ ਮੱਚ ਗਏ,
ਜਦੋਂ ਲੈ ਅੱਖੀਂ ਵੇਖਿਓਂ ਆ।
ਤੇਰੀਆਂ ਅੱਖੀਂ ਅੰਬਾਂ ਦੀਆਂ ਫਾੜੀਆਂ,
ਆਹ ਲੈ ਮੈਥੋਂ ਖਾਹ।
ਮੇਰੀ ਔਗਣਹਾਰੀ ਦੇਹ ਦੀ,
ਸੁਣ ਲੈ ਮੰਝ ਸਲਾਹ।
ਵੇ ਮੈਂ ਸ਼ੀਸ਼ੀ ਭਰੀ ਗੁਲਾਬ ਦੀ,
ਤੂੰ ਤਾਂ ਪੀ ਕੇ ਹੋ ਜਾ ਮਸਤਾ।
ਝੋਲੀ ਅੱਡੀ ਮੈਂ ਕਿਹੜੇ ਵੇਲੇ ਦੀ,
ਤੂੰ ਖੈਰ ਪਿਆਰ ਦਾ ਪਾ।
ਏਸ ਜਵਾਨੀ ਨੂੰ ਮੇਹਣਾ ਕੋਈ ਨਾ,
ਭਾਵੇਂ ਕਿਧਰੋਂ ਲੁੱਟਕੇ ਖਾਹ।
ਤੈਨੂੰ ਜਿਉਂ ਜਿਉਂ ਪੈਣਗੇ ਮਾਮਲੇ,
ਪੂਰਨਾ ਰੋਵੇਂਗਾ ਵਕਤ ਵਿਹਾ।
ਤੂੰ ਤਾਂ ਆ ਚੜ੍ਹ ਮੇਰੀ ਸੇਜ ਤੇ,
ਮੈਥੋਂ ਨਾ ਸ਼ਰਮਾ।

—ਗੰਗਾ ਸਿੰਘ

●

ਮਾਤਾ ਹੱਥ ਬੰਨ੍ਹ ਕਰਦਾ ਬੇਨਤੀ,
ਤੈਨੂੰ ਦਿਆਂ ਸੁਣਾ।
ਤੂੰ ਤਾਂ ਮਾਤਾ ਮੇਰੀ ਧਰਮ ਦੀ,
ਮੈਨੂੰ ਪੁੱਤਰ ਲੈ ਬਣਾ।

ਮਾਤਾ ਪਾਪ ਦਾ ਗੜਬਾ ਡੋਲ੍ਹਕੇ,
ਧਰਮ ਦੇ ਗੜਬੇ ਨ੍ਹਾਹ।
ਮਾਤਾ ਪਾਪ ਦੇ ਬੇੜੇ ਡੁਬਣਗੇ,
ਬੰਨੇ ਨੀ ਲਗਦੇ ਜਾ।
ਤੈਨੂੰ ਬਾਬਲ ਲਿਆਂਦਾ ਵਿਆਹ ਕੇ,
ਵਿਚ ਰੱਤੇ ਡੋਲੇ ਦੇ ਪਾ।
ਨੀ ਮੈਂ ਪੁੱਤ ਰਾਜੇ ਸਲਵਾਨ ਦਾ,
ਮੇਰੀ ਜਤ ਨੂੰ ਦਾਗ ਨਾ ਲਾ।
ਤੇਰੀ ਨਹੀਓਂ ਮੈਂ ਸੇਜ ਕਬੂਲਣੀ,
ਕਿਉਂ ਤੂੰ ਰਹੀ ਨੀ ਚਿੱਤ ਡੁਲਾ।
ਮਾਵਾਂ ਸਤੀ ਨਾ ਹੋ ਗੀਆਂ,
ਜਿਹੜੀਆਂ ਪੁੱਤਰਾਂ ਨੂੰ ਲੈਂਦੀਆਂ ਖਾ।
ਕਿਉਂ ਜੜ ਪੁੱਟਦੀ ਧਰਮ ਦੀ,
ਸੁਰਗੋਂ ਕੱਢਕੇ ਨਰਕ ਨਾ ਪਾ।
ਵੀਣੀ ਛੱਡਦੇ ਪੂਰਨ ਜਤੀ ਦੀ,
ਕਾਹਨੂੰ ਰਹੀ ਕਲੰਕ ਲਗਾ।

--- ਗੰਗਾ ਸਿੰਘ

●

ਨਾ ਮਾਰ ਤੂੰ ਗਰੀਬਾਂ ਵਾਲੇ ਕੋਰੜੇ,
ਤੱਤੇ ਬਾਪੂ ਜੀ ਤਾਅ ਨਾ ਲਾ।
ਮੇਰਾ ਪਤੀ ਅਤੀ ਸਿਰ ਵੱਢਦੇ,
ਮੈਨੂੰ ਚੂੜ੍ਹਿਆਂ ਤੋਂ ਨਾ ਮਰਵਾ।
ਹਾੜ੍ਹਾ ਬੀੜ ਦੇ ਕੜ੍ਹਾਹਾ ਤੇਲ ਦਾ,
ਦੇਵੀਂ ਖੁੰਢਾਂ ਵਾਲੀ ਅੱਗ ਓਏ ਮਚਾ।
ਜਦੋਂ ਤੇਲ ਨੇ ਲਾਟਾਂ ਛੱਡੀਆਂ,
ਕੋਲੇ ਲੈਣਾ ਹੋ ਮੈਨੂੰ ਬੁਲਾ।
ਵਿਚ ਮੈਂ ਕੜਾਹੇ ਦੇ ਬੈਠ ਕੇ,
ਉਦੋਂ ਸਿਰਵਰ ਲਊਂਗਾ ਨਹਾ।
ਮੇਰੀ ਉਂਗਲੀ ਦਾਗ ਜੇ ਲੱਗ ਜੇ,

ਦੇਈਂ ਪੁੱਠੀ ਮੇਰੀ ਖੱਲ ਲੁਹਾ।
ਖੱਲ ਲਾਹ ਕੇ ਤੂੰ ਕੁੰਡਾਂ ਵਿਚ ਸੁਟਦੀਂ,
ਉਹਦਾ ਕੁੰਨਾ ਬਾਪੂ ਲਈਂ ਓਏ ਸਵਾ।
ਉਹਨੂੰ ਠੰਡੇ ਜੇ ਜਲ ਦਾ ਭਰਕੇ,
ਪੈਜੀਂ ਰੋਹੀ ਵਾਲੇ ਤੂੰ ਰਾਹ।
ਪਾਣੀ ਪੀ ਲੂ ਜੋ ਭਗਤ ਵਾਲੀ ਖੱਲ ਦਾ,
ਉਹ ਤਾਂ ਪਾਪੀ ਓਏ ਸੁਰਗ ਨੂੰ ਜਾਹ।

--- ਦੀਦਾਰ ਸਿੰਘ ਰਟੈਂਡਾ

●

ਮੈਨੂੰ ਤੇਰੇ ਨਾਮ ਦਾ ਆਸਰਾ,
ਤੇਰਾ ਨਾਮ ਹੈ ਭਲਾ ਭਲੇਰ
ਭਰਿਆਂ ਥਲਾਂ ਨੂੰ ਸੋਕਦਾ,
ਪਾਣੀ ਟਿੱਬੇ ਤੇ ਚੜ੍ਹਾਉਨੈ ਘੇਰ।
ਜਦੋਂ ਗਜ ਤੇ ਭੀੜਾਂ ਪੈ ਗੀਆਂ,
ਲਿਆ ਤੰਦੂਏ ਨੇ ਘੇਰ,
ਤੈਂ ਤੰਦ ਤੰਦੂਏ ਦੇ ਕੱਟ ਲਏ,
ਚੱਕਰ ਫੇਰਿਆ ਚਾਰ ਚੁਫੇਰ।
ਗਣਕਾ ਤੈਂ ਕੰਜਰੀ ਤਾਰ ਲਈ,
ਪਾਪਾਂ ਨਾਲ ਭਰੀ ਚੰਗੇਰ।
ਤੈਂ ਲੱਜ ਦਰੋਪਤਾਂ ਦੀ ਰੱਖ ਲਈ,
ਚੀਰਾਂ ਦੇ ਲਾਤੇ ਢੇਰ।
ਧੰਨੇ ਤੈਂ ਜੱਟ ਨੂੰ ਤਾਰਿਆ,
ਕਿਆਰੇ ਭਰਤੇ ਹਲਟ ਨੂੰ ਗੇੜ।
ਅੱਜ ਭਗਤ ਤੇ ਭੀੜਾਂ ਪੈ ਗੀਆਂ,
ਮੇਰੀ ਵਾਰ ਨੂੰ ਕਿਉਂ ਲਾਉਨੈ ਦੇਰ।

--- ਦੀਦਾਰ ਸਿੰਘ ਰਟੈਂਡਾ

●

ਬਾਂਦੀ ਨੇ ਧਾਹਾਂ ਮਾਰੀਆਂ,
ਰੋਂਦੀ ਜ਼ਾਰੋ ਜ਼ਾਰ।

ਪੱਟ ਪੱਟ ਸਿੱਟਦੀ ਮੀਢੀਆਂ,
ਖੋਹ ਖੋਹ ਸਿੱਟਦੀ ਵਾਲ।

ਤੇਰਾ ਪਾਸਾ ਉਲਟ ਗਿਆ ਰਾਣੀਏਂ,
ਦੇ ਲੀ ਨਸੀਬ ਨੇ ਹਾਰ।

ਪੂਰਨ ਸੱਚਾ ਹੋ ਗਿਆ ਵਿਚ ਕੋਟ ਦੇ,
ਤੇਲ ਹੋ ਗਿਆ ਠੰਡਾ ਠਾਰ।

ਉਹਦੀ ਵੱਜਗੀ ਵਧਾਈ ਵਿਚ ਸ਼ਹਿਰ ਦੇ,
ਦੇਖੇ ਕੁੱਲ ਬਜ਼ਾਰ।

ਬਾਪ ਬੇਟਾ ਰਲ ਕੇ ਬੈਠ ਗੇ,
ਹੋਈ ਤੈਨੂੰ ਫਾਂਸੀ ਤਿਆਰ।

ਤੈਨੂੰ, ਮੈਨੂੰ, ਗੰਜੇ ਖਦੇੜ ਨੂੰ,
ਦੇਣਗੇ ਸਵੇਰੇ ਮਾਰ।

ਚੱਲ ਪਿੱਟ ਲੈ ਕਚਹਿਰੀ ਚੱਲ ਕੇ,
ਮੂਹਰੇ ਰਾਜੇ ਦੇ ਵਾਰਮ-ਵਾਰ।

ਕੋਈ ਢੰਗ ਬਣਾ ਲੈ ਰਾਣੀਏਂ,
ਜੇ ਪਤ ਰੱਖ ਜੇ ਕਰਤਾਰ।

— ਮੋਹਣ ਸਿੰਘ

●

ਮਣਸਾ ਰਾਮ ਵਜੀਰ ਨੇ,
ਹੱਥ ਬੰਨ੍ਹ ਕਰੀ ਪੁਕਾਰ।

ਨੇਤਰ ਪਾਣੀ ਨਾ ਝੱਲਦੇ,
ਰੋਂਦਾ ਓਏ ਜ਼ਾਰੋ ਜ਼ਾਰ।

ਆਖੇ ਰੰਨ ਦੇ ਬੱਚੇ ਨੂੰ ਮਾਰਦੈਂ,
ਵੱਜਗੀ ਗੁਰਾਂ ਦੀ ਮਾਰ।

ਭਾਲਣ ਗਿਆਂ ਪੁੱਤ ਨਾ ਥਿਆਉਂਦੇ,
ਵਿਕਦੇ ਨਾ ਵਿਚ ਬਜ਼ਾਰ।

ਹੋਸ਼ ਕਰ ਓਏ ਅੰਨ੍ਹਿਆਂ ਰਾਜਿਆ,
ਤੂੰ ਅੱਜ ਹਰਖ ਨੂੰ ਮਾਰ।
ਤੇਰੀ ਬੇੜੀ ਓ ਵਿਚ ਧਾਰ ਦੇ,
ਡੁੱਬ ਚੱਲੀਐ ਅੱਧ ਵਿਚਕਾਰ।

— ਭੂਰਾ ਸਿੰਘ

●

ਸੁਣ ਲੈ ਖਿਦੂ ਚੂੜਿਆ,
ਮੇਰਾ ਇੱਕ ਸਵਾਲ।
ਮੇਰੀ ਸੱਦ ਦੇ ਓਏ ਅੱਛਰਾਂ ਮਾਂ ਨੂੰ,
ਅੱਜ ਦੇਖਲੇ ਬੱਚੇ ਦਾ ਹਾਲ।
ਡਾਢੇ ਨੇ ਅੱਖਾਂ ਫੇਰੀਆਂ,
ਪੈ ਗੇ ਓਏ ਬੁਰੇ ਮਮਾਲ।
ਗੁਜ਼ਰੀ ਓਏ ਧਾਹਾਂ ਮਾਰੀਆਂ,
ਮਾਤਾ ਬੈਠੀ ਆਪਦੇ ਖਿਆਲ।
ਰੱਤੜੇ ਪੀੜ੍ਹੇ ਬੈਠੀਏ,
ਚਰਖਾ ਭੰਨ ਦੇ ਮਹਿਲ ਦੇ ਨਾਲ।
ਤੇਰਾ ਪੂਰਨ ਨੀ ਰਾਜੇ ਨੇ ਬੰਨ੍ਹ ਲਿਆ,
ਪਿਛੇ ਛੱਡ ਤੇ ਚਾਰ ਚੰਡਾਲ।
ਕੋਈ ਕਰ ਲੈ ਚਾਰਾ ਪੁੱਤ ਦਾ,
ਹੱਥੋਂ ਜਾਂਦਾ ਦੀਂਹਦਾ ਲਾਲ।

— ਭੂਰਾ ਸਿੰਘ

●

ਲੈ ਕੇ ਕਟੋਰਾ ਰੱਤ ਦਾ,
ਕਚਹਿਰੀ ਆਣ ਹਲਾਲ ਵੜੇ।
ਆਹ ਲੈ ਕਟੋਰਾ ਰੱਤ ਦਾ,
ਹੱਥ ਬੰਨ੍ਹਕੇ ਹਲਾਲ ਖੜੇ।
ਦੋਵੇਂ ਨੇਤਰ ਕਟੋਰਾ ਰੱਤ ਦਾ,
ਹੱਥੀਂ ਬਈ ਆਪ ਫੜੇ।

ਕੋਈ ਨਾ ਮੂਹਰੇ ਦਿਸਦਾ,
ਸਭ ਬੈਠੇ ਲੋਕ ਖੜ੍ਹੇ।
ਜਦ ਦੇਖਿਆ ਕਟੋਰਾ ਰੱਤ ਦਾ,
ਸੀਨਾ ਫਟ ਗਿਆ ਵਾਂਗ ਨੜੇ।
ਪੱਕੀ ਓਏ ਖੇਤੀ ਮਰਲੀ,
ਉਪਰੋਂ ਪਏ ਗੜੇ।
ਦੇਖਕੇ ਬਈ ਤਾਂ ਰੱਤ ਪੁੱਤ ਦੀ,
ਨੇਤਰਾਂ 'ਚੋਂ ਨੀਰ ਝੜੇ।

----- ਭੂਰਾ ਸਿੰਘ

●

ਦੇਖ ਕੇ ਰਾਜਾ ਰੱਤ ਨੂੰ,
ਬਹੁਤ ਹੋ ਗਿਆ ਦਿਲਗੀਰ।
ਯਾਦ ਆਉਨੈ ਬੱਚਾ ਪੂਰਨਾ,
ਜਾਣੀ ਸਾਹਮਣੇ ਖੜ੍ਹੀ ਤਸਵੀਰ।
ਉੱਚੀ ਰੋਂਦਾ ਨੀ ਡਰਦਾ ਡੈਣ ਤੋਂ,
ਅੱਖੀਓਂ ਨੀ ਸਿੱਟਦਾ ਨੀਰ।
ਨੇਤਰ ਪੂੰਝਦਾ ਨਾਲ ਰੁਮਾਲ ਦੇ,
ਵਰਤ ਗਈ ਤਕਦੀਰ।
ਆਣ ਦੁੱਖਾਂ ਨੇ ਘੇਰੇ ਘੱਤ ਲਏ,
ਸੁਖ ਉਠ ਗਏ ਘੱਤ ਵਹੀਰ।
ਮੇਰਾ ਬੋਹਲ ਸਿਉਨੇ ਦਾ ਲੁੱਟਿਆ,
ਮੁੱਕਿਆ ਜੱਗ 'ਚੋਂ ਸੀਰ।
ਤੂੰ ਮਰਜੇਂ ਲੂਣਾ ਰਾਣੀਏਂ,
ਪੁੱਤ ਮਾਰਿਆ ਅਹਿਲ ਅਮੀਰ।
ਨੀ ਮੈਂ ਤੇਰੀ ਖਾਤਰ ਮਾਰਿਆ,
ਮੇਰਾ ਚੱਕਿਆ ਗਿਆ ਅੱਜ ਸੀਰ।

●

ਰਾਜਾ ਮਹਿਲੋਂ ਤੁਰ ਪਿਆ,
ਗਿਆ ਭੱਠੀ ਦੇ ਦਾਅ ।
ਮੂਹਰੇ ਅੱਛਰਾਂ ਸੁੱਤੀ ਪਈ ਐ,
ਲਿਟਦੀ ਵਿਚ ਸਵਾਹ ।
ਅੱਛਰਾਂ ਦੇ ਕੰਨੀਂ ਦੇਖਕੇ,
ਰਾਜੇ ਦੀ ਨਿਕਲਗੀ ਧਾਹ ।
ਬੇਪਰਵਾਹੀਆਂ ਤੇਰੀਆਂ,
ਡਾਢਾ ਓਏ ਬੇਪਰਵਾਹ ।
ਵਗਦੀਆਂ ਨਦੀਆਂ ਥਲ ਕਰੇਂ,
ਥਲੋਂ ਕਰੇਂ ਦਰਿਆ ।
ਤੂੰ ਘਾਹੀਆਂ ਨੂੰ ਤਖਤ ਬਹਾਂਵਦਾ,
ਰਾਜਿਆਂ ਨੂੰ ਦੇਵੇਂ ਲਾਹ ।
ਕੋਲ ਰਾਣੀ ਦੇ ਬੈਠਕੇ,
ਸੁੱਤੀ ਓਏ ਲਈ ਜਗਾ ।
ਨੀ ਸਾਧੂ ਬਾਗ ਵਿਚ ਉਤਰੇ,
ਅੱਖਾਂ ਦੀ ਦੇਣ ਦਵਾ ।
ਉਹਨੇ ਅੰਨ੍ਹੇ ਤਾਂ ਰਾਜੀ ਕਰ ਲਏ,
ਦਿੱਤਾ ਨੀ ਜੱਗ ਵਖਾ ।
ਆਪਾਂ ਵੀ ਚੱਲੀਏ ਬਾਗ ਨੂੰ,
ਤੇਰੇ ਨੇਤਰ ਦੇਵਾਂ ਬਣਵਾ ।
ਮੇਰੀ ਹੋ ਜਾ ਨੀ ਗੁੱਲੀ ਜੋਕਰੀ,
ਟਿੱਕੀ ਦੇਈਂ ਨੀ ਪਕਾ ।
ਸਿਮਰਨ ਕਰਕੇ ਰਾਮ ਦਾ,
ਲਵਾਂਗੇ ਜੂਨ ਭਮਾ ।

— ਨਿਰੰਜਣ ਸਿੰਘ

●

ਸੰਤਾਂ ਨੂੰ ਮੱਥਾ ਟੇਕ ਕੇ,
ਅੱਛਰਾਂ ਦਿੰਦੀ ਅਰਜ ਗੁਜ਼ਾਰ ।
ਭਲੀ ਹੋਈ ਸਿੱਧ ਉਤਰੇ,

ਬਾਗਾਂ ਦੇ ਵਿਚਕਾਰ।
ਇਹ ਬਾਗ ਸੀ ਮੇਰੇ ਪੁੱਤਰ ਦਾ,
ਜਿਥੇ ਸਬਜ਼ ਦੀ ਸੀ ਬਹਾਰ।
ਵਿਚ ਬੂਟੇ ਸੀ ਰੰਗ ਰੰਗ ਦੇ,
ਮਾਲੀ ਬੈਠੇ ਖਿਦਮਤਗਾਰ।
ਉਹਨੂੰ ਹੋਣੀ ਨੇ ਚੜ੍ਹਕੇ ਮਾਰਿਆ,
ਲੈ ਗਿਆ ਓਏ ਪਰਵਰਦਗਾਰ।
ਪਿਛੋਂ ਪੱਤਕ ਬਣਾ ਤੇ ਬਾਗ ਦੇ,
ਬੂਟੇ ਸੁੱਕ ਕੇ ਹੋ ਗਏ ਚਾਰ।
ਜਿਧਰੇ ਉਠ ਗਏ ਬਾਣੀਏਂ,
ਓਧਰੇ ਗਏ ਬਜਾਰ।
ਮੈਂ ਉਦੋਂ ਦੀ ਅੰਨ੍ਹੀ ਹੋ ਗਈ,
ਹੋਇਆ ਅੱਖੀਆਂ ਮੇਂ ਨੇਰ੍ਹ ਗਵਾਰ।
ਨੇਤਰ ਹੋਣ ਸਿਆਣ ਲਾਂ,
ਤੇਰੀ ਵੇਖਾਂ ਵੇ ਸ਼ਕਲ ਨਿਹਾਰ।
ਰੂਹ ਮੇਰੀ ਫਿਰਦੀ ਭਟਕਦੀ,
ਮੂੰਹੋਂ ਬੋਲ ਇੱਕ ਵਾਰ।

— ਨਿਰੰਜਣ ਸਿੰਘ

# ਮਿਰਜ਼ਾ

ਦੋ ਆਸ਼ਕ ਦੇਸ਼ ਪੰਜਾਬ ਦੇ,
ਇਕ ਗੱਭਰੂ ਤੇ ਮੁਟਿਆਰ।
ਇਕ ਸਾਹਿਬਾਂ ਝੰਗ ਸਿਆਲ ਦੀ,
ਜੋ ਪਰੀਆਂ ਦੀ ਸਰਦਾਰ।
ਜੱਟ ਮਿਰਜਾ ਦਾਨਾਬਾਦ ਦਾ,
ਜੋ ਬੱਕੀ ਦਾ ਅਸਵਾਰ।
ਦੋਵੇਂ ਬੀਬੋ ਦੇ ਘਰ ਬੈਠਕੇ,
ਲੱਗੇ ਕਰਨ ਵਿਚਾਰ।
ਸਾਹਿਬਾਂ ਆਖੇ ਮਿਰਜਿਆ,
ਵੇ ਸੁਣ ਲੈ ਮੇਰੀ ਗੱਲ।
ਹੁਣ ਕੀ ਸੋਚ ਵਿਚਾਰਦਾ,
ਵੇ ਤੁਰ ਛੇਤੀ ਉਠ ਚੱਲ।
ਛੱਡ ਦੇਈਏ ਝੰਗ ਸਿਆਲ ਵੇ,
ਘੜੀ ਨਾ ਲਾਈਏ ਪਲ।
ਉਸ ਸੋਹਣੇ ਦਾਨਾਬਾਦ ਦਾ,
ਵੇ ਰਸਤਾ ਲਈਏ ਮੱਲ।
ਮਿਰਜਾ ਆਖੇ ਸਾਹਿਬਾਂ,
ਕੁਛ ਕਰ ਲੈ ਸੋਚ ਵਿਚਾਰ।
ਵਿਚ ਮੈਦਾਨੇ ਜੰਗ ਨੀ,
ਕਿਤੇ ਖਾ ਜਾਵੀਂ ਨਾ ਹਾਰ।
ਰਸਤੇ ਵਿਚ ਮਾਂ ਬਾਪ ਦਾ,
ਤੈਨੂੰ ਆ ਨਾ ਜਾਏ ਖਿਆਲ।
ਤੂੰ ਮੁੜ ਸਿਆਲਾਂ ਦੀ ਹੋ ਜਾਏਂ,
ਤੇ ਮੈਨੂੰ ਕਰੇਂ ਖੁਆਰ।

●

ਤੇਰੇ ਬਾਝੋਂ ਸੋਹਣਿਆਂ,
ਕੋਈ ਹੋਰ ਪਿਆਰਾ ਨਾ।
ਨਾ ਭੈਣਾ ਨਾ ਵੀਰ ਵੇ,
ਨਾ ਬਾਬਲ ਨਾ ਮਾਂ।
ਮੈਨੂੰ ਸੋਹਣਾ ਦੇਸ ਪੰਜਾਬ ਚੋਂ,
ਵੇ ਦਾਨਾਬਾਦ ਗਰਾਂ।
ਮੈਂ ਭੈੜੇ ਝੰਗ ਸਿਆਲ ਵਿਚ,
ਵੇ ਮੁੜ ਨਾ ਫੇਰ ਪਾਂ।
ਇਕ ਵਾਰੀ ਘਰ ਬਾਪ ਦੇ,
ਤੂੰ ਸਾਹਿਬਾਂ ਮੁੜਕੇ ਜਾਹ।
ਤੂੰ ਜਾਕੇ ਵਿਚ ਪਰਵਾਰ ਦੇ,
ਫੇਰ ਦਿਲ ਨਾਲ ਕਰੀਂ ਸਲਾਹ।
ਤੂੰ ਸਾਰੇ ਪਾਸੇ ਸੋਚਕੇ,
ਦਿਲ ਪੱਕੀ ਲਈਂ ਪਕਾ।
ਤਾਂ ਫੇਰ ਫੜੀਂ ਯਕੀਨ ਨਾਲ,
ਲੜ ਸ਼ੌਂਕੀ ਜੱਟ ਦਾ ਆ।

---ਅਮਰ ਸਿੰਘ ਸ਼ੌਂਕੀ

●

ਸਾਹਿਬਾਂ ਘਰ ਤੋਂ ਆਣਕੇ,
ਕਹਿੰਦੀ ਮਿਰਜ਼ੇ ਜੱਟ ਨੂੰ ਆ।
ਕਹਿੰਦੀ ਘੋੜੀ ਕਸਲੈ ਜੱਟਾ ਵੇ,
ਹੁਣ ਦੇਰ ਜ਼ਰਾ ਨਾ ਲਾ।
ਕਹਿੰਦੀ ਗੱਲਾਂ ਬਾਤਾਂ ਕਰ ਲੀਆਂ,
ਕਿਤੇ ਜਾਵੇ ਨਾ ਰਾਤ ਵਿਹਾ।
ਕਹਿੰਦੀ ਯਾਰਾਂ, ਚੋਰਾਂ, ਆਸ਼ਕਾਂ,
ਦਾ ਨੇਰ੍ਹੇ 'ਚ ਲਗਦਾ ਦਾਅ।
ਸਾਹਿਬਾਂ ਦੀ ਗੱਲ ਸੁਣ ਲਈ,
ਜੱਟ ਮਿਰਜਾ ਹੋਇਆ ਤਿਆਰ।

ਉਹਨੇ ਗਟ ਗਟ ਕਰਕੇ ਪੀ ਲਿਆ,
ਸੀ ਅਧੀਆ ਇਕੋ ਵਾਰ।
ਉਹਨੂੰ ਚੜ੍ਹ ਗਈ ਖ਼ੁਸ਼ੀ ਜਹਾਨ ਦੀ,
ਜੱਟ ਰਿਹਾ ਫਰਾਟੇ ਮਾਰ।
ਸਾਹਿਬਾਂ ਨੂੰ ਫੜਕੇ ਆਖਦਾ,
ਹੋ ਬੱਕੀ ਤੇ ਅਸਵਾਰ।
ਬੱਕੀ ਤੇਰੀ ਟੈਰ ਵੇ,
ਇਹਨੇ ਤੁਰਨਾ ਦੱਸ ਕਿਆ।
ਇਹ ਕੱਲੇ ਜੋਗੀ ਮਸਾਂ ਹੈ,
ਦੋ ਕਿਥੋਂ ਲਊ ਉਠਾ।
ਇਹ ਗੱਭੇ ਡੋਬੂ ਬੇੜੀਆਂ,
ਨਹੀਂ ਸਕਦੀ ਪਾਰ ਲਗਾ।
ਇਹਨੇ ਧੁਰ ਨੀ ਲਾਉਣਾ ਅਸਾਂ ਨੂੰ,
ਦੇਊ ਰਾਹ ਦੇ ਵਿਚ ਫੜਾ।
ਸੁਣ ਨੀ ਸਾਹਿਬਾਂ ਕਮਲੀਏ,
ਮੇਰੀ ਬੱਕੀ ਨੂੰ ਲਾਜ ਨਾ ਲਾ।
ਨੀ ਇਹ ਘੋੜੀ ਨਹੀਂ ਫਰਿਸ਼ਤਾ,
ਨੀ ਉਡਦੀ ਵਿਚ ਹਵਾ।
ਮੇਰੇ ਪਿਛਲੇ ਪਾਸੇ ਬੈਠਜਾ,
ਤੈਨੂੰ ਦੇਵਾਂ ਸੁਰਗ ਦਖਾ।
ਸ਼ੌਂਕੀ ਰਾਤੋ ਰਾਤ ਹੀ,
ਦੇਊਂ ਦਾਨਾਬਾਦ ਪੁਚਾ।

— ਅਮਰ ਸਿੰਘ ਸ਼ੌਂਕੀ

●

ਸਾਹਿਬਾਂ ਵਾਜਾਂ ਮਾਰਦੀ,
ਕਹਿੰਦੀ ਉਠ ਖਾਂ ਮਿਰਜ਼ਾ ਯਾਰ ਵੇ।
ਵੇ ਤੂੰ ਹੇਠਾਂ ਜੰਡ ਦੇ ਸੌਂ ਗਿਆ,
ਆਹਦੀ ਤੈਨੂੰ ਖਬਰ ਨਾ ਸਾਰ ਵੇ।
ਵੇ ਉਹ ਚੜ੍ਹ ਪਏ ਬਦਲਾ ਲੈਣ ਨੂੰ,

ਆਉਂਦੇ ਕਰਦੇ ਮਾਰੋ ਮਾਰ ਵੇ।
ਕਹਿੰਦੀ ਬਾਬਲ ਵਰਗੀਆਂ ਘੋੜੀਆਂ,
ਉਤੇ ਵੀਰਾਂ ਜਿਹੇ ਅਸਵਾਰ ਵੇ।
ਤੈਨੂੰ ਭੱਜੇ ਨੂੰ ਜਾਣ ਨਾ ਦੇਣਗੇ,
ਜੱਟਾ ਬੰਨ੍ਹ ਕੇ ਦੇਣਗੇ ਮਾਰ ਵੇ।
ਆਹਦੀ ਨਾ ਸੌਂ ਹੇਠਾਂ ਜੰਡ ਦੇ,
ਤੇਰੀ ਕਿਸਮਤ ਦੇ ਲਈ ਹਾਰ ਵੇ।
ਤੇਰੇ ਵੱਢਕੇ ਟੁਕੜੇ ਕਰਨਗੇ,
ਨਾਲੇ ਮੈਨੂੰ ਕਰਨ ਖੁਆਰ ਵੇ।
ਉਠ ਚੱਲ ਵੇ ਦੇਸਾ ਚੱਲੀਏ,
ਕਹਿੰਦੀ ਬੱਕੀ ਤੇ ਹੋ ਅਸਵਾਰ ਵੇ।
ਦਿਨ ਕੱਟੀਏ ਅਮਰ ਸਿੰਘਾ ਸ਼ੌਂਕ ਦੇ,
ਆਹਦੀ ਦਾਨਾਬਾਦ ਮਜ਼ਾਰ ਵੇ।

— ਅਮਰ ਸਿੰਘ ਸ਼ੌਂਕੀ

●

ਮਿਰਜ਼ਾ ਆਖੇ ਸਾਹਿਬਾਂ,
ਕਿਉਂ ਹੋਈਓਂ ਦਿਲਗੀਰ।
ਕਹਿੰਦਾ ਹੋਣੀ ਕਿਸੇ ਨਾ ਮੇਟਣੀ,
ਜੋ ਲਿਖ ਲਈ ਤਕਦੀਰ।
ਇਥੇ ਜੋ ਜੰਮਿਆਂ ਮਰ ਜਾਵਣਾ,
ਕਹਿੰਦਾ ਅਦਨਾ ਚਾਹੇ ਅਮੀਰ।
ਨੀ ਮੈਂ ਸਾਰੇ ਦੇਖੇ ਸੂਰਮੇਂ,
ਜਿਹੜੇ ਤੇਰੇ ਭਾਈ ਤਕੀਰ।
ਤਿੰਨ ਸੌ ਕਾਨੀ ਸਾਰ ਦੀ,
ਮੇਰੇ ਲੱਕ ਲਟਕੇ ਸ਼ਮਸ਼ੀਰ।
ਨੀ ਉਹ ਪੱਤਿਆਂ ਵਾਂਗਣ ਉਡਣਗੇ,
ਜਦੋਂ ਮਾਰੇ ਜੱਟ ਨੇ ਤੀਰ।
ਜਦੋਂ ਚੁਣ ਚੁਣ ਮਾਰੂੰ ਕੋੜਮਾਂ,
ਤੇਰੇ ਪੈਣ ਕਲੇਜੇ ਚੀਰ।

ਜੱਟੀਏ ਬਹਿਜਾ ਨਾਲ ਅਰਾਮ ਦੇ,
ਕਹਿੰਦਾ ਦਿਲ ਵਿਚ ਬੰਨ੍ਹ ਕੇ ਧੀਰ।
ਕੋਈ ਨੀ ਜੱਗ ਵਿਚ ਜਾਣਦਾ,
ਲੱਖ ਮਰ ਗਏ ਸ਼ਾਹ ਤੇ ਫਕੀਰ।
ਕਹਿੰਦਾ ਆਸ਼ਕ ਸ਼ੌਂਕੀ ਸੂਰਮੇ,
ਵਿਚ ਦੁਨੀਆਂ ਰਹੇ ਯਾਦਗੀਰ।

--- ਅਮਰ ਸਿੰਘ ਸ਼ੌਂਕੀ

●

ਝਿੜਕਾਂ ਦਿੱਤੀਆਂ ਯਾਰ ਨੇ,
ਸਾਹਿਬਾਂ ਗਈ ਤਾਂ ਜੰਡੋਰੇ ਦਾਅ ਵੇ।
ਫੜਕੇ ਜੰਡ ਦੀਆਂ ਕੁੰਬਲਾਂ,
ਮਾਰਦੀ ਧਾਹ ਤੇ ਧਾਹ ਵੇ।
ਮੇਰਾ ਜੇ ਹੈ ਕਾਦਰ ਸੱਚ ਦਾ,
ਟੁੱਟੇ ਤੀਰ ਬੰਨ੍ਹਾ ਵੇ।
ਅਰਸ਼ੋਂ ਉਤਰਿਆ ਫਰੇਸ਼ਤਾ,
ਸਾਹਿਬਾਂ ਮੂਹਰੇ ਖੜ੍ਹਦਾ ਆ ਵੇ।
ਨਾਮਾ ਦੇਖਲੈ ਨੀ ਆਪਣੇ ਯਾਰ ਦਾ,
ਨੀ ਮੈਂ ਤਖਤੋਂ ਸਿਟਿਆ ਲਾਹ ਨੀ,
ਜੱਟ ਘੜੀ ਕੁ ਦੇ ਸ਼ੌਂਕ ਨੂੰ ਭੇਜਿਆ,
ਬਹਿ ਗਿਆ ਚਾਂਭੜਾ ਪਾ ਨੀ।
ਜੱਟਾ ਚੋਗਾ ਮੁਕ ਗਿਆ ਢੇਰ ਚੋਂ,
ਕਿਹੜਾ ਦੇਵੇ ਦੁਆ ਨੀ।
ਲੈਣੇ ਵਾਲੇ ਆ ਗਏ,
ਵਹੀਆਂ ਕੱਢ ਕੇ ਬਹਿ ਗਏ ਸ਼ਾਹ ਨੀ।

---ਨਿਰੰਜਣ ਸਿੰਘ

●

ਨੀਵੇਂ ਨੀਵੇਂ ਝੌਂਪੜੇ,
ਰੁੱਖਾਂ ਬਾਝ ਗਰਾਂ ।
ਜੱਟਾਂ ਭਾਈਆਂ ਬਾਝ ਨੀ ਜੋੜੀਆਂ,
ਪੁੱਤਰਾਂ ਬਾਝ ਨੀ ਨਾਂ ।
ਭਾਈ ਮਰਗੇ ਜਿਨ੍ਹਾਂ ਦੇ ਹਾਣ ਦੇ,
ਡੌਲਿਓਂ ਟੁੱਟਗੀ ਬਾਂਹ ।
ਪੁੱਤ ਮਰਗੇ ਜਿਨ੍ਹਾਂ ਦੇ ਗੱਭਰੂ,
ਜੱਗ 'ਚ ਉਡਾਉਂਦੇ ਕਾਂ ।
ਰੱਸੀਆਂ ਧਰਕੇ ਵੰਡਣਗੇ,
ਔਤ ਗਿਆਂ ਦੇ ਥਾਂ ।
ਬੀਬਿਆ ਔਤਰੇ ਚੱਲੇ ਜਹਾਨ ਚੋਂ,
ਸਾਡਾ ਕਿਸੇ ਨੀ ਲੈਣਾ ਨਾਂ ।
ਕੋਲ ਸੁਹਾਵੀ ਨੈਂ ਵਗੇ,
ਰਾਵੀ, ਜਿਹਲਮ, ਝਨਾਂ ।
ਬੀਬਿਆ ਕੰਢੇ ਲੱਗੀ ਨੂੰ ਡੋਬਦੈਂ,
ਮੇਰੇ ਵਿਚ ਤਾਂ ਕੱਢਦੇ ਗੁਨਾਂਹ ।
ਜੇ ਨਈਂ ਸੀ ਤੋੜ ਨਿਭਾਵਣੀ,
ਮੇਰੀ ਕਿਉਂ ਫੜਨੀ ਸੀ ਬਾਂਹ ।
ਖੂਹਾ ਵਿਚ ਉਜਾੜ ਦੇ,
ਜੀਹਨੂੰ ਨਾ ਕੂੰਡਾ ਨਾ ਲਾਂ ।
ਮੇਰੀਆਂ ਉਹ ਮੀਢੀਆਂ ਸਿਰ ਰਹੀਆਂ,
ਜਿਹੜੀਆਂ ਗੁੰਦੀਆਂ ਪਾਪਣ ਮਾਂ ।
ਜੱਟਾ ਅਜੇ ਪਿਛਾਂਹ ਨੂੰ ਮੋੜਦੇ,
ਮੈਂ ਕੋਲ ਭਰਾਵਾਂ ਜਾਂ ।

— ਨਿਰੰਜਣ ਸਿੰਘ

●

ਸਾਹਿਬਾਂ ਸੁੱਤੇ ਆਪਣੇ ਯਾਰ ਨੂੰ,
ਰਹੀ ਵਾਜਾਂ ਮਾਰ ਜਗਾ ।
ਵੇ ਤੂੰ ਉਠ ਖੜ੍ਹ ਮੇਰਿਆ ਲਾੜਿਆ,

ਕਹਿੰਦੀ ਮੇਰੀ ਮੰਨ ਦੁਆ।
ਘੇਰਾ ਚੰਧੜਾਂ ਜੱਟ ਨੂੰ ਪਾ ਲਿਆ,
ਰਲ ਗਏ ਮੇਰੇ ਵੀਰ ਭਰਾ।
ਕਾਹਨੂੰ ਗਾਫ਼ਲ ਹੋ ਕੇ ਸੌਂ ਗਿਆ,
ਤੈਨੂੰ ਭੁਲਿਆ ਅੱਜ ਖੁਦਾ।
ਮੈਨੂੰ ਕੱਢ ਕੇ ਝੰਗ ਸਿਆਲ ਚੋਂ,
ਡੇਰੇ ਨੇੜੇ ਦਿੱਤੇ ਲਾ।
ਜੇ ਨਾ ਸੀ ਤੋੜ ਨਿਭਾਵਣੀ,
ਮੇਰੀ ਕਾਹਤੋਂ ਫੜੀ ਸੀ ਬਾਂਹ।
ਕਾਹਨੂੰ ਲੱਗੀ ਵਿਚਾਲਿਓਂ ਤੋੜਦੈਂ,
ਮੇਰੇ ਇਸ਼ਕ ਨੂੰ ਦਾਗ ਨਾ ਲਾ।
ਸੌਖੇ ਨਹੀਂ ਮਸ਼ੂਕ ਉਡਾਵਣੇ,
ਉਠ ਕੇ ਕਾਠੀ ਬੱਕੀ ਤੇ ਪਾ।
ਵੇ ਮੈਂ ਵਾਸਤਾ ਪਾਉਂਦੀ ਰੱਬ ਦਾ,
ਕਹਿੰਦੀ ਮਾਰ ਹਿਜ਼ਰ ਦੀ ਧਾਹ।
ਛੱਡ ਦੇ ਖਹਿੜਾ ਮਿਰਜ਼ਿਆ ਜੰਡ ਦਾ,
ਮੈਨੂੰ ਦਾਨਾਬਾਦ ਪੁਚਾ।
---ਊਦੇ ਸਿੰਘ ਦਲੀਪ ਸਿੰਘ

●

ਮਿਰਜ਼ਾ ਬੋਲਿਆ ਅੱਖ ਉਘੇੜ ਕੇ,
ਸਾਹਿਬਾਂ ਸੁਣ ਲੈ ਮੇਰੀ ਨਜ਼ੀਰ।
ਜਿਹੜੇ ਚੰਧੜ ਚੰਧੜ ਆਖਦੀ,
ਨਾਲੇ ਤੇਰੇ ਵਾਲੇ ਵੀਰ।
ਨੀ ਉਹ ਬੱਦਲਾਂ ਵਾਂਗਰ ਉਡਣਗੇ,
ਜਦੋਂ ਛੱਡਿਆ ਜੱਟ ਨੇ ਤੀਰ।
ਨੀ ਉਹ ਕੱਦੂਆਂ ਵਾਂਗਰ ਰੁਲਣਗੇ,
ਜਦੋਂ ਚੱਲੀ ਮੇਰੀ ਸ਼ਮਸ਼ੀਰ।
ਨੀ ਉਹ ਪੁੱਤ ਨਹੀਂ ਮਾਂ ਨੇ ਜੰਮਿਆਂ,

ਜਿਉਂਦਾ ਜਾਏ ਜੋ ਘੱਤ ਵਹੀਰ ।
ਆਪਾਂ ਬਹਿਕੇ ਬੱਕੀ ਦੀ ਪਿੱਠ ਤੇ,
ਸਾਹਿਬਾਂ ਜਾਈਏ ਦਲਾਂ ਨੂੰ ਚੀਰ ।
ਮੈਨੂੰ ਝੱਟ ਕੁ ਢੋਂਕਾ ਲਾਉਣ ਦੇ,
ਮੇਰੀ ਸੁਣ ਲੈ ਗੱਲ ਨੀ ਅਖੀਰ ।
ਐਵੇਂ ਡੋਲੇ ਉਦੇ ਸਿਆਂ ਖਾਂਵਦੀ,
ਕਾਹਨੂੰ ਨੇਤਰੋਂ ਸੁੱਟ ਕੇ ਨੀਰ ।

--- ਉਦੇ ਸਿੰਘ ਦਲੀਪ ਸਿੰਘ

●

ਸੁੱਤਾ ਕਿਉਂ ਨੀ ਜਾਗਦਾ,
ਤੇਰਾ ਕਿਤ ਵਲ ਗਿਆ ਖਿਆਲ ।
ਤੈਨੂੰ ਸੁੱਤੇ ਨੂੰ ਮੈਂ ਜਗਾਂਵਦੀ,
ਮੇਰੇ ਗਲ ਵਿਚ ਖੁੱਲੜੇ ਵਾਲ ।
ਜੱਟਾ ਘਰ ਜਿਨ੍ਹਾਂ ਦੇ ਪੱਟ ਲਏ,
ਤੇਰੀ ਕਰਦੇ ਆਉਂਦੇ ਭਾਲ ।
ਆਹ ਲੈ ਫੂਕੇ ਮਹਿਲ ਸਿਆਲ ਦੇ,
ਦਿਨੇ ਮਸ਼ਾਲਾਂ ਬਾਲ ।
ਤੇਰੇ ਵੱਢਕੇ ਕਰਨਗੇ ਡੱਕਰੇ,
ਮੈਨੂੰ ਰੰਡੀ ਦੇਣ ਬਹਾਲ ।
ਮੈਨੂੰ ਦੱਸਿਆ ਬੈਠ ਨਜੂਮੀਆਂ,
ਤੇਰਾ ਮਰਜੂ ਮਿਰਜ਼ਾ ਯਾਰ ।
ਮੇਰੀ ਅੱਖ ਸਲਾਈ ਨਾ ਝੱਲਦੀ,
ਮੇਰੇ ਕੰਘੀ ਨਾ ਝੱਲਦੇ ਵਾਲ ।

--- ਗੰਗਾ ਸਿੰਘ

●

ਮਿਰਜ਼ਾ ਕਹਿੰਦਾ ਸਾਹਿਬਾਂ,
ਕੀ ਰੰਨਾਂ ਦਾ ਅਤਵਾਰ।
ਪਹਿਲਾਂ ਲਾਉਂਦੀਆਂ ਯਾਰੀਆਂ,
ਪਿਛੋਂ ਦੇਣ ਵਿਸਾਰ।
ਰਾਂਝਾ ਪਿਛੇ ਹੀਰ ਦੇ,
ਦੇਖ ਮਰਿਆ ਮੱਝੀਆਂ ਚਾਰ।
ਮਜਨੂੰ ਹੋ ਗਿਆ ਪਿੰਜਰਾ,
ਲੈਲਾ ਦੇ ਦਰਬਾਰ।
ਮਹੀਵਾਲ ਗਰੀਬ ਦੀ,
ਕਿਸੇ ਨਾ ਲੈਤੀ ਸਾਰ।
ਜਿਤਨੇ ਆਸ਼ਕ ਜਾਤ ਦੇ,
ਸਾਰੇ ਲਏ ਮਸ਼ੂਕਾਂ ਮਾਰ।
ਵਾਧਾ ਕਿਸੇ ਨਾ ਖੱਟਿਆ,
ਵੜਕੇ ਇਸ਼ਕ ਬਜਾਰ।
ਤੇਰੀ ਐਵੇਂ ਜਾਊ ਜ਼ਿੰਦਗੀ,
ਤੈਨੂੰ ਕਹਿੰਦਾ ਮਿਰਜ਼ਾ ਯਾਰ।

●

ਸਾਹਿਬਾਂ ਅੱਗੋਂ ਬੋਲਦੀ,
ਜੱਟਾ ਝੂਠੀ ਗਲ ਕਰੀ।
ਵੇ ਸੋਹਣੀ ਵਿਚ ਝਨਾਂ ਦੇ,
ਮੌਤੋਂ ਨਾ ਡਰੀ।
ਰਾਂਝੇ ਪਿਛੇ ਹੀਰ ਸੀ,
ਜਿਹੜੀ ਪੀ ਕੇ ਜ਼ਹਿਰ ਮਰੀ।
ਲੈਲਾ ਛੱਡ ਪਾਤਸ਼ਾਹੀਆਂ,
ਸੇਵਾ ਸਾਧ ਕਰੀ।
ਸ਼ੀਰੀ ਲਾਹ ਕੇ ਸ਼ਰਮ ਨੂੰ,
ਵੇਖ ਸੰਗੀ ਨਾ ਡਰੀ।

ਤੇਰੇ ਪਿਛੇ ਮਿਰਜ਼ਿਆ,
ਮੈਂ ਤਾਂ ਲਾਹ ਕੇ ਸੰਗ ਧਰੀ।
ਤੂੰ ਤਾਂ ਬੈਠ ਕਚਹਿਰੀ ਧਰਮ ਦੀ,
ਕਰ ਲੈ ਗੱਲ ਖਰੀ।
ਕਦੇ ਨਾ ਅੱਖੀਆਂ ਮੋੜਦੀ,
ਮੈਂ ਤਾਂ ਤੈਥੋਂ ਵੰਗ ਪਰੀ।

●

ਮੂੰਹ ਰੱਖ ਮਿਰਜ਼ੇ ਦੀ ਲਾਸ਼ 'ਤੇ,
ਬੱਕੀ ਨੇ ਮਾਰੀ ਧਾਹ।
ਕਿਥੇ ਨੀਂਦ ਸੁੱਖਾਂ ਦੀ ਸੌਂ ਗਿਆ,
ਮੈਂ ਤੈਨੂੰ ਰਹੀ ਵੇ ਬੁਲਾ।
ਮੈਂ ਜੱਗ ਚੋਂ ਰੰਡੀ ਹੋ ਗਈ,
ਆਹਦੀ ਮੈਨੂੰ ਵੀ ਕੋਲ ਬੁਲਾ।
ਕੇਰਾਂ ਬੋਲ ਦੁਬਾਰਾ ਰੰਗੀਲਿਆ,
ਤੈਨੂੰ ਰਹੀ ਮੈਂ ਅਰਜ਼ ਸੁਣਾ।
ਤੇਰੀ ਮਾਤ ਪਿਆਰੀ ਨੇ ਪੁੱਛਣਾ,
ਜਿਹਦੇ ਮਨ ਵਿਚ ਪੁੱਤ ਦਾ ਚਾਅ।
ਤੂੰ ਆਪਣੀ ਜਬਾਨੋਂ ਬੋਲ ਵੇ,
ਮੈਂ ਘਰ ਕੀ ਦੱਸਣਾ ਜਾ।

---- ਬਖਤਾਵਰ ਸਿੰਘ

●

ਸਾਹਿਬਾਂ ਰੋਂਦੀ ਯਾਰ ਨੂੰ,
ਪਾਉਂਦੀ ਵੈਣ ਅਖੀਰ ਵੇ।
ਪੱਟ ਪੱਟ ਸਿੱਟਦੀ ਮੇਢੀਆਂ,
ਨੈਣਾਂ ਚੋਂ ਸਿਟਦੀ ਨੀਰ ਵੇ।
ਪੱਥਰਾਂ ਨੂੰ ਟੱਕਰਾਂ ਮਾਰਦੀ,
ਦਿਲ ਨਾ ਧਰਦੀ ਧੀਰ ਵੇ।

ਅੱਜ ਵੇ ਦੁਖਾਂ ਵਿਚ ਪਾ ਗਿਆ,
ਚੰਦਨ ਦੇਹ ਨਜ਼ੀਰ ਵੇ।
ਰੰਡੀ ਛੱਡ ਕੇ ਤੁਰ ਗਿਆ,
ਮੈਨੂੰ ਦੇਹ ਤਕਦੀਰ ਵੇ।
ਰੋਂਦੇ ਤੇਰੀ ਲਾਸ਼ ਨੂੰ,
ਜੰਗਲ, ਜੰਡ, ਕਰੀਰ ਵੇ।
ਹੋਣੀ ਨੇ ਜਾਲ ਵਿਛਾ ਲਿਆ,
ਕੀਤਾ ਆਣ ਅਖੀਰ ਵੇ।

--- ਬਖਤਾਵਰ ਸਿੰਘ

## ਗੋਪੀ ਚੰਦ

ਗੋਰਖ ਆਖੇ ਗੋਪੀ ਚੰਦਾ,
ਐਵੇਂ ਲਟਾਂ ਲਹਾਈਂ ਨਾ।
ਇਤਰ ਫਲੇਲ ਲਵਿੰਡਰ ਛੱਡਕੇ,
ਅੰਗ ਭਮੂਤ ਰਮਾਈਂ ਨਾ।
ਸੁੰਦਰ ਸੋਹਲ ਜਵਾਨੀ ਤੇਰੀ,
ਐਵੇਂ ਕੰਨ ਪੜਵਾਈਂ ਨਾ।
ਔਖੀ, ਜਵਾਨੀ ਸਾਂਭ ਨੀ ਹੋਣੀ,
ਲਾਜ ਭੇਖ ਨੂੰ ਲਾਈਂ ਨਾ।
ਮਨ ਨੀ ਤੈਥੋਂ ਜਿੱਤਿਆ ਜਾਣਾ,
ਐਵੇਂ ਭੇਸ ਵਟਾਈਂ ਨਾ।
'ਕੋਮਲ' ਛੱਡਕੇ ਤਾਜ ਤਖਤ ਨੂੰ,
ਫਿਰ ਪਿਛੋਂ ਪਛਤਾਈਂ ਨਾ।

— ਮੋਹਣ ਸਿੰਘ

●

ਰਾਜਾ ਕਹਿੰਦਾ ਸੁਣੋ ਰਾਣੀਓਂ,
ਮੈਨੂੰ ਹੁਣ ਅਟਕਾਇਓ ਨਾ।
ਮੇਰਾ ਦਿਲ ਭਰਮਾਉਣ ਲਈ,
ਕੋਈ ਗਲ ਵਿਚ ਜੁਲਫ਼ਾਂ ਪਾਇਓ ਨਾ।
ਮੁੜਕੇ ਮੈਨੂੰ ਫਾਹੁਣ ਲਈ ਤੁਸੀਂ,
ਪਿਆਰ ਦਾ ਜਾਲ ਵਿਛਾਇਓ ਨਾ।
ਪਿਆਰ 'ਚ ਰੰਗਿਆ ਦਿਲ ਮੇਰਾ,
ਤੁਸੀਂ ਮੈਨੂੰ ਯਾਦ ਕਰਾਇਓ ਨਾ।
ਤਾਹਨੇ ਮਿਹਣੇ ਦੇ ਦੇ ਸੱਜਰੇ,
ਫਟ ਕਲੇਜੇ ਲਾਇਓ ਨਾ।
ਜਿਹੀ ਇਕ ਦੇ ਦਿਓ ਮੈਨੂੰ,
'ਕੋਮਲ' ਦਿਲੋਂ ਭੁਲਾਇਓ ਨਾ।

— ਮੋਹਣ ਸਿੰਘ

●

## ਕੌਲਾਂ

ਲਾਲ ਚਿਹਰਾ ਸਤੀ ਦਾ ਹੋ ਗਿਆ,
ਗਿਆ ਖੂਨ ਅੱਖੀਆਂ ਵਿਚ ਆ।
ਕਹਿੰਦੀ ਸੁਣ ਵੇ ਰਸਾਲੂ ਜ਼ਾਲਮਾਂ,
ਕਿਥੇ ਗਿਆ ਤੇਰਾ ਸ਼ਰਮ ਹਯਾ।
ਆਵੇ ਇੰਦਰ ਅਕਾਸ਼ੋਂ ਚੱਲ ਕੇ,
ਲਵੇ ਜੋਰ ਅੱਡੀਆਂ ਤੱਕ ਲਾ।
ਮੈਨੂੰ ਦੇ ਕੇ ਲਾਲਚ ਸੁਰਗ ਦੇ,
ਉਹ ਵੀ ਸਕਦਾ ਨਹੀਂ ਭਰਮਾ।
ਵੇ ਤੂੰ ਮੂਲੀ ਕਿਹੜੇ ਬਾਗ ਦੀ,
ਕਿਥੋਂ ਆ ਗਿਆ ਤੂੰ ਰੱਬ ਦਾ ਭਰਾ।
ਆਸਾਂ ਤੇਰੀਆਂ ਨੀ ਪੂਰੀਆਂ ਹੋਣੀਆਂ,
ਏਥੋਂ ਚੁੱਕ ਟਿਕਾਣਾ ਜਾ।
ਜਾਕੇ ਡੋਬਲੈ ਨੱਕ ਤੂੰ ਆਪਣਾ,
ਪਾਣੀ ਲੈ ਚੱਪਣੀ ਵਿਚ ਪਾ।
ਹੱਥ ਲਾ ਕੇ ਸਤੀ ਨੂੰ ਡੋਬ ਨਾ,
ਸਿਰ ਆਪਣੇ ਨਾ ਰੋਗ ਪਾ।

—ਚੈਨ ਸਿੰਘ ਸਤਨਾਮ ਸਿੰਘ

●

ਕੌਲਾਂ ਬੀਜੇ ਨੇ ਤਿਆਗ ਤੀ,
ਧੱਕੇ ਮਾਰੇ ਸੀ ਦੋ।
ਜਿੱਧਰ ਦਰਵਾਜਾ ਨਰਕ ਦਾ,
ਕੌਲਾਂ ਓਧਰੇ ਦਿੱਤੀ ਹੈ ਢੋ।
ਭੂਰਾ ਦੇ ਲਿਆ ਕੌਲਾਂ ਦੇ ਲੱਕ ਨੂੰ,
ਸਾਰੇ ਕੱਪੜੇ ਲਏ ਨੇ ਖੋਹ।
ਅੱਗੇ ਮਿਲੀਆਂ ਸ਼ਹਿਰ ਦੀਆਂ ਤੀਵੀਂਆਂ,
ਕਹਿੰਦੀਆਂ ਐਥੇ ਜਾਈਂ ਖੜੋ।
ਧੜੀ ਕੁ ਪੀਸਣਾ ਪੀਸ ਜਾ,

ਚੱਕੀ ਤੂੰ ਲਈਂ ਨੀ ਝੋਅ ।

ਮਿਹਨਤ ਲੈ ਲੀਂ ਦੁੱਗਣੀ-ਤਿੱਗਣੀ,
ਇਕ ਨੀ ਟਕੇ ਦੇ ਲੈ ਲੀਂ ਦੋ ।

ਪਹਿਲਾਂ ਕੌਲਾਂ ਹੱਸ ਪਈ,
ਪਿਛੋਂ ਪੈਂਦੀ ਰੋ ।

ਮਿਹਣੇ ਦੇਨੀਓਂ ਸ਼ਹਿਰ ਵਾਲੀਓ,
ਮੈਂ ਵੀ ਬੀਜੇ ਨੀ ਮਹਿਤੇ ਦੀ ਜੋ ।

ਕੱਲ੍ਹ ਝੂਟਦੀ ਸਾਂ ਪੰਘੂੜੇ ਪੱਟ ਦੇ,
ਅੱਜ ਗਈ ਆਂ ਮੈਂ ਕੀਰਨੀ ਹੋ ।

ਲਿਖੀਆਂ ਨੀ ਲੇਖ ਦੀਆਂ,
ਪ੍ਰਭੂ ਭਾਵੇ ਜੋ ਜਾਂਦੀ ਹੋ ਸੋ ।

— ਦੀਦਾਰ ਸਿੰਘ ਰਟੈਂਡਾ

●

ਕਿਹੜੀ ਚੰਦਰੀ ਵਲੈਤ ਦਾ ਆਦਮੀ,
ਕਿਹੜਾ ਵੇ ਤੇਰਾ ਦੇਸ਼?

ਕੀਹਨੂੰ ਵੇ ਫਿਰਦੈਂ ਭਾਲਦਾ,
ਘੋੜਾ ਵੇ ਤੇਰੇ ਹੇਠ ।

ਜੇ ਤੂੰ ਕਾਸ਼ੀ ਤੋਂ ਪੰਡਤ ਆ ਗਿਆ,
ਦੇਖ ਵੇ ਤੱਤੀ ਦੇ ਲੇਖ ।

ਮੈਨੂੰ ਝੁਣਾ ਬਾਬਲ ਤੇ ਪੈਂਦੀਆਂ,
ਸਾਵੇਂ ਦੀਂਹਦੇ ਪਗੜੀ ਦੇ ਪੇਚ ।

ਜੇ ਤੂੰ ਆ ਗਿਆ ਚਣੇ ਭਨਾਉਣ ਨੂੰ,
ਧਰਕੇ ਬਹਿਜਾ ਟੇਕ ।

ਮੈਂ ਲਿਆਉਨੀਆਂ ਮਹਿਰੀ ਨੂੰ ਸੱਦਕੇ,
ਤੂੰ ਮੇਰੀ ਭੱਠੀ ਵੰਨੀ ਦੇਖ ।

ਇਕ ਮੈਂ ਸਤਾ ਲੀ ਭੁੱਖ ਨੇ,
ਦੂਜੇ ਮਾਰਦੈ ਭੱਠੀ ਦਾ ਸੇਕ ।

— ਨਿਰੰਜਣ ਸਿੰਘ

●

ਸੁਣਕੇ ਕੌਲਾਂ ਦੇ ਦੁੱਖੜੇ,
ਮਾਰੀ ਪਹੌੜ ਮੱਲ ਧਾਹ ।
ਕੌਲਾਂ ਓ ਭੱਠੀ ਝੋਕਦੀ,
ਦੇਖਕੇ ਗਿਆ ਘਬਰਾ ।
ਭੁੱਬ ਮਾਰੀ ਪੱਗ ਸਿੱਟਕੇ,
ਨੈਣੋਂ ਨੀਰ ਵਹਾ ।
ਪੱਟ ਪੱਟ ਸਿੱਟਦਾ ਬੋਦੀਆਂ,
ਰੋਂਦਾ ਘੱਤ ਕਹਾ ।
ਸੁੱਕਕੇ ਹੱਡੀਆਂ ਤਾਂ ਬਾਲਣ ਹੋ ਗੀਆਂ,
ਬੁਰੇ ਓ ਧੀਆਂ ਦੇ ਤਾਹ ।
ਮੱਚ ਮੱਚ ਉਠਦਾ ਕਾਲਜਾ,
ਲਗਾ ਓ ਸੀਨੇ ਘਾਅ ।
ਭੱਜ ਕੇ ਬੁੱਕਲ ਵਿਚ ਆ ਗਈ,
ਸੀਨੇ ਨਾਲ ਲੈਂਦਾ ਲਾ ।
ਕੌਲਾਂ ਐਡਿਆਂ ਘਰਾਂ ਵਿਚ ਜੰਮਕੇ,
ਕੀ ਆ ਗਈ ਲੇਖ ਲਿਖਾ ।
ਭੱਠੀ ਝੋਕਣ ਲੱਗ ਗਈ,
ਮੰਗਕੇ ਰਹੀ ਤੂੰ ਖਾ ।
ਮੇਰਾ ਸ਼ਾਹੂ ਤਾਰਾ ਡੁੱਬ ਗਿਆ,
ਤੱਤੀ ਰੇਤ ਵਿਚ ਛਾਣ ਰਹੀ ਰਾਹ ।

—ਨਿਰੰਜਣ ਸਿੰਘ

●

## ਦੁੱਲਾ

ਮਿਰਜ਼ੇ ਨੂੰ ਮੁਗਲਾਣੀਆਂ,
ਹੱਥ ਬੰਨ੍ਹ ਦੋਵੇਂ ਕਹਿਣ।
ਤੈਂ ਬੀੜਾ ਭੱਟੀ ਤੇ ਚੱਕ ਲਿਆ,
ਤੇਰੀ ਹੋਣੀ ਆ ਗਈ ਲੈਣ।
ਘੁਰਨੇ ਤੂੰ ਬੱਗੇ ਸ਼ੇਰ ਦੇ,
ਲੱਗਾ ਬਈ ਜਾਣਕੇ ਪੈਣ।
ਲੁੱਟ ਕੇ ਖਾ ਲਿਆ ਮੁਲਕ ਨੂੰ,
ਭੱਟੀ ਬੁਰਾ ਹੈ ਡੈਣ।
ਮੈਨੂੰ ਮੰਦੇ ਸੁਫਨੇ ਆ ਗਏ,
ਲੱਗੇ ਬੁਰਜ ਸੁਨਹਿਰੀ ਢਹਿਣ।
ਤੂੰ ਅਜੇ ਵੀ ਹਟਜਾ ਲਾੜਿਆ,
ਜੱਗ ਜੀਂਦਿਆਂ ਨੂੰ ਦੇਈਂ ਸਾਨੂੰ ਰਹਿਣ।
ਅਸੀਂ ਅੱਗੋਂ ਵੇ ਹੋਈਆਂ ਰੰਡੀਆਂ,
ਨੱਥ ਲੱਗੀ ਸੁਹਾਗ ਵਾਲੀ ਲਹਿਣ।

---ਦੀਦਾਰ ਸਿੰਘ ਰਟੈਂਡਾ

●

ਚੜ੍ਹ ਗਿਆ ਮਿਰਜ਼ਾ ਨਿਜ਼ਾਮਦੀਨ,
ਹੂਰ ਕਰੇਂਦਾ ਹੂਰ।
ਘੋੜੀਂ ਪਾਈਆਂ ਕਾਠੀਆਂ,
ਹਾਥੀਂ ਲਾਏ ਸੰਧੂਰ।
ਠੀਕਰੀ ਵਾਲੇ ਪੱਤਣੋਂ,
ਲੰਘਦਾ ਕਟਕ ਜਰੂਰ।
ਮਿਰਜ਼ਾ ਪੁੱਛਦਾ ਰਾਹੀਆਂ ਪਾਂਧੀਆਂ,
ਸ਼ਹਿਰ ਦੁੱਲੇ ਦਾ ਕਿਤਨੀ ਕੁ ਦੂਰ।
ਵੈਰੀ ਕਹਿੰਦੇ ਆਹ ਖੜਾ,
ਸੱਜਣ ਕਹਿੰਦੇ ਦੂਰੋ ਦੂਰ।
ਔਹ ਭੱਟੀ ਦੀਆਂ ਅਟਾਰੀਆਂ,

ਜਿੱਥੇ ਬੰਬਲਾਂ ਦਾ ਵਰਦਾ ਨੂਰ।

ਅੱਲ੍ਹਾ ਪਾਕ ਦੀਆਂ ਸਭ ਰਹਿਮਤਾਂ,
ਅੰਨ ਧਨ ਉਥੇ ਭਰਪੂਰ।

ਉਥੇ ਇੱਜ਼ਤਾਂ ਬਹੁਤੀਆਂ ਬਹੁਤੀਆਂ,
ਰੰਗ ਰਾਗ ਤੇ ਨਸ਼ੇ ਸਰੂਰ।

ਖੜ੍ਹੀ ਬਾਂਹ ਅੱਜ ਆਉਂਦੀ ਰਾਠ ਦੀ,
ਹਾਮੀ ਭਰਨ ਸਭ ਬਹਿਣ ਹਜ਼ੂਰ।

— ਭੂਰਾ ਸਿੰਘ

●

ਚੜ੍ਹਿਆ ਮਿਰਜ਼ਾ ਨਿਜ਼ਾਮਦੀਨ,
ਉਹਨੇ ਹਾਥੀਆਂ ਨੂੰ ਮਦਾਂ ਪਿਆਈਆਂ।

ਭਰਕੇ ਦਾਰੂ ਦੀਆਂ ਬੋਤਲਾਂ,
ਮੁੜ ਮੁੜ ਹਾਥੀਆਂ ਦੇ ਬੁੱਲ੍ਹਾਂ ਵਿਚ ਪਾਈਆਂ।

ਹਾਥੀਆਂ ਨੂੰ ਚੜ੍ਹੀਆਂ ਲੋਰੀਆਂ,
ਚੀਕਾਂ ਮਾਰਦੇ ਨੇ ਵਾਹੋ ਦਾਹੀਆਂ।

ਮੱਥਿਆਂ ਤੇ ਤਵੀਆਂ ਬੀੜ ਕੇ,
ਜਾ ਕੇ ਟੱਕਰਾਂ ਮਹਿਲਾਂ ਨਾਲ ਲਾਈਆਂ।

ਯਾਰੋ ਉਤਰੀਆਂ ਮਹਿਲ ਚੋਂ ਨਾਰੀਆਂ,
ਨਾਲੇ ਨਣਦਾਂ ਤੇ ਨਾਲੇ ਭਰਜਾਈਆਂ।

ਨੂਰ ਦੀਨ ਨੇ ਮਾਰੇ ਕੋਰੜੇ,
ਤੁਸੀਂ ਨੰਗੇ ਮੂੰਹ ਕਿਉਂ ਆਈਆਂ।

ਕਿਥੇ ਗਿਆ ਨੀ ਲੱਧੀਏ ਤੇਰਾ ਸੂਰਮਾਂ,
ਜਿਹੜਾ ਕਰਦਾ ਸੀ ਮਨ ਆਈਆਂ।

ਉਹਨਾਂ ਢਾਹ ਤੀਆਂ ਦੁੱਲੇ ਦੀਆਂ ਬੈਠਕਾਂ,
ਪੱਗਾਂ ਡਿਗੀਆਂ ਹੋ ਰੰਗ ਰੰਗਾਈਆਂ।

ਟਕੇ ਟਕੇ ਦੇ ਸਿਪਾਹੀ ਅੰਦਰ ਜਾ ਵੜੇ,
ਗੱਲਾਂ ਕਰਦੇ ਕੁਚੱਜੀਆਂ ਬੇ ਗਰਾਈਆਂ।

— ਭੂਰਾ ਸਿੰਘ

●

ਰੋਡ ਜੱਟ ਨੇ ਧਾਹੀਂ ਮਾਰੀਆਂ,
ਮੂਹਰੇ ਦੁੱਲੇ ਦੇ ਜਾ।
ਕਾਹਨੂੰ ਪੀਨੈ ਪਿਆਲੇ ਜ਼ਹਿਰ ਦੇ,
ਤੈਨੂੰ ਕਾਹਦੇ ਪਿਆਲਿਆਂ ਦਾ ਚਾਅ।
ਤੇਰਾ ਸ਼ਹਿਰ ਓਏ ਪਿੰਡੀ ਘੇਰਿਆ,
ਮੁਗਲ ਵੜੇ ਘਰ ਆ।
ਤੇਰੀ ਲੱਧੀ ਓਏ ਮਾਤਾ ਬੰਨ੍ਹਲੀ,
ਜੀਹਨੇ ਦਿੱਤਾ ਸੀ ਜਗਤ ਦਿਖਾ।
ਤੇਰੀ ਫੁੱਲਰੀ ਉਏ ਔਰਤ ਬੰਨ੍ਹਲੀ,
ਦਿੰਦੀ ਫੁੱਲਾਂ ਵਾਲੀ ਸੇਜ ਵਿਛਾ।
ਤੇਰਾ ਨੂਰ ਖਾਂ ਬੇਟਾ ਬੰਨ੍ਹਿਆਂ,
ਗਲ ਲੋਹੇ ਦੇ ਸੰਗਲ ਪਾ।
ਸਭੇ ਬਾਂਦਾਂ ਉਏ ਤੇਰੀਆਂ ਬੰਨ੍ਹਲੀਆਂ,
ਪਾ ਲਈਆਂ ਲਹੌਰ ਵਾਲੇ ਰਾਹ।
ਫੇਰ ਜਿਥੋਂ ਦੀ ਬਾਂਦਾਂ ਜਾਂਦੀਆਂ,
ਧਰਤੀ ਪਾਣੀ ਦੁੱਲਿਆ ਹੁੰਦੀ ਜਾ।
ਐਸਾ ਜੰਮਿਉਂ ਉਏ ਪੁੱਤ ਰਾਜਪੂਤ ਦਾ,
ਆਢਾ ਛੇੜ ਕੇ ਲਿਆ ਗਲ ਪਾ।
ਅਜੇ ਜੇ ਤੂੰ ਉਏ ਲੱਜ ਨੀ ਜਾਣਦਾ,
ਮੇਰੀ ਲੱਤ ਹੇਠ ਦੀ ਲੰਘ ਜਾ।

— ਭੂਰਾ ਸਿੰਘ

●

## ਸੱਸੀ

ਸੱਸੀ ਸੁੱਤੀ ਉਠਕੇ ਸੇਜ ਤੋਂ,
ਉਹ ਲੱਭਦੀ ਪੁੰਨੂੰ ਯਾਰ।
ਉਹਨੇ ਚਾਰ ਚੁਫੇਰਾ ਦੇਖਿਆ,
ਕਿਤੇ ਦਿਸਦਾ ਨਹੀਂ ਦਿਲਦਾਰ।
ਸੱਸੀ ਪਿੱਟਦੀ ਮਾਰ ਦੁਹੱਥੜਾ,
ਉਚੀ ਰੋਂਦੀ ਧਾਹਾਂ ਮਾਰ।
ਵੇ ਮੈਂ ਲੁੱਟੀ ਗਈ ਵਿਚ ਨੀਂਦ ਦੇ,
ਛੱਡ ਤੁਰ ਗਿਆ ਯਾਰ ਸ਼ੰਗਾਰ।
ਵੇ ਮੈਂ ਰੱਜ ਨਾ ਗੱਲਾਂ ਕੀਤੀਆਂ,
ਨਾ ਮੈਂ ਕੀਤਾ ਰੱਜ ਪਿਆਰ।
ਮੇਰੀ ਵਸਦੀ ਦੁਨੀਆਂ ਉਜੜ ਗਈ,
ਮੇਰਾ ਉਜੜਿਆ ਕੁੱਲ ਸੰਸਾਰ।
ਝੂਟਾ ਲਿਆ ਨਾ ਇਸ਼ਕ ਦੀ ਪੀਂਘ ਦਾ,
ਗਈ ਟੁੱਟ ਵਿਚਾਲਿਓਂ ਤਾਰ।
ਦੇ ਗਿਆ ਪੁਨੂੰ ਵਿਛੋੜਾ ਉਦੇ ਸਿਆਂ,
ਸੁੱਤੀ ਪਈ ਨੂੰ ਛੱਡ ਗਿਆ ਯਾਰ।

— ਉਦੇ ਸਿੰਘ ਦਲੀਪ ਸਿੰਘ

●

ਸੱਸੀ ਥਲ ਵਿਚ ਲੱਭਦੀ ਯਾਰ ਨੂੰ,
ਰੋਂਦੀ ਨਾ ਧਰਦੀ ਧਾਹ।
ਉਹਦੀਆਂ ਗਲ ਵਿਚ ਜੁਲਫਾਂ ਖੁੱਲ੍ਹੀਆਂ,
ਭੱਜੀ ਜਾਂਦੀ ਵਾਹੋ ਦਾਹ।
ਬਾਲੂ ਰੇਤ ਸੀ ਤਪਿਆ ਥਲਾਂ ਦਾ,
ਛਾਲੇ ਉਭਰੇ ਪੈਰਾਂ 'ਤੇ ਆ।
ਮੈਨੂੰ ਚਾੜ੍ਹਕੇ ਬੇੜੇ ਇਸ਼ਕ ਦੇ,
ਕਿਤੇ ਦੇਈਂ ਨਾ ਡੋਬ ਦਰਿਆ।

ਮੇਰੀ ਚੜ੍ਹਦੀ ਜਵਾਨੀ ਸੋਹਣਿਆਂ,
ਵਿਚ ਦੇਈਂ ਨਾ ਡੋਬ ਦਰਿਆ ।
ਵੇ ਤੂੰ ਸੁੱਤੀ ਛੱਡ ਕੇ ਤੁਰ ਗਿਆ,
ਦੱਸੀਂ ਮੈਂ ਵਿਚ ਕੀ ਗੁਨਾਹ ।
ਦਿਲ ਵਿਚ ਮੱਚਦੇ ਹੈ ਭਾਂਬੜ ਇਸ਼ਕ ਦੇ,
ਪਾਣੀ ਪਿਆਰ ਦਾ ਪਾਕੇ ਬੁਝਾ ।
ਸੱਸੀ ਲਏ ਹਟਕੋਰੇ ਉਦੇ ਸਿਆਂ,
ਰਹੀ ਕੂੰਜ ਵਾਂਗ ਕੁਰਲਾ ।

—ਉਦੇ ਸਿੰਘ ਦਲੀਪ ਸਿੰਘ

●

# ਦਹੂਦ ਬਾਦਸ਼ਾਹ

ਬੇਗਮ ਕਹਿੰਦੀ ਮਾਂ ਨੂੰ,
ਸੁਣ ਮਾਂ ਪਰਧਾਨੇ ।
ਕਾਹਨੂੰ ਤੇਲ ਚੜ੍ਹਾ ਲਿਆ,
ਤੈਂ ਬੱਚੜੇ ਜਾਨੇ ।
ਮੈਂ ਮੰਗ ਹਾਂ ਸ਼ਾਹ ਦਹੂਦ ਦੀ,
ਨਾ ਦਿਓ ਬੇਗਾਨੇ ।
ਲੋਕੀ ਮਿਹਣੇ ਦੇਣਗੇ,
ਸਈਆਂ ਦੇਵਣ ਤਾਹਨੇ ।
ਤੁਸੀਂ ਮਾਪੇ ਬੇਈਮਾਨ ਹੋ,
ਨਹੀਂ ਸਿਦਕ ਇਮਾਨੇ ।
ਮੇਰਾ ਸਿਦਕ ਕਾਇਮ ਹੈ,
ਵਿਚ ਦੋ ਜਹਾਨੇ ।
ਮੁੜਕੇ ਕਦੇ ਨਾ ਆਵਣਾ,
ਜਾਣਾ ਦੇਸ਼ ਬੇਗਾਨੇ ।
ਮੈਂ ਜਾਣਾ ਸ਼ਾਹ ਦਹੂਦ ਦੇ ,
ਨਾ ਹੋਰ ਬੇਗਾਨੇ ।

— ਗੰਗਾ ਸਿੰਘ

●

ਅੱਗਿਓਂ ਮਾਤਾ ਬੋਲਦੀ,
ਸੁਣ ਮੇਰੀ ਜਾਈ ।
ਤੇਰੇ ਪਿੰਡੇ ਅਤਰ ਫਲੇਲਿਆ,
ਸਿਰ ਮੌਲੀ ਪਾਈ ।
ਤੈਨੂੰ ਬੱਧੇ ਗਾਨੇ ਸ਼ਗਨ ਦੇ,
ਹੱਥ ਮਹਿੰਦੀ ਲਾਈ ।
ਰਲ ਮਿਲ ਤੇਲ ਚੜ੍ਹਾ ਲਿਆ,
ਸਭ ਫੁੱਫੀ ਤਾਈ ।

ਕੱਲ੍ਹ ਨੂੰ ਬੱਚੀ ਹੋਵਣੀ,
ਤੇਰੀ ਕੁੜਮਾਈ।
ਗੱਲਾਂ ਕਰੇ ਨਿਆਰੀਆਂ,
ਤੇਰੀ ਕੀ ਦਾਨਾਈ।
ਖਾਲੀ ਮੁੜਜੂ ਰੂਮ ਦਾ ਬਾਦਸ਼ਾਹ,
ਨਮੋਸ਼ੀ ਆਈ।
ਇਜ਼ਤ ਤੇਰੇ ਬਾਪ ਦੀ,
ਲੱਖੀਂ ਹੱਥ ਨਾ ਆਈ।

--- ਗੰਗਾ ਸਿੰਘ

## ਜੈਮਲ ਫੱਤਾ

ਬੋਲੇ ਜੈਮਲ ਰਾਜਪੂਤ,
ਸੁਣ ਅਕਬਰ ਸ਼ਾਹ ਜੀ।
ਅਸੀਂ ਛਤਰੀ ਰਾਜਪੂਤ,
ਵੱਡ ਯੋਧੇ ਗਾਜ਼ੀ।
ਸਾਡੇ ਆਉਣ ਬ੍ਰਾਹਮਣਾ,
ਤੇਰੇ ਮੁੱਲਾ ਕਾਜ਼ੀ।
ਹਮ ਤੋ ਜਪੀਏ ਰਾਮ ਰਾਮ,
ਤੁਮ ਕਲਮਾ ਸ਼ਾਹ ਜੀ।
ਤੈਨੂੰ ਬੇਟੀ ਦੇਣ ਤੋਂ,
ਚਿੱਤ ਹੈ ਨਾ ਰਾਜੀ।
ਬੇਟੀ ਤੈਨੂੰ ਦੇ ਕੇ,
ਅਖਵਾਈਏ ਪਾਜੀ।
ਸਾਡੇ ਉਤੇ ਅਕਬਰਾ,
ਤੂੰ ਚਾੜ੍ਹੀ ਭਾਜੀ।
ਤੇਰੀ ਸਾਡੀ ਹੋਵੇਗੀ,
ਤਲਵਾਰੀਂ ਬਾਜ਼ੀ।

— ਗੰਗਾ ਸਿੰਘ

●

ਬੋਲੇ ਅਕਬਰ ਪਾਤਸ਼ਾਹ,
ਸੁਣ ਜੈਮਲ ਮੱਲਾ।
ਕੀਹਨੂੰ ਬੇਟੀ ਦੇਵੇਂਗਾ,
ਕੌਣ ਮੈਥੋਂ ਭੱਲਾ।
ਮੇਰਾ ਅਕਬਰ ਸ਼ਾਹ ਦਾ,
ਨਾ ਕੋਈ ਫੜਦਾ ਪੱਲਾ।
ਤੇਰੇ ਮਾਰਾਂ ਗਲ 'ਚ ਧੌਣ ਕੋਲ,
ਕਰ ਪਹਿਲਾ ਹੱਲਾ।

ਬੰਨ੍ਹ ਲਿਆਮਾਂ ਰਾਣੀਆਂ,

ਔਰ ਸਭ ਗੋਲੀ ਗੱਲਾ।

ਤੇਰੇ ਹੱਥ ਪੈਰ ਵਢਵਾ ਦਿਆ,

ਹੋ ਕੇ ਬਹੇਂ ਨਿਚੱਲਾ।

ਬੇਟੀ ਦਾ ਡੋਲਾ ਲੈ ਮਿਲੀਂ,


ਜੇ ਚਾਹੁੰਨੈ ਭੱਲਾ।

— ਗੰਗਾ ਸਿੰਘ

●



ਗੁਰਮੇਲ ਪੰਧੇਰ ਅਜਨੌਦਾ (ਖੱਬੇ)



ਬੰਤ ਸਿੰਘ ਮਧੀਰ (ਖੱਬੇ)



ਚਰਨ ਸਿੰਘ ਰੌਣੀ




ਦੇਸ ਰਾਜ ਲਚਕਾਣੀ (ਖੱਬੇ)



ਮਹੰਤ ਮਾਧੋ ਦਾਸ ਦੋਦਾ ਲੋਕ ਢਾਡੀਆਂ ਦੇ ਨਾਲ (ਵਿਚਕਾਰ)




ਅਰਜਨ ਸਿੰਘ ਗੁਆਰਾ (ਖੱਬੇ)




ਜੁਗਰਾਜ ਸਿੰਘ ਪੰਜਗਰਾਈਆਂ



ਗੁਰਨਾਮ ਸਿੰਘ ਗੋਪਾਲਪੁਰ




ਨਗੀਨਾ ਸਿੰਘ ਈਸੜੂ




ਨਾਜ਼ਰ ਸਿੰਘ ਦੁਆਬੀਆ



ਨਿਰੰਜਣ ਸਿੰਘ ਘਨੌਰ (ਖੱਬੇ)



ਭਗਵਾਨ ਸਿੰਘ ਪਾਇਲ (ਖੱਬੇ)



ਹਰੀ ਸਿੰਘ ਗੁਰਮ (ਗੁਰਮਾਂ ਵਾਲੇ)




ਜਾਗਰ ਸਿੰਘ ਭਮੱਦੀ (ਖੱਬੇ)



ਜਾਗਰ ਸਿੰਘ ਭਮੱਦੀ (ਖੱਬੇ)



ਮੋਦਨ ਸਿੰਘ ਮਰ੍ਹਾਜ



ਪੰਡਤ ਵਿੱਦਿਆ ਸਾਗਰ ਡੇਹਲੋਂ (ਖੱਬੇ)


ਪੰਡਤ ਜਗਤ ਰਾਮ ਸੰਗੋਥਾ (ਖੱਬੇ)


ਸ਼ਰੀਫ ਈਦੂ ਨਲੋਢਾ (ਖੱਬੇ)




ਰਾਮ ਸਿੰਘ ਸਲਾਣਾ (ਖੱਬੇ)



ਸੁਦਾਗਰ ਸਿੰਘ ਗਾਲਿਬ (ਖੱਬੇ)



ਵਿਦਿਆ ਸਾਗਰ ਡੇਹਲੋਂ (ਖੱਬੇ)



ਰਾਜ ਮਾਨ ਦਿਆਗੜ੍ਹ (ਖੱਬੇ)






ਵਲਾਇਤ ਖਾਂ ਗੋਸਲਾਂ (ਖੱਬੇ)




ਪਾਲ ਸਿੰਘ ਪੰਛੀ



ਜੁਗਰਾਜ ਸਿੰਘ ਦੋਦਾ



ਵਲਾਇਤ ਖਾਂ ਗੋਸਲਾਂ (ਖੱਬੇ)



ਸੁਦਾਗਰ ਸਿੰਘ ਗਾਲਿਬ (ਖੱਬੇ)







ਇਹ ਪੁਸਤਕ ਪਹਿਲੀ ਵਾਰ 2001 ਵਿਚ ਛਪੀ। ਹੁਣ ਦੂਸਰੀ ਵਾਰ 2008 ਵਿਚ ਛਪ ਰਹੀ ਹੈ। ਇਸ ਸਮੇਂ ਦੌਰਾਨ ਵੀ ਮੈਂ ਇਨਾਂ ਢਾਡੀਆਂ ਦੇ ਅੰਗ ਸੰਗ ਰਿਹਾ ਹਾਂ। ਜਰਗ ਅਤੇ ਛਪਾਰ ਦੇ ਮੇਲਿਆਂ 'ਤੇ ਖੁੱਲੇ ਅਖਾੜਿਆਂ ਵਿਚ ਅਤੇ ਬਹੁਤ ਸਾਰੇ ਲੋਕ ਸੰਗੀਤ ਪ੍ਰੋਗਰਾਮਾਂ ਵਿਚ ਸਟੇਜਾਂ 'ਤੋਂ ਇਨ੍ਹਾਂ ਦੀ ਗਾਇਕੀ ਨੂੰ ਮਾਣਦਾ ਰਿਹਾ ਹਾਂ। ਇਸ ਥੋੜ੍ਹੇ ਜਿਹੇ ਸਮੇਂ ਵਿਚ ਹੀ ਵਰਤਮਾਨ ਢਾਡੀਆਂ ਦੀ ਗਿਣਤੀ ਜੋ ਪਹਿਲਾਂ ਹੀ ਬਹੁਤ ਘੱਟ ਸੀ, ਹੋਰ ਵੀ ਘੱਟ ਗਈ ਹੈ। ਲੋਕ ਢਾਡੀ ਕਲਾ ਦੇ ਕਈ ਨਾਮਵਰ ਹਸਤਾਖ਼ਰ ਇਸ ਫ਼ਾਨੀ ਜਹਾਨ ਨੂੰ ਸਦਾ ਲਈ ਅਲਵਿਦਾ ਕਹਿ ਗਏ ਹਨ ਅਤੇ ਕੁੱਝ ਬੁਢਾਪੇ ਕਾਰਨ ਬੇਵਸ ਹੋ ਕੇ ਘਰ ਬੈਠ ਗਏ ਹਨ। ਇਹ ਬੜੀ ਚਿੰਤਾ ਦਾ ਵਿਸ਼ਾ ਹੈ ਕਿ ਕੇਵਲ ਬਜ਼ੁਰਗ ਪੀੜੀ ਹੀ ਇਸ ਕਲਾ ਨਾਲ ਜੁੜੀ ਹੋਈ ਹੈ ਤੇ ਉਹ ਵੀ ਹੌਲੀ ਹੌਲੀ ਲਾਂਭੇ ਹੁੰਦੀ ਜਾ ਰਹੀ ਹੈ। ਨਵੀਂ ਪੀੜ੍ਹੀ ਵਿਚੋਂ ਸਿਰਫ ਦੇਸ ਰਾਜ ਲਚਕਾਣੀ, ਗੁਰਮੇਲ ਪੰਧੇਰ ਅਜਨੌਂਕਾ, ਰਾਜ ਮਾਨ ਦਿਆਨਗੜ੍ਹ ਅਤੇ ਸ਼ਰੀਫ ਈਦੂ ਲਲੌਂਢਾ ਨੇ ਹੀ ਆਪਣੇ ਪੁੱਤ-ਪੋਤਿਆਂ ਨੂੰ ਇਸ ਕਲਾ ਨਾਲ ਜੋੜਨ ਦਾ ਯਤਨ ਕੀਤਾ ਹੈ, ਕਿਉਂਕਿ ਇਹ ਗਾਇਕੀ ਉਨ੍ਹਾਂ ਦਾ ਜੱਦੀ ਪੁਸ਼ਤੀ ਪੇਸ਼ਾ ਹੈ। ਬਾਕੀ ਦੂਸਰੀਆਂ ਜਾਤਾਂ ਦੇ ਢਾਡੀਆਂ ਦੇ ਪਰਿਵਾਰਾਂ ਦੀ ਨਵੀਂ ਪੀੜ੍ਹੀ ਵਿਚੋਂ ਕੋਈ ਵੀ ਇਸ ਕਲਾ ਨਾਲ ਨਹੀਂ ਜੁੜਿਆ।

ਪੁਸਤਕ ਦੇ ਪਹਿਲੇ ਸੰਸਕਰਣ ਸੰਬੰਧੀ ਬਹੁਤ ਸਾਰੇ ਪਾਠਕਾਂ ਦੀਆਂ ਚਿੱਠੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿਚ ਮੇਰੇ ਇਸ ਉੱਦਮ ਦੀ ਸ਼ਲਾਘਾ ਕੀਤੀ ਗਈ ਸੀ। ਕੁਝ ਪਾਠਕਾਂ ਨੇ ਪੁਸਤਕ ਵਿਚ ਸ਼ਾਮਲ ਹੋਣੋ ਰਹਿ ਗਏ ਕੁੱਝ ਢਾਡੀਆਂ ਦਾ ਜ਼ਿਕਰ ਵੀ ਕੀਤਾ ਸੀ। ਇਨ੍ਹਾਂ ਵਿਚੋਂ ਕੁੱਝ ਇਕ ਨੂੰ ਇਸ ਸੰਸਕਰਣ ਵਿਚ ਸ਼ਾਮਲ ਕੀਤਾ ਹੈ। ਇਹ ਸਾਰੇ ਦੇ ਸਾਰੇ ਆਪਣੇ ਸਮੇਂ ਵਿਚ ਹੋ ਚੁੱਕੇ ਨਾਮੀ ਢਾਡੀ ਸਨ। ਅਜੇ ਵੀ ਇਸ ਖੇਤਰ ਵਿਚ ਬਹੁਤ ਸਾਰਾ ਕੰਮ ਕਰਨ ਵਾਲਾ ਪਿਆ ਹੈ, ਜੋ ਨੌਜਵਾਨ ਲੇਖਕਾਂ ਨੂੰ ਉਡੀਕ ਰਿਹਾ ਹੈ।

ਲੋਕ ਢਾਡੀ ਕਲਾ ਨੂੰ ਵੱਖ-ਵੱਖ ਢੰਗਾਂ ਨਾਲ ਪ੍ਰੋਤਸਾਹਿਤ ਕਰਨ ਵਾਲੀਆਂ ਕੁੱਝ ਸ਼ਖ਼ਸੀਅਤਾਂ ਦਾ ਏਥੇ ਜ਼ਿਕਰ ਕਰਨਾ ਬਣਦਾ ਹੈ, ਜਿਨ੍ਹਾਂ ਨੇ ਸਮੇਂ ਸਮੇਂ 'ਤੇ ਮੇਰਾ ਹੌਸਲਾ ਵਧਾਇਆ ਹੈ। ਪ੍ਰੋ. ਰਾਜਪਾਲ ਸਿੰਘ ਸਕੱਤਰ, ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਜੋ ਪਹਿਲਾਂ ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਸੱਕਤਰ ਸਨ,ਦੀ ਸਰਪ੍ਰਸਤੀ ਅਧੀਨ ਮੈਂ ਕਈ ਲੋਕ ਸੰਗੀਤ ਮੇਲਿਆਂ ਦਾ ਆਯੋਜਨ ਕੀਤਾ, ਜਿਨ੍ਹਾਂ ਵਿਚ ਇਨ੍ਹਾਂ ਲੋਕ ਢਾਡੀਆਂ ਦੀ ਸ਼ਮੂਲੀਅਤ ਹੁੰਦੀ ਸੀ। ਪ੍ਰੋ.ਬੀ.ਐਸ.ਬੀਰ, ਅਦਾਰਾ ਮਹਿਰਮ ਨਾਭਾ ਦਾ ਵੀ ਲੋਕ ਸੰਗੀਤ ਮੇਲਿਆਂ ਵਿਚ ਵਧੀਆ ਯੋਗਦਾਨ ਹੈ। ਮਹੰਤ ਮਾਧੋ ਦਾਸ ਦੋਦਾ ਵੱਲੋਂ ਵੀ ਇਨ੍ਹਾਂ ਢਾਡੀਆਂ ਨੂੰ ਸਰਪ੍ਰਸਤੀ ਦਿੱਤੀ ਹੋਈ ਹੈ। ਆਪਣੇ ਡੇਰੇ ਵਿਖੇ ਉਹ ਹਰ ਸਾਲ ਢਾਡੀ ਅਖਾੜੇ ਲੁਆਉਂਦੇ ਹਨ। ਮੈਂ ਵੀ ਉਨ੍ਹਾਂ ਦੇ ਸੱਦੇ 'ਤੇ ਉਥੇ ਪਹੁੰਚਦਾ ਹਾਂ। ਅਗਸਤ 2005 ਵਿਚ ਢਾਡੀ ਕਲਾ ਦੇ ਅੰਬਰ ਤੋਂ ਅਲੋਪ ਹੋਏ ਸਿਤਾਰੇ ਢਾਡੀ ਰਾਮ ਸਿੰਘ ਸਲਾਣਾ ਦੇ ਸਪੁੱਤਰ ਕਰਮਜੀਤ ਸਿੰਘ ਅਤੇ ਸਮੂਹ ਸਲਾਣਾ ਪਰਿਵਾਰ ਵੱਲੋਂ ਉਨ੍ਹਾਂ ਦੀ ਯਾਦ ਵਿਚ ਇਕ ਪੁਰਸਕਾਰ ਸਾਡੇ ਮੰਚ, ਲੋਕ ਸਾਹਿਤ ਤੇ ਸਭਿਆਚਾਰ ਮੰਚ ਰਜਿ: ਨਾਭਾ ਰਾਹੀਂ ਹਰ ਸਾਲ ਕਿਸੇ ਲੋਕ ਢਾਡੀ ਨੂੰ ਦਿੱਤਾ ਜਾਂਦਾ ਹੈ। ਹੁਣ ਤੱਕ ਤਿੰਨ ਪੁਰਸਕਾਰ ਦਿੱਤੇ ਜਾ ਚੁੱਕੇ ਹਨ। ਭਰਾਵਾਂ ਵਰਗੇ ਦੋਸਤ ਪ੍ਰੋ. ਜਸਵਿੰਦਰ ਸ਼ਰਮਾ, ਮਾਸਟਰ ਹਰਪਾਲ ਸਿੰਘ ਅਤੇ ਨਿਰਮਲ ਸਿੰਘ ਥੂਹੀ ਦਾ ਸਹਿਯੋਗ ਮੈਨੂੰ ਹਮੇਸ਼ਾ ਪ੍ਰਾਪਤ ਰਿਹਾ ਹੈ। ਮੈਂ ਇਨ੍ਹਾਂ ਸਾਰੀਆਂ ਸ਼ਖ਼ਸੀਅਤਾਂ ਦਾ ਹਾਰਦਿਕ ਧੰਨਵਾਦੀ ਹਾਂ। ਇਸ ਖੇਤਰ ਵਿਚ ਮੈਨੂੰ ਅਗਵਾਈ ਅਤੇ ਸਹਿਯੋਗ ਦੇਣ ਵਾਲੇ ਦੋਸਤਾਂ ਮਰਹੂਮ ਪ੍ਰੋ. ਬਲਦੇਵ ਸਿੰਘ ਬੁੱਟਰ ਅਤੇ ਪ੍ਰੋ. ਰਣਜੀਤ ਸਿੰਘ ਚੌਧਰੀ-ਮਾਜਰਾ ਦੇ ਵਿਛੜ ਜਾਣ ਦਾ ਮੈਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਪ੍ਰੰਤੂ ਉਨ੍ਹਾਂ ਦੀ ਯਾਦ ਨੂੰ ਮੈਂ ਹਮੇਸ਼ਾ ਆਪਣੇ ਅੰਗ ਸੰਗ ਮਹਿਸੂਸ ਕਰਦਾ ਹਾਂ।

ਅੰਤ ਵਿਚ ਮੈਂ ਪ੍ਰੋ ਰਾਜਪਾਲ ਸਿੰਘ ਜੀ ਦਾ ਪੁਸਤਕ ਦੇ ਦੂਜੇ ਸੰਸਕਰਣ ਦੀ ਭੂਮਿਕਾ ਲਿਖਣ ਲਈ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਪਾਠਕਾਂ ਵੱਲੋਂ ਆਏ ਹਰ ਸੁਝਾਅ ਦਾ ਖਿੜੇ ਮੱਥੇ ਸਵਾਗਤ ਕੀਤਾ ਜਾਵੇਗਾ।

- ਹਰਦਿਆਲ ਥੂਹੀ

unistarbooks.com
**UNISTAR BOOKS PVT. LTD.**
**INDIA**
**Chandigarh** : 26-27 Top Floor, Sector 34A
Ph.: 0172-5077427, 5077428, 5089761
**Ludhiana** : Punjabi Bhawan • 98154 71219

ISBN 81-7142-484-8
9788171424849
**Rs. 200/-**